ਐਤਵਾਰ, 24 ਮਈ, 2026
10 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 353

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 24 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 8+6=14

# ਤੇਲ ਦੀਆਂ ਕੀਮਤਾਂ ਫਿਰ ਵਧੀਆਂ



**ਨਵੀਂ ਦਿੱਲੀ (ਨ ਜ਼ ਸ)**

ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ ਵਾਧਾ ਕੀਤਾ ਗਿਆ ਹੈ। ਸ਼ਨੀਵਾਰ ਪੈਟਰੋਲ 87 ਪੈਸੇ ਪ੍ਰਤੀ ਲੀਟਰ ਅਤੇ ਡੀਜ਼ਲ 91 ਪੈਸੇ ਪ੍ਰਤੀ ਲੀਟਰ ਮਹਿੰਗਾ ਹੋ ਗਿਆ। ਇਹ 10 ਦਿਨਾਂ ਵਿੱਚ ਤੀਜਾ ਵਾਧਾ ਹੈ। ਵਧਦੀਆਂ ਕੀਮਤਾਂ ਕਰਕੇ ਆਮ ਲੋਕਾਂ ਵਿਚ ਹਾਹਾਕਾਰ ਮਚ ਗਈ ਹੈ। ਵਾਧੇ ਤੋਂ ਬਾਅਦ ਲੁਧਿਆਣਾ ਵਿੱਚ ਪੈਟਰੋਲ ਦੀ ਕੀਮਤ ਹੁਣ 103.03 ਰੁਪਏ ਤੱਕ ਪਹੁੰਚ ਗਈ ਹੈ, ਜਦੋਂ ਕਿ ਅੰਮ੍ਰਿਤਸਰ ਵਿੱਚ ਪੈਟਰੋਲ 102.12 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਗਿਆ ਹੈ। ਮੁਹਾਲੀ ਵਿੱਚ ਪੈਟਰੋਲ ਦੀ ਕੀਮਤ 103.39 ਰੁਪਏ 'ਤੇ ਪਹੁੰਚ ਗਈ ਹੈ। ਉਥੇ ਹੀ ਚੰਡੀਗੜ੍ਹ ਵਿੱਚ ਪੈਟਰੋਲ ਹੁਣ 98.93 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 86.93 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ।

ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਣ 'ਤੇ 'ਆਪ' ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਟਵੀਟ ਕਰਦਿਆਂ ਕਿਹਾ ਕਿ ਮੋਦੀ ਜੀ, 'ਤੁਸੀਂ ਸਿਰਫ਼ ਦਸ ਦਿਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 5 ਰੁਪਏ ਦਾ ਵਾਧਾ ਕਰ ਦਿੱਤਾ ਹੈ! ਕੁਝ ਤਾਂ ਕਰੋ! ਤੁਸੀਂ ਕਦੋਂ ਤੱਕ ਟੌਫੀਆਂ ਅਤੇ ਲਾਲੀਪੌਪ ਦੀਆਂ ਗੋਲ੍ਹਾਂ ਦਿਖਾ ਕੇ ਆਪਣੀਆਂ ਅਸਫਲਤਾਵਾਂ ਤੋਂ ਦੇਸ਼ ਦਾ ਧਿਆਨ ਭਟਕਾਉਂਦੇ ਰਹੋਗੇ? ਤੁਸੀਂ ਕਦੋਂ ਤੱਕ ਈ ਡੀ ਅਤੇ ਸੀ ਬੀ ਆਈ ਦੀ ਤਾਕਤ ਦੀ ਵਰਤੋਂ ਸਵਾਲ ਪੁੱਛਣ ਵਾਲਿਆਂ ਨੂੰ ਚੁੱਪ ਕਰਾਉਣ ਲਈ ਕਰੋਗੇ? ਕੁਝ ਤਾਂ ਕਰੋ, ਤੁਸੀਂ ਇਸ ਦੇਸ਼ ਦੇ ਪ੍ਰਧਾਨ ਮੰਤਰੀ ਹੋ!' ਦਿੱਲੀ ਵਿੱਚ ਪੈਟਰੋਲ ਦੀਆਂ ਕੀਮਤਾਂ ਵਿੱਚ 87 ਪੈਸੇ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ, ਜਿਸ ਨਾਲ ਇਸ ਦੀ ਨਵੀਂ ਕੀਮਤ 99.51 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਡੀਜ਼ਲ ਦੀਆਂ ਕੀਮਤਾਂ 92.49 ਰੁਪਏ ਪ੍ਰਤੀ ਲੀਟਰ ਹੋ ਗਈਆਂ ਹਨ।

## ਭਾਜਪਾ ਕਿਸ਼ਤਾਂ 'ਚ ਲੁੱਟ ਰਹੀ ਹੈ ਲੋਕਾਂ ਦੀ ਕਮਾਈ : ਖੜਗੇ



**ਨਵੀਂ ਦਿੱਲੀ (ਨ ਜ਼ ਸ)**

ਅੱਠ ਦਿਨਾਂ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਤੀਜੇ ਵਾਧੇ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਨਿੱਚਰਵਾਰ ਦੋਸ਼ ਲਗਾਇਆ ਕਿ ਸਰਕਾਰ ਕਿਸ਼ਤਾਂ ਵਿੱਚ ਜਨਤਾ ਦੀ ਕਮਾਈ ਨੂੰ ਲੁੱਟ ਰਹੀ ਹੈ। ਐੱਕਸ 'ਤੇ ਹਿੰਦੀ ਵਿੱਚ ਇੱਕ ਪੋਸਟ ਵਿੱਚ ਖੜਗੇ ਨੇ ਦਾਅਵਾ ਕੀਤਾ ਕਿ ਸਰਕਾਰ ਵਿੱਚ ਲੀਡਰਸ਼ਿਪ ਦਾ ਸੰਕਟ ਹੈ ਅਤੇ ਕਿਹਾ ਕਿ ਜਿੱਥੇ ਦੂਜੇ ਦੇਸ਼ ਆਪਣੇ ਲੋਕਾਂ ਨੂੰ ਰਾਹਤ ਦੇ ਰਹੇ ਹਨ, ਉੱਥੇ ਇੱਥੇ ਭਾਜਪਾ ਸਰਕਾਰ ਉਨ੍ਹਾਂ ਨੂੰ ਲਗਾਤਾਰ ਲੁੱਟ ਰਹੀ ਹੈ। ਉਨ੍ਹਾ ਆਪਣੀ ਪੋਸਟ ਵਿੱਚ ਕਿਹਾ, 'ਪੈਟਰੋਲ ਹੁਣ 100 ਰੁਪਏ ਨੂੰ ਪਾਰ ਕਰ ਗਿਆ ਹੈ... ਜਨਤਾ ਦੀ ਕਮਾਈ ਨੂੰ ਕਿਸ਼ਤਾਂ ਵਿੱਚ ਲੁੱਟਿਆ ਜਾ ਰਿਹਾ ਹੈ! ਪੈਟਰੋਲ-ਡੀਜ਼ਲ 'ਤੇ ਰੋਜ਼ਾਨਾ 1,000 ਕਰੋੜ ਰੁਪਏ ਦਾ ਕੇਂਦਰੀ ਟੈਕਸ ਥੋਪਣ ਤੋਂ ਬਾਅਦ ਵੀ ਭਾਜਪਾ ਦੀ ਭੁੱਖ ਸ਼ਾਂਤ ਨਹੀਂ ਹੋਈ...ਜਦੋਂ ਅੰਤਰਰਾਸ਼ਟਰੀ ਕੀਮਤਾਂ ਘੱਟ ਸਨ, ਉਨ੍ਹਾਂ ਨੇ ਲੋਕਾਂ ਨੂੰ ਇਸ ਦਾ ਲਾਭ ਨਹੀਂ ਦਿੱਤਾ ਤੇ ਇਸ ਦੀ ਬਜਾਏ ਉਨ੍ਹਾਂ ਨੂੰ ਬੇਰਹਿਮੀ ਨਾਲ ਲੁੱਟਿਆ।' ਖੜਗੇ ਨੇ ਦਾਅਵਾ ਕੀਤਾ ਕਿ ਜਦੋਂ ਸੰਕਟ ਆਇਆ ਤਾਂ ਭਾਜਪਾ ਦੀ ਲੀਡਰਸ਼ਿਪ ਚੋਣਾਂ ਵਿੱਚ ਰੁਝ ਗਈ ਅਤੇ ਚੋਣਾਂ ਤੋਂ ਬਾਅਦ ਉਨ੍ਹਾਂ ਕੁਰਬਾਨੀ ਦਾ ਉਪਦੇਸ਼ ਦਿੱਤਾ। ਉਨ੍ਹਾ ਦਾਅਵਾ ਕੀਤਾ ਕਿ ਜਦੋਂ ਪੱਛਮੀ ਏਸ਼ੀਆ ਵਿੱਚ ਜੰਗ ਛਿੜੀ ਤਾਂ ਪ੍ਰਧਾਨ ਮੰਤਰੀ ਮੋਦੀ ਸਾਡੇ ਭਾਰਤੀਆਂ ਨੂੰ 'ਸਭ ਕੁਝ ਠੀਕ ਹੈ' ਦੀ ਲੋਰੀ ਦੇਣ ਵਿੱਚ ਰੁੱਝੇ ਹੋਏ ਸਨ, ਜਦ ਕਿ ਦੂਜੇ ਦੇਸ਼ ਆਪਣੇ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰ ਰਹੇ ਸਨ। ਖੜਗੇ ਨੇ ਦੋਸ਼ ਲਗਾਇਆ, 'ਨਰਿੰਦਰ ਮੋਦੀ ਜੀ, ਸਾਨੂੰ ਦੱਸੋ, ਇਸ ਕਿਸ਼ਤਾਂ ਅਧਾਰਤ ਲੁੱਟ ਵਿੱਚ ਕਿਸ-ਕਿਸ ਨੂੰ ਹਿੱਸਾ ਮਿਲ ਰਿਹਾ ਹੈ? ਤੁਸੀਂ ਏਨੇ ਸਮਝੌਤਾਵਾਦੀ ਕਿਉਂ ਹੋ? ਇਸ ਸਰਕਾਰ ਵਿੱਚ ਅਸਲ ਸੰਕਟ ਲੀਡਰਸ਼ਿਪ ਦਾ ਹੈ । 140 ਕਰੋੜ ਭਾਰਤੀ ਹੁਣ ਇਹ ਸਮਝ ਚੁੱਕੇ ਹਨ।'

## ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੀ ਬਰਸੀ ਮਨਾਈ

# ਮੋਦੀ ਸਰਕਾਰ ਉਦਯੋਗ ਤੇ ਹੋਰ ਕਾਰੋਬਾਰ ਤਬਾਹ ਕਰ ਦੇਵੇਗੀ : ਬੰਤ ਬਰਾੜ



**ਬੰਗਾ (ਅਵਤਾਰ ਕਲੇਰ)**

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸਾਬਕਾ ਨੈਸ਼ਨਲ ਕੌਂਸਲ ਮੈਂਬਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸਾਬਕਾ ਮੀਤ ਸਕੱਤਰ, ਸੀ ਪੀ ਆਈ ਦੇ ਸਾਬਕਾ ਸੂਬਾ ਕੌਂਸਲ ਮੈਂਬਰ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੀ 38ਵੀਂ ਬਰਸੀ ਪਿੰਡ ਮੇਹਲੀ ਵਿਖੇ ਮਨਾਈ ਗਈ। ਸਭ ਤੋਂ ਪਹਿਲਾਂ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੀ ਯਾਦਗਰ 'ਤੇ ਝੰਡਾ ਲਹਿਰਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਬੰਤ ਸਿੰਘ ਬਰਾੜ ਨੇ ਨਾਹਰਿਆਂ ਦੀ ਗੂੰਜ 'ਚ ਅਦਾ ਕੀਤੀ। ਸ਼ਹੀਦੀ ਸਮਾਗਮ ਦੀ ਪ੍ਰਧਾਨਗੀ ਪਰਮਿੰਦਰ ਮੇਨਕਾ, ਜੁਝਾਰ ਸਿੰਘ ਕੁੱਕੜ ਮਜਾਰਾ, ਗੁਰਬਖਸ਼ ਕੌਰ ਤੇ ਅਮਰਜੀਤ ਮੇਹਲੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।

ਸ਼ਹੀਦੀ ਸਮਾਗਮ ਨੂੰ ਬੰਤ ਸਿੰਘ ਬਰਾੜ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਸ਼ਪਾਲ ਕੈਲੇ, ਲੋਕ ਹਿਤੈਸ਼ੀ ਕਾਫਲਾ ਫਗਵਾੜਾ ਦੇ ਆਗੂ ਜਸਵਿੰਦਰ ਸਿੰਘ ਫਗਵਾੜਾ, ਸੀ ਪੀ ਆਈ ਤਹਿਸੀਲ ਬਲਾਚੌਰ ਦੇ ਸਕੱਤਰ ਪਰਮਿੰਦਰ ਮੇਨਕਾ ਨੇ ਸੰਬੋਧਨ ਕੀਤਾ। ਰੋਜ਼ਾਨਾ 'ਨਵਾਂ ਜ਼ਮਾਨਾ' ਦੀ ਸੰਚਾਲਕ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਜਲੰਧਰ ਦੇ ਪ੍ਰਧਾਨ ਸੀਨੀਅਰ ਕਮਿਊਨਿਸਟ ਆਗੂ ਰਛਪਾਲ ਸਿੰਘ ਬੜਾ ਪਿੰਡ ਵਿਸ਼ੇਸ਼ ਤੌਰ 'ਤੇ ਪਹੁੰਚੇ।

ਬੰਤ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਆਪਸੀ ਭਾਈਚਾਰਕ ਸਾਂਝ, ਅਮੀਰੀ-ਗਰੀਬੀ ਦਾ ਪਾੜਾ ਖ਼ਤਮ ਕਰਨਾ ਚਾਹੁੰਦੇ ਸਨ, ਪਰ ਸਮਾਜ ਵਿਰੋਧੀ ਤਾਕਤਾਂ ਨੂੰ ਇਹ ਬਰਦਾਸ਼ਤ ਨਹੀਂ ਸੀ। ਇਸ ਲਈ ਖਾਲਿਸਤਾਨੀ ਅੱਤਵਾਦੀਆਂ ਨੇ ਕਾਮਰੇਡ ਮਲਕੀਤ ਚੰਦ ਮੇਹਲੀ ਨੂੰ 23 ਮਈ 1988 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਉਹਨਾ ਕਿਹਾ ਕਿ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਦਾ ਮੁੱਖ ਜੱਜ ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀ ਲੋਕਾਂ ਨੂੰ ਕਾਕਰੋਚ, ਗੰਦੀ ਨਾਲੀ ਦੇ ਕੀੜੇ ਕਹਿ ਰਿਹਾ ਹੈ। ਉਹ ਕਹਿ ਰਿਹਾ ਹੈ ਕਿ ਇਨ੍ਹਾਂ ਵਿਚੋਂ ਕੋਈ ਕਲਾਕਾਰ, ਕੋਈ ਪੱਤਰਕਾਰ ਬਣ ਜਾਂਦਾ ਹੈ। ਸੁਪਰੀਮ ਕੋਰਟ ਦੇ ਜੱਜ ਨੂੰ ਇਹੋ ਜਿਹੀਆਂ ਗੱਲਾਂ ਸ਼ੋਭਦੀਆਂ ਨਹੀਂ।ਦੇਸ਼ ਦੀਆਂ ਅਦਾਲਤਾਂ 'ਤੇ ਆਰ ਐੱਸ ਐੱਸ ਨੇ ਕਬਜ਼ਾ ਕਰ ਲਿਆ ਹੈ। ਦੇਸ਼ ਦੀ ਨਿਆਂ ਪ੍ਰਣਾਲੀ ਤੋਂ ਲੋਕਾਂ ਦਾ ਯਕੀਨ ਉੱਠ ਗਿਆ ਹੈ। ਮੋਦੀ ਇਜ਼ਰਾਈਲ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਇਜ਼ਰਾਇਲ ਮੇਰੇ ਪਿਓ ਦੀ ਧਰਤੀ ਹੈ। ਮੋਦੀ ਇਜ਼ਰਾਈਲ ਨੂੰ ਕਹਿ ਰਿਹਾ ਹੈ ਫਲਸਤੀਨ 'ਤੇ ਹਮਲੇ ਕਰੋ, 140 ਕਰੋੜ ਭਾਰਤੀ ਤੁਹਾਡੇ ਨਾਲ ਹਨ। ਇਜ਼ਰਾਈਲ ਨੇ ਅਮਰੀਕਾ ਨਾਲ ਰਲ ਕੇ ਫਲਸਤੀਨ ਦੇ 70 ਹਜ਼ਾਰ ਲੋਕ ਮਾਰ ਦਿੱਤੇ। ਫਲਸਤੀਨ ਦੇ ਸਕੂਲਾਂ 'ਤੇ ਹਮਲੇ ਕਰ ਕੇ ਹਜ਼ਾਰਾਂ ਸਕੂਲੀ ਬੱਚੇ ਵੀ ਮਾਰ ਦਿੱਤੇ। ਉਹਨਾ ਕਿਹਾ ਕਿ ਅਮਰੀਕਾ ਨੇ ਈਰਾਨ 'ਤੇ ਹਮਲਾ ਕਰ ਦਿੱਤਾ। ਈਰਾਨ ਨੇ ਉਸ ਹਮਲੇ ਦਾ ਮੁਕਾਬਲਾ ਕੀਤਾ। ਈਰਾਨ ਦੇ ਲੋਕ ਵਧਾਈ ਦੇ ਪਾਤਰ ਹਨ। ਕੇਂਦਰ ਦੀ ਮੋਦੀ ਸਰਕਾਰ ਅਮੀਰਾਂ, ਜਗੀਰਦਾਰਾਂ ਦੀ ਸਰਕਾਰ ਹੈ। ਮੋਦੀ ਸਰਕਾਰ ਦੀ ਇੰਟਰਨੈਸ਼ਨਲ ਪਾਲਸੀ ਲੋਕਾਂ ਨੂੰ ਤਬਾਹ ਕਰ ਦੇਵੇਗੀ। ਸਾਡੀ ਇੰਡਸਟਰੀ, ਕੱਪੜਾ ਉਦਯੋਗ, ਡੇਅਰੀ ਫਾਰਮਿੰਗ, ਜੋ ਪਹਿਲਾਂ ਹੀ ਬੜਾ ਔਖਾ ਚੱਲ ਰਿਹਾ ਹੈ, ਮੋਦੀ ਸਰਕਾਰ ਆਉਣ ਵਾਲੇ ਸਮੇਂ 'ਚ ਇਸ ਸਾਰੇ ਕਿੱਤਿਆਂ ਨੂੰ ਬਰਬਾਦ ਕਰ ਦੇਵੇਗੀ।ਗਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਦਾ ਕਰਜ਼ਾ ਮੁਆਫ਼ ਨਹੀਂ ਹੋ ਰਿਹਾ। ਆਪਣੇ ਸਰਮਾਏਦਾਰ ਯਾਰਾਂ ਅੰਬਾਨੀਆਂ, ਅਡਾਨੀਆ ਦਾ 16 ਲੱਖ ਕਰੋੜ ਤੋਂ ਵੀ ਵੱਧ ਕਰਜ਼ਾ ਮੁਆਫ਼ ਕਰ ਦਿੱਤਾ ਹੈ। ਸਾਥੀ ਬਰਾੜ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਭਾਰਤੀ ਸੰਵਿਧਾਨ ਨੂੰ ਖਤਮ ਕਰਕੇ ਮਨੂਵਾਦੀ ਸਿਸਟਮ ਲਿਆਉਣਾ ਚਾਹੁੰਦੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਰ ਐੱਸ ਐੱਸ ਦੇ ਪੂਰਵਜ਼ ਸ਼ਹੀਦ ਭਗਤ ਸਿੰਘ, ਗ਼ਦਰੀ ਬਾਬਿਆਂ, ਮਹਾਤਮਾ ਗਾਂਧੀ ਅਤੇ ਨਹਿਰੂ ਦੇ ਖਿਲਾਫ ਸਨ। ਉਹ ਅੰਗਰੇਜ਼ਾਂ ਦੇ ਪਿੱਠੂ ਸਨ। ਉਹ ਅੱਜ ਵੀ ਅੰਗਰੇਜ਼ਾਂ ਦੇ ਹੀ ਪਿੱਠੂ ਹਨ। ਪੰਜਾਬ ਸਰਹੱਦੀ ਸੂਬਾ ਹੈ ਅਤੇ ਪੰਜਾਬ ਨੇ ਕਈ ਲੜਾਈਆਂ ਲੜੀਆਂ। ਇਸ ਕਰਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਸਪੈਸ਼ਲ ਪੈਕੇਜ ਦੇਣਾ ਚਾਹੀਦਾ ਹੈ। ਉਹਨਾ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲਾਰਿਆਂ ਦੀ ਸਰਕਾਰ ਸਾਬਤ ਹੋਈ ਹੈ। ਪੰਜਾਬ ਅੰਦਰ ਆਏ ਦਿਨ ਕਤਲ ਹੋ ਰਹੇ ਹਨ।ਚੋਰੀਆਂ, ਗੈਂਗਸਟਰਾਂ ਦਾ ਬੋਲਬਾਲਾ ਹੈ। ਭਾਜਪਾ ਵਾਲੇ ਪੰਜਾਬ 'ਚ ਆਪਣੇ ਪੈਰ ਜਮਾਉਣ

• ਬਾਕੀ ਸਫਾ 2 'ਤੇ

# ਕੋਲੇ ਦੀ ਖਾਣ 'ਚ ਧਮਾਕਾ, 90 ਮੌਤਾਂ

**ਬੀਜਿੰਗ (ਨ ਜ਼ ਸ)** ਚੀਨ ਦੀ ਇੱਕ ਕੋਲੇ ਦੀ ਖਾਣ ਵਿੱਚ ਹੋਏ ਗੈਸ ਧਮਾਕੇ ਵਿੱਚ 90 ਲੋਕਾਂ ਦੀ ਮੌਤ ਹੋ ਗਈ। ਇੱਕ ਅਧਿਕਾਰਤ ਮੀਡੀਆ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ। ਇਹ ਗੈਸ ਧਮਾਕਾ ਸ਼ੁੱਕਰਵਾਰ ਸ਼ਾਮ 7:29 ਵਜੇ ਲਿਊਸ਼ੇਨਯੂ ਕੋਲੇ ਦੀ ਖਾਣ ਵਿੱਚ ਹੋਇਆ। ਸਰਕਾਰੀ ਨਿਊਜ਼ ਏਜੰਸੀ ਸਿਨਹੂਆ ਨੇ ਰਿਪੋਰਟ ਦਿੱਤੀ ਕਿ ਉਤਰੀ ਚੀਨ ਦੇ ਸ਼ਾਂਕਸੀ ਸੂਬੇ ਦੇ ਕਿਨਯੁਆਨ ਕਾਊਂਟੀ ਵਿੱਚ ਹੋਏ ਇਸ ਕੋਲਾ ਖਾਣ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 82 ਹੋ ਗਈ ਹੈ, ਜਦੋਂ ਕਿ ਨੌਂ ਹੋਰ ਲੋਕ ਅਜੇ ਵੀ ਜ਼ਮੀਨ ਦੇ ਅੰਦਰ ਫਸੇ ਹੋਏ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇੱਕ ਵਿਆਪਕ ਬਚਾਅ ਕਾਰਜ ਅਤੇ ਜ਼ਖਮੀਆਂ ਦੇ ਇਲਾਜ ਲਈ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾ ਹਾਦਸੇ ਦੇ ਬਾਅਦ ਦੇ ਹਾਲਾਤ ਨੂੰ ਸਹੀ ਤਰੀਕੇ ਨਾਲ ਸੰਭਾਲਣ ਦੀ ਅਪੀਲ ਕੀਤੀ ਹੈ ਅਤੇ ਕਾਨੂੰਨ ਦੇ ਅਨੁਸਾਰ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਂਦੇ ਹੋਏ ਹਾਦਸੇ ਦੇ ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਕਿਹਾ ਹੈ। ਸ਼ੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੇਸ਼ ਭਰ ਦੇ ਅਧਿਕਾਰੀਆਂ ਨੂੰ ਇਸ ਹਾਦਸੇ ਤੋਂ ਸਬਕ ਲੈਣਾ ਚਾਹੀਦਾ ਹੈ, ਕੰਮ ਵਾਲੀ ਥਾਂ ਦੀ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਵੱਡੇ ਹਾਦਸਿਆਂ ਨੂੰ ਰੋਕਣ ਲਈ ਸੰਭਾਵਤ ਖਤਰਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਦੇ ਯਤਨਾਂ ਨੂੰ ਤੇਜ਼ ਕਰਨਾ ਚਾਹੀਦਾ ਹੈ।



# ਮਾਨ ਤੇ ਕੇਜਰੀਵਾਲ ਨੇ ਸੰਜੀਵ ਅਰੋੜਾ ਨਾਲ ਕੀਤੀ ਮੁਲਾਕਾਤ

**ਗੁਰੂਗ੍ਰਾਮ (ਨ ਜ਼ ਸ)** -ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਗੁਰੂਗ੍ਰਾਮ ਦੀ ਭੋਂਡਸੀ ਜੇਲ੍ਹ ਦਾ ਦੌਰਾ ਕੀਤਾ। ਦੋਵੇਂ ਆਗੂ ਇੱਥੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮਿਲਣ ਪਹੁੰਚੇ ਸਨ, ਜੋ ਇਸ ਵੇਲੇ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਵਿੱਚ ਬੰਦ ਹਨ। ਸੂਤਰਾਂ ਮੁਤਾਬਕ 'ਆਪ' ਦੇ ਇਹ ਦੋਵੇਂ ਸੀਨੀਅਰ ਆਗੂ ਦਿੱਲੀ ਤੋਂ ਸਿੱਧਾ ਗੁਰੂਗ੍ਰਾਮ ਪਹੁੰਚੇ ਅਤੇ ਉੱਥੋਂ ਹਾਈ-ਸੁਰੱਖਿਆ ਵਾਲੀ ਭੋਂਡਸੀ ਜੇਲ੍ਹ ਲਈ ਰਵਾਨਾ ਹੋਏ। ਜੇਲ੍ਹ ਪ੍ਰਸ਼ਾਸਨ ਤੋਂ ਲੋੜੀਂਦੀ ਮਨਜ਼ੂਰੀ ਲੈਣ ਤੋਂ ਬਾਅਦ ਭਗਵੰਤ ਮਾਨ ਅਤੇ ਕੇਜਰੀਵਾਲ ਨੇ ਜੇਲ੍ਹ ਕੰਪਲੈਕਸ ਦੇ ਅੰਦਰ ਜਾ ਕੇ ਸੰਜੀਵ ਅਰੋੜਾ ਨਾਲ ਮੁਲਾਕਾਤ ਕੀਤੀ। ਸੂਤਰਾਂ ਨੇ ਦੱਸਿਆ ਕਿ ਇਸ ਮੁਲਾਕਾਤ ਦਾ ਮੁੱਖ ਮਕਸਦ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰ ਰਹੇ ਮੰਤਰੀ ਸੰਜੀਵ ਅਰੋੜਾ ਨਾਲ ਪਾਰਟੀ ਦੀ ਇਕਜੁੱਟਤਾ ਦਾ ਪ੍ਰਗਟਾਵਾ ਕਰਨਾ ਸੀ। ਦੋਵਾਂ ਆਗੂਆਂ ਨੇ ਅਰੋੜਾ ਦੇ ਕਾਨੂੰਨੀ ਮਾਮਲੇ ਦੀ ਸਥਿਤੀ ਬਾਰੇ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਪਾਰਟੀ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

# ਇਮਾਨਦਾਰ ਉਮੀਦਵਾਰ ਚੁਣਨ ਨਾਲ ਹੀ ਹੋਵੇਗਾ ਵਿਕਾਸ : ਅਰਸ਼ੀ





**ਬੁਢਲਾਡਾ (ਅਸ਼ੋਕ ਲਾਕੜਾ)**

ਵਾਰਡ ਨੰਬਰ 1 ਤੋਂ ਸੀ ਪੀ ਆਈ ਅਤੇ ਕਾਂਗਰਸ ਪਾਰਟੀ ਦੇ ਸਹਿਯੋਗ ਨਾਲ ਚੋਣ ਲੜ ਰਹੇ ਆਜ਼ਾਦ ਉਮੀਦਵਾਰ ਜਗਸੀਰ ਸਿੰਘ ਰਾਏਕੇ ਦੇ ਹੱਕ 'ਚ ਚੋਣ ਪ੍ਰਚਾਰ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਜੇਕਰ ਸ਼ਹਿਰ ਵਾਸੀ ਇਮਾਨਦਾਰ ਲੋਕਾਂ ਨੂੰ ਜਿਤਾ ਕੇ ਭੇਜਣਗੇ ਤਾਂ ਹੀ ਸ਼ਹਿਰ ਦਾ ਵਿਕਾਸ ਹੋਵੇਗਾ, ਨਹੀਂ ਤਾਂ ਪਿਛਲੇ ਪੰਜ ਸਾਲਾਂ ਵਾਂਗ ਮੁੜ ਤੋਂ ਸੰਤਾਪ ਭੋਗਣਾ ਪਵੇਗਾ। ਉਨ੍ਹਾ ਕਿਹਾ ਕਿ ਜਗਸੀਰ ਸਿੰਘ ਰਾਏਕੇ ਲੋਕਾਂ ਦੇ ਦੁੱਖ-ਸੁੱਖ 'ਚ ਖੜਨ ਵਾਲੇ ਉਮੀਦਵਾਰ ਹਨ, ਜਿਨ੍ਹਾ ਨੂੰ ਕਾਮਯਾਬ ਕਰਨਾ ਸਮੇਂ ਦੀ ਮੁੱਖ ਲੋੜ ਹੈ।ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਿਹਾ ਕਿ ਪਿਛਲੇ ਸਮਿਆਂ ਦੌਰਾਨ ਬੁਢਲਾਡਾ ਨਗਰ ਕੌਂਸਲ ਚੋਣਾਂ ਜਿੱਤਣ ਲਈ ਜੋ ਗੰਦੀ ਖੇਡ ਖੇਡੀ ਜਾਂਦੀ ਰਹੀ ਹੈ, ਉਸ ਨੇ ਇਸ ਨਾਮਵਰ ਮੰਡੀ ਨੂੰ ਛੋਟੇ-ਛੋਟੇ ਸ਼ਹਿਰਾਂ ਤੋਂ ਵੀ ਪਛਾੜ ਕੇ ਰੱਖ ਦਿੱਤਾ ਹੈ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਸੀਨੀਅਰ ਕਾਂਗਰਸੀ ਆਗੂ ਹਰਬੰਸ ਸਿੰਘ ਖਿੱਪਲ, ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਵੇਦ ਪ੍ਰਕਾਸ਼, ਬਲਾਕ ਕਾਂਗਰਸ ਪ੍ਰਧਾਨ ਹਰਵਿੰਦਰਦੀਪ ਸਿੰਘ ਸਵੀਟੀ, ਸੀਤਾ ਰਾਮ ਗੋਬਿੰਦਪੁਰਾ, ਚਿਮਨ ਲਾਲ ਕਾਕਾ, ਰਾਮ ਗੋਪਾਲ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਗਟ ਸਿੰਘ, ਰਘੂਨਾਥ ਸਿੰਗਲਾ ਅਤੇ ਹੋਰ ਅਨੇਕਾਂ ਆਗੂ ਮੌਜੂਦ ਸਨ। ਇਸ ਮੌਕੇ ਵਾਰਡ ਨਿਵਾਸੀਆਂ ਨੇ ਰਾਏਕੇ ਨੂੰ ਚੋਣ ਮੁਹਿੰਮ ਲਈ ਆਰਥਿਕ ਮਦਦ ਦੇਣ ਦਾ ਐਲਾਨ ਵੀ ਕੀਤਾ।

## ਸੋਨਮ ਵਾਂਗਚੁਕ ਵੱਲੋਂ ਕਾਕਰੋਚ ਜਨਤਾ ਪਾਰਟੀ ਦਾ ਪੁਰਜ਼ੋਰ ਸਮਰਥਨ

**ਨਵੀਂ ਦਿੱਲੀ (ਨ ਜ਼ ਸ)**- ਵਾਤਾਵਰਣ ਪ੍ਰੇਮੀ ਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਨੇ ਸ਼ਨੀਵਾਰ ਸਵੈ-ਸ਼ੈਲੀ ਵਾਲੀ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੀ ਅਗਵਾਈ ਵਾਲੇ ਆਨਲਾਈਨ 'ਕਾਕਰੋਚ ਅੰਦੋਲਨ' ਦਾ ਪੁਰਜ਼ੋਰ ਸਮਰਥਨ ਕੀਤਾ ਤੇ ਆਪਣੇ ਆਪ ਨੂੰ 'ਸਨਮਾਨਤ ਕਾਕਰੋਚ' ਕਿਹਾ ਅਤੇ ਕੇਂਦਰ ਸਰਕਾਰ ਨੂੰ ਆਨਲਾਈਨ ਅਸਹਿਮਤੀ ਨੂੰ ਦਬਾਉਣ ਦੀ ਬਜਾਏ ਨੌਜਵਾਨਾਂ ਦੁਆਰਾ ਉਠਾਈਆਂ ਗਈਆਂ ਚਿੰਤਾਵਾਂ ਨਾਲ ਜੁੜਨ ਦੀ ਅਪੀਲ ਕੀਤੀ ਹੈ। ਆਨਲਾਈਨ ਮੁਹਿੰਮ, ਜੋ ਕਿ ਕਾਕਰੋਚ ਨੂੰ ਲਚਕੀਲੇਪਣ ਅਤੇ ਵਿਰੋਧ ਦੇ ਪ੍ਰਤੀਕ ਵਜੋਂ ਵਰਤਦੀ ਹੈ, ਨੇ ਹਾਲ ਹੀ ਦੇ ਦਿਨਾਂ ਵਿੱਚ ਇਸ ਦੇ ਸੰਸਥਾਪਕਾਂ ਦੁਆਰਾ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਮੁਅੱਤਲ ਜਾਂ ਹੈਕ ਕਰਨ ਦੇ ਦੋਸ਼ਾਂ ਦੇ ਵਿਚਕਾਰ ਤੇਜ਼ੀ ਫੜੀ ਹੈ। ਅੰਦੋਲਨ ਬੇਰੁਜ਼ਗਾਰੀ, ਪ੍ਰੀਖਿਆ ਪੇਪਰ ਲੀਕ ਅਤੇ ਜਨਤਕ ਜਵਾਬਦੇਹੀ ਸਮੇਤ ਮੁੱਦਿਆਂ 'ਤੇ ਕੇਂਦਰਤ ਹੈ। ਇਕ ਨਿਊਜ਼ ਏਜੰਸੀ ਨਾਲ ਇੱਕ ਇੰਟਰਵਿਊ ਵਿੱਚ ਵਿਵਾਦ 'ਤੇ ਬੋਲਦੇ ਹੋਏ ਵਾਂਗਚੁਕ ਨੇ ਕਿਹਾ ਕਿ ਮੁਹਿੰਮ ਨੂੰ

• ਬਾਕੀ ਸਫਾ 2 'ਤੇ

## ਹੜਤਾਲ ਦੇ ਅਧਿਕਾਰ ਬਾਰੇ ਅੰਤਰਰਾਸ਼ਟਰੀ ਅਦਾਲਤ ਦਾ ਫੈਸਲਾ ਇਤਿਹਾਸਕ : ਅਮਰਜੀਤ ਕੌਰ

**ਲੁਧਿਆਣਾ (ਐੱਮ ਐੱਸ ਭਾਟੀਆ)**

ਏਟਕ ਨੇ ਅੰਤਰਰਾਸ਼ਟਰੀ ਅਦਾਲਤ ਦੇ 14 ਜੱਜਾਂ ਵਾਲੇ ਬੈਂਚ ਦੁਆਰਾ ਦਿੱਤੇ ਗਏ ਇਤਿਹਾਸਕ ਸਲਾਹਕਾਰ ਮਤ ਦਾ ਬਹੁਤ ਆਸ਼ਾਵਾਦ ਨਾਲ ਸਵਾਗਤ ਕੀਤਾ ਹੈ, ਜਿਸ ਨੇ ਨਿਰਣਾਇਕ ਤੌਰ 'ਤੇ ਉਸ ਸੱਚਾਈ ਦੀ ਪੁਸ਼ਟੀ ਕਰ ਦਿੱਤੀ ਹੈ, ਜਿਸ ਨੂੰ ਦੁਨੀਆ ਦਾ ਮਿਹਨਤਕਸ਼ ਵਰਗ ਹਮੇਸ਼ਾ ਤੋਂ ਜਾਣਦਾ ਅਤੇ ਮੰਨਦਾ ਆਇਆ ਹੈ। ਹੜਤਾਲ ਦਾ ਅਧਿਕਾਰ ਸੰਗਠਨ ਦੀ ਆਜ਼ਾਦੀ ਨਾਲ ਸੰਬੰਧਤ ਆਈ ਐੱਲ ਓ ਕਨਵੈਨਸ਼ਨ ਨੰਬਰ 87 ਦਾ ਇੱਕ ਅਹਿਮ ਅਤੇ ਸੁਰੱਖਿਅਤ ਹਿੱਸਾ ਹੈ।

ਅਮਰਜੀਤ ਕੌਰ ਜਨਰਲ ਸਕੱਤਰ ਏਟਕ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਇਹ ਫ਼ੈਸਲਾ ਵਿਸ਼ਵ ਪੂੰਜੀ ਅਤੇ ਨਵ-ਉਦਾਰਵਾਦੀ ਨੀਤੀਆਂ ਦੇ ਉਹਨਾਂ ਨਿਰਮਾਤਾਵਾਂ ਲਈ ਕਰਾਰਾ ਜਵਾਬ ਹੈ, ਜਿਨ੍ਹਾਂ ਆਪਣਾ ਸਾਰਾ ਸਮਾਂ ਮਜ਼ਦੂਰ ਵਰਗ ਨੂੰ ਟੁਕੜਿਆਂ ਵਿੱਚ ਵੰਡਣ ਅਤੇ ਉਸ ਦੇ ਸਾਂਝੇ ਸੰਘਰਸ਼ਾਂ ਨੂੰ ਅਪਰਾਧ ਘੋਸ਼ਿਤ ਕਰਨ ਵਿੱਚ ਲਗਾਇਆ। ਅਜਿਹੇ ਸਮੇਂ ਵਿੱਚ ਜਦੋਂ ਪੂੰਜੀਵਾਦੀ ਬਰਬਰਤਾ ਮਜ਼ਦੂਰਾਂ ਨੂੰ ਅਸੁਰੱਖਿਆ ਅਤੇ ਬਦਹਾਲੀ ਦੀ ਖਾਈ ਵਿੱਚ ਧੱਕ ਰਹੀ ਹੈ ਅਤੇ ਦੂਜੇ ਪਾਸੇ ਹੜਤਾਲਾਂ ਨੂੰ ਅਪਰਾਧ ਬਣਾ ਕੇ ਲੋਕਤੰਤਰਿਕ ਅਧਿਕਾਰਾਂ ਦਾ ਦਮਨ ਕੀਤਾ ਜਾ ਰਿਹਾ ਹੈ, ਇਹ ਫ਼ੈਸਲਾ ਕਾਨੂੰਨੀ ਸਪੱਸ਼ਟਤਾ ਅਤੇ ਇਨਸਾਫ਼ ਦੀ ਮੁੜ ਸਥਾਪਨਾ ਕਰਦਾ ਹੈ।ਇਹ ਫ਼ੈਸਲਾ ਉਹਨਾਂ ਮਾਲਕਾਂ ਦੇ ਹਮਲਾਵਰ ਅਭਿਆਨ 'ਤੇ ਨਿਰਣਾਇਕ ਚੋਟ ਹੈ, ਜਿਨ੍ਹਾਂ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਪਿੜ ਚੋਣਾਂ ਦਾ, ਉੱਡ ਰਹੀ ਧੂੜ ਦਿੱਸਦੀ,
ਜੀਹਨੂੰ ਵੇਖ ਲਉ, ਦੌੜ ਹੈ ਲਾਈ ਜਾਂਦਾ।
ਵੱਡਾ-ਛੋਟਾ ਕੋਈ ਕਿਤੇ ਜਦ ਮਿਲ ਜਾਵੇ,
ਰਾਹ ਵਿੱਚ ਰੋਕ ਕੇ ਹੱਥ ਮਿਲਾਈ ਜਾਂਦਾ।
ਜਿਹੜਾ ਕੱਲ੍ਹ ਸੀ ਹਾਲੇ ਇਨਕਾਰ ਕਰਦਾ,
ਤਰਲਾ ਵਾਸਤਾ ਉਹਦਾ ਵੀ ਪਾਈ ਜਾਂਦਾ।
ਸੁੱਤੇ ਪਿਆਂ ਉਹ ਸੁਫਨੇ ਵਿੱਚ ਵੋਟ ਮੰਗੇ,
ਹਾਲਤ ਵੇਖੇ ਤਾਂ ਟੱਬਰ ਘਬਰਾਈ ਜਾਂਦਾ।
ਪਾਰਲੀਮੈਂਟ ਜਾਂ ਅਸੈਂਬਲੀ ਚੋਣ ਜਿਹੜੀ,
ਚੜ੍ਹਦਾ ਓਦੋਂ ਵੀ ਇੰਝ ਬੁਖਾਰ ਹੈ ਨਹੀਂ।
ਵੋਟਰ ਵਾਰਡ ਵਿੱਚ ਜਾਣ-ਪਛਾਣ ਵਾਲੇ,
ਰਿਹਾ ਕਿਸੇ ਦਾ ਕੱਖ ਇਤਬਾਰ ਹੈ ਨਹੀਂ।

-ਤੀਸ ਮਾਰ ਖਾਂ

## ਕੇਂਦਰ ਸਰਕਾਰ ਆਰ ਬੀ ਆਈ ਨੂੰ ਨਿੱਜੀ ਖ਼ਜ਼ਾਨੇ ਵਾਂਗ ਵਰਤ ਰਹੀ : ਚੀਮਾ

ਚੰਡੀਗੜ੍ਹ, (ਗੁਰਜੀਤ ਬਿੱਲਾ) ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ਨੀਵਾਰ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਵੱਲੋਂ ਕੇਂਦਰ ਨੂੰ ਲਗਭਗ 2.87 ਲੱਖ ਕਰੋੜ ਰੁਪਏ ਦੇ ਰਿਕਾਰਡ ਫੰਡ ਤਬਦੀਲ ਕਰਨ ਦੇ ਮੁੱਦੇ 'ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਆਪਣੇ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਆਰ ਬੀ ਆਈ ਨੂੰ ਇੱਕ ਨਿੱਜੀ ਖ਼ਜ਼ਾਨੇ ਵਾਂਗ ਵਰਤ ਰਹੀ ਹੈ, ਜਦੋਂ ਕਿ ਭਾਰਤ ਦੇ ਸੰਘੀ ਢਾਂਚੇ ਦੇ ਬਾਵਜੂਦ ਰਾਜਾਂ ਨੂੰ ਉਨ੍ਹਾਂ ਦੇ ਹੱਕੀ ਹਿੱਸੇ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਵਿੱਤ ਮੰਤਰੀ ਨੇ ਦੱਸਿਆ ਕਿ ਕੇਂਦਰ ਨੇ 2014 ਤੋਂ ਹੁਣ ਤੱਕ ਆਰ ਬੀ ਆਈ ਤੋਂ ਲਗਭਗ 14.29 ਲੱਖ ਕਰੋੜ ਰੁਪਏ ਲਏ ਹਨ, ਜਿਸ ਵਿੱਚੋਂ ਅੱਧੇ ਤੋਂ ਵੱਧ ਰਕਮ ਇਕੱਲੇ ਪਿਛਲੇ ਤਿੰਨ ਸਾਲਾਂ ਵਿੱਚ ਤਬਦੀਲ ਕੀਤੀ ਗਈ ਹੈ। ਉਨ੍ਹਾ ਚੇਤਾਵਨੀ ਦਿੱਤੀ ਕਿ ਆਰ ਬੀ ਆਈ ਦੇ ਭੰਡਾਰਾਂ ਨੂੰ ਲਗਾਤਾਰ ਕੱਢਣਾ ਨਾ ਸਿਰਫ਼ ਦੇਸ਼ ਦੇ ਕੇਂਦਰੀ ਬੈਂਕ ਅਤੇ ਲੰਮੇ ਸਮੇਂ ਦੀ ਵਿੱਤੀ ਸਥਿਰਤਾ ਨੂੰ ਕਮਜ਼ੋਰ ਕਰਦਾ ਹੈ, ਸਗੋਂ ਰਾਜਾਂ ਨੂੰ ਵਿੱਤੀ ਤੌਰ 'ਤੇ ਨਿਚੋੜ ਕੇ ਸਹਿਕਾਰੀ ਸੰਘਵਾਦ ਦੀ ਭਾਵਨਾ 'ਤੇ ਵੀ ਸੱਟ ਮਾਰਦਾ ਹੈ। ਉਨ੍ਹਾ ਕਿਹਾ ਕਿ ਆਰ ਬੀ ਆਈ ਦਾ ਇਹ ਸਰਪਲੱਸ ਸਾਰੇ ਰਾਜਾਂ ਵਿੱਚ ਹੋਣ ਵਾਲੀਆਂ ਆਰਥਿਕ ਗਤੀਵਿਧੀਆਂ, ਲੈਣ-ਦੇਣ ਅਤੇ ਮਾਲੀਆ ਇਕੱਠਾ ਹੋਣ ਕਾਰਨ ਪੈਦਾ ਹੋਇਆ ਹੈ, ਇਸ ਲਈ ਕੇਂਦਰ ਵੱਲੋਂ ਪੂਰੀ ਰਕਮ ਆਪਣੇ ਕੋਲ ਕੇਂਦਰਤ ਰੱਖਣ ਦੀ ਬਜਾਏ ਰਾਜਾਂ ਨੂੰ ਇਨ੍ਹਾਂ ਫੰਡਾਂ ਵਿੱਚੋਂ ਉਨ੍ਹਾਂ ਦਾ ਬਣਦਾ ਹਿੱਸਾ ਮਿਲਣਾ ਚਾਹੀਦਾ ਹੈ।

ਇੱਕ ਵੀਡੀਓ ਬਿਆਨ ਵਿੱਚ ਵਿੱਤ ਮੰਤਰੀ ਨੇ ਕਿਹਾ ਕਿ ਦੇਸ਼ ਦਾ ਵਿੱਤੀ

• ਬਾਕੀ ਸਫਾ 2 'ਤੇ



# ਮੁਹਾਲੀ ਰੋਸ ਮਾਰਚ 'ਚ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ

**ਲੁਧਿਆਣਾ (ਸਤੀਸ਼ ਸਚਦੇਵਾ)**- ਮੁਹਾਲੀ ਵਿਖੇ ਇਤਿਹਾਸਕ ਰੋਸ ਮਾਰਚ ਵਿੱਚ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਤੇ ਆਪ ਸਰਕਾਰ ਨੂੰ ਵੋਟਾਂ ਨਾ ਪਾਉਣ ਦੀ ਸਹੁੰ ਚੁੱਕੀ।ਇਹ ਸ਼ਬਦ ਪ੍ਰੈੱਸ ਨੂੰ ਬਿਆਨ ਜਾਰੀ ਕਰਦੇ ਹੋਏ ਗੁਰਬਖਸ਼ ਸਿੰਘ ਸੂਬਾ ਪ੍ਰੈੱਸ ਸਕੱਤਰ ਪੰਜਾਬ ਰਾਜ ਪੈਨਸ਼ਨਰ ਮਹਾਸੰਘ ਨੇ ਕਹੇ।ਉਨ੍ਹਾਂ ਦੱਸਿਆ ਕਿ ਮੁਲਾਜ਼ਮ ਸਾਂਝਾ ਮੰਚ ਦੇ ਸੱਦੇ 'ਤੇ ਮੋਹਾਲੀ ਵਿਖੇ 22 ਮਈ ਦਾ ਇਤਿਹਾਸਕ ਰੋਸ ਮਾਰਚ ਇੱਕ ਬਹੁਤ ਵੱਡੇ ਕਾਫ਼ਲੇ ਦੇ ਰੂਪ ਵਿੱਚ ਪੰਜਾਬ ਮੰਡੀ ਬੋਰਡ ਫੇਜ਼ 11 ਤੋਂ ਸ਼ੁਰੂ ਹੋ ਕੇ ਫੇਜ਼-1 ਮੁਹਾਲੀ ਵਿਖੇ ਸਮਾਪਤ ਹੋਇਆ।ਪੰਜਾਬ ਸਿਵਲ ਸਕੱਤਰੇਤ, ਵਿੱਤੀ ਕਮਿਸ਼ਨਰ ਸਕੱਤਰੇਤ ਪੰਜਾਬ, ਵੱਖ-ਵੱਖ ਡਾਇਰੈਕਟੋਰੇਟਸ, ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਮੁਲਾਜ਼ਮਾਂ ਦੀ ਅਗਵਾਈ ਸ਼੍ਰੀ ਸੁਖਚੈਨ ਸਿੰਘ ਖਹਿਰਾ, ਸੁਸ਼ੀਲ ਕੁਮਾਰ ਫੌਜੀ, ਕੁਲਵੰਤ ਸਿੰਘ, ਮਿਸ ਅਲਕਾ ਚੋਪੜਾ ਨੇ ਕੀਤੀ।ਇਸ ਤੋਂ ਇਲਾਵਾ ਪੰਜਾਬ ਸਰਕਾਰ ਪੈਨਸ਼ਨਰ ਐਸੋਸੀਏਸ਼ਨ, ਜ਼ਿਲ੍ਹਾ ਮੁਹਾਲੀ ਦੇ ਪੈਨਸ਼ਨਰਾਂ ਨੇ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ, ਜਿਸ ਦੀ ਅਗਵਾਈ ਪੰਜਾਬ ਰਾਜ ਪੈਨਸ਼ਨਰ ਮਹਾਸੰਘ ਦੇ ਸੂਬਾ ਪ੍ਰਧਾਨ ਡਾਕਟਰ ਐੱਨ ਕੇ ਕਲਸੀ ਤੇ ਵਿੱਤੀ ਕਮਿਸ਼ਨਰ ਸਕੱਤਰੇਤ ਪੰਜਾਬ ਦੇ ਪ੍ਰਧਾਨ ਗੁਰਬਖਸ਼ ਸਿੰਘ ਨੇ ਕੀਤੀ।ਗੁਰਮੀਤ ਸਿੰਘ ਪਾਲ, ਦਿਲਜੀਤ ਸਿੰਘ, ਕੁਲਵੰਤ ਸਿੰਘ, ਅਮਰੀਕ ਸਿੰਘ ਸੇਠੀ ਤੇ ਵਿੱਤੀ ਕਮਿਸ਼ਨਰ ਸਕੱਤਰੇਤ ਪੰਜਾਬ ਹੋਰ ਅਣਗਿਣਤ ਪੈਨਸ਼ਨਰ ਵੀ ਇਸ ਰੋਸ ਮਾਰਚ ਵਿੱਚ ਸ਼ਾਮਲ ਹੋਏ।ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਮੋਹਾਲੀ ਦੇ ਚੇਅਰਮੈਨ ਜਰਨੈਲ ਸਿੰਘ ਸਿੱਧੂ, ਮੀਤ ਪ੍ਰਧਾਨ ਰਵਿੰਦਰ ਕੌਰ ਗਿੱਲ, ਸਕੱਤਰ ਜਨਰਲ ਕੁਲਦੀਪ ਸਿੰਘ ਜਾਂਗਲਾ, ਵਿੱਤ ਸਕੱਤਰ ਪ੍ਰੇਮ ਸਿੰਘ, ਰਸ਼ਬਿੰਦਰ ਸਿੰਘ, ਜਸਪਾਲ ਸਿੰਘ ਕਪਿਲ ਵੀ ਰੋਸ ਮਾਰਚ ਵਿੱਚ ਸ਼ਾਮਲ ਹੋਏ।ਮਾਰਚ ਦੀ ਸਮਾਪਤੀ ਤੋਂ ਪਹਿਲਾਂ 26 ਮਈ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਨਾ ਪਾਉਣ ਬਾਰੇ ਅਪੀਲ ਕੀਤੀ।ਸਰਕਾਰ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਹੱਕੀ ਤੇ ਸੰਵਿਧਾਨਕ ਮੰਗਾਂ ਅਤੇ 18 ਫ਼ੀਸਦੀ ਮਹਿੰਗਾਈ ਭੱਤਾ ਤੇ 183 ਮਹੀਨਿਆਂ ਦਾ ਬਕਾਇਆ ਤੁਰੰਤ ਜਾਰੀ ਨਾ ਕੀਤਾ ਤਾਂ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਖ਼ਤ ਵਿਰੋਧ ਕੀਤਾ ਜਾਵੇਗਾ।ਰੋਸ ਮਾਰਚ ਧੰਨਵਾਦ ਦੇ ਮਤੇ ਨਾਲ ਸਮਾਪਤ ਕੀਤਾ ਗਿਆ।



# ਇਨਕਲਾਬੀ ਕੇਂਦਰ ਤੇ ਲੋਕ ਮੋਰਚਾ ਪੰਜਾਬ ਵੱਲੋਂ ਬਰਨਾਲਾ 'ਚ ਸੂਬਾਈ ਕਨਵੈਨਸ਼ਨ 30 ਨੂੰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਲੋਕ ਮੋਰਚਾ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਫਿਰਕੂ ਫਾਸ਼ੀ ਹੱਲੇ ਦਾ ਟਾਕਰਾ ਕਰਨ ਲਈ ਲੋਕ ਸੰਘਰਸ਼ਾਂ ਨੂੰ ਵਿਸ਼ਾਲ ਤੇ ਤੇਜ਼ ਕਰਨ ਅਤੇ ਇਨ੍ਹਾਂ ਨੂੰ ਇਨਕਲਾਬੀ ਦਿਸ਼ਾ 'ਚ ਅੱਗੇ ਵਧਾਉਣ ਦਾ ਸੱਦਾ ਦੇਣ ਲਈ ਤਰਕਸ਼ੀਲ ਭਵਨ ਬਰਨਾਲਾ ਵਿਖੇ 30 ਮਈ ਨੂੰ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ। ਦੋਹਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਦੀ ਹੋਈ ਸਾਂਝੀ ਮੀਟਿੰਗ ਮਗਰੋਂ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਨਰਾਇਣ ਦੱਤ ਤੇ ਜਗਮੇਲ ਸਿੰਘ ਨੇ ਕਿਹਾ ਕਿ ਮੋਦੀ ਹਕੂਮਤ ਫਿਰਕੂ ਫਾਸ਼ੀ ਕਦਮਾਂ ਦੀ ਓਟ 'ਚ ਲੁਟੇਰੀਆਂ ਸਾਮਰਾਜੀ ਨੀਤੀਆਂ ਦੇ ਹੱਲੇ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ। ਹੁਣ ਅਮਰੀਕਾ ਈਰਾਨ ਜੰਗ ਦੀ ਆੜ ਹੇਠ ਮਹਿੰਗਾਈ ਦੇ ਵਾਧੇ ਰਾਹੀਂ ਲੋਕਾਂ 'ਤੇ ਹੋਰ ਭਾਰ ਪਾਉਣ ਦੇ ਕਦਮ ਲਏ ਜਾ ਰਹੇ ਹਨ। ਅਮਰੀਕੀ ਸਾਮਰਾਜੀਆਂ ਦੀ ਚਾਕਰੀ ਕਰ ਰਹੀ ਮੋਦੀ ਸਰਕਾਰ ਨੇ ਮੁਲਕ ਦੀਆਂ ਲੋੜਾਂ ਨੂੰ ਤੱਜ ਕੇ ਅਮਰੀਕੀ ਸੇਵਾਦਾਰੀ ਦੀ ਨੁਮਾਇਸ਼ ਲਾਉਂਦਿਆਂ ਮੁਲਕ ਨੂੰ ਨਵੇਂ ਊਰਜਾ ਸੰਕਟ ਦੇ ਮੂੰਹ 'ਤੇ ਲਿਆ ਖੜਾ ਕੀਤਾ ਹੈ। ਆਗੂਆਂ ਨੇ ਕਿਹਾ ਕਿ ਕਨਵੈਨਸ਼ਨ ਵਿੱਚ ਆਵਾਜ਼ ਉਠਾਈ ਜਾਵੇਗੀ ਕਿ ਭਾਰਤ ਅਮਰੀਕਾ ਵਪਾਰ ਸਮਝੌਤਾ ਵਾਰਤਾ ਰੱਦ ਕੀਤੀ ਜਾਵੇ, ਸਾਮਰਾਜੀ ਮੁਲਕਾਂ ਨਾਲ ਕੀਤੀਆਂ ਅਣਸਾਵੀਆਂ ਵਪਾਰਕ ਤੇ ਫੌਜੀ ਸੰਧੀਆਂ ਰੱਦ ਕੀਤੀਆਂ ਜਾਣ, ਮੁਲਕ ਅੰਦਰ ਨਿੱਜੀਕਰਨ ਵਪਾਰੀ ਕਰਨ ਦੇ ਕਦਮ ਰੋਕ ਕੇ ਜਾਣ ਤੇ ਇਨ੍ਹਾਂ ਨੀਤੀਆਂ ਨੂੰ ਰੱਦ ਕੀਤਾ ਜਾਵੇ, ਲੋਕਾਂ ਦਾ ਸੰਘਰਸ਼ ਕਰਨ ਦਾ ਜਮਹੂਰੀ ਹੱਕ ਕੁਚਲਣਾ ਬੰਦ ਕੀਤਾ ਜਾਵੇ, ਗ੍ਰਿਫ਼ਤਾਰ ਕੀਤੇ ਹੋਏ ਬੁੱਧੀਜੀਵੀ ਤੇ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ, ਐੱਨਐੱਸਏ ਯੂਏਪੀਏ ਤੇ ਅਫਸਪਾ ਵਰਗੇ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ, ਹੱਕੀ ਮੰਗਾਂ ਲਈ ਜੂਝ ਰਹੇ ਸਨਅਤੀ ਮਜ਼ਦੂਰਾਂ 'ਤੇ ਜਬਰ ਬੰਦ ਕੀਤਾ ਜਾਵੇ ਤੇ ਗ੍ਰਿਫ਼ਤਾਰ ਕੀਤੇ ਆਗੂ ਤੇ ਵਰਕਰ ਰਿਹਾਅ ਕੀਤੇ ਜਾਣ। ਮੀਟਿੰਗ ਵਿੱਚ ਸੁਖਵਿੰਦਰ ਸਿੰਘ ਬਠਿੰਡਾ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਸੁਖਵਿੰਦਰ ਠੀਕਰੀਵਾਲਾ ਹਾਜ਼ਰ ਸਨ।

# ਆਰ ਟੀ ਆਈ ਐਕਟ ਤਹਿਤ ਜਾਣਕਾਰੀ ਨਾ ਮਿਲਣ 'ਤੇ ਐੱਸ ਐੱਸ ਪੀ ਨੂੰ ਭੇਜਿਆ ਨੋਟਿਸ

**ਜ਼ੀਰਾ (ਨਰਿੰਦਰ ਅਨੇਜਾ)**- ਜ਼ੀਰਾ ਦੇ ਰਹਿਣ ਵਾਲੇ ਰਾਜੀਵ ਜੈਨ ਪੁੱਤਰ ਪਦਮ ਕੁਮਾਰ ਜੈਨ ਵੱਲੋਂ ਆਰ ਟੀ ਆਈ ਐਕਟ 2005 ਤਹਿਤ ਮੰਗੀ ਗਈ ਜਾਣਕਾਰੀ ਸਮੇਂ ਸਿਰ ਨਾ ਮਿਲਣ ਦੇ ਮਾਮਲੇ ਨੂੰ ਲੈ ਕੇ ਐੱਸ ਐੱਸ ਪੀ ਫਿਰੋਜ਼ਪੁਰ ਨੂੰ ਲਿਖਤੀ ਨੋਟਿਸ ਭੇਜਿਆ ਗਿਆ ਹੈ।ਰਾਜੀਵ ਜੈਨ ਨੇ ਦੋਸ਼ ਲਾਇਆ ਹੈ ਕਿ ਇੱਕ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਮੰਗੀ ਗਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ, ਜੋ ਆਰ ਟੀ ਆਈ ਐਕਟ ਦੀ ਸਿੱਧੀ ਉਲੰਘਣਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਰਾਜੀਵ ਜੈਨ ਵੱਲੋਂ 17 ਮਾਰਚ 2026 ਨੂੰ ਪੀ ਜੀ ਡੀ ਪੋਰਟਲ 'ਤੇ ਯੂ ਆਈ ਡੀ ਨੰਬਰ 771710 ਹੇਠ ਇੱਕ ਦਰਖਾਸਤ ਦਰਜ ਕਰਵਾਈ ਗਈ ਸੀ, ਜੋ ਐੱਸ ਐੱਸ ਪੀ ਫਿਰੋਜ਼ਪੁਰ ਦਫਤਰ ਕੋਲ ਮਾਰਕ ਹੋਈ ਸੀ। ਇਸ ਮਾਮਲੇ ਸਬੰਧੀ 9 ਅਪ੍ਰੈਲ 2026 ਨੂੰ ਉਨ੍ਹਾਂ ਨੂੰ ਡੀ ਐੱਸ ਪੀ ਦਫਤਰ ਜ਼ੀਰਾ ਵਿਖੇ ਬੁਲਾਇਆ ਗਿਆ, ਜਿੱਥੇ ਉਨ੍ਹਾਂ ਤੇ ਉਨ੍ਹਾਂ ਦੇ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ। ਰਾਜੀਵ ਜੈਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ 11 ਅਪ੍ਰੈਲ 2026 ਨੂੰ ਆਰ ਟੀ ਆਈ ਐਕਟ ਤਹਿਤ ਇਹ ਜਾਣਕਾਰੀ ਮੰਗੀ ਗਈ ਸੀ ਕਿ ਉਨ੍ਹਾਂ ਦੀ ਦਰਖਾਸਤ ਕਿਹੜੇ ਕਿਹੜੇ ਅਧਿਕਾਰੀਆਂ ਨੂੰ ਮਾਰਕ ਹੋਈ ਹੈ, ਹੁਣ ਤੱਕ ਕਿਸ ਕਿਸ ਦੇ ਬਿਆਨ ਦਰਜ ਕੀਤੇ ਗਏ ਹਨ ਤੇ ਇਸ ਮਾਮਲੇ ਸਬੰਧੀ ਕਿਹੜੇ ਅਧਿਕਾਰੀਆਂ ਵੱਲੋਂ ਕੀ ਕੀ ਸਟੇਟਸ ਰਿਪੋਰਟ ਭੇਜੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਤਸਦੀਕਸ਼ੁਦਾ ਕਾਪੀਆਂ ਵੀ ਮੰਗੀਆਂ ਗਈਆਂ ਸਨ, ਪਰ ਕਰੀਬ ਇੱਕ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਰਾਜੀਵ ਜੈਨ ਨੇ ਆਪਣੇ ਨੋਟਿਸ ਵਿੱਚ ਕਿਹਾ ਕਿ ਜੇਕਰ ਉਨ੍ਹਾਂ ਨੂੰ ਯੂ ਆਈ ਡੀ ਨੰਬਰ 771710 ਸਬੰਧੀ ਹੋਈ ਕਾਰਵਾਈ ਦੀ ਤਸਦੀਕਸ਼ੁਦਾ ਕਾਪੀ ਨਾ ਦਿੱਤੀ ਗਈ ਤਾਂ ਉਹ ਇਸ ਮਾਮਲੇ ਦੀ ਸ਼ਿਕਾਇਤ ਅਗਲੀ ਅਪੀਲ ਅਥਾਰਟੀ ਡੀ ਆਈ ਜੀ ਫਿਰੋਜ਼ਪੁਰ ਰੇਂਜ ਕੋਲ ਕਰਨ ਲਈ ਮਜਬੂਰ ਹੋਣਗੇ।ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਇਨਸਾਫ ਨਾ ਮਿਲਿਆ ਤਾਂ ਉਹ ਸੂਚਨਾ ਕਮਿਸ਼ਨਰ ਪੰਜਾਬ ਤੇ ਹੋਰ ਉੱਚ ਅਧਿਕਾਰੀਆਂ ਤੱਕ ਵੀ ਪਹੁੰਚ ਕਰਨਗੇ।ਉਨ੍ਹਾਂ ਮੰਗ ਕੀਤੀ ਕਿ ਆਰ ਟੀ ਆਈ ਐਕਟ ਤਹਿਤ ਮੰਗੀ ਗਈ ਜਾਣਕਾਰੀ ਜਲਦ ਤੋਂ ਜਲਦ ਮੁਹੱਈਆ ਕਰਵਾਈ ਜਾਵੇ ਤਾਂ ਜੋ ਕਾਨੂੰਨੀ ਪ੍ਰਕਿਰਿਆ ਤੇ ਪਾਰਦਰਸ਼ਤਾ ਨੂੰ ਬਣਾਈ ਰੱਖਿਆ ਜਾ ਸਕੇ।



# ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ 'ਮਯੰਕ ਰਨਿੰਗ ਟਰਾਫੀ' ਦਾ ਸ਼ਾਨਦਾਰ ਉਦਘਾਟਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਆਯੋਜਿਤ ਪੰਜਾਬ ਸਟੇਟ ਸਬ-ਜੂਨੀਅਰ ਰੈਂਕਿੰਗ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਦੌਰਾਨ ਵੱਕਾਰੀ 'ਮਯੰਕ ਰਨਿੰਗ ਟਰਾਫੀ' ਦਾ ਉਦਘਾਟਨ ਕੀਤਾ ਗਿਆ। ਇਹ ਸਮਾਰੋਹ ਜਲੰਧਰ ਦੇ ਇਤਿਹਾਸਕ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿੱਚ ਹੋਇਆ। ਮਯੰਕ ਰਨਿੰਗ ਟਰਾਫੀ ਦਾ ਉਦਘਾਟਨ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੁਆਰਾ ਕੀਤਾ ਗਿਆ। ਇਸ ਮੌਕੇ ਸਵਰਗੀ ਮਯੰਕ ਸ਼ਰਮਾ ਦੇ ਪਿਤਾ ਦੀਪਕ ਸ਼ਰਮਾ, ਮਯੰਕ ਫਾਊਂਡੇਸ਼ਨ ਦੇ ਮੈਂਬਰ, ਖਿਡਾਰੀ, ਕੋਚ ਤੇ ਪੰਜਾਬ ਭਰ ਤੋਂ ਕਈ ਪਤਵੰਤੇ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਰਿਤਿਨ ਖੰਨਾ ਨੇ ਕਿਹਾ ਕਿ ਇਹ ਰਨਿੰਗ ਟਰਾਫੀ ਨੌਜਵਾਨ ਬੈਡਮਿੰਟਨ ਖਿਡਾਰੀ ਮਯੰਕ ਸ਼ਰਮਾ ਦੀ ਪਵਿੱਤਰ ਯਾਦ ਵਿੱਚ ਸਥਾਪਤ ਕੀਤੀ ਗਈ ਹੈ, ਜਿਸ ਦੀ ਮੁਸਕਰਾਹਟ, ਖੇਡ ਪ੍ਰਤੀ ਸਮਰਪਣ ਤੇ ਪ੍ਰੇਰਨਾਦਾਇਕ ਸ਼ਖਸੀਅਤ ਹਜ਼ਾਰਾਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹੈ। ਇਸ ਵਿਸ਼ੇਸ਼ ਟਰਾਫੀ 'ਤੇ ਲਿਖਿਆ ਸੁਨੇਹਾ ਮਯੰਕ ਦੇ ਜੀਵਨ, ਬੈਡਮਿੰਟਨ ਪ੍ਰਤੀ ਉਸਦੇ ਜਨੂੰਨ ਤੇ ਸੜਕ ਸੁਰੱਖਿਆ, ਸਿੱਖਿਆ, ਵਾਤਾਵਰਣ ਤੇ ਖੇਡਾਂ ਦੇ ਖੇਤਰਾਂ ਵਿੱਚ ਮਯੰਕ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਪਰਉਪਕਾਰੀ ਕਾਰਜਾਂ ਨੂੰ ਉਜਾਗਰ ਕਰਦਾ ਹੈ।

ਇਹ 'ਮਯੰਕ ਰਨਿੰਗ ਟਰਾਫੀ' ਹਰ ਸਾਲ ਅੰਡਰ-15 ਲੜਕੇ ਸਿੰਗਲਜ਼ ਪੰਜਾਬ ਚੈਂਪੀਅਨ ਨੂੰ ਦਿੱਤੀ ਜਾਵੇਗੀ, ਇਹ ਯਕੀਨੀ ਬਣਾਉਂਦੇ ਹੋਏ ਕਿ ਮਯੰਕ ਦੀ ਪ੍ਰੇਰਨਾਦਾਇਕ ਵਿਰਾਸਤ ਖਿਡਾਰੀਆਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇ।



# ਵਰਲਡ ਯੂਨੀਵਰਸਿਟੀ ਦੇ ਖਿਡਾਰੀਆਂ ਦਾ ਗੱਤਕਾ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਦੇ ਖਿਡਾਰੀਆਂ ਨੇ ਸਰਹਿੰਦ ਫਤਹਿ ਦਿਵਸ ਮੌਕੇ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ। ਯੂਨੀਵਰਸਿਟੀ ਦੇ ਖਿਡਾਰੀ ਜਸਕਰਨ ਸਿੰਘ ਤੇ ਗੱਤਕਾ ਖਿਡਾਰਨ ਕਿਰਨਪਾਲ ਕੌਰ ਨੇ ਆਪੋ ਆਪਣੇ ਵਰਗਾਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ, ਮੈਨੇਜਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਤੇ ਸਕੱਤਰ ਧਰਮ ਪ੍ਰਚਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਦੀਆਂ ਟੀਮਾਂ ਨੇ ਭਾਗ ਲਿਆ।ਇਸ ਮੌਕੇ ਫਰੀ ਸੋਟੀ ਦੇ ਮੁਕਾਬਲੇ ਲੜਕਿਆਂ ਤੇ ਲੜਕੀਆਂ ਦੇ ਵਰਗਾਂ ਵਿੱਚ ਕਰਵਾਏ ਗਏ।ਲੜਕਿਆਂ ਦੇ ਵਰਗ ਵਿੱਚ ਯੂਨੀਵਰਸਿਟੀ ਦੇ ਖਿਡਾਰੀ ਜਸਕਰਨ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਈਨਲ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਲੜਕੀਆਂ ਦੇ ਵਰਗ ਵਿੱਚ ਯੂਨੀਵਰਸਿਟੀ ਦੀ ਗੱਤਕਾ ਖਿਡਾਰਨ ਕਿਰਨਪਾਲ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਜਿੱਤ 'ਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ, ਪ੍ਰੋ. (ਡਾ.) ਸੁੱਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਤੇ ਵਿਭਾਗ ਮੁਖੀ ਡਾ. ਵਰਿੰਦਰ ਸਿੰਘ ਭੁੱਲਰ ਵੱਲੋਂ ਯੂਨੀਵਰਸਿਟੀ ਦੇ ਗੱਤਕਾ ਕੋਚ ਤਲਵਿੰਦਰ ਸਿੰਘ ਤੇ ਖਿਡਾਰੀਆਂ ਨੂੰ ਵਧਾਈ ਦਿੱਤੀ ਗਈ।



# ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਗਗਨਦੀਪ ਜੰਮੂ 'ਤੇ ਜਾਨਲੇਵਾ ਹਮਲੇ ਦੀ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਦੇ ਪੁੱਤਰ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਆਨਰੇਰੀ ਸਕੱਤਰ ਗਗਨਦੀਪ ਜੰਮੂ ਉੱਪਰ ਹੋਏ ਜਾਨਲੇਵਾ ਹਮਲੇ ਦੀ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਸਖ਼ਤ ਨਿੰਦਾ ਕੀਤੀ ਹੈ। ਯੂਨੀਅਨ ਵੱਲੋਂ ਹਮਲਾਵਰਾਂ ਦੀ ਤੁਰੰਤ ਗ੍ਰਿਫ਼ਤਾਰੀ ਤੇ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਗਈ ਹੈ। ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸੂਬਾਈ ਪ੍ਰਧਾਨ ਜੈ ਸਿੰਘ ਛਿੱਬਰ, ਸਕੱਤਰ ਜਨਰਲ ਸੰਤੋਖ ਗਿੱਲ, ਜਥੇਬੰਧਕ ਸਕੱਤਰ ਦਵਿੰਦਰ ਸਿੰਘ ਭੰਗੂ ਤੇ ਸੀਨੀਅਰ ਮੀਤ ਪ੍ਰਧਾਨ ਭੂਸ਼ਨ ਸੂਦ ਨੇ ਇਸ ਘਟਨਾ ਉਪਰ ਡੂੰਘਾ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਇਸ ਨੂੰ ਕਾਨੂੰਨੀ ਭਾਈਚਾਰੇ ਉੱਪਰ ਇੱਕ ਸਿੱਧਾ ਹਮਲਾ ਦੱਸਿਆ। ਆਗੂਆਂ ਨੇ ਕਿਹਾ ਕਿ ਗਗਨਦੀਪ ਜੰਮੂ ਉੱਪਰ ਕੁਰਾਲੀ-ਖਰੜ ਮਾਰਗ 'ਤੇ ਜਾਨਲੇਵਾ ਹਮਲਾ ਕੀਤਾ ਗਿਆ ਸੀ, ਹਾਲਾਂਕਿ ਉਹ ਸੁਰੱਖਿਅਤ ਹਨ। ਇਸ ਮੁਸੀਬਤ ਦੀ ਘੜੀ ਵਿੱਚ ਗਗਨਦੀਪ ਜੰਮੂ ਤੇ ਉਨ੍ਹਾਂ ਦੇ ਪਰਵਾਰ ਨਾਲ ਇੱਕਜੁੱਟਤਾ ਪ੍ਰਗਟ ਕਰਦਿਆਂ ਜਥੇਬੰਦੀ ਨੇ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਇਸ ਮੌਕੇ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਪਰਵਿੰਦਰ ਸਿੰਘ ਜੌੜਾ ਸਮੇਤ ਸਮੂਹ ਮੀਡੀਆ ਸਾਥੀਆਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸ਼ਹਿਰ ਦਾ ਸਿਆਸੀ ਮਾਹੌਲ ਗਰਮਾਇਆ

**ਜਗਰਾਉਂ (ਨਛੱਤਰ ਸੰਧੂ)**- ਵਾਰਡ ਨੰਬਰ 7 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਹਰਪ੍ਰੀਤ ਕੌਰ ਦੇ ਹੱਕ ਵਿੱਚ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਦੀ ਅਗਵਾਈ ਹੇਠ ਚੱਲ ਰਹੇ ਡੋਰ-ਟੂ-ਡੋਰ ਚੋਣ ਪ੍ਰਚਾਰ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਘਰ-ਘਰ ਜਾ ਕੇ ਲੋਕਾਂ ਨਾਲ ਕੀਤੇ ਜਾ ਰਹੇ ਰਾਬਤੇ ਦੌਰਾਨ ਭਾਰੀ ਗਿਣਤੀ ਵਿੱਚ ਲੋਕਾਂ ਨੇ ਸਮਰਥਨ ਦੇ ਕੇ ਵਿਕਾਸ ਪੱਖੀ ਸੋਚ 'ਤੇ ਮੋਹਰ ਲਗਾਈ।ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਵਾਰ ਲੋਕ ਪੁਰਾਣੀ ਰਾਜਨੀਤੀ ਤੋਂ ਹਟ ਕੇ ਨਵੇਂ ਚਿਹਰਿਆਂ ਤੇ ਨਵੀਂ ਸੋਚ ਨੂੰ ਮੌਕਾ ਦੇਣ ਲਈ ਤਿਆਰ ਹਨ।ਲੋਕਾਂ ਵੱਲੋਂ ਮਿਲ ਰਿਹਾ ਪਿਆਰ ਤੇ ਸਤਿਕਾਰ ਟੀਮ ਦੇ ਹੌਸਲੇ ਲਗਾਤਾਰ ਵਧਾ ਰਿਹਾ ਹੈ।ਪੰਜਾਬ ਵਿੱਚ ਹੋ ਰਹੀਆਂ ਨਗਰ ਕੌਂਸਲ ਚੋਣਾਂ ਨੂੰ 2027 ਦੀ ਸਿਆਸਤ ਦਾ 'ਸੈਮੀਫਾਈਨਲ' ਵੀ ਮੰਨਿਆ ਜਾ ਰਿਹਾ ਹੈ ਤੇ ਸਾਰੀਆਂ ਪਾਰਟੀਆਂ ਇਸ ਚੋਣ ਨੂੰ ਵੱਡੀ ਅਹਿਮੀਅਤ ਨਾਲ ਲੈ ਰਹੀਆਂ ਹਨ।ਅਖੀਰ ਵਿੱਚ ਐੱਸ ਆਰ ਕਲੇਰ ਨੇ ਕਿਹਾ ਕਿ ਲੋਕਾਂ ਦਾ ਇਹ ਪਿਆਰ ਦੱਸ ਰਿਹਾ ਹੈ ਕਿ ਬਦਲਾਅ ਦੀ ਲਹਿਰ ਚੱਲ ਪਈ ਹੈ, ਹੁਣ ਲੋਕ ਵਿਕਾਸ ਨੂੰ ਵੋਟ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ।ਇਸ ਮੌਕੇ ਸਰਕਲ ਪ੍ਰਧਾਨ ਰਣਧੀਰ ਸਿੰਘ ਚੱਕਰ ਤੇ ਪੂਰੀ ਟੀਮ ਉਨ੍ਹਾ ਨਾਲ ਸੀ।



# ਸਬ-ਜੂਨੀਅਰ ਨੈਸ਼ਨਲ ਸਕੇਟਿੰਗ ਮੁਕਾਬਲੇ 'ਚ ਕਰਨਵੀਰ ਸਿੰਘ ਨੇ ਚਮਕਾਇਆ ਨਾਂਅ

**ਭਵਾਨੀਗੜ੍ਹ (ਰਾਜ ਖੁਰਮੀ)**- ਖੇਡਾਂ ਮਨੁੱਖੀ ਜੀਵਨ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਤੇ ਵਿਦਿਆਰਥੀਆਂ ਦੇ ਵਿਅਕਤਿਤਵ ਨਿਰਮਾਣ ਵਿੱਚ ਵੀ ਖਾਸ ਯੋਗਦਾਨ ਪਾਉਂਦੀਆਂ ਹਨ।ਇਸੇ ਲੜੀ ਤਹਿਤ ਸਕੇਟਿੰਗ ਖੇਡ ਵਿੱਚ ਹੈਰੀਟੇਜ ਪਬਲਿਕ ਸਕੂਲ ਦੇ ਵਿਦਿਆਰਥੀ ਕਰਨਵੀਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਮੋਹਾਲੀ ਵਿਖੇ ਆਯੋਜਿਤ ਸਬ-ਜੂਨੀਅਰ ਨੈਸ਼ਨਲ ਸਕੇਟਿੰਗ ਮੁਕਾਬਲਿਆਂ ਵਿੱਚ ਅੰਡਰ-15 ਵਰਗ ਤਹਿਤ ਭਾਗ ਲੈਂਦਿਆਂ ਕਰਨਵੀਰ ਸਿੰਘ ਨੇ ਰੋਡ ਰੇਸ ਵਿੱਚ ਦੂਜਾ ਸਥਾਨ ਤੇ ਰਿੰਕ ਰੇਸ 2 ਲੈਪ ਵਿੱਚ ਤੀਜਾ ਸਥਾਨ ਹਾਸਲ ਕੀਤਾ।ਉਸ ਦੀ ਇਸ ਉਪਲਬਧੀ ਨਾਲ ਸਕੂਲ ਪ੍ਰਬੰਧਕਾਂ, ਅਧਿਆਪਕਾਂ ਤੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਅਨਿਲ ਮਿੱਤਲ, ਆਸ਼ਿਮਾ ਮਿੱਤਲ ਤੇ ਸਕੂਲ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਨੇ ਵਿਦਿਆਰਥੀ ਤੇ ਖੇਡ ਕੋਚ ਨੂੰ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਕਰਨਵੀਰ ਸਿੰਘ ਦੀ ਇਹ ਕਾਮਯਾਬੀ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਸਾਬਿਤ ਹੋਵੇਗੀ।ਉਨ੍ਹਾਂ ਜੇਤੂ ਖਿਡਾਰੀ ਨੂੰ ਭਵਿੱਖ ਵਿੱਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰਨ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ।



# ਪੀ ਜੀ ਆਈ ਨੇ ਜਨ ਸਿਹਤ ਸੰਬੰਧੀ ਉਪਲੱਬਧੀਆਂ ਤੋਂ 18 ਦੇਸ਼ਾਂ ਦੇ ਡੈਲੀਗੇਟਾਂ ਨੂੰ ਕਰਵਾਇਆ ਜਾਣੂ

**ਸਮਰਾਲਾ (ਸੁਰਜੀਤ ਸਿੰਘ)**- ਪੀਜੀਆਈ ਚੰਡੀਗੜ੍ਹ ਨੇ 18 ਦੇਸ਼ਾਂ ਤੋਂ ਆਏ ਸਿਹਤ ਖੇਤਰ ਦੇ ਪ੍ਰਤੀਨਿਧੀਆਂ ਨੂੰ ਆਪਣੀਆਂ ਜਨ ਸਿਹਤ ਸਬੰਧੀ ਉਪਲੱਬਧੀਆਂ ਤੋਂ ਜਾਣੂ ਕਰਵਾਇਆ, ਜਿਸ ਵਿਚ ਮੁੱਖ ਤੌਰ 'ਤੇ ਅੰਗ ਦਾਨ, ਟੈਲੀਮੈਡੀਸਿਨ, ਟੈਲੀ-ਐਵੀਡੈਂਸ ਤੇ ਗ੍ਰੀਨ ਹਸਪਤਾਲ ਸੰਕਲਪ ਵਰਗੀਆਂ ਸਰਵੋਤਮ ਪ੍ਰਥਾਵਾਂ ਨੂੰ ਨਜ਼ਦੀਕ ਤੋਂ ਵੇਖਿਆ।ਡਾ. ਨਵਨੀਤ ਧਾਲੀਵਾਲ ਐਡੀਸ਼ਨਲ ਪ੍ਰੋਫੈਸਰ-ਕਮ-ਜਾਇੰਟ ਮੈਡੀਕਲ ਸੁਪਰਿੰਟੈਂਡੈਂਟ ਨੇ 18 ਦੇਸ਼ਾਂ ਤੋਂ ਆਏ 41 ਅੰਤਰਰਾਸ਼ਟਰੀ ਡੈਲੀਗੇਟਾਂ ਦੇ ਦੌਰੇ ਦੌਰਾਨ ਗ੍ਰੀਨ ਹਸਪਤਾਲ ਦੇ ਸੰਕਲਪ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਨ ਸਿਹਤ ਵਿੱਚ ਸਫਲਤਾ ਦੀ ਕੁੰਜੀ ਨਵੀਨਤਾ ਤੇ ਉਸ ਦੀ ਅਮਲੀ ਤੌਰ 'ਤੇ ਲਾਗੂ ਹੋਣ ਵਿੱਚ ਨਿਹਿਤ ਹੈ।ਇਹ ਡੈਲੀਗੇਟ 33ਵੇਂ ਇੰਟਰਨੈਸ਼ਨਲ ਪਬਲਿਕ ਹੈਲਥ ਮੈਨੇਜਮੈਂਟ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਹਨ, ਜਿਸ ਦਾ ਆਯੋਜਨ ਪੀਜੀਆਈ ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਕੀਤਾ ਗਿਆ। ਪ੍ਰੋਗਰਾਮ ਡਾਇਰੈਕਟਰ ਡਾ. ਸੋਨੂੰ ਗੋਇਲ ਨੇ ਕਿਹਾ ਕਿ ਪੀਜੀਆਈ ਨੇ ਦੇਸ਼ ਦੇ ਨਾਗਰਿਕਾਂ ਨੂੰ ਆਧੁਨਿਕ ਡਿਜੀਟਲ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ ਤੇ ਇਹ ਡਿਜੀਟਲ ਹੈਲਥ ਮਿਸ਼ਨ ਦਾ ਮਾਰਗ ਦਰਸ਼ਕ ਬਣ ਕੇ ਉੱਭਰਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਇੱਕ ਦਹਾਕੇ ਦੌਰਾਨ 1,700 ਤੋਂ ਵੱਧ ਪ੍ਰੋਫੈਸ਼ਨਲਾਂ ਨੂੰ ਇਸ ਪ੍ਰੋਗਰਾਮ ਰਾਹੀਂ ਸਫਲ ਤਰੀਕੇ ਨਾਲ ਤਾਲੀਮ ਦਿੱਤੀ ਗਈ ਹੈ, ਜਿਸ ਨਾਲ ਭਾਗੀਦਾਰਾਂ ਨੂੰ ਪੀਜੀਆਈ ਦੀਆਂ ਸਰਵੋਤਮ ਪ੍ਰਥਾਵਾਂ ਨੂੰ ਸਮਝਣ ਤੇ ਆਪਣੇ ਦੇਸ਼ਾਂ ਵਿੱਚ ਲਾਗੂ ਕਰਨ ਦਾ ਮੌਕਾ ਮਿਲਿਆ।ਦੌਰੇ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਪੀਜੀਆਈ ਨੂੰ ਗ੍ਰੀਨ ਹਸਪਤਾਲ ਇਮਾਰਤ ਲਈ ਮਾਣਯੋਗ ਪਲੇਟਿਨਮ ਰੇਟਿੰਗ ਐਵਾਰਡ ਵੀ ਮਿਲ ਚੁੱਕਾ ਹੈ। ਡੈਲੀਗੇਟਾਂ ਨੇ ਦੌਰੇ ਦੌਰਾਨ ਰੋਟੋ ਸੈਂਟਰ (ਰੀਜਨਲ ਆਰਗਨ ਐਂਡ ਟਿਸ਼ੂ ਟ੍ਰਾਂਸਪਲਾਂਟ ਆਰਗਨਾਈਜ਼ੇਸ਼ਨ), ਟੈਲੀ-ਐਵੀਡੈਂਸ ਤੇ ਟੈਲੀਮੈਡੀਸਿਨ ਸੈਂਟਰ ਵਰਗੀਆਂ ਆਧੁਨਿਕ ਪ੍ਰਥਾਵਾਂ ਦਾ ਨਿਰੀਖਣ ਕੀਤਾ।ਅੰਤਰਰਾਸ਼ਟਰੀ ਡੈਲੀਗੇਟਾਂ ਨੇ ਅੰਗ ਦਾਨ ਦੇ ਇਸ ਮਹਾਨ ਉਦੇਸ਼ ਲਈ ਆਪਣੀ ਵਚਨਬੱਧਤਾ ਦੁਹਰਾਈ। ਸੀਨੀਅਰ ਡੈਲੀਗੇਟਾਂ ਨੇ ਟੈਲੀ-ਐਵੀਡੈਂਸ ਸੈਂਟਰ ਦਾ ਵੀ ਦੌਰਾ ਕੀਤਾ, ਜੋ ਡਾਕਟਰਾਂ ਦੀ ਅਦਾਲਤ ਵਿੱਚ ਸਰੀਰਕ ਹਾਜ਼ਰੀ ਦੀ ਬਜਾਏ ਵੀਡੀਓ ਕਾਨਫਰੰਸਿੰਗ ਰਾਹੀਂ ਗਵਾਹੀ ਦੇਣ ਦੀ ਪ੍ਰਥਾ ਸ਼ੁਰੂ ਕਰਨ ਵਾਲਾ ਦੇਸ਼ ਦਾ ਪਹਿਲਾ ਕੇਂਦਰ ਹੈ।ਟੈਲੀ-ਐਵੀਡੈਂਸ ਕਨਸਲਟੈਂਟ ਮੁਤਾਬਕ, ਇਸ ਸਹੂਲਤ ਨਾਲ ਦੋ ਸਾਲਾਂ ਵਿੱਚ ਲਗਭਗ 1.92 ਕਰੋੜ ਰੁਪਏ ਦੀ ਬਚਤ ਹੋਈ ਹੈ ਤੇ ਡਾਕਟਰਾਂ ਦੇ 30,000 ਘੰਟੇ ਵੀ ਬਚੇ ਹਨ।ਇਸ ਤੋਂ ਇਲਾਵਾ ਟੈਲੀਮੈਡੀਸਿਨ ਦੀ ਨਵੀਨਤਮ ਪ੍ਰਥਾ ਦਾ ਵੀ ਪ੍ਰਦਰਸ਼ਨ ਕੀਤਾ ਗਿਆ।



# ਆਪ ਆਗੂ ਬਲਜਿੰਦਰ ਢਿੱਲੋਂ ਵੱਲੋਂ ਸਨੌਰ ਦੀ ਨਾਕਸ ਸੀਵਰੇਜ ਪ੍ਰਣਾਲੀ ਦਾ ਜਾਇਜ਼ਾ

**ਸਨੌਰ (ਰਾਜਿੰਦਰ ਸਿੰਘ ਥਿੰਦ)**- ਹਲਕਾ ਸਨੌਰ ਦੇ ਵੱਖ-ਵੱਖ ਇਲਾਕਿਆਂ ਵਿੱਚ ਸੀਵਰੇਜ ਪ੍ਰਣਾਲੀ ਦੀ ਮਾੜੀ ਹਾਲਤ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਕਈ ਥਾਵਾਂ ਉੱਤੇ ਸੀਵਰੇਜ ਜਾਮ ਹੋਣ ਤੇ ਗੰਦਾ ਪਾਣੀ ਸੜਕਾਂ 'ਤੇ ਖੜ੍ਹਾ ਰਹਿਣ ਕਾਰਨ ਇਲਾਕੇ ਵਿੱਚ ਬਦਬੂ ਫੈਲੀ ਹੋਈ ਹੈ, ਜਿਸ ਨਾਲ ਸਥਾਨਕ ਨਿਵਾਸੀਆਂ ਦੀ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ। ਲੋਕਾਂ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਸੀਵਰੇਜ ਓਵਰਫਲੋ ਹੋਣ ਕਾਰਨ ਨਾ ਸਿਰਫ਼ ਆਵਾਜਾਈ ਵਿੱਚ ਦਿੱਕਤ ਆ ਰਹੀ ਹੈ, ਸਗੋਂ ਬਿਮਾਰੀਆਂ ਫੈਲਣ ਦਾ ਵੀ ਖਤਰਾ ਬਣਿਆ ਹੋਇਆ ਹੈ।ਇਸ ਗੰਭੀਰ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਐਗਰੋ ਦੇ ਚੇਅਰਮੈਨ ਤੇ ਹਲਕਾ ਸਨੌਰ ਦੇ ਸੀਨੀਅਰ 'ਆਪ' ਆਗੂ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਆਪਣੇ ਸਾਥੀਆਂ ਸਮੇਤ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਸਨੌਰ ਦੇ ਕਾਰਜ ਸਾਧਕ ਅਫਸਰ ਤੇ ਹੋਰ ਅਧਿਕਾਰੀ ਮੌਜੂਦ ਰਹੇ। ਦੌਰੇ ਦੌਰਾਨ ਬਲਜਿੰਦਰ ਸਿੰਘ ਢਿੱਲੋਂ ਨੇ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਜਲਦੀ ਕਾਰਵਾਈ ਕਰਨ ਲਈ ਹਦਾਇਤਾਂ ਦਿੱਤੀਆਂ। ਸਥਾਨਕ ਲੋਕਾਂ ਨੇ ਦੱਸਿਆ ਕਿ ਸੀਵਰੇਜ ਪ੍ਰਣਾਲੀ ਕਈ ਸਾਲਾਂ ਤੋਂ ਢੰਗ ਨਾਲ ਸਾਫ਼ ਨਹੀਂ ਕੀਤੀ ਗਈ, ਜਿਸ ਕਾਰਨ ਥੋੜ੍ਹੀ ਬਾਰਿਸ਼ ਜਾਂ ਵੱਧ ਪਾਣੀ ਆਉਣ ਨਾਲ ਹੀ ਗੰਦਾ ਪਾਣੀ ਗਲੀਆਂ ਤੇ ਸੜਕਾਂ 'ਤੇ ਆ ਜਾਂਦਾ ਹੈ। ਇਸ ਸਮੱਸਿਆ ਕਾਰਨ ਛੋਟੇ ਬੱਚਿਆਂ, ਬਜ਼ੁਰਗਾਂ ਤੇ ਦੁਕਾਨਦਾਰਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਦੌਰੇ ਦੌਰਾਨ ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ ਤੇ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸੀਵਰੇਜ ਦੀ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਭਾਵਿਤ ਇਲਾਕਿਆਂ ਦੀ ਸਫ਼ਾਈ ਕਰਵਾ ਕੇ ਸੀਵਰੇਜ ਲਾਈਨਾਂ ਦੀ ਜਾਂਚ ਤੇ ਮੁਰੰਮਤ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਮੌਕੇ ਮੌਜੂਦ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਵੀ ਭਰੋਸਾ ਦਿਵਾਇਆ ਕਿ ਸੀਵਰੇਜ ਦੀ ਸਮੱਸਿਆ ਦੇ ਪੱਕੇ ਹੱਲ ਲਈ ਜਲਦੀ ਕਾਰਵਾਈ ਕੀਤੀ ਜਾਵੇਗੀ।



# ਬੀ ਕੇ ਯੂ ਏਕਤਾ ਅਜ਼ਾਦ ਬਲਾਕ ਦਿੜ੍ਹਬਾ ਦੇ ਪਿੰਡ ਇਕਾਈਆਂ ਦੀ ਮੀਟਿੰਗ

**ਦਿੜ੍ਹਬਾ (ਜਸਵੀਰ ਲਾਡੀ)**- ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਦਿੜ੍ਹਬਾ ਦੇ ਪਿੰਡ ਇਕਾਈਆਂ ਦੀ ਮੀਟਿੰਗ ਬਲਾਕ ਪ੍ਰਧਾਨ ਨਾਇਬ ਸਿੰਘ ਗੁੱਜਰਾਂ, ਰਣਵੀਰ ਸਿੰਘ ਬਘਰੌਲ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਆਗੂ ਗੁਰਮੇਲ ਸਿੰਘ ਕੈਂਪਰ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਬਲਾਕ ਦਿੜ੍ਹਬਾ ਦੀਆਂ ਪਿੰਡ ਇਕਾਈਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੀਟਿੰਗ ਵਿੱਚ 25 ਮਈ ਨੂੰ ਸੰਗਰੂਰ ਵਿਖੇ ਐੱਸ ਐੱਸ ਪੀ ਦਫ਼ਤਰ ਅੱਗੇ ਧਰਨੇ ਤੇ ਪਿੰਡ ਇਕਾਈਆਂ ਦੇ ਪਿਛਲੇ ਛਿਮਾਹੀ ਫੰਡਾਂ ਬਾਰੇ/ਪਿੰਡ ਇਕਾਈਆਂ ਦੇ ਫੁੱਟਕਲ ਕੰਮਾਂ ਦਾ ਵੇਰਵਾ ਲਿਆ ਗਿਆ ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਦਿੜ੍ਹਬਾ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਪਿਛਲੇ ਦਿਨਾਂ ਵਿੱਚ ਸੰਘਰਸ਼ੀ ਲੋਕਾਂ 'ਤੇ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਮਾਰੀਆਂ। ਇਸ ਦੇ ਸਬੰਧ ਵਿੱਚ 25 ਮਈ ਨੂੰ ਐੱਸ ਐੱਸ ਪੀ ਦਫ਼ਤਰ ਸੰਗਰੂਰ ਵਿਖੇ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿੱਚ ਹਾਜ਼ਰ ਚਰਨਜੀਤ ਸਿੰਘ ਸੰਤਪੁਰਾ, ਸਤਿਨਾਮ ਸਿੰਘ, ਦਰਬਾਰਾ ਸਿੰਘ ਖੇਤਲਾ, ਚਮਕੌਰ ਸਿੰਘ ਸਾਦੀਹਰੀ, ਦੀਪ ਸਿੰਘ ਕੌਹਰੀਆਂ, ਬੁੱਧ ਸਿੰਘ ਸਿੱਧੜਾ, ਦੀਦਾਰ ਸਿੰਘ ਦਾਰੀ ਲੀਲਾ ਸਿੰਘ ਦਿੜ੍ਹਬਾ, ਸ਼ੇਰ ਸਿੰਘ, ਕਾਕਾ ਸਿੰਘ, ਗੁਰਚਰਨ ਸਿੰਘ ਤੂਰਬੰਜਾਰਾ, ਮਹਿੰਦਰ ਸਿੰਘ ਖੇਤਲਾ, ਦਰਸ਼ਨ ਸਿੰਘ, ਗੁਰਪਿਆਰ ਖਾਨਪੁਰ ਫ਼ਕੀਰਾਂ, ਜਗਦੀਸ਼ ਸਿੰਘ, ਬਲਵੀਰ ਸਿੰਘ ਰਾਮਪੁਰ ਗੁੱਜਰਾਂ, ਜਗਦੀਪ ਸਿੰਘ, ਅਜੈਬ ਸਿੰਘ ਕੌਹਰੀਆਂ ਤੋਂ ਇਲਾਵਾ ਪਿੰਡ ਇਕਾਈਆਂ ਦੇ ਪ੍ਰਧਾਨ/ਜਨਰਲ ਸਕੱਤਰ/ਖਜ਼ਾਨਚੀ ਆਦਿ ਹਾਜ਼ਰ ਸਨ।



## ...ਸਫ਼ਾ 1 ਦੇ ਬਾਕੀ

### ਮੋਦੀ ਸਰਕਾਰ ਉਦਯੋਗ ਤੇ ਹੋਰ ਕਾਰੋਬਾਰ...

ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਆਰ ਐੱਸ ਐੱਸ ਵਾਲੇ ਲੋਕਾਂ ਨੂੰ ਰੁਪਏ ਜਾਂ ਹੋਰ ਲਾਲਚ ਦੇਣਗੇ। ਲੋਕਾਂ ਨੂੰ ਇਹਨਾਂ ਦੇ ਲਾਰਿਆਂ 'ਚ ਨਹੀਂ ਆਉਣਾ ਚਾਹੀਦਾ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਨੂੰ ਇਕੱਠੇ ਹੋ ਕੇ ਲੋਕਾਂ ਨੂੰ ਨਾਲ ਲੈ ਕੇ ਲੜਾਈ ਲੜਨੀ ਪਏਗੀ। ਉਹਨਾ ਕਿਹਾ ਕਿ ਮਜ਼ਦੂਰਾਂ, ਕਾਰਖਾਨੇ ਵਿੱਚ ਕੰਮ ਕਰਨ ਵਾਲੇ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕੱਠੇ ਹੋ ਕੇ ਲੜਾਈ ਲੜਨੀ ਪੈਣੀ ਹੈ। ਅਸੀਂ ਸਾਰੇ ਇਕੱਠੇ ਹੋ ਜਾਈਏ ਤਾਂ ਸਾਡੀ ਗਿਣਤੀ 80 ਫੀਸਦੀ ਤੋਂ ਵੱਧ ਬਣਦੀ ਹੈ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨਾ ਪੈਣਾ, ਤਾਂ ਹੀ ਅਸੀਂ ਸਫਲ ਹੋਵਾਂਗੇ। ਉਹਨਾ ਕਿਹਾ ਕਿ ਕਾਮਰੇਡ ਮਲਕੀਤ ਚੰਦ ਮੇਹਲੀ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਉਹਨਾ ਦੇ ਰਹਿੰਦੇ ਕਾਰਜਾਂ ਨੂੰ ਪੂਰਾ ਕਰੀਏ। ਸੀ ਪੀ ਆਈ ਦੀ ਮੈਂਬਰਸ਼ਿਪ ਵਧਾਈਏ, ਬ੍ਰਾਂਚਾਂ ਵਧਾਈਏ, ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਕਰੀਏ।

ਇਸ ਮੌਕੇ ਲੋਕ ਗਾਇਕ ਗੁਰਮੇਜ ਮੇਹਲੀ ਅਤੇ ਨਿਰਮਲਜੀਤ ਵੱਲੋਂ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਗਿਆ। ਮਾਨਵਤਾ ਕਲਾ ਮੰਚ ਨਗਰ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ ਗਈਆਂ। ਸਟੇਜ ਸਕੱਤਰ ਦੀ ਭੂਮਿਕਾ ਸੀ ਪੀ ਆਈ ਦੇ ਜ਼ਿਲ੍ਹਾ ਮੀਤ ਸਕੱਤਰ ਨਰੰਜਣ ਦਾਸ ਮੇਹਲੀ ਵੱਲੋਂ ਨਿਭਾਈ ਗਈ।

ਇਸ ਮੌਕੇ ਜਸਵਿੰਦਰ ਸਿੰਘ ਭੰਗਲ, ਨਰੰਜਣ ਦਾਸ ਮੇਹਲੀ, ਪਰਮਿੰਦਰ ਮੇਨਕਾ, ਗੁਰਮੁੱਖ ਸਿੰਘ ਫਰਾਲਾ, ਗੁਰਬਖਸ਼ ਕੌਰ ਰਾਹੋਂ, ਸਤਨਾਮ ਸਿੰਘ ਚਾਹਲ, ਨਰਿੰਦਰ ਕਾਲੀਆਂ, ਜੁਝਾਰ ਸਿੰਘ ਕੁੱਕੜ ਮਜਾਰਾ, ਨਰਿੰਦਰ ਬੁਰਜ, ਦੇਸ ਰਾਜ ਬੀਕਾ, ਕਰਨੈਲ ਸਿੰਘ ਕਰਨਾਣਾ, ਧਰਮਪਾਲ ਸਿਆਣਾ, ਮਨੋਹਰ ਲਾਲ ਸੰਧੀ, ਹੁਸਨ ਲਾਲ, ਸੁਰਿੰਦਰ ਪਾਲ ਸਾਬਕਾ ਸਰਪੰਚ, ਅਮਰਜੀਤ ਮੇਹਲੀ, ਸ਼ੀਲਾ ਰਾਣੀ, ਗੁਰਮੀਤ ਰਾਮ, ਰਾਮ ਲਾਲ, ਹਰਮੇਸ਼ ਲਾਲ, ਬੁੱਧ ਪ੍ਰਕਾਸ਼ ਸ਼ੌਂਕੀ, ਤਰਸੇਮ ਲਾਲ ਤੋਂ ਇਲਾਵਾ ਭਾਰੀ ਗਿਣਤੀ 'ਚ ਪਾਰਟੀ ਵਰਕਰ ਅਤੇ ਸਮਰਥਕ ਹਾਜ਼ਰ ਸਨ।

### ਕੇਂਦਰ ਸਰਕਾਰ ਆਰ ਬੀ ਆਈ...

ਢਾਂਚਾ ਸੰਘਵਾਦ 'ਤੇ ਅਧਾਰਤ ਹੈ। ਹਰ ਭਾਰਤੀ ਆਰਥਿਕਤਾ ਵਿੱਚ ਯੋਗਦਾਨ ਪਾਉਂਦਾ ਹੈ ਅਤੇ ਹਰ ਰਾਜ ਰਾਸ਼ਟਰੀ ਵਿਕਾਸ ਅਤੇ ਮਾਲੀਆ ਪੈਦਾ ਕਰਨ ਵਿੱਚ ਹਿੱਸਾ ਪਾਉਂਦਾ ਹੈ। ਫਿਰ ਅਜਿਹੇ ਅਸਾਧਾਰਨ ਲਾਭਾਂ ਵਿੱਚੋਂ ਰਾਜਾਂ ਨੂੰ ਉਨ੍ਹਾਂ ਦੇ ਹੱਕੀ ਹਿੱਸੇ ਤੋਂ ਕਿਉਂ ਵਾਂਝਾ ਰੱਖਿਆ ਜਾ ਰਿਹਾ ਹੈ? ਰਾਜਾਂ ਦੇ ਅਧਿਕਾਰਾਂ ਦੀ ਰੱਖਿਆ ਹੋਣੀ ਚਾਹੀਦੀ ਹੈ ਅਤੇ ਕੇਂਦਰ ਸਰਕਾਰ ਨੂੰ ਰਾਜਾਂ ਨੂੰ ਉਨ੍ਹਾਂ ਦੇ ਬਣਦੇ ਹਿੱਸੇ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ।

ਆਰ ਬੀ ਆਈ ਟ੍ਰਾਂਸਫਰ ਵਿੱਚ ਹੋਏ ਭਾਰੀ ਵਾਧੇ ਨੂੰ ਉਜਾਗਰ ਕਰਦੇ ਹੋਏ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਆਰ ਬੀ ਆਈ ਨੇ 2023-24 ਵਿੱਚ 2.10 ਲੱਖ ਕਰੋੜ ਰੁਪਏ, 2024-25 ਵਿੱਚ 2.68 ਲੱਖ ਕਰੋੜ ਰੁਪਏ ਅਤੇ ਹੁਣ 2025-26 ਵਿੱਚ ਲਗਭਗ 2.87 ਲੱਖ ਕਰੋੜ ਰੁਪਏ ਤਬਦੀਲ ਕੀਤੇ ਹਨ, ਜਿਸ ਨਾਲ ਇਕੱਲੇ ਪਿਛਲੇ ਤਿੰਨ ਸਾਲਾਂ ਦਾ ਹਿੱਸਾ 2014 ਤੋਂ ਬਾਅਦ ਹੋਏ ਕੁੱਲ ਤਬਾਦਲਿਆਂ ਦਾ 53 ਫੀਸਦੀ ਤੋਂ ਵੱਧ ਬਣਦਾ ਹੈ। ਇਸ ਤੋਂ ਪਹਿਲਾਂ ਆਰ ਬੀ ਆਈ ਦੇ ਭੰਡਾਰਾਂ ਵਿੱਚੋਂ ਅਜਿਹੀ ਅਸਾਧਾਰਨ ਨਿਕਾਸੀ ਸਿਰਫ਼ ਵਿਸ਼ੇਸ਼ ਹਾਲਾਤ ਜਾਂ ਵੱਡੇ ਵਿੱਤੀ ਤਣਾਅ ਦੇ ਸਮੇਂ ਹੀ ਦੇਖੀ ਜਾਂਦੀ ਸੀ।ਵਿੱਤ ਨੇ ਕਿਹਾ ਕਿ ਕੇਂਦਰ ਦਾ ਆਰਥਕ ਪ੍ਰਬੰਧਨ ਫੇਲ੍ਹ ਹੋ ਚੁੱਕਾ ਹੈ ਅਤੇ ਦੇਸ਼ ਦੀ ਆਰਥਿਕਤਾ ਗੰਭੀਰ ਤਣਾਅ ਹੇਠ ਹੈ। ਉਨ੍ਹਾ ਕਿਹਾ ਕਿ ਆਰ ਬੀ ਆਈ ਤੋਂ ਵਾਰ-ਵਾਰ ਮੋਟੀ ਰਕਮ ਕਢਵਾਉਣ ਦੇ ਬਾਵਜੂਦ ਭਾਜਪਾ ਸਰਕਾਰ ਡੀਜ਼ਲ, ਪੈਟਰੋਲ ਅਤੇ ਘਰੇਲੂ ਰਸੋਈ ਗੈਸ ਦੀਆਂ ਵਧਦੀਆਂ ਕੀਮਤਾਂ ਰਾਹੀਂ ਆਮ ਨਾਗਰਿਕਾਂ 'ਤੇ ਬੋਝ ਪਾ ਰਹੀ ਹੈ।

### ਹੜਤਾਲ ਦੇ ਅਧਿਕਾਰ ਬਾਰੇ ਅੰਤਰਰਾਸ਼ਟਰੀ ...

ਇਹ ਦਲੀਲ ਦਿੱਤੀ ਕਿ ਹੜਤਾਲ ਦਾ ਅਧਿਕਾਰ ਕਨਵੈਨਸ਼ਨ 87 ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਨਹੀਂ ਗਿਆ। ਹੁਣ ਅੰਤਰਰਾਸ਼ਟਰੀ ਅਦਾਲਤ (ਇੰਟਰਨੈਸ਼ਨਲ ਕੋਰਟ ਆਫ ਜਸਟਿਸ) ਨੇ ਇਸ ਦਲੀਲ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਹੜਤਾਲ ਮਜ਼ਦੂਰਾਂ ਦੇ ਹਿੱਤਾਂ ਦੀ ਰੱਖਿਆ ਲਈ ਉਨ੍ਹਾਂ ਦੀ ਕਾਨੂੰਨੀ ਗਤੀਵਿਧੀ ਹੈ।

ਭਾਰਤੀ ਮਜ਼ਦੂਰ ਵਰਗ ਲਈ ਇਹ ਫ਼ੈਸਲਾ ਇੱਕ ਵੱਡੀ ਤਾਕਤ ਅਤੇ ਉਦਯੋਗਿਕ ਸੰਬੰਧ ਕੋਡ (ਆਈ ਆਰ ਕੋਡ) ਨੂੰ ਚੁਣੌਤੀ ਦੇਣ ਦਾ ਪ੍ਰਭਾਵਸ਼ਾਲੀ ਹਥਿਆਰ ਹੈ, ਜੋ ਅਸਲ ਵਿੱਚ ਹੜਤਾਲ ਦੇ ਅਧਿਕਾਰ ਨੂੰ ਨਕਾਰਦਾ ਹੈ। ਏਟਕ ਵਿਸ਼ਵ ਟ੍ਰੇਡ ਯੂਨੀਅਨ ਸੰਸਥਾਵਾਂ ਵਰਲਡ ਫੈਡਰੇਸ਼ਨ ਆਫ ਟ੍ਰੇਡ ਯੂਨੀਅਨਜ਼ (ਡਬਲਯੂ ਐੱਫ ਟੀ ਯੂ) ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਦਿਲੋਂ ਵਧਾਈ ਅਤੇ ਇਨਕਲਾਬੀ ਸਲਾਮ ਪੇਸ਼ ਕਰਦਾ ਹੈ, ਜਿਨ੍ਹਾਂ ਵਿਸ਼ਵ ਮਜ਼ਦੂਰ ਵਰਗ ਦੇ ਸੰਘਰਸ਼ਸ਼ੀਲ ਆਗੂਆਂ ਵਜੋਂ ਲਗਾਤਾਰ ਇਸ ਨਤੀਜੇ ਲਈ ਸੰਘਰਸ਼ ਕੀਤਾ।ਏਟਕ ਇਸ ਗੱਲ ਨੂੰ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਮੰਨਦਾ ਹੈ ਕਿ ਭਾਰਤ, ਜੋ ਆਈ ਐੱਲ ਓ (ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ) ਦਾ ਸੰਸਥਾਪਕ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਦੀ ਵਿਸ਼ਵ ਘੋਸ਼ਣਾ ਦਾ ਹਸਤਾਖਰ ਹੈ, ਉਸ ਨੇ ਸੱਤਰ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਕਨਵੈਨਸ਼ਨ 87 (ਸੰਗਠਨ ਦੀ ਆਜ਼ਾਦੀ) ਤੇ ਕਨਵੈਨਸ਼ਨ 98 (ਸਾਂਝੀ ਗੱਲਬਾਤ) ਦਾ ਅਨੁਮੋਦਨ ਨਹੀਂ ਕੀਤਾ।ਸਾਲ 2015 ਤੋਂ ਹੁਣ ਤੱਕ ਭਾਰਤੀ ਮਜ਼ਦੂਰ ਸੰਮੇਲਨ ਵੀ ਆਯੋਜਿਤ ਨਹੀਂ ਕੀਤਾ ਗਿਆ, ਜਿਵੇਂ ਕਿ ਆਈ ਐੱਲ ਓ ਕਨਵੈਨਸ਼ਨ 144 ਵਿੱਚ ਨਿਰਧਾਰਤ ਹੈ।ਏਟਕ ਮੰਗ ਕਰਦਾ ਹੈ ਕਿ ਭਾਰਤੀ ਸੰਸਦ ਬਿਨਾਂ ਕਿਸੇ ਅਜਿਹੀ ਸ਼ਰਤ ਜਾਂ ਸੀਮਾ ਦੇ, ਜੋ ਹੜਤਾਲ ਦੇ ਅਧਿਕਾਰ ਨੂੰ ਕਮਜ਼ੋਰ ਕਰਦੀ ਹੋਵੇ, ਤੁਰੰਤ ਆਈ ਐੱਲ ਓ ਕਨਵੈਨਸ਼ਨ 87 ਅਤੇ 98 ਦੀ ਪੁਸ਼ਟੀ ਕਰੇ।

ਅਸੀਂ ਉਦਯੋਗਿਕ ਸੰਬੰਧ ਕੋਡ ਦੇ ਉਹਨਾਂ ਪ੍ਰਾਵਧਾਨਾਂ ਨੂੰ ਖਤਮ ਕਰਨ ਦੀ ਮੰਗ ਕਰਦੇ ਹਾਂ, ਜੋ ਜ਼ਬਰਦਸਤੀ ਥੋਪੇ ਜਾਂਦੇ ਹਨ ਅਤੇ ਵਿਰੋਧ ਦੇ ਅਧਿਕਾਰ ਨੂੰ ਸੀਮਿਤ ਕਰਦੇ ਹਨ। ਨਾਲ ਹੀ ਹੜਤਾਲਾਂ ਦੇ ਆਯੋਜਨ ਕਾਰਨ ਗ੍ਰਿਫ਼ਤਾਰ ਕੀਤੇ ਗਏ ਸਾਰੇ ਟ੍ਰੇਡ ਯੂਨੀਅਨ ਕਾਰਕੁਨਾਂ ਦੀ ਬਿਨਾਂ ਸ਼ਰਤ ਰਿਹਾਈ, ਉਨ੍ਹਾਂ ਦੀਆਂ ਸੇਵਾਵਾਂ ਦੀ ਬਹਾਲੀ ਅਤੇ ਸੇਵਾ ਸੰਬੰਧੀ ਸਾਰੇ ਲਾਭਾਂ ਦੀ ਮੁੜ ਸਥਾਪਨਾ ਦੀ ਵੀ ਮੰਗ ਕਰਦੇ ਹਾਂ।ਆਈ ਸੀ ਜੇ ਦਾ ਇਹ ਮਤ ਭਾਵੇਂ ਸਲਾਹਕਾਰ ਹੋਵੇ, ਪਰ ਭਾਰਤੀ ਮਜ਼ਦੂਰ ਵਰਗ ਲਈ ਇਹ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਸੱਦਾ ਹੈ। ਕਾਨੂੰਨੀ ਲੜਾਈ ਜਿੱਤੀ ਜਾ ਚੁੱਕੀ ਹੈ, ਹੁਣ ਸੰਗਠਨਾਤਮਕ ਸੰਘਰਸ਼ਾਂ ਨੂੰ ਹੋਰ ਮਜ਼ਬੂਤ ਕਰਨਾ ਹੋਵੇਗਾ। ਆਈ ਸੀ ਜੇ ਦੇ ਇਸ ਫ਼ੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਸੱਤਾ ਦਮਨ ਕਰ ਸਕਦੀ ਹੈ, ਪਰ ਇਨਸਾਫ਼ ਨੂੰ ਹਰਾ ਨਹੀਂ ਸਕਦੀ।

### ਸੋਨਮ ਵਾਂਗਚੁਕ ਵੱਲੋਂ ...

ਲੋਕਤੰਤਰੀ ਫੀਡਬੈਕ ਦੇ ਰੂਪ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਇੱਕ ਧਮਕੀ ਵਜੋਂ। ਉਨ੍ਹਾ ਕਿਹਾ, 'ਸਭ ਤੋਂ ਪਹਿਲਾਂ, ਮੈਂ ਬਹੁਤ ਪ੍ਰਭਾਵਤ ਹਾਂ, ਸਾਡੇ ਨੌਜਵਾਨਾਂ ਦੁਆਰਾ ਕੀਤੇ ਗਏ ਅਜਿਹੇ ਰਚਨਾਤਮਕ ਪ੍ਰਗਟਾਵੇ ਚਿੰਤਾ ਕਰਨ ਵਾਲੇ ਨਹੀਂ ਅਤੇ ਨਾ ਹੀ ਡਰਨ ਵਾਲੇ ਹਨ। ਸਰਕਾਰ ਨੂੰ ਇਹ ਸੁਨੇਹਾ ਲੈਣਾ ਚਾਹੀਦਾ ਹੈ ' ਸੰਦੇਸ਼ਵਾਹਕ ਨੂੰ ਨਾ ਮਾਰੋ। ਜੇ ਅਸੀਂ ਸੰਦੇਸ਼ਵਾਹਕ ਨੂੰ ਮਾਰ ਦਿੰਦੇ ਹਾਂ, ਤਾਂ ਸੰਦੇਸ਼ ਖਤਮ ਨਹੀਂ ਹੋਵੇਗਾ।' ਇਹ ਪੁੱਛੇ ਜਾਣ 'ਤੇ ਕਿ ਕੀ ਉਹ ਰਸਮੀ ਤੌਰ 'ਤੇ ਅੰਦੋਲਨ ਵਿੱਚ ਸ਼ਾਮਲ ਹੋਣਗੇ, ਵਾਂਗਚੁਕ ਨੇ ਹਲਕੇ ਲਹਿਜੇ ਵਿੱਚ ਜਵਾਬ ਦਿੱਤਾ ਤੇ ਕਿਹਾ 'ਮੈਨੂੰ ਲੱਗਦਾ ਹੈ ਕਿ ਮੈਂ ਯੋਗ ਨਹੀਂ ਹਾਂ, ਮੈਂ ਨਾ ਤਾਂ ਬੇਰੁਜ਼ਗਾਰ ਹਾਂ ਅਤੇ ਨਾ ਹੀ ਮੈਂ ਆਲਸੀ ਹਾਂ। ਇਸ ਲਈ ਦੁੱਖ ਦੀ ਗੱਲ ਹੈ ਕਿ ਮੈਂ ਮੈਂਬਰ ਨਹੀਂ ਹਾਂ, ਪਰ ਮੈਂ ਆਪਣੇ ਆਪ ਨੂੰ ਇੱਕ ਸਨਮਾਨਯੋਗ ਕਾਕਰੋਚ ਸਮਝਦਾ ਹਾਂ।'

# ਅਮਨਦੀਪ ਹਸਪਤਾਲ ਨੇ ਉਜਾਲਾ ਸਿਗਨਸ ਨਾਲ ਮਿਲ ਕੇ ਲਗਾਇਆ ਮੁਫ਼ਤ ਦਿਲ ਦੀ ਜਾਂਚ ਦਾ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਬੀਤੇ ਦਿਨ ਜਲਾਲਾਬਾਦ ਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਲਈ ਇਕ ਸਫ਼ਲ ਮੁਫ਼ਤ ਦਿਲ ਦੀ ਜਾਂਚ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਅਰੋੜਵੰਸ਼ ਮਹਾਸਭਾ ਤੇ ਆੜ੍ਹਤੀਆ ਐਸੋਸੀਏਸ਼ਨ ਜਲਾਲਾਬਾਦ ਦੇ ਸਹਿਯੋਗ ਨਾਲ ਮਿੱਢਾ ਮਲਟੀ ਸਪੈਸ਼ਲਿਟੀ ਹਸਪਤਾਲ ਜਲਾਲਾਬਾਦ ਵੈਸਟ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਗਿਆ। ਇਸ ਪਹਿਲਕਦਮੀ ਨੇ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸੰਸਥਾਵਾਂ ਦੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਦੁਹਰਾਇਆ ਤੇ ਇਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਕੈਂਪ ਦੌਰਾਨ ਸੀਨੀਅਰ ਕੰਸਲਟੈਂਟ ਤੇ ਇੰਟਰਵੈਂਸ਼ਨਲ ਕਾਰਡੀਓਲੋਜਿਸਟ (ਦਿਲ ਦੇ ਰੋਗਾਂ ਦੇ ਮਾਹਰ) ਡਾ. ਹਾਕਿਮ ਇਰਫ਼ਾਨ ਸ਼ੌਕਤ ਵੱਲੋਂ ਮੁਫ਼ਤ ਓ.ਪੀ.ਡੀ. ਸਲਾਹ-ਮਸ਼ਵਰਾ ਦਿੱਤਾ ਗਿਆ। ਡਾ. ਸ਼ੌਕਤ ਕੋਲ ਐੱਮ. ਡੀ. ਤੇ ਕਾਰਡੀਓਲੋਜੀ ਵਿੱਚ ਡੀ.ਐੱਨ.ਬੀ. ਸਮੇਤ ਕਈ ਅੰਤਰਰਾਸ਼ਟਰੀ ਡਿਗਰੀਆਂ ਹਨ। ਇਸ ਮੁਹਿੰਮ ਦਾ ਮੁੱਖ ਮਕਸਦ ਦਿਲ ਦੀਆਂ ਬੀਮਾਰੀਆਂ ਦੀ ਜਲਦੀ ਪਛਾਣ ਕਰਨਾ ਤੇ ਇਸ ਬਾਰੇ ਜਾਗਰੂਕਤਾ ਫੈਲਾਉਣਾ ਸੀ, ਕਿਉਂਕਿ ਇਸ ਖੇਤਰ ਵਿੱਚ ਦਿਲ ਦੇ ਰੋਗ ਇੱਕ ਮੁੱਖ ਸਿਹਤ ਚਿੰਤਾ ਬਣੇ ਹੋਏ ਹਨ। ਮਰੀਜ਼ਾਂ ਨੇ ਕੈਂਪ ਦੇ ਸਮੇਂ ਦੌਰਾਨ ਬਿਨਾਂ ਕਿਸੇ ਖ਼ਰਚੇ ਦੇ ਮਾਹਿਰਾਂ ਕੋਲੋਂ ਦਿਲ ਦੀ ਜਾਂਚ ਕਰਵਾਈ ਤੇ ਯੋਗ ਸਲਾਹ ਲਈ। ਅਮਨਦੀਪ ਹਸਪਤਾਲ ਦੀ ਡਾਇਰੈਕਟਰ ਡਾ. ਅਮਨਦੀਪ ਕੌਰ ਨੇ ਕਿਹਾ ਸਾਡਾ ਮੁੱਖ ਮਕਸਦ ਹਮੇਸ਼ਾ ਆਮ ਲੋਕਾਂ ਤੱਕ ਉੱਨਤ ਸਿਹਤ ਸੇਵਾਵਾਂ ਪਹੁੰਚਾਉਣਾ ਰਿਹਾ ਹੈ। ਜੇਕਰ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਦਿਲ ਦੀ ਬੀਮਾਰੀ ਤੋਂ ਬਚਿਆ ਜਾ ਸਕਦਾ ਹੈ। ਉਜਾਲਾ ਸਿਗਨਸ, ਅਰੋੜਵੰਸ਼ ਐੱਨ.ਜੀ.ਓ. ਤੇ ਆੜ੍ਹਤੀਆ ਐਸੋਸੀਏਸ਼ਨ ਦੇ ਸਹਿਯੋਗ ਨਾਲ ਲਗਾਇਆ ਗਿਆ ਇਹ ਕੈਂਪ ਪੰਜਾਬ ਵਿੱਚ ਦਿਲ ਦੀਆਂ ਬੀਮਾਰੀਆਂ ਦੇ ਬੋਝ ਨੂੰ ਘੱਟ ਕਰਨ ਵੱਲ ਇੱਕ ਹੋਰ ਕਦਮ ਸੀ। ਇਸ ਪਹਿਲਕਦਮੀ ਬਾਰੇ ਗੱਲ ਕਰਦਿਆਂ ਡਾ. ਹਾਕਿਮ ਇਰਫ਼ਾਨ ਸ਼ੌਕਤ ਨੇ ਕਿਹਾ ਕਿ ਦਿਲ ਦੀਆਂ ਬੀਮਾਰੀਆਂ ਅਕਸਰ ਉਦੋਂ ਤੱਕ ਪਤਾ ਨਹੀਂ ਲੱਗਦੀਆਂ, ਜਦੋਂ ਤੱਕ ਕਿ ਸਥਿਤੀ ਗੰਭੀਰ ਨਹੀਂ ਹੋ ਜਾਂਦੀ। ਇਸ ਮੁਫ਼ਤ ਕੈਂਪ ਰਾਹੀਂ ਅਸੀਂ ਲੋਕਾਂ ਨੂੰ ਦਿਲ ਦੀ ਸਿਹਤ ਨੂੰ ਪਹਿਲ ਦੇਣ, ਸਮੇਂ ਸਿਰ ਟੈਸਟ ਕਰਵਾਉਣ ਤੇ ਬਿਨਾਂ ਕਿਸੇ ਆਰਥਿਕ ਬੋਝ ਦੇ ਮਾਹਰਾਂ ਦੀ ਸਲਾਹ ਲੈਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਸੀ। ਅਮਨਦੀਪ ਹਸਪਤਾਲ, ਉਜਾਲਾ ਸਿਗਨਸ ਦੇ ਨਾਲ ਮਿਲ ਕੇ ਪੰਜਾਬ ਭਰ ਵਿੱਚ ਉੱਨਤ ਦਿਲ ਦੀਆਂ ਸਿਹਤ ਸੇਵਾਵਾਂ ਤੇ ਕਮਿਊਨਿਟੀ ਹੈਲਥ ਪ੍ਰੋਗਰਾਮਾਂ ਦਾ ਲਗਾਤਾਰ ਵਿਸਥਾਰ ਕਰ ਰਿਹਾ ਹੈ ਤਾਂ ਜੋ ਹਰ ਕਿਸੇ ਲਈ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣ। ਮਿੱਢਾ ਮਲਟੀ ਸਪੈਸ਼ਲਿਟੀ ਹਸਪਤਾਲ ਵਿਖੇ ਲਗਾਏ ਗਏ ਇਸ ਕੈਂਪ ਵਿੱਚ ਜਲਾਲਾਬਾਦ ਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਤੇ ਮੁਫ਼ਤ ਦਿਲ ਦੀ ਜਾਂਚ ਦਾ ਲਾਭ ਉਠਾਇਆ।




# ਹਰਬੀਰ ਸਿੰਘ ਭੰਡਾਰੀ ਦੀ ਅੰਤਿਮ ਅਰਦਾਸ 'ਚ ਵੱਖ-ਵੱਖ ਆਗੂ ਹੋਏ ਸ਼ਾਮਲ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਕੈਮਿਸਟ ਐਸੋਸੀਏਸ਼ਨ ਗੁਰੂ ਹਰਸਹਾਏ ਦੇ ਪ੍ਰਧਾਨ ਤੇ ਪੱਤਰਕਾਰ ਰਵਿੰਦਰ ਸਿੰਘ ਭੰਡਾਰੀ ਦੇ ਪਿਤਾ ਹਰਬੀਰ ਸਿੰਘ ਭੰਡਾਰੀ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ।ਪਰਵਾਰ ਵੱਲੋਂ ਉਨ੍ਹਾ ਦੀ ਆਤਮਾ ਦੀ ਸ਼ਾਂਤੀ ਲਈ ਆਪਣੇ ਗ੍ਰਹਿ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਵਾਏ ਗਏ।ਇਸ ਉਪਰੰਤ ਗੁਰਦੁਆਰਾ ਬਾਬਾ ਵਿਸ਼ਵਕਰਮਾ ਵਿਖੇ ਜੱਸਾ ਸਿੰਘ ਰਾਮਗੜ੍ਹੀਆ ਹਾਲ ਅੰਦਰ ਹੋਏ ਸਮਾਗਮ ਦੌਰਾਨ ਭਾਈ ਅਮਰੀਕ ਸਿੰਘ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ।ਇਸ ਦੌਰਾਨ ਵੱਡੀ ਗਿਣਤੀ 'ਚ ਪਹੁੰਚੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾ, ਧਾਰਮਿਕ ਤੇ ਸਮਾਜਿਕ ਆਗੂਆਂ ਤੋਂ ਇਲਾਵਾ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਅਰਦਾਸ ਉਪਰੰਤ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ।ਇਸ ਮੌਕੇ ਸਾਬਕਾ ਵਿਧਾਇਕ ਰਮਿੰਦਰ ਆਵਲਾ, ਅਕਾਲੀ ਆਗੂ ਰੋਹਿਤ ਵੋਹਰਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਰਸ਼ਨ ਸਿੰਘ ਮੋਠਾਂਵਾਲਾ, ਆਮ ਆਦਮੀ ਪਾਰਟੀ ਦੇ ਬੀ ਸੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਡਾ. ਮਲਕੀਤ ਥਿੰਦ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਗੁਰੂ ਹਰਸਹਾਏ ਦੇ ਇੰਚਾਰਜ ਵਰਦੇਵ ਸਿੰਘ ਨੋਨੀ ਮਾਨ, ਵਪਾਰ ਮੰਡਲ ਦੇ ਪ੍ਰਧਾਨ ਸਤਵਿੰਦਰ ਸਿੰਘ ਭੰਡਾਰੀ ਨੇ ਭੰਡਰੀ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਸਵਰਗੀ ਹਰਬੀਰ ਸਿੰਘ ਭੰਡਾਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪ੍ਰੈੱਸ ਕਲੱਬ ਗੁਰੂ ਹਰਸਹਾਏ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਇਲਾਕੇ ਭਰ ਦੇ ਪੰਚਾਂ-ਸਰਪੰਚਾਂ ਨੇ ਅੰਤਿਮ ਅਰਦਾਸ ਉਪਰੰਤ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਕਈ ਆਗੂਆਂ ਤੇ ਜਥੇਬੰਦੀਆਂ ਵੱਲੋਂ ਭੇਜੇ ਸ਼ੋਕ ਸੰਦੇਸ਼ ਵੀ ਪੜ੍ਹੇ ਗਏ।



# ਵਿਧਾਇਕ ਜਗਦੀਪ ਕੰਬੋਜ ਗੋਲਡੀ ਡੋਰ-ਟੂ-ਡੋਰ ਚੋਣ ਪ੍ਰਚਾਰ 'ਚ ਡਟੇ

**ਜਲਾਲਾਬਾਦ (ਜੀਤ ਕੁਮਾਰ)**- 26 ਮਈ ਨੂੰ ਹੋਣ ਜਾ ਰਹੀਆਂ ਨਗਰ ਪੰਚਾਇਤ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ ਤੇ ਵੱਖ-ਵੱਖ ਪਾਰਟੀਆਂ ਦੇ ਆਗੂ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਜ਼ੋਰਦਾਰ ਚੋਣ ਪ੍ਰਚਾਰ ਕਰ ਰਹੇ ਹਨ। ਇਸੇ ਤਹਿਤ ਜਲਾਲਾਬਾਦ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਵੀ ਪਿਛਲੇ ਕਈ ਦਿਨਾਂ ਤੋਂ ਮੰਡੀ ਅਰਨੀਵਾਲਾ 'ਚ ਲਗਾਤਾਰ ਚੋਣ ਮੁਹਿੰਮ ਚਲਾਈ ਜਾ ਰਹੀ ਹੈ। ਅੱਜ 31 ਡਿਗਰੀ ਤਾਪਮਾਨ ਤੇ ਅੱਤ ਦੀ ਗਰਮੀ ਦੇ ਬਾਵਜੂਦ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਨਗਰ ਪੰਚਾਇਤ ਅਰਨੀਵਾਲਾ ਦੇ ਵਾਰਡ ਨੰਬਰ 4 ਤੇ 1 ਵਿੱਚ ਡੋਰ-ਟੂ-ਡੋਰ ਚੋਣ ਪ੍ਰਚਾਰ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਲੋਕਾਂ ਨਾਲ ਮੁਲਾਕਾਤ ਕਰਦੇ ਹੋਏ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ ਤੇ ਪਾਰਟੀ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ। ਵਿਧਾਇਕ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀ ਅਰਨੀਵਾਲਾ ਵਿੱਚ ਵਿਕਾਸ ਦੇ ਕਈ ਵੱਡੇ ਪ੍ਰੋਜੈਕਟ ਲਾਗੂ ਕੀਤੇ ਗਏ ਹਨ, ਜਿਨ੍ਹਾਂ ਦਾ ਲਾਭ ਸਿੱਧਾ ਲੋਕਾਂ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਰਨੀਵਾਲਾ ਵਿਕਾਸ ਪੱਖੋਂ ਨਵੀਂ ਪਛਾਣ ਬਣਾਏਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਮੌਜੂਦ ਵੋਟਰਾਂ ਵੱਲੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਗਈ। ਲੋਕਾਂ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਮੰਡੀ ਅਰਨੀਵਾਲਾ ਵਿੱਚ ਇੰਨੇ ਵੱਡੇ ਪੱਧਰ 'ਤੇ ਵਿਕਾਸ ਕਾਰਜ ਹੋਏ ਹਨ, ਜਿਸ ਨਾਲ ਇਲਾਕੇ ਦੀ ਨੁਹਾਰ ਬਦਲ ਰਹੀ ਹੈ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੇਵਾ ਕੇਂਦਰ ਇਕਾਈ ਤਰਨ ਤਾਰਨ ਨੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਦਿੱਤਾ ਮੰਗ ਪੱਤਰ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਸੇਵਾ ਕੇਂਦਰ ਇਕਾਈ ਤਰਨ ਤਾਰਨ ਵੱਲੋਂ ਜ਼ਿਲ੍ਹਾ ਮੈਜਿਸਟ੍ਰੇਟ ਕਰਨਬੀਰ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ ਤੇ ਸੇਵਾ ਕੇਂਦਰ ਮੁਲਾਜ਼ਮਾਂ ਨੇ ਰੋਸ ਜ਼ਾਹਿਰ ਕੀਤਾ ਕਿ ਪਿਛਲੇ 3 ਸਾਲ ਤੋਂ ਤਨਖਾਹ ਵਾਸਤੇ ਕੰਪਨੀ ਕੋਲ ਹਰ ਮਹੀਨੇ ਤਰਲੇ ਕੱਢਣੇ ਪੈਂਦੇ ਹਨ ਪਰ ਕੰਪਨੀ ਦੁਆਰਾ ਹਮੇਸ਼ਾ ਸਰਕਾਰ ਦਾ ਬਹਾਨਾ ਲਾ ਕੇ ਮੁਲਾਜ਼ਮਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਮਾਝਾ (ਸੰਗਰੂਰ) ਦੀ ਅਗਵਾਈ ਹੇਠ ਜੋ ਸੇਵਾ ਕੇਂਦਰ ਸਾਂਝਾ ਫ਼ਰੰਟ ਬਣਾਇਆ ਗਿਆ ਹੈ ਅਸੀਂ ਉਸ ਵਿੱਚ ਪੂਰਨ ਤੌਰ 'ਤੇ ਸਹਿਯੋਗ ਦੇਵਾਂਗੇ।ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਠੇਕਾ ਪ੍ਰਣਾਲੀ ਨੂੰ ਖ਼ਤਮ ਕਰਕੇ ਮੁਲਾਜ਼ਮਾਂ ਨੂੰ ਪੱਕੇ ਤੌਰ ਤੇ ਸਰਕਾਰ ਅੰਦਰ ਲਿਆਂਦਾ ਜਾਵੇਗਾ ਪਰ 4 ਸਾਲ ਲੰਘ ਚੁੱਕੇ ਹਨ।ਆਮ ਆਦਮੀ ਸਰਕਾਰ ਦੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਬਾਰੇ ਕੋਈ ਵੀ ਇਸ ਤਰ੍ਹਾਂ ਦੀ ਯੋਜਨਾ ਨਹੀਂ ਬਣਾਈ ਗਈ, ਜਿਸ ਨਾਲ ਉਨ੍ਹਾਂ ਦੀ ਤਨਖਾਹ ਵਿੱਚ ਵਾਧਾ ਕੀਤਾ ਜਾਵੇ। ਸੇਵਾ ਕੇਂਦਰ ਤਰਨ ਤਾਰਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸਰਕਾਰ ਆਏ ਦਿਨ ਕੋਈ ਨਾ ਕੋਈ ਨਵਾਂ ਸਰਵਿਸ ਸੇਵਾ ਕੇਂਦਰ ਸ਼ੁਰੂ ਕਰ ਦਿੰਦੀ ਹੈ ਪਰ ਸੇਵਾ ਕੇਂਦਰ ਮੁਲਾਜ਼ਮਾਂ ਦੀਆਂ ਨਿਗੂਣੀਆਂ ਤਨਖਾਹਾਂ ਦੀ ਸਾਰ ਨਹੀਂ ਲੈ ਰਹੀ।ਸੇਵਾ ਕੇਂਦਰ ਵਿਚ ਕੰਮ ਕਰ ਰਹੇ ਆਊਟਸੋਰਸਿੰਗ ਮੁਲਜ਼ਮਾਂ ਦੀ ਵੀ ਕਦੇ ਸਾਰ ਨਹੀਂ ਲਈ। ਹੁਣ ਸੇਵਾ ਕੇਂਦਰ ਮੁਲਾਜ਼ਮ ਆਪਣੀਆਂ ਮੰਗਾਂ ਪ੍ਰਤੀ ਸੁਚੇਤ ਹੋ ਗਏ ਹਨ ਤੇ ਆਉਣ ਵਾਲੇ ਸਮੇਂ ਵਿੱਚ ਜੇ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਡਟ ਕੇ ਵਿਰੋਧ ਕੀਤਾ ਜਾਵੇਗਾ।

## ਬਾਜਵਾ ਨੇ ਦਵਿੰਦਰ ਸਿੰਘ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਬਟਾਲਾ (ਡਾ. ਮਲਵਿੰਦਰ ਸਿੰਘ)**-ਨਗਰ ਨਿਗਮ ਚੋਣਾਂ ਦੇ ਸਬੰਧ ਵਿੱਚ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਬਕਾ ਵਿਧਾਇਕ ਨੇ ਵਾਰਡ ਨੰਬਰ 37 ਵਿੱਚ ਘਰ-ਘਰ ਜਾ ਕੇ ਦਵਿੰਦਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਮੌਕੇ ਗੁਰਪ੍ਰੀਤ ਕੌਰ ਮੌਜੂਦਾ ਕੌਂਸਲਰ, ਸੇਵਾ ਮੁਕਤ ਗੁਰਬਖਸ਼ ਸਿੰਘ ਪੰਜਾਬ ਪੁਲਸ, ਸੁਖਦੇਵ ਸਿੰਘ ਸੁੱਖਾ, ਸੁਖਦੇਵ ਸਿੰਘ ਭੁੱਲਰ ਅਤੇ ਹੋਰ ਆਗੂ ਨਾਲ ਸਨ।

## ਪੀਐੱਮਸ਼੍ਰੀ ਸਕੂਲ ਬਹਾਦਰਪੁਰ ਰਜੋਆ ਦਾ ਹਰਸ਼ਪ੍ਰੀਤ ਸਿੰਘ ਫੌਜ 'ਚ ਭਰਤੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੀਐੱਮਸ਼੍ਰੀ ਸਕੂਲ ਬਹਾਦਰਪੁਰ ਰਜੋਆ ਲਈ ਉਸ ਵੇਲੇ ਮਾਣ ਵਾਲਾ ਪਲ ਬਣ ਗਿਆ ਜਦੋਂ ਸਕੂਲ ਦੇ ਵਿਦਿਆਰਥੀ ਹਰਸ਼ਪ੍ਰੀਤ ਸਿੰਘ ਫੌਜ ਵਿੱਚ ਭਰਤੀ ਹੋ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਨੇ ਮਿਹਨਤ ਅਤੇ ਲਗਨ ਨਾਲ ਇਹ ਵੱਡੀ ਕਾਮਯਾਬੀ ਹਾਸਲ ਕੀਤੀ ਹੈ।ਉਨ੍ਹਾਂ ਕਿਹਾ ਕਿ ਫੌਜ ਵਿੱਚ ਭਰਤੀ ਹੋ ਕੇ ਹਰਸ਼ਪ੍ਰੀਤ ਸਿੰਘ ਨੂੰ ਆਪਣੇ ਪਰਿਵਾਰ, ਸਕੂਲ ਅਤੇ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਜੋ ਕਿ ਸਮੂਹ ਇਲਾਕੇ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਸਮੂਹ ਸਕੂਲ ਸਟਾਫ਼ ਵੱਲੋਂ ਹਰਸ਼ਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਰਸ਼ਪ੍ਰੀਤ ਸਿੰਘ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸਾਈਬਰ ਅੱਤਵਾਦ ਦੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਧਾਲੀਵਾਲ ਵੱਲੋਂ ਪੰਜਾਬ ਪੁਲਸ ਦੀ ਸ਼ਲਾਘਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਆਪ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਪੁਲਸ ਵੱਲੋਂ ਸਾਈਬਰ ਅੱਤਵਾਦ ਦੇ ਇੱਕ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਪੱਛਮੀ ਬੰਗਾਲ ਤੋਂ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ 'ਤੇ ਪੰਜਾਬ ਪੁਲਸ ਦੀ ਸ਼ਲਾਘਾ ਕੀਤੀ।ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਇਹ ਵਚਨ ਦਿੰਦੀ ਆਈ ਹੈ ਕਿ ਪੰਜਾਬ ਦੇ ਅੰਦਰ ਦਹਿਸ਼ਤ ਫੈਲਾਉਣ ਵਾਲੇ, ਗੋਲੀਬਾਰੀ ਕਰਨ ਵਾਲੇ, ਧਮਾਕੇ ਕਰਨ ਵਾਲੇ ਜਾਂ ਕਿਸੇ ਵੀ ਤਰੀਕੇ ਨਾਲ ਸੂਬੇ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਦੱਸਿਆ ਕਿ ਸਾਈਬਰ ਅੱਤਵਾਦ ਇੱਕ ਨਵੀਂ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ, ਜਿਸ ਤਹਿਤ ਸਕੂਲਾਂ, ਕਾਲਜਾਂ ਅਤੇ ਸਰਕਾਰੀ ਇਮਾਰਤਾਂ ਨੂੰ ਬੰਬ ਧਮਾਕਿਆਂ ਦੀਆਂ ਝੂਠੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ।ਇਸ ਚੁਣੌਤੀ ਦਾ ਡਟ ਕੇ ਮੁਕਾਬਲਾ ਕਰਦਿਆਂ ਅੰਮ੍ਰਿਤਸਰ ਪੁਲਸ ਦੇ ਬਹਾਦਰ ਜਵਾਨਾਂ ਨੇ ਪੱਛਮੀ ਬੰਗਾਲ ਤੋਂ ਸਾਈਬਰ ਅੱਤਵਾਦ ਦੇ ਇੱਕ ਵੱਡੇ ਨੈੱਟਵਰਕ ਦੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ।ਫੜਿਆ ਗਿਆ ਵਿਅਕਤੀ 30 ਸਾਲਾ ਨੌਜਵਾਨ ਹੈ, ਜਿਸ ਦੇ ਪਾਕਿਸਤਾਨ, ਬੰਗਲਾਦੇਸ਼ ਸਮੇਤ ਕਈ ਦੇਸ਼ਾਂ ਅਤੇ ਸੂਬਿਆਂ ਨਾਲ ਸੰਪਰਕ ਸਨ।ਇਹ ਸ਼ਖ਼ਸ ਇੱਕ ਵੱਡੇ ਗਰੋਹ ਦਾ ਹਿੱਸਾ ਸੀ, ਜੋ ਈਮੇਲਾਂ ਅਤੇ ਵਟਸਐਪ ਗਰੁੱਪਾਂ ਰਾਹੀਂ ਦਿੱਲੀ, ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਸਮੇਤ ਕਈ ਸੂਬਿਆਂ ਵਿੱਚ ਦਹਿਸ਼ਤ ਫੈਲਾਉਂਦਾ ਰਿਹਾ।ਇਹੀ ਉਹ ਵਿਅਕਤੀ ਹੈ ਜਿਸ ਨੇ ਪੰਜਾਬ ਸਕੱਤਰੇਤ, ਵਿਧਾਨ ਸਭਾ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਸਨ।ਉਨ੍ਹਾਂ ਪੰਜਾਬ ਅਤੇ ਅੰਮ੍ਰਿਤਸਰ ਵਾਸੀਆਂ ਨੂੰ ਸੁਨੇਹਾ ਦਿੱਤਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ।ਆਪ ਸਰਕਾਰ ਹਰ ਵਿਅਕਤੀ ਦੀ ਹਿਫਾਜ਼ਤ ਕਰਨ ਲਈ ਵਚਨਵੱਧ ਹੈ।ਨਸ਼ਿਆਂ ਖਿਲਾਫ਼ ਜਾਰੀ ਮੁਹਿੰਮ ਦਾ ਜ਼ਿਕਰ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਨੇ ਵੱਡੇ ਤੋਂ ਵੱਡੇ ਸਮੱਗਲਰਾਂ ਨੂੰ ਸਲਾਖਾਂ ਪਿੱਛੇ ਕੀਤਾ ਹੈ, ਜੋ ਪਹਿਲਾਂ ਕਿਸੇ ਸਰਕਾਰਾਂ ਦੇ ਸਮੇਂ ਨਹੀਂ ਹੋਇਆ।ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਦੀ 332 ਕਿਲੋਮੀਟਰ ਲੰਬੀ ਸਰਹੱਦ ਤੇ ਤੈਨਾਤ ਬੀਐੱਸਐੱਫ ਜਵਾਨਾਂ ਨੂੰ ਆਧੁਨਿਕ ਡਰੋਨ-ਰੋਧੀ ਤਕਨੀਕ ਅਤੇ ਹਥਿਆਰ ਮੁਹੱਈਆ ਕਰਵਾਏ ਜਾਣ, ਜੋ ਹੁਣ ਤੱਕ ਨਹੀਂ ਦਿੱਤੇ ਗਏ।ਉਨ੍ਹਾਂ ਸਾਈਬਰ ਅੱਤਵਾਦ ਦੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਪੰਜਾਬ ਪੁਲਸ ਦੀ ਸ਼ਲਾਘਾ ਕੀਤੀ।

# ਬੀ ਸੀ ਏ ਸਮੈਸਟਰ ਪੰਜਵਾਂ ਦਾ ਨਤੀਜਾ ਸ਼ਾਨਦਾਰ ਰਿਹਾ



**ਧਾਰੀਵਾਲ, (ਮਨਦੀਪ ਵਿੱਕੀ)**-ਹਿੰਦੂ ਕੰਨਿਆ ਮਹਾਂ ਵਿਦਿਆਲਿਆ ਧਾਰੀਵਾਲ ਦੀ ਜਮਾਤ ਬੀ ਸੀ ਏ ਸਮੈਸਟਰ ਪੰਜਵਾਂ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਐਨਡੀ ਅਨੰਦ, ਸਕੱਤਰ ਸ੍ਰੀ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਦਸੰਬਰ 2025 ਵਿੱਚ ਲਈ ਬੀ ਸੀ ਏ ਸਮੈਸਟਰ ਪੰਜਵਾਂ ਦੀ ਪ੍ਰੀਖਿਆ ਦੇ ਆਏ ਨਤੀਜਿਆਂ ਵਿੱਚ ਹਿੰਦੂ ਕੰਨਿਆ ਮਹਾਂ ਵਿਦਿਆਲਿਆ ਦੀਆਂ ਵਿਦਿਆਰਥਣਾਂ ਨੇ ਮੱਲਾਂ ਮਾਰਦੇ ਸ਼ਾਨਦਾਰ ਪ੍ਰਾਪਤੀਆਂ ਵਿੱਚ ਵਿਦਿਆਰਥਣ ਨੰਦਨੀ ਨੇ 7.20 ਐਸ.ਜੀ.ਪੀ.ਏ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ, ਨਵਨੀਤ ਕੌਰ ਨੇ 7.0 ਐਸ.ਜੀ.ਪੀ.ਏ ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਜਸ਼ਨਪ੍ਰੀਤ ਕੌਰ ਨੇ 6.60 ਐਸ.ਜੀ.ਪੀ.ਏ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਡਾਕਟਰ ਰਜਵਿੰਦਰ ਕੌਰ ਵਲੋਂ ਇਹਨਾਂ ਹੋਣਹਾਰ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਉਹਨਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ।

# ਧੰਨ-ਧੰਨ ਬਾਬਾ ਸ੍ਰੀ ਚੰਦ ਚੌਂਕ ਦੀਨਾਨਗਰ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਦੀਆਂ ਸਮੂਹ ਸੰਗਤਾਂ ਵੱਲੋਂ ਸੰਘਰਸ਼ ਕਰਕੇ ਤਿਆਰ ਕੀਤੇ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਚੌਂਕ ਦੀਨਾਨਗਰ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਵਿੱਚ ਸ਼ਮਸ਼ੇਰ ਸਿੰਘ ਹਲਕਾ ਇੰਚਾਰਜ, ਐੱਮ ਐੱਲ ਏ ਮੈਡਮ ਅਰੁਣਾ ਚੌਧਰੀ, ਅਸ਼ੋਕ ਚੌਧਰੀ, ਕਮਲਜੀਤ ਚਾਵਲਾ, ਮੈਡਮ ਰੇਣੂ ਕਸ਼ਅਪ, ਜੋਗਿੰਦਰ ਛੀਨਾ ਵੱਲੋਂ ਆਈਆਂ ਹੋਈਆਂ ਸਾਰੀਆਂ ਸੰਗਤਾਂ ਦਾ ਬਾਬਾ ਸ੍ਰੀ ਚੰਦ ਚੌਂਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਜਥੇਦਾਰ ਮਨਜੀਤ ਸਿੰਘ ਮੰਨਾ ਮਿਸਲ ਸ਼ਹੀਦਾਂ ਤਰਨਾ ਦਲ ਪਿੰਡ ਅਵਾਂਖਾ, ਚਰਨਜੀਤ ਸਿੰਘ ਗਿੱਲ, ਮਨਵਿੰਦਰ ਸਿੰਘ ਅਵਾਂਖਾ, ਦਲਬੀਰ ਸਿੰਘ ਭਟੋਆ, ਦਲਬੀਰ ਸਿੰਘ ਰੰਘੜਪਿੰਡੀ, ਦਲਬੀਰ ਸਿੰਘ ਸੁਲਤਾਨੀ, ਸੁਰਿੰਦਰ ਸਿੰਘ ਸੋਨੀ, ਅਮਨ ਕੁਮਾਰ ਅਮਨਦੀਪ ਸਿੰਘ, ਪ੍ਰਿੰਸ ਮੈਡੀਕੋਜ਼ ਗੁਰਮੀਤ ਸਿੰਘ, ਬਲਜਿੰਦਰ ਸਿੰਘ, ਕੈਪਟਨ ਜਗੀਰ ਸਿੰਘ, ਸੁਖਵਿੰਦਰ ਸਿੰਘ ਪਾਹੜਾ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।



ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਭਾਈ ਹਰਬੰਸ ਸਿੰਘ ਦੀਨਾਨਗਰ ਦੇ ਜਥੇ ਵੱਲੋਂ ਅਨੰਦਮਈ ਕੀਰਤਨ ਕੀਤਾ ਗਿਆ। ਸਮਾਪਤੀ ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਠੰਡੇ ਮਿੱਠੇ ਜਲ ਦੀ ਛਬੀਲ ਲਗਾਤਾਰ ਚੱਲਦੀ ਰਹੀ।ਸ਼ੁਕਰਾਨਾ ਸਮਾਗਮ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੇ ਹਾਜ਼ਰੀ ਭਰੀ ਜਿਨ੍ਹਾਂ

## ਐਡ. ਰਾਜਕਮਲ ਸਿੰਘ ਭੁੱਲਰ ਨੇ ਬੀਬੀ ਆਸ਼ਾ ਰਾਣੀ ਦੇ ਹੱਕ 'ਚ ਮੰਗੀਆਂ ਵੋਟਾਂ



**ਨਕੋਦਰ (ਮਨਜੀਤ ਮਾਨ)**-ਹਲਕਾ ਨਕੋਦਰ ਦੇ ਨੂਰਮਹਿਲ ਨਗਰ ਕੌਂਸਲ ਵਾਰਡ ਨੰਬਰ 1 ਦੇ ਡੋਰ ਟੂ ਡੋਰ ਐਡਵੋਕੇਟ ਰਾਜਕਮਲ ਸਿੰਘ ਭੁੱਲਰ ਕੋਆਰਡੀਨੇਟਰ ਹਲਕਾ ਨਕੋਦਰ ਜਿੱਥੇ ਉਹਨਾਂ ਨਾਲ ਉਮੀਦਵਾਰ ਬੀਬੀ ਆਸ਼ਾ ਰਾਣੀ ਨੇ ਵੀ ਡੋਰ ਟੂ ਡੋਰ ਉਮੀਦਵਾਰ ਬੀਬੀ ਆਸ਼ਾ ਰਾਣੀ ਦੇ ਹੱਕ ਵਿੱਚ ਵੋਟਾਂ ਮੰਗੀਆਂ। ਬੀਬੀ ਆਸ਼ਾ ਰਾਣੀ ਨੂੰ ਵੋਟਰਾਂ, ਸਪੋਟਰਾਂ ਤੇ ਸਮਰਥਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਜਥੇਦਾਰ ਬਲਵੀਰ ਸਿੰਘ ਚੀਮਾ, ਸੁਖਦੇਵ ਸਿੰਘ ਗਹੀਰ ਪ੍ਰਧਾਨ ਨੂਰਮਹਿਲ ਸ਼ਹਿਰੀ, ਜਸਪਿੰਦਰ ਸਿੰਘ ਚੀਮਾ ,ਸਿਨੇ ਗਿੱਲ, ਅਮਰਜੀਤ ਕੌਰ, ਗੁਰਵਿੰਦਰ ਕੌਰ, ਰੇਖਾ ਰਾਣੀ ਅਤੇ ਹੋਰ ਵੀ ਅਨੇਕਾਂ ਸਪੋਟਰ ਮੌਜੂਦ ਸਨ।

# ਸਕੱਤਰ ਰਾਜਵਿੰਦਰ ਕੌਰ ਨੇ ਸ਼੍ਰੀ ਦੁਰਗਿਆਣਾ ਮੰਦਰ ਤੇ ਸ਼੍ਰੀ ਵੱਡਾ ਹਨੂੰਮਾਨ ਮੰਦਰ ਵਿਖੇ ਮੱਥਾ ਟੇਕਿਆ

**ਛੇਹਰਟਾ, (ਮਨੋਜ ਕੁਮਾਰ)**

ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੀ ਨਵ-ਨਿਯੁਕਤ ਸਕੱਤਰ ਰਾਜਵਿੰਦਰ ਕੌਰ ਨੇ ਅਹੁਦਾ ਮਿਲਣ 'ਤੇ ਪ੍ਰਮਾਤਮਾ ਦਾ ਧੰਨਵਾਦ ਕਰਨ ਲਈ ਸ਼ਨਿਚਰਵਾਰ ਨੂੰ ਸ਼੍ਰੀ ਦੁਰਗਿਆਣਾ ਮੰਦਰ ਅਤੇ ਸ਼੍ਰੀ ਵੱਡਾ ਹਨੂੰਮਾਨ ਮੰਦਰ ਵਿਖੇ ਮੱਥਾ ਟੇਕਿਆ ਤੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਰਾਜਵਿੰਦਰ ਕੌਰ ਨੇ ਪਾਰਟੀ ਵੱਲੋਂ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਨਿਸ਼ਠਾ ਤੇ ਸਮਰਪਣ ਭਾਵਨਾ ਨਾਲ ਨਿਭਾਉਣ ਦਾ ਪ੍ਰਣ ਲਿਆ। ਉਨ੍ਹਾਂ ਕਿਹਾ ਕਿ ਉਹ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਬੁਲੰਦ ਕਰਨ ਲਈ ਕੰਮ ਕਰਨਗੇ। ਉਹ ਪਾਰਟੀ ਨੂੰ ਹੇਠਲੇ ਪੱਧਰ 'ਤੇ ਮਜ਼ਬੂਤੀ ਪ੍ਰਦਾਨ ਲਈ ਦਿਨ-ਰਾਤ ਇਕ ਕਰ ਦੇਣਗੇ। ਉਨ੍ਹਾਂ ਨੇ ਇਹ ਜ਼ਿੰਮੇਵਾਰੀ ਮਿਲਣ 'ਤੇ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੀ ਸੀਨੀਅਰ ਲੀਡਰਸ਼ਿਪ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਨੇ ਐੱਸ. ਆਰ. ਲੱਧੜ, ਪ੍ਰਦੀਪ ਕੁਮਾਰ ਤੇ ਅਮਨ ਕੁਮਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮਾਰਗਦਰਸ਼ਨ ਤੇ ਸਮਰਥਨ ਨੇ ਉਨ੍ਹਾਂ ਨੂੰ ਪਾਰਟੀ ਵਿਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਰਾਜਵਿੰਦਰ ਕੌਰ ਨੇ ਕਿਹਾ ਕਿ ਭਾਜਪਾ ਨੇ ਹਮੇਸ਼ਾ ਸਮਾਜ ਦੇ ਹਰ ਵਰਗ ਦੇ ਵਿਕਾਸ ਲਈ ਕੰਮ ਕੀਤਾ ਹੈ ਅਤੇ ਉਹ ਵੀ ਪਾਰਟੀ ਦੀਆਂ ਨੀਤੀਆਂ ਤੇ ਵਿਚਾਰਧਾਰਾ ਨੂੰ ਜਨਤਾ ਤਕ ਪਹੁੰਚਾਉਣ ਲਈ ਅਣਥੱਕ ਮਿਹਨਤ ਕਰਦੇ ਰਹਿਣਗੇ। ਸ਼੍ਰੀ ਵੱਡਾ ਹਨੂੰਮਾਨ ਮੰਦਰ ਵਿਖੇ ਮੱਥਾ ਟੇਕਣ ਮੌਕੇ ਸ਼੍ਰੀ ਦੁਰਗਿਆਣਾ ਮੰਦਰ ਕਮੇਟੀ ਦੇ ਚੇਅਰਮੈਨ ਡਾ. ਪਵਨ ਸ਼ਰਮਾ ਤੇ ਸ਼੍ਰੀ ਬਾਲਾਜੀ ਸੇਵਾ ਸੰਘ ਬਜਰੰਗੀ ਸੈਨਾ ਦੇ ਪ੍ਰਮੁੱਖ ਸੇਵਾਦਾਰ ਸ਼ੰਮੀ ਸ਼ਰਮਾ ਨੇ ਰਾਜਵਿੰਦਰ ਕੌਰ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬਲਜਿੰਦਰ ਕੌਰ, ਬਰਜਿੰਦਰ ਕੌਰ, ਕੁਲਦੀਪ ਕੌਰ, ਗੁਰਪ੍ਰੀਤ ਕੌਰ, ਬਲਵਿੰਦਰ ਸਿੰਘ, ਦਾਰਾ ਸਿੰਘ ਤੇ ਕਰਾਟੇ ਕੋਚ ਪਵਨ ਕੁਮਾਰ ਆਦਿ ਵੀ ਹਾਜ਼ਰ ਸਨ।



# ਬੱਚਿਆਂ ਨੂੰ ਸਕੂਲ 'ਚ ਅਲਬੈਂਡਾਜ਼ੋਲ ਦੀਆਂ ਗੋਲੀਆਂ ਖਵਾਈਆਂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਬੱਚਿਆਂ ਦੀ ਸਿਹਤ ਦੀ ਸੁਰੱਖਿਆ ਵਾਸਤੇ, ਗਰਮੀ ਦੇ ਵਧਣ ਕਾਰਨ ਅਤੇ ਖਾਣ ਵਾਲੇ ਪਦਾਰਥਾਂ ਦਾ ਸ਼ੁੱਧ ਨਾ ਹੋਣ ਕਾਰਨ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਅਲਬੈਂਡਾਜ਼ੋਲ ਦੀਆਂ ਬੱਚਿਆਂ ਨੂੰ ਗੋਲੀਆਂ ਖਵਾਈਆਂ ਗਈਆਂ।ਇਹ ਪੰਜਾਬ ਸਰਕਾਰ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ ਕਿਉਂਕਿ ਖਾਣ ਵਾਲੇ ਪਦਾਰਥ ਸ਼ੁੱਧ ਨਹੀਂ ਹਨ ਅਤੇ ਕਈ ਪ੍ਰਕਾਰ ਦੀਆਂ ਪੇਟ ਸਬੰਧੀ ਮੁਸ਼ਕਲਾਂ ਆ ਜਾਂਦੀਆਂ ਹਨ।ਇਨ੍ਹਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਰਕਾਰ ਸਾਲ 'ਚ ਦੋ ਵਾਰ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਅਲਬੈਂਡਾਜ਼ੋਲ ਦੀਆਂ ਗੋਲੀਆਂ ਖਵਾਈਆਂ ਜਾਂਦੀਆਂ ਹਨ ਤਾਂ ਜੋ ਉਨ੍ਹਾਂ ਦੀ ਸਿਹਤ ਠੀਕ ਰਹਿ ਸਕੇ ਤੇ ਕੋਈ ਮੁਸ਼ਕਿਲ ਨਾ ਆਵੇ।ਸਕੂਲ ਦੇ ਐੱਮ. ਡੀ. ਸੁਰਜੀਤ ਸਿੰਘ ਭਰੋਵਾਲ ਨੇ ਹਸਪਤਾਲ ਦੇ ਸਟਾਫ ਅਤੇ ਪੰਜਾਬ ਸਰਕਾਰ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।

# ਆਟੋਇਮਿਊਨ ਰੋਗ ਦੀ ਸਮੇਂ ਸਿਰ ਪਛਾਣ ਜ਼ਰੂਰੀ

**ਜਲੰਧਰ** : ਭਾਰਤ ਵਿੱਚ ਸਿਸਟਮਿਕ ਲਿਊਪਸ ਐਰੀਥੀਮੈਟੋਸਸ (ਐੱਸਐੱਲਈ) ਦਾ ਬੋਝ ਲਗਾਤਾਰ ਵੱਧ ਰਿਹਾ ਹੈ। ਇਹ ਇੱਕ ਲੰਬੇ ਸਮੇਂ ਤੱਕ ਰਹਿਣ ਵਾਲੀ ਆਟੋਇਮਿਊਨ ਬਿਮਾਰੀ ਹੈ, ਜੋ ਸਮੇਂ ਸਿਰ ਪਛਾਣ ਜਾਂ ਇਲਾਜ ਨਾ ਹੋਣ ਦੀ ਸਥਿਤੀ ਵਿੱਚ ਚੁੱਪਚਾਪ ਸਰੀਰ ਦੇ ਕਈ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।ਅਨੁਮਾਨ ਮੁਤਾਬਕ ਹਰ ਸਾਲ ਲਗਭਗ 1,000 ਭਾਰਤੀਆਂ ਵਿੱਚੋਂ 1 ਵਿਅਕਤੀ ਲਿਊਪਸ ਨਾਲ ਪ੍ਰਭਾਵਿਤ ਹੁੰਦਾ ਹੈ।ਮਾਮਲਿਆਂ ਵਿੱਚ ਵਾਧੇ ਦੇ ਬਾਵਜੂਦ ਦੇਸ਼ ਅਜੇ ਵੀ ਜਾਗਰੂਕਤਾ ਦੀ ਘਾਟ, ਸਮੇਂ ਸਿਰ ਪਛਾਣ, ਮਾਹਿਰ ਡਾਕਟਰਾਂ ਤੱਕ ਪਹੁੰਚ ਅਤੇ ਇਲਾਜ ਦੇ ਖਰਚ ਨਾਲ ਜੁੜੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।ਡਾ. ਅੰਕੁਸ਼ ਪੀ. ਐੱਮ., ਐੱਮਡੀ ਇੰਟਰਨਲ ਮੈਡੀਸਨ ਅਤੇ ਡੀਐੱਮ ਕਲੀਨਿਕਲ ਇਮਯੂਨੋਲੋਜੀ ਅਤੇ ਰਾਇਮੈਟੋਲੋਜੀ, ਫੋਰਟਿਸ ਹਸਪਤਾਲ ਜਲੰਧਰ ਕਹਿੰਦੇ ਹਨ ਕਿ ਪੁਰਾਣੀ ਬਿਮਾਰੀਆਂ ਨਾਲ ਜੁੜਿਆ ਕਲੰਕ, ਜਨਤਾ ਅਤੇ ਸਿਹਤ ਸੰਭਾਲ ਪ੍ਰਦਾਤਾਵਾਂ ਦੋਵਾਂ ਵਿੱਚ ਘੱਟ ਜਾਗਰੂਕਤਾ ਦੇ ਨਾਲ, ਅਕਸਰ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਦਾ ਕਾਰਨ ਬਣਦਾ ਹੈ।

# ਰੋਟਰੀ ਕਲੱਬ ਆਸਥਾ ਦਾ 12ਵਾਂ ਸਥਾਪਨਾ ਦਿਵਸ ਧੂਮਧਾਮ ਨਾਲ ਸੰਪੰਨ



**ਅੰਮ੍ਰਿਤਸਰ (ਅਰੋੜਾ)**

ਰੋਟਰੀ ਕਲੱਬ ਆਸਥਾ ਦਾ 12ਵਾਂ ਸਥਾਪਨਾ ਦਿਵਸ ਕਲੱਬ ਦੇ ਪ੍ਰਧਾਨ ਸਮਾਜ ਸੇਵਕ ਇੰਜੀਨੀਅਰ ਅਸ਼ੋਕ ਸ਼ਰਮਾ ਸਕੱਤਰ ਸਰਬਜੀਤ ਸਿੰਘ, ਕਲੱਬ ਦੇ ਚਾਰਟਰਡ ਪ੍ਰਧਾਨ ਐੱਚ. ਐੱਸ. ਜੋਗੀ, ਚਾਰਟਰਡ ਸਕੱਤਰ ਅੰਦੇਸ਼ ਭੱਲਾ ਦੀ ਪ੍ਰਧਾਨਗੀ ਹੇਠ ਰਾਮ ਬਾਗ ਸਥਿਤ ਸਰਵਿਸ ਕਲੱਬ ਵਿਖੇ ਮਨਾਇਆ ਗਿਆ।ਸਮਾਗਮ ਦਾ ਸ਼ੁਭ ਆਰੰਭ ਪ੍ਰਥਾ ਦੇ ਅਨੁਸਾਰ ਰਾਸ਼ਟਰੀ ਗੀਤ ਅਤੇ ਫਾਰ ਵੇ ਟੈਸਟ ਦੇ ਨਾਲ ਕੀਤਾ ਗਿਆ।ਸਮਾਗਮ ਵਿੱਚ ਰੋਟਰੀ 3070 ਦੇ ਆਉਣ ਵਾਲੇ ਗਵਰਨਰ ਵਿਜੇ ਸਹਿਦੇਵ ਮੁੱਖ ਮਹਿਮਾਨ ਅਤੇ ਰੋਟਰੀ ਦੇ ਜ਼ੋਨਲ ਚੇਅਰਮੈਨ ਆਉਣ ਵਾਲੇ ਜ਼ਿਲਾ ਸਕੱਤਰ ਵਿਜੇ ਭਸੀਨ, ਸਹਾਇਕ ਗਵਰਨਰ ਅਸ਼ਵਨੀ ਅਵਸਥੀ ਖਾਸ ਤੌਰ 'ਤੇ ਸ਼ਾਮਿਲ ਹੋਏ।ਸਮਾਗਮ ਵਿੱਚ ਰੋਟਰੀ ਦੇ ਚਾਰਟਰਡ ਮੈਂਬਰਾਂ ਨੂੰ ਫੁੱਲਾ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ।ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਚਾਰਟਰਡ ਪ੍ਰਧਾਨ ਐੱਚ. ਐੱਸ. ਜੋਗੀ, ਅੰਦੇਸ਼ ਭੱਲਾ, ਅਸ਼ੋਕ ਸ਼ਰਮਾ, ਕੇ. ਐੱਸ. ਚੱਠਾ, ਸਰਬਜੀਤ ਸਿੰਘ, ਹਰਦੇਸ਼ ਦਵੇਸਰ, ਪਰਮਜੀਤ ਸਿੰਘ, ਜਤਿੰਦਰ ਪੱਪੂ ਆਦਿ ਦੇ ਨਾਮ ਪ੍ਰਮੁੱਖ ਸਨ।ਸਮਾਗਮ ਵਿੱਚ ਹੋਰ ਰੋਟਰੀ ਕਲੱਬਾਂ ਦੇ ਅਹੁਦੇਦਾਰਾਂ ਨੇ ਵੀ ਭਾਗ ਲਿਆ ਜਿਸ ਵਿੱਚ ਰੋਟਰੀ ਨਾਰਥ ਦੇ ਪ੍ਰਧਾਨ ਵਰੁਣ ਕੱਕੜ, ਸਕੱਤਰ ਪਰਮੀਤ ਸਿੰਘ ਖੇੜਾ, ਰੋਟਰੀ ਇੱਕੋ ਦੇ ਜਸਪਾਲ ਸਿੰਘ, ਰੋਟਰੀ ਆਸਥਾ ਦੇ ਸਾਬਕਾ ਪ੍ਰਧਾਨ ਅਮਨ ਸ਼ਰਮਾ, ਆਉਣ ਵਾਲੇ ਪ੍ਰਧਾਨ ਰਾਜੇਸ਼ ਭਦਵਾਰ, ਰੋਟਰੀ ਨਾਰਥ ਦੇ ਪੈਟਰਨ ਡਾ. ਕੁਲਦੀਪ ਸਿੰਘ ਅਰੋੜਾ, ਸਾਬਕਾ ਸਹਾਇਕ ਗਵਰਨਰ ਚੀਫ ਅਡੀਟਰ ਰਸਜੀਤ ਸਿੰਘ ਖੇੜਾ, ਐੱਮ.ਓ. ਸੀ ਆਰ. ਐੱਸ. ਚੱਠਾ, ਰੋਟਰੀ ਕਲੱਬ ਵੈਸਟ ਦੇ ਡਾ. ਜਸਪ੍ਰੀਤ ਸਿੰਘ ਗਰੋਵਰ, ਰੋਟਰੀ ਕਲੱਬ ਸਾਊਥ ਇਸਟ ਦੇ ਸੀਨੀਅਰ ਰੋਟੇਰੀਅਨ ਪੁਸ਼ਪਿੰਦਰ ਸਿੰਘ ਗਰੋਵਰ, ਰੋਟਰੀ ਆਸਥਾ ਦੇ ਸੀਨੀਅਰ ਮੈਂਬਰ ਵਿਦਿਆਰਥੀਆਂ ਦੀ ਹਰ ਤਰ੍ਹਾਂ ਦੇ ਨਾਲ ਸਹਾਇਤਾ ਕਰਨ ਵਾਲੇ ਬਲਦੇਵ ਸਿੰਘ ਸੰਧੂ, ਸਹਾਇਕ ਗਵਰਨਰ ਰਿਸ਼ੀ ਖੰਨਾ, ਸ਼੍ਰੀਮਤੀ ਸਤਪਾਲ ਕੌਰ, ਸਾਬਕਾ ਪ੍ਰਧਾਨ ਜੇ. ਐੱਸ. ਲਿਖਾਰੀ, ਆਉਣ ਵਾਲੇ ਪ੍ਰਧਾਨ ਰੋਟੇਰੀਅਨ ਮੰਨਨ, ਸਤਿਆ ਪ੍ਰਭਾ, ਰਮੇਸ਼ ਕੱਕੜ, ਦਲਜੀਤ ਕੌਰ ਅਰੋੜਾ, ਮਨੀਸ਼ਾ ਭੱਲਾ, ਡਾ. ਇੰਦੂ ਗੁਪਤਾ, ਸਮੇਤ ਰੋਟਰੀ ਕਲੱਬ ਆਸਥਾ ਅਤੇ ਹੋਰ ਰੋਟਰੀ ਕਲੱਬਾਂ ਦੇ ਅਹੁੱਦੇਦਾਰ ਮੌਜੂਦ ਸਨ।ਮੁੱਖ ਮਹਿਮਾਨ ਗਵਰਨਰ ਵਿਜੇ ਸਹਿਦੇਵ ਅਤੇ ਹੋਰ ਮਹਿਮਾਨਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਸੜਕਾਂ 'ਤੇ ਆਪ ਮੁਹਾਰੇ ਫ਼ਿਰਦੇ ਪਸ਼ੂਆਂ ਕਾਰਨ ਵਧ ਰਹੇ ਹਨ ਹਾਦਸੇ; ਜ਼ਿਲ੍ਹਾ ਪ੍ਰਸ਼ਾਸਨ ਧਿਆਨ ਦੇਵੇ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੜਕਾਂ 'ਤੇ ਫ਼ਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਨਸੀਬ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਸੜਕਾਂ 'ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿੱਥੇ ਫ਼ਸਲਾਂ ਨੂੰ ਖ਼ਰਾਬ ਕਰਦੇ ਹਨ ਉਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਗੁੱਜਰਾਂ ਵੱਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ ਦੇ ਕੰਢਿਆਂ 'ਤੇ ਚਾਰਾ ਚੁਗਣ ਲਈ ਲਿਜਾਇਆ ਜਾਂਦਾ ਹੈ। ਇਹ ਪਸ਼ੂਆਂ ਦੇ ਝੁੰਡੇ ਸੜਕ ਕੰਢੇ ਚੁਗਦੇ-ਚੁਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ ਜਿਸ ਨਾਲ ਕਈ ਵਾਰ ਵਹੀਕਲ ਚਾਲਕ ਜ਼ਖ਼ਮੀ ਹੋ ਕੇ ਸੱਟਾਂ ਲਗਵਾ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੜਕ 'ਤੇ ਘੁੰਮਦੇ ਪਸ਼ੂਆਂ ਦੇ ਝੁੰਡਾਂ 'ਤੇ ਪਾਬੰਦੀ ਲਗਾਈ ਗਈ ਹੈ ਪਰ ਫ਼ਿਰ ਵੀ ਇਨ੍ਹਾਂ ਪਸ਼ੂਆਂ ਦੇ ਝੁੰਡ ਆਮ ਹੀ ਸੜਕ 'ਤੇ ਫ਼ਿਰਦੇ ਦੇਖੇ ਜਾ ਸਕਦੇ ਹਨ। ਉਨ੍ਹਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਅਗਾਂਹ ਤੋਂ ਆਵਾਜਾਈ ਵਿੱਚ ਕੋਈ ਵਿਘਨ ਨਾ ਪੈ ਸਕੇ।

## ਰਈਆ ਦੇ ਵਾਰਡ ਨੰਬਰ ਪੰਜ 'ਚ ਦਿਵਿਆ ਦੇ ਹੱਕ 'ਚ ਚੋਣ ਪ੍ਰਚਾਰ

**ਬਿਆਸ (ਪਰਮਜੀਤ ਸਿੰਘ ਰੱਖੜਾ)**

ਰਈਆ ਵਿਖੇ ਵਾਰਡ ਨੰਬਰ 5 ਦੀ ਭਾਜਪਾ ਉਮੀਦਵਾਰ ਦਿਵਿਆ ਅਰੋੜਾ ਦੇ ਹੱਕ ਵਿੱਚ ਸਾਬਕਾ ਚੀਫ ਪਾਰਲੀਮੈਂਟ ਸਕੱਤਰ ਮਨਜੀਤ ਸਿੰਘ ਮੰਨਾ, ਅਜੇਬੀਰ ਪਾਲ ਸਿੰਘ ਰੰਧਾਵਾ ਤੇ ਜਨਰਲ ਸਕੱਤਰ ਰਜੇਸ਼ ਟਾਂਗਰੀ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਨਾ ਤੇ ਰੰਧਾਵਾ ਨੇ ਕਿਹਾ ਕਿ ਭਾਜਪਾ ਦੀ ਉਮੀਦਵਾਰ ਦਿਵਿਆ ਅਰੋੜਾ ਦੇ ਹੱਕ ਵਿੱਚ ਲੋਕ ਫਤਵਾ ਦੇ ਰਹੇ ਹਨ। ਪੰਜ ਨੰਬਰ ਵਾਰਡ 'ਚੋਂ ਦਿਵਿਆ ਅਰੋੜਾ ਸ਼ਾਨ ਨਾਲ ਜਿੱਤ ਪ੍ਰਾਪਤ ਕਰੇਗੀ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਲੋਕਪ੍ਰਿਯਤਾ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਇਸ ਮੌਕੇ ਸਰਕਲ ਪ੍ਰਧਾਨ ਰਾਜੇਸ਼ ਦਨਿਆਲ, ਸਰਕਲ ਪ੍ਰਧਾਨ ਕਰਮ ਸਿੰਘ, ਸਰਕਲ ਪ੍ਰਧਾਨ ਕੈਪਟਨ ਸਿੰਘ, ਸਰਕਲ ਪ੍ਰਧਾਨ ਸਰਬਿੰਦਰ ਸਿੰਘ ਬੌਬੀ, ਸਰਕਲ ਪ੍ਰਧਾਨ ਲਾਟ ਬਿਆਸ ਚਾਂਦ ਡੇਰੀ ਵਾਲੇ, ਸਾਬਕਾ ਕੌਂਸਲਰ ਤਰਸੇਮ ਸਿੰਘ, ਸਾਬਕਾ ਕੌਂਸਲਰ ਸੁਖਦੇਵ ਸਿੰਘ, ਸਾਬਕਾ ਕੌਂਸਲਰ ਦਿਲਬਾਗ ਸਿੰਘ, ਇੰਦਰਜੀਤ ਸਿੰਘ ਭੋਰਸ਼ੀ, ਸਰਕਲ ਪ੍ਰਧਾਨ ਗੁਰਚਰਨ ਸਿੰਘ, ਬਲਵਿੰਦਰ ਸਿੰਘ ਪੱਡਾ, ਜਗਜੀਤ ਸਿੰਘ ਫੇਰੂਮਾਨ, ਬੀਰ ਸਿੰਘ ਫੇਰੂਮਾਨ, ਭੁਪਿੰਦਰ ਸਿੰਘ ਕੋਟ ਮਹਿਤਾਬ, ਸਰਬਜੀਤ ਸਿੰਘ ਕੋਟ ਮਹਿਤਾਬ, ਚਰਨਜੀਤ ਕੌਰ, ਹਰਪ੍ਰੀਤ ਸਿੰਘ ਹੈਪੀ ਖੱਖ, ਮਨਦੀਪ ਕੌਰ, ਮਾਨ ਸਿੰਘ ਬਿਆਸ,



ਬਲਰਾਜ ਸਿੰਘ ਜੱਲੂਪੁਰ ਖੇੜਾ, ਸ਼ੁਭਮ ਸ਼ਰਮਾ ਰਈਆ, ਪ੍ਰਦੀਪ ਰਮਪਾਲ, ਆਸ਼ੂ ਅੰਬਾ ਬਿਆਸ, ਗੁਰਪ੍ਰੀਤ ਸਿੰਘ ਸਰਲੀ, ਜਸ ਭੋਰਸ਼ੀ, ਗਾਂਧੀ ਭਿੰਡਰ, ਗੌਰਵ ਵਰਮਾ ਆਸ਼ੂ, ਨਿਸ਼ਾਨ ਸਿੰਘ, ਗੁਰਦੀਪ ਸਿੰਘ, ਰਵੀ ਟਪਿਆਲਾ, ਪਿੰਦਰ ਦੋਲੋ ਨੰਗਲ ਆਦਿ ਹਾਜ਼ਰ ਸਨ।

# ਕਵਰੇਜ ਕਰਦੇ ਪੱਤਰਕਾਰ ਨਾਲ ਐੱਸ ਐੱਚ ਓ ਵੱਲੋਂ ਧੱਕਾ-ਮੁੱਕੀ

## ਪੱਤਰਕਾਰ ਭਾਈਚਾਰੇ ਵੱਲੋਂ ਕਾਨੂੰਨੀ ਕਾਰਵਾਈ ਦੀ ਮੰਗ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਅਧੀਨ ਆਉਂਦੇ ਥਾਣਾ ਮੱਤੇਵਾਲ ਦੇ ਐੱਸਐੱਚਓ ਅਵਤਾਰ ਸਿੰਘ ਕਾਹਲੋਂ ਵੱਲੋਂ ਪੱਤਰਕਾਰ



ਖੁਸ਼ਹਾਲ ਸੁੰਦਰ ਨਾਲ ਕਵਰੇਜ ਦੌਰਾਨ ਧੱਕਾ-ਮੁੱਕੀ, ਗਾਲੀ-ਗਲੋਚ ਅਤੇ ਕੈਮਰਾ ਖੋਹਣ ਦੀ ਕੋਸ਼ਿਸ਼ ਵੀ ਕੀਤੀ ਗਈ। ਚੜ੍ਹਦੀਕਲਾ ਮੀਡੀਆ ਜਰਨਲਿਸਟ ਐਸੋਸੀਏਸ਼ਨ ਰਜਿ. ਪੰਜਾਬ (ਇੰਡੀਆ) ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਐੱਸਐੱਚਓ ਦੇ ਅੱਖੜ ਰਵੱਈਏ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ।ਇਸ ਮੌਕੇ ਇਕ ਸਾਂਝੇ ਬਿਆਨ ਵਿਚ ਜ਼ਿਲ੍ਹਾ ਪ੍ਰਧਾਨ ਮੁਖਤਾਰ ਸਿੰਘ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਲੋਕਤੰਤਰ ਦੇ ਚੌਥੇ ਥੰਮ੍ਹ ਵਜੋਂ ਜਾਣੇ ਜਾਂਦੇ ਪੱਤਰਕਾਰਾਂ ਉੱਪਰ ਲਗਾਤਾਰ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਚੜ੍ਹਦੀਕਲਾ ਮੀਡੀਆ ਜਰਨਲਿਸਟ ਐਸੋਸੀਏਸ਼ਨ ਕਦੇ ਬਰਦਾਸ਼ਤ ਨਹੀਂ ਕਰੇਗੀ।ਖੁਸ਼ਹਾਲ ਸੁੰਦਰ ਵੱਲੋਂ ਉਸ ਨਾਲ ਕੀਤੇ ਦੁਰਵਿਹਾਰ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਉਹ ਬੀਤੇ ਦਿਨੀਂ ਅੰਮ੍ਰਿਤਸਰ ਮਹਿਤਾ ਨੈਸ਼ਨਲ ਹਾਈਵੇ ਅੱਡਾ ਬੋਪਾਰਾਏ ਵਿਖੇ ਹੋ ਰਹੀ ਲੜਾਈ ਦੀ ਕਵਰੇਜ ਕਰ ਰਿਹਾ ਸੀ ਤਾਂ ਥਾਣਾ ਮੱਤੇਵਾਲ ਦੇ ਐੱਸਐੱਚਓ ਅਵਤਾਰ ਸਿੰਘ ਵੱਲੋਂ ਉਸਨੂੰ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਗਿਆ ਅਤੇ ਉਸਦਾ ਮੋਬਾਇਲ ਫੋਨ ਖੋਹ ਕੇ ਡਾਟਾ ਵੀ ਡਲੀਟ ਕਰ ਦਿੱਤਾ ਗਿਆ ਅਤੇ ਉਸ ਨਾਲ ਬਦਸਲੂਕੀ ਕੀਤੀ ਗਈ।ਪੱਤਰਕਾਰ ਭਾਈਚਾਰੇ ਨੇ ਐੱਸ. ਐੱਸ. ਪੀ. ਅੰਮ੍ਰਿਤਸਰ ਦਿਹਾਤੀ ਤੋਂ ਮੰਗ ਕੀਤੀ ਹੈ ਕਿ ਐੱਸਐੱਚਓ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।ਪੱਤਰਕਾਰ ਯੂਨੀਅਨ ਨੇ ਚਿਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਵੱਲੋਂ ਉਕਤ ਐੱਸਐੱਚਓ ਵਿਰੁੱਧ ਕਾਰਵਾਈ ਨਾ ਕੀਤੀ ਗਈ ਤਾਂ ਸਮੂਹ ਪੱਤਰਕਾਰ ਭਾਈਚਾਰਾ ਅਤੇ ਚੜ੍ਹਦੀਕਲਾ ਮੀਡੀਆ ਜਰਨਲਿਸਟ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸਹਿਯੋਗੀ ਜਥੇਬੰਦੀਆਂ ਨੂੰ ਨਾਲ ਲੈ ਕੇ ਨੈਸ਼ਨਲ ਹਾਈਵੇ 'ਤੇ ਧਰਨਾ ਦੇਣਗੇ।

# ਹੈਪੀ ਮਾਨ ਯਾਦਗਾਰੀ 'ਸਾਂਝ' ਭੰਗੜਾ ਸਿਖਲਾਈ ਕੈਂਪ 2 ਜੂਨ ਤੋਂ : ਜੈਕਬ ਮਸੀਹ ਤੇਜਾ

**ਧਾਰੀਵਾਲ, (ਮਨਦੀਪ ਵਿੱਕੀ)**-ਪੰਜਾਬ ਦੇ ਸੱਭਿਆਚਾਰ, ਵਿਰਸੇ ਤੇ ਰਵਾਇਤੀ ਲੋਕ-ਕਲਾਵਾਂ ਲਈ ਤਨ-ਦਿਲੀ ਨਾਲ ਸਮੂਹਿਕ ਤੌਰ 'ਤੇ ਕੰਮ ਕਰ ਰਿਹਾ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੜ ਵੱਲੋਂ ਹਰ ਸਾਲ ਦੀ ਤਰਾਂ ਗਰਮੀਆਂ ਦੀਆਂ ਛੁੱਟੀਆਂ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਚੋਬਰਾਂ ਦਾ ਵਿਰਾਸਤੀ ਤੇ ਮਨ ਪਸੰਦ ਮਸ਼ਹੂਰ ਲੋਕ ਨਾਚ 'ਸਾਂਝ' ਭੰਗੜਾ ਸਿਖਲਾਈ ਕੈਂਪ 2 ਜੂਨ 2026 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਦਾ ਰੋਜ਼ਾਨਾ ਸਮਾਂ ਸਵੇਰੇ 7 ਤੋਂ 8 ਵਜੇ ਤੱਕ ਸਥਾਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ, ਜੇਲ ਰੋਡ ਗੁਰਦਾਸਪੁਰ ਵਿੱਚ ਹੋਇਆ ਕਰੇਗਾ।ਤੇਜਾ ਨੇ ਆਖਿਆ ਕਿ ਭੰਗੜੇ ਦੇ ਕੈਂਪਾਂ ਦਾ ਸਿਲਸਿਲਾ 1992 ਤੋਂ ਚਲਦਾ ਆ ਰਿਹਾ ਹੈ।ਇਹ ਕੈਂਪ ਭੰਗੜਾ ਕੋਚ ਸਰਦਾਰ ਅਜੈਬ ਸਿੰਘ ਚਾਹਲ ਦੀ ਛਤਰ ਛਾਇਆ ਹੇਠ ਲਗਾਏ ਜਾਂਦੇ ਹਨ।ਕੈਂਪ ਵਿੱਚ ਲੋਕ ਨਾਚਾਂ ਅਤੇ ਰਵਾਇਤੀ ਖੇਡਾਂ ਦੀ ਮੁਹਾਰਤ ਰੱਖਣ ਵਾਲੀਆਂ ਸੁਝਵਾਨ ਵੱਖ-ਵੱਖ ਹਸਤੀਆਂ ਨੂੰ ਸਿਖਿਆਰਥੀਆਂ ਦੇ ਨਾਲ ਰੂਬਰੂ ਕਰਾਇਆ ਜਾਵੇਗਾ।ਕੁੜੀਆਂ ਨੂੰ ਸਟੈਪੂ, ਗੀਟੇ, ਕੋਟਲਾ ਛਪਾਕੀ ਅਤੇ ਮੁੰਡਿਆਂ ਨੂੰ ਗੁੱਲੀ ਡੰਡਾ, ਬਾਟੇ (ਬਲੌਰ), ਖਿਦੋ-ਖੂੰਡੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਕੈਂਪ ਦੇ ਆਖਰੀ ਦਿਨ ਭੰਗੜਾ ਸਿਖਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।ਭੰਗੜਾ ਸਿੱਖਣ ਦੇ ਚਾਹਵਾਨਾਂ ਨੂੰ ਪਿੜ ਪਰਿਵਾਰ ਵੱਲੋਂ ਖੁੱਲ੍ਹਾ ਸੱਦਾ ਹੈ।ਸਿੱਖਣ ਵਾਲੇ ਸਿਖਿਆਰਥੀਆਂ ਕੋਲੋਂ ਸਿਰਫ ਢੋਲ ਦੀ ਹੀ ਫੀਸ ਲਈ ਜਾਵੇਗੀ।ਭੰਗੜਾ ਸਿੱਖਣ ਆ ਰਹੇ ਹਰ ਸਿਖਿਆਰਥੀਆ ਨੂੰ ਹਰ ਰੋਜ਼ ਇਹ ਰਿਫਰੈਸ਼ਮੈਂਟ ਦਿੱਤੀ ਜਾਵੇਗੀ।ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ।ਵਧੇਰੇ ਜਾਣਕਾਰੀ ਲਈ ਫੇਸਬੁੱਕ ਜੈਕਬ ਤੇਜਾ ਤੋਂ ਅਠੱਨਵੇ ਅੱਠ ਸੌ ਇਕਿਆਸੀ ਬਾਰਾਂ ਅੱਠ ਸੌ ਇੱਕ ਤੋਂ ਪ੍ਰਾਪਤ ਕਰ ਸਕਦੇ ਹੋ।



## ਭਖਦੇ ਮੁੱਦਿਆਂ 'ਤੇ ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਸਰਕਲ ਪੱਧਰੀ ਕਨਵੈਨਸ਼ਨ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ. ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਅਨੁਸਾਰ ਸਬ ਅਰਬਨ ਸਰਕਲ ਅੰਮ੍ਰਿਤਸਰ ਦੀ ਕਨਵੈਨਸ਼ਨ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ ਦੀ ਪ੍ਰਧਾਨਗੀ ਹੇਠ ਹੋਈ।ਕਨਵੈਨਸ਼ਨ ਨੂੰ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਅਤੇ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਖੁੰਡਾ ਨੇ ਸੰਬੋਧਨ ਕੀਤਾ।ਇਸ ਸਮੇਂ ਜਥੇਬੰਦਕ ਚੋਣਾਂ, ਜਮਹੂਰੀ ਕਾਰ ਵਿਹਾਰ, ਠੇਕਾ ਕਾਮਿਆਂ ਨਾਲ ਸਾਂਝੇ ਸੰਘਰਸ਼ਾਂ ਅਤੇ ਫੰਡਾਂ ਦੇ ਏਜੰਡਿਆਂ 'ਤੇ ਵਿਚਾਰ ਚਰਚਾ ਕੀਤੀ ਗਈ।ਆਗੂਆਂ ਨੇ ਕਿਹਾ ਕਿ ਜਥੇਬੰਦੀ ਦੇ ਸੰਵਿਧਾਨ ਮੁਤਾਬਕ ਦੋ ਸਾਲ ਬਾਅਦ ਜਥੇਬੰਦੀ ਦੀਆਂ ਚੋਣਾਂ ਹੁੰਦੀਆਂ ਹਨ ਅਤੇ ਮੈਂਬਰਸ਼ਿਪ ਕੀਤੀ ਜਾਂਦੀ ਹੈ।ਆਗੂਆਂ ਨੇ ਸੱਦਾ ਦਿੱਤਾ ਕਿ ਸਬ ਡਵੀਜ਼ਨਾਂ ਵਿੱਚ ਇਕੱਠ ਕਰਕੇ ਮੈਂਬਰਸ਼ਿਪ ਭਰੀ ਜਾਵੇ ਅਤੇ ਸਾਫ ਸੁਥਰੀ ਅਤੇ ਨਿਧੜਕ ਲੀਡਰਸ਼ਿਪ ਦੀ ਚੋਣ ਕੀਤੀ ਜਾਵੇ।ਆਗੂਆਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਿੱਜੀਕਰਨ ਦਾ ਹੱਲਾ ਤੇਜ਼ ਕੀਤਾ ਹੋਇਆ ਹੈ।ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇ ਝੂਠੇ ਦੰਭ ਹੇਠ ਅਤੇ ਖੇਤਾਂ ਵਿੱਚੋਂ ਪੋਲ ਹਟਾਉਣ ਦੇ ਸਬਜ਼ਬਾਗ ਵਿਖਾ ਕੇ ਲੋਕਾਂ ਦੇ ਟੈਕਸਾਂ ਰਾਹੀਂ ਦਿੱਤੇ ਪੈਸੇ ਨਾਲ ਬਿਜਲੀ ਦੀਆਂ ਲਾਈਨਾਂ ਅੰਡਰਗਰਾਊਂਡ ਕਰਕੇ ਕਾਰਪੋਰੇਟ ਘਰਾਣਿਆਂ ਲਈ ਬਿਜਲੀ ਵਿਭਾਗ ਦੇ ਮੁਕੰਮਲ ਨਿੱਜੀਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।2027 ਦੀਆਂ ਚੋਣਾਂ ਤੋਂ ਬਾਅਦ ਸਰਕਾਰ ਨੇ ਨਿੱਜੀਕਰਨ ਦਾ ਹੱਲਾ ਹੋਰ ਤੇਜ਼ ਕਰਨਾ ਹੈ।ਇਸ ਲਈ ਇਸ ਨਿੱਜੀਕਰਨ ਦੇ ਹੱਲੇ ਨੂੰ ਰੋਕਣ ਵਾਸਤੇ ਸਮੂਹ ਕਿਰਤੀ ਕਾਮਿਆਂ, ਕਿਸਾਨਾਂ, ਮਜ਼ਦੂਰਾਂ ਨਾਲ ਸਾਂਝੇ ਸੰਘਰਸ਼ਾਂ ਦੀ ਲੋੜ ਹੈ ਜਿਸ ਲਈ ਸਮੁੱਚੇ ਲੋਕਾਂ ਨੂੰ ਯਤਨ ਕਰਨੇ ਚਾਹੀਦੇ ਹਨ।ਕਨਵੈਨਸ਼ਨ ਵਿੱਚ ਸਰਕਲ ਸਕੱਤਰ ਸੁਖਪਾਲ ਸਿੰਘ ਮਜੀਠਾ, ਸਰਕਲ ਕੈਸ਼ੀਅਰ ਕੁੰਦਨ ਲਾਲ ਹਰੀਆਂ, ਡਵੀਜ਼ਨ ਪ੍ਰਧਾਨ ਰਘਬੀਰ ਸਿੰਘ ਮਜੀਠਾ, ਗੁਰਪ੍ਰੀਤ ਸਿੰਘ ਸੋਹੀਆਂ, ਦਵਿੰਦਰ ਪਾਲ ਸਿੰਘ ਰਮਦਾਸ, ਬਲਜਿੰਦਰ ਸਿੰਘ ਥੋਬਾ ਨੇ ਵੀ ਆਪਣੇ ਵਿਚਾਰ ਰੱਖੇ।



## ਓਪੋ ਇੰਡੀਆ ਨੇ ਲਾਂਚ ਕੀਤੀ ਫਾਈਂਡ ਐਕਸ9 ਸੀਰੀਜ਼

**ਜਲੰਧਰ** : ਓਪੋ ਇੰਡੀਆ ਨੇ ਭਾਰਤ ਵਿੱਚ ਆਪਣੀ ਪ੍ਰੀਮੀਅਮ ਸਮਾਰਟਫੋਨ ਲੜੀ ਨੂੰ ਹੋਰ ਮਜ਼ਬੂਤ ਬਣਾਉਂਦਿਆਂ ਨਵੇਂ ਫਾਈਂਡ ਐਕਸ9ਐੱਸ ਅਤੇ ਫਾਈਂਡ ਐਕਸ9 ਅਲਟਰਾ ਨੂੰ ਲਾਂਚ ਕੀਤਾ ਹੈ।ਇਹ ਡਿਵਾਈਸ 8ਕੇ ਵੀਡੀਓ ਰਿਕਾਰਡਿੰਗ, ਡੋਲਬੀ ਵਿਜ਼ਨ ਐੱਚਡੀਆਰ ਅਤੇ ਓ-ਲਾਗ2 ਤੇ 3ਡੀ ਐੱਲਯੂਟੀ ਵਰਗੇ ਪ੍ਰੋਫੈਸ਼ਨਲ ਇਮੇਜਿੰਗ ਟੂਲਜ਼ ਨੂੰ ਵੀ ਸਪੋਰਟ ਕਰਦੀ ਹੈ।ਓਪੋ ਫਾਈਂਡ ਐਕਸ9ਐੱਸ ਦੀ ਪ੍ਰਭਾਵਸ਼ਾਲੀ ਸ਼ੁਰੂਆਤੀ ਕੀਮਤ 62,199 ਰੁਪਏ ਰੱਖੀ ਗਈ ਹੈ, ਜਦਕਿ ਫਾਈਂਡ ਐਕਸ9 ਅਲਟਰਾ ਦੀ ਸ਼ੁਰੂਆਤੀ ਕੀਮਤ 1,36,999 ਰੁਪਏ ਹੈ।ਦੋਵੇਂ ਸਮਾਰਟਫੋਨ 28 ਮਈ ਤੋਂ ਓਪੋ ਈ-ਸਟੋਰ, ਫਲਿਪਕਾਰਟ, ਅਮੇਜ਼ਨ ਅਤੇ ਦੇਸ਼ ਭਰ ਦੇ ਪ੍ਰਮੁੱਖ ਰਿਟੇਲ ਸਟੋਰਾਂ 'ਤੇ ਵਿਕਰੀ ਲਈ ਉਪਲਬਧ ਹੋਣਗੇ।ਲਾਂਚ ਮੌਕੇ ਓਪੋ ਇੰਡੀਆ ਦੇ ਸੰਚਾਰ ਮੁੱਖੀ ਗੋਲਡੀ ਪਟਨਾਇਕ ਨੇ ਦੱਸਿਆ ਕਿ ਓਪੋ ਵਿੱਚ ਇਨੋਵੇਸ਼ਨ ਹਮੇਸ਼ਾ ਇਸ ਗੱਲ ਤੋਂ ਪ੍ਰੇਰਿਤ ਰਹੀ ਹੈ ਕਿ ਉਪਭੋਗਤਾ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਟੈਕਨੋਲੋਜੀ ਦੀ ਵਰਤੋਂ ਕਿਵੇਂ ਕਰਦੇ ਹਨ ।

# ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਸਿਵਲ ਸਰਜਨ ਦਫ਼ਤਰ ਅੱਗੇ ਕੀਤੀ ਵਿਸ਼ਾਲ ਰੈਲੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਦੇ ਸੂਬਾਈ ਸੱਦੇ 'ਤੇ ਪਿਛਲੇ ਦੋ ਮਹੀਨੇ ਤੋਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਮਿਲਦੇ ਮਾਣ ਭੱਤਿਆਂ ਦੀ ਅਦਾਇਗੀ ਨਾ ਕਰਨ ਦੇ ਰੋਸ ਵਜੋਂ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਸੈਂਕੜੇ ਵਰਕਰਾਂ ਵੱਲੋਂ ਸਿਵਲ ਸਰਜਨ ਅੰਮ੍ਰਿਤਸਰ ਦੇ ਦਫ਼ਤਰ ਅੱਗੇ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੀ ਸੂਬਾ ਆਗੂ ਪਰਮਜੀਤ ਕੌਰ ਮਾਨ ਅਤੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਛੱਜਲਵੱਡੀ ਤੋਂ ਇਲਾਵਾ ਗੁਰਵੰਤ ਕੌਰ ਲੋਪੋਕੇ, ਮਨਜੀਤ ਕੌਰ, ਰਣਜੀਤ ਦੁਲਾਰੀ, ਬਲਜਿੰਦਰ ਕੌਰ ਵੇਰਕਾ ਅਤੇ ਕੁਲਬੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਪੰਜਾਬ ਦੀਆਂ 21 ਹਜ਼ਾਰ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੇ ਘਰਾਂ ਦੇ ਚੁੱਲ੍ਹੇ ਠੰਡੇ ਪਏ ਹੋਏ ਹਨ। ਉਕਤ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮਾਣ ਭੱਤਾ ਵਰਕਰਾਂ ਦੇ ਮਾਣ ਭੱਤਿਆਂ ਨੂੰ ਦੁੱਗਣਾ ਕਰਨ ਅਤੇ ਤਨਖਾਹਾਂ ਵਿੱਚ ਹਰ ਸਾਲ ਵਾਧਾ ਕਰਨ ਦਾ ਵਾਅਦਾ ਕੀਤਾ ਸੀ ਪ੍ਰੰਤੂ ਪੰਜਾਬ ਸਰਕਾਰ ਦੇ ਚਾਰ ਸਾਲ ਬੀਤਣ ਬਾਅਦ ਵੀ ਵਰਕਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨਾ ਤਾਂ ਦੂਰ ਦੀ ਗੱਲ ਸਗੋਂ ਮਿਲ ਰਿਹਾ ਨਿਗੂਣਾ ਮਾਣ ਭੱਤਾ ਵੀ ਪਿਛਲੇ ਦੋ ਮਹੀਨਿਆਂ ਤੋਂ ਨਹੀਂ ਦਿੱਤਾ ਗਿਆ, ਜਿਸ ਕਾਰਨ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਵਿੱਚ ਸਿਵਲ ਸਰਜਨ ਦਫ਼ਤਰਾਂ ਅੱਗੇ ਰੋਸ ਮੁਜ਼ਾਹਰੇ ਕਰਕੇ ਪੰਜਾਬ ਸਰਕਾਰ ਦੀ ਪੋਲ ਖੋਲ੍ਹੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਸਕੀਮ ਵਰਕਰ ਦੀ ਬਜਾਏ ਮਾਣ ਭੱਤਾ ਵਰਕਰ ਮੰਨਿਆਂ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਘੱਟੋ ਘੱਟ ਉਜਰਤਾਂ ਦੇ ਘੇਰੇ ਤੋਂ ਬਾਹਰ ਰੱਖਿਆ ਜਾ ਸਕੇ। ਜਥੇਬੰਦੀ ਨੇ ਮੰਗ ਕੀਤੀ ਕਿ ਸਾਰੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਘੱਟੋ-ਘੱਟ ਉਜਰਤਾਂ ਦਿੱਤੀਆਂ ਜਾਣ ਅਤੇ ਉਨ੍ਹਾਂ ਦੇ ਮਾਣ ਭੱਤੇ ਨੂੰ ਤੁਰੰਤ ਦੁੱਗਣਾ ਕੀਤਾ ਜਾਵੇ। ਇਸ ਮੌਕੇ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਨੇ ਧਰਨੇ ਵਿੱਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਆਗੂਆਂ ਨੇ ਸਿਵਲ ਸਰਜਨ ਨੂੰ ਦੱਸਿਆ ਕਿ ਵਿਭਾਗ ਵੱਲੋਂ ਵੈਕਸਿਨ ਸਬੰਧੀ ਪੱਤਰ ਜਾਰੀ ਕਰਨ ਦੇ ਬਾਵਜੂਦ ਵੀ ਕਈ ਸਿਹਤ ਕੇਂਦਰਾਂ ਵਿੱਚ ਆਸ਼ਾ ਵਰਕਰਾਂ ਕੋਲੋਂ ਜਬਰੀ ਵੈਕਸਿਨ ਮੰਗਵਾਈ ਜਾ ਰਹੀ ਹੈ ਅਤੇ ਇਸ ਧੱਕੇਸ਼ਾਹੀ ਨੂੰ ਤੁਰੰਤ ਬੰਦ ਕੀਤਾ ਜਾਵੇ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਅਸ਼ਵਨੀ ਅਵਸਥੀ ਤੋਂ ਇਲਾਵਾ ਹਰਪ੍ਰੀਤ ਕੌਰ ਬੱਲ, ਹਰਜੀਤ ਕੌਰ ਰਮਦਾਸ, ਕਿਰਨਦੀਪ ਕੌਰ, ਰਜਵੰਤ ਕੌਰ ਲੋਪੋਕੇ, ਦਵਿੰਦਰ ਕੌਰ ਮਾਨਾਂਵਾਲਾ, ਜਸਪਾਲ ਕੌਰ ਅਤੇ ਦਲਜੀਤ ਕੌਰ ਵੇਰਕਾ ਨੇ ਵੀ ਸੰਬੋਧਨ ਕੀਤਾ।



## ਧੋਖਾਧੜੀ ਕਰਨ ਦੇ ਦੋਸ਼ ਹੇਠ ਦੋ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਬਹਿਰਾਮਪੁਰ ਨੂੰ ਦਿੱਤੀ ਸ਼ਿਕਾਇਤ 'ਤੇ ਕੀਤੀ ਜਾਂਚ ਦੌਰਾਨ ਪੁਲਸ ਨੇ ਪਾਇਆ ਕਿ ਸੰਜੀਵ ਸਿੰਘ ਉਰਫ ਸੰਜੀਵ ਕੁਮਾਰ ਪੁੱਤਰ ਕਰਤਾਰ ਸਿੰਘ ਵਾਸੀ ਰਾਏਪੁਰ ਨੇ 2 ਮਈ 2025 ਨੂੰ ਆਪਣੀ ਜ਼ਮੀਨ ਦਾ ਇਕਰਾਰਨਾਮਾ ਸੌਦਾ ਬੈਅ ਵਾਕਿਆ ਪਿੰਡ ਰਾਏਪੁਰ ਖਰੀਦਦਾਰ ਸੋਮ ਰਾਜ ਪੁੱਤਰ ਬਾਬੂ ਰਾਮ ਵਾਸੀ ਦੌਲਤਪੁਰ ਥਾਣਾ ਪਠਾਨਕੋਟ ਨਾਲ ਕੀਤਾ ਸੀ। ਕਥਿਤ ਦੋਸ਼ੀ ਨੇ ਉਕਤ ਵਿਅਕਤੀ ਪਾਸੋਂ 100 ਫੁੱਟ ਫਰੰਟ ਦਾ ਬਿਆਨਾ ਕਰਕੇ 24 ਲੱਖ ਰੁਪਏ ਸ਼ਿਕਾਇਤ ਕਰਤਾ ਪਾਸੋਂ ਲਏ ਸਨ। ਉਸ ਤੋਂ ਬਾਅਦ ਕਥਿਤ ਦੋਸ਼ੀ ਨਾ ਤਾਂ ਸ਼ਿਕਾਇਤ ਕਰਤਾ ਨੂੰ ਫਰੰਟ ਤੋਂ ਰਜਿਸਟਰੀ ਕਰਕੇ ਦੇ ਰਿਹਾ ਹੈ ਅਤੇ ਨਾ ਹੀ ਉਸ ਨੂੰ ਬਿਆਨੇ ਮੁਤਾਬਿਕ ਡਬਲ ਪੈਸੇ ਦੇ ਰਿਹਾ ਹੈ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਪੰਕਜ ਰਖਵਾਲ ਪੁੱਤਰ ਬਿਸ਼ਨ ਸਿੰਘ ਵਾਸੀ ਝੇਲਾ ਆਮਦਾ ਥਾਣਾ ਤਾਰਾਗੜ੍ਹ ਜ਼ਿਲ੍ਹਾ ਪਠਾਨਕੋਟ ਨੂੰ 6 ਮਹੀਨੇ ਵਿਚ ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਉਮੇਸ਼ ਕੁਮਾਰ ਪੁੱਤਰ ਪਾਰਸ਼ ਰਾਮ ਵਾਸੀ ਦੋਦਵਾਂ ਪਾਸੋਂ 10,75000 ਰੁਪਏ ਹਾਸਲ ਕਰਕੇ ਧੋਖਾਧੜੀ ਅਤੇ ਠੱਗੀ ਮਾਰੀ ਹੈ। ਥਾਣਾ ਬਹਿਰਾਮਪੁਰ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੰਤ ਬਾਬਾ ਸੱਜਣ ਸਿੰਘ ਨੇ 8ਵੀਂ, 10ਵੀਂ ਤੇ 12ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਛੇਵੀਂ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁ. ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀ.ਸੈਕੰ. ਸਕੂਲ ਗੁਰੂ ਕੀ ਬੇਰ ਮੱਤੇਵਾਲ ਵਿਖੇ 12ਵੀਂ,10ਵੀਂ ਤੇ 8ਵੀਂ ਜਮਾਤ ਦੇ ਨਤੀਜਿਆਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।ਪ੍ਰਿੰ. ਗੁਰਸੇਵਕ ਸਿੰਘ ਨੇ ਦੱਸਿਆ ਕਿ ਪੀ.ਐੱਸ.ਈ.ਬੀ. ਬੋਰਡ ਵੱਲੋਂ ਐਲਾਨੇ ਨਤੀਜਿਆਂ ਦੌਰਾਨ 12ਵੀਂ ਜਮਾਤ (ਸਾਇੰਸ) ਗਰੁੱਪ ਤੋਂ ਹਰਮਨਤਪ੍ਰੀਤ ਕੌਰ ਨੇ 94.6 ਫੀਸਦੀ, ਸੁਖਮਨਪ੍ਰੀਤ ਕੌਰ ਨੇ 93.2 ਫੀਸਦੀ, ਸੁਖਮਨਜੀਤ ਸਿੰਘ ਨੇ 92. 8 ਫੀਸਦੀ ,(ਆਰਟਸ) ਗਰੁੱਪ 'ਚ ਕਰਨਬੀਰ ਸਿੰਘ ਨੇ 77.6 ਫੀਸਦੀ, ਮਨੀਕਰਨ ਸਿੰਘ ਤੇ ਆਕਾਸ਼ਦੀਪ ਸਿੰਘ ਨੇ 76.8 ਫੀਸਦੀ ਦੂਸਰਾ ਤੇ ਸੰਦੀਪ ਸਿੰਘ ਨੇ 74 ਫੀਸਦੀ, (ਕਾਮਰਸ) ਗਰੁੱਪ 'ਚ ਸੁਖਜੀਵਨਪ੍ਰੀਤ ਕੌਰ ਨੇ 94.4 ਫੀਸਦੀ, ਅਨੂਪ੍ਰੀਤ ਕੌਰ ਨੇ 93.0 ਫੀਸਦੀ ਤੇ ਮਹਿਕਪ੍ਰੀਤ ਕੌਰ ਨੇ 92.6 ਫੀਸਦੀ ਅੰਕਾਂ ਨਾਲ ਆਪਣੇ ਆਪਣੇ ਗਰੁੱਪ 'ਚ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 10ਵੀਂ ਦੇ ਨਤੀਜੇ ਦੌਰਾਨ ਨਵਪ੍ਰੀਤ ਕੌਰ 92.2 ਫੀਸਦੀ ਅੰਕ ਲੈ ਕੇ ਪਹਿਲੇ, ਜੈਸਮੀਨ ਕੌਰ 89.3 ਫੀਸਦੀ ਅੰਕ ਲੈ ਕੇ ਦੂਸਰੇ ਤੇ ਅੰਮ੍ਰਿਤ ਪਾਲ ਕੌਰ ਤੇ ਨਿਮਰਪ੍ਰੀਤ ਕੌਰ 88.7 ਫੀਸਦੀ ਅੰਕ ਲੈ ਕੇ ਤੀਸਰੇ ਸਥਾਨ 'ਤੇ ਰਹੀਆਂ, ਜਦਕਿ 8ਵੀਂ ਕਲਾਸ ਤੋਂ ਪਹਿਲੇ ਨੰਬਰ ਲਈ



ਜਸ਼ਨਦੀਪ ਕੌਰ ਨੇ 95.8 ਫੀਸਦੀ, ਦੂਜੇ ਨੰਬਰ ਲਈ ਸਰਬਬੀਰ ਸਿੰਘ ਨੇ 95.3 ਫੀਸਦੀ ਤੇ ਹਰਨੂਰ ਸਿੰਘ ਨੇ ਤੀਜੇ ਨੰਬਰ ਲਈ 94.8 ਅੰਕ ਹਾਸਲ ਕੀਤੇ ਹਨ।ਕੁਲ ਮਿਲਾ ਕੇ ਸਾਰਾ ਨਤੀਜਾ ਸੌ ਫੀਸਦੀ ਰਿਹਾ ਤੇ ਸਮੂਹ ਵਿਦਿਆਰਥੀਆਂ ਦਾ ਪ੍ਰਦਰਸ਼ਨ ਬਹੁਤ ਸ਼ਲਾਘਾਯੋਗ ਹੈ।ਇਸ ਮੌਕੇ ਕਮੇਟੀ ਮੈਂਬਰ ਗੁਰਦੇਵ ਸਿੰਘ ਯੂ. ਐੱਸ. ਏ, ਵੀਰ ਸਿੰਘ, ਜਗਰੂਪ ਸਿੰਘ, ਕੰਵਲਜੀਤ ਸਿੰਘ, ਗੁਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਬਲਿਹਾਰ ਸਿੰਘ, ਮੇਜਰ ਸਿੰਘ, ਅਵਤਾਰ ਸਿੰਘ, ਮੈਡਮ ਕੁਲਬੀਰ ਕੌਰ, ਪਰਮਿੰਦਰ ਕੌਰ, ਕਵਲਜੀਤ ਕੌਰ, ਅਮਨਪ੍ਰੀਤ ਕੌਰ, ਸ਼ਾਇਨ, ਮੈਡਮ ਕੋਮਲਪ੍ਰੀਤ ਕੌਰ ਮੌਜੂਦ ਸਨ।

# ਅਧਿਆਪਕ ਜਥੇਬੰਦੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਣਗਹਿਲੀ ਵਿਰੁੱਧ ਦਿੱਤਾ ਰੋਸ ਪੱਤਰ

**ਲੁਧਿਆਣਾ (ਸਤੀਸ਼ ਸਚਦੇਵਾ)**- ਰਾਮ ਸਿੰਘ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਇੰਦਰਾਪੁਰੀ ਬਲਾਕ ਮਾਂਗਟ-2 ਨੂੰ ਭਾਮੀਆ ਕਲਾਂ ਵਿੱਚ ਜਨਗਣਨਾ ਕਰਦੇ



ਸਮੇਂ ਅਧਰੰਗ ਦਾ ਦੌਰਾ ਪੈ ਗਿਆ ਸੀ।ਉਸ ਨੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ, ਪਰ ਕਿਸੇ ਨੇ ਗੱਲ ਨਹੀਂ ਸੁਣੀ।ਉਸ ਨੂੰ ਸਾਥੀ ਅਧਿਆਪਕਾਂ ਵੱਲੋਂ ਨੇੜੇ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਉਨ੍ਹਾਂ ਵੱਲੋਂ ਜਵਾਬ ਮਿਲਣ 'ਤੇ ਇਲਾਜ ਲਈ ਸਿਵਲ ਹਸਪਤਾਲ ਲੈ ਕੇ ਗਏ।ਸਿਵਲ ਹਸਪਤਾਲ ਦੇ ਅਧਿਕਾਰੀਆਂ ਨੇ ਅਧਰੰਗ ਦੇ ਇਲਾਜ ਦੀ ਸੁਵਿਧਾ ਨਾ ਹੋਣ ਬਾਰੇ ਕਿਹਾ।ਉਸ ਨੂੰ ਕਿਸੇ ਹੋਰ ਹਸਪਤਾਲ ਵਿੱਚ ਰੈਫ਼ਰ ਵੀ ਨਹੀਂ ਕੀਤਾ ਗਿਆ।ਇਸ ਲਈ ਉਸ ਦੇ ਅਧਿਆਪਕ ਸਾਥੀ ਨਿੱਜੀ ਕਾਰ ਵਿੱਚ ਇਲਾਜ ਲਈ 130 ਕਿੱਲੋਮੀਟਰ ਦੂਰ ਮੋਗਾ ਵਿਖੇ ਲੈ ਕੇ ਗਏ।ਹਸਪਤਾਲ ਵੱਲੋਂ ਐਂਬੂਲੈਂਸ ਦੀ ਸੁਵਿਧਾ ਨਹੀਂ ਦਿੱਤੀ ਗਈ।ਕਰਮਚਾਰੀ ਦੀ ਸੰਭਾਲ ਤੇ ਇਲਾਜ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਵਰਤੀ ਅਣਗਹਿਲੀ ਵਿੱਚ ਅਧਿਆਪਕਾਂ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਲੁਧਿਆਣਾ, 6635 ਈ. ਟੀ. ਟੀ. ਅਧਿਆਪਕ ਯੂਨੀਅਨ ਪੰਜਾਬ ਜ਼ਿਲ੍ਹਾ ਲੁਧਿਆਣਾ ਤੇ 4161 ਮਾਸਟਰ ਕੇਡਰ ਯੂਨੀਅਨ ਪੰਜਾਬ ਵੱਲੋਂ ਸਾਂਝੇ ਰੂਪ ਵਿੱਚ ਕਰਮਚਾਰੀ ਦੀ ਸੰਭਾਲ ਤੇ ਇਲਾਜ ਵਿੱਚ ਦਿਖਾਈ ਅਣਗਹਿਲੀ ਵਿਰੁੱਧ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਰੋਸ ਪੱਤਰ ਦਿੱਤਾ ਗਿਆ।ਜਥੇਬੰਦੀਆਂ ਦੇ ਆਗੂਆਂ ਰੁਪਿੰਦਰਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਐਤੀਆਣਾ ਤੇ ਪਰਮਿੰਦਰ ਸਿੰਘ ਮਲੌਦ ਨੇ ਸਰਕਾਰ ਤੋਂ ਮੰਗ ਕੀਤੀ ਕਿ ਰਾਮ ਸਿੰਘ ਦੇ ਇਲਾਜ ਦਾ ਖ਼ਰਚਾ ਸਰਕਾਰ ਵੱਲੋਂ ਦਿੱਤਾ ਜਾਵੇ।ਉਸ ਦੀ ਬਦਲੀ ਰਿਹਾਇਸ਼ ਦੇ ਨੇੜੇ ਕੀਤੀ ਜਾਵੇ, ਜਨਗਣਨਾ ਕਰ ਰਹੇ ਮੁਲਾਜ਼ਮਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ ਤੇ ਔਰਤ ਮੁਲਾਜ਼ਮਾਂ ਦੀ ਡਿਊਟੀ ਦੋ ਔਰਤਾਂ ਦੇ ਗਰੁੱਪ ਵਿੱਚ ਲਾਈ ਜਾਵੇ।

ਮੈਡਮ ਪੂਨਮ ਸਿੰਘ ਏ ਡੀ ਸੀ (ਜਨਰਲ) ਲੁਧਿਆਣਾ ਨੇ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਸਮੇਂ ਰਾਜਿੰਦਰ ਜੰਡਿਆਲੀ, ਬਲਜਿੰਦਰ ਸਿੰਘ, ਜਗਦੀਪ ਸਿੰਘ ਜੌਨੀ, ਤੇਜਿੰਦਰ ਸਿੰਘ, ਬਲਦੇਵ ਸਿੰਘ, ਪਾਸੀ ਸਿੰਘ, ਰੋਹਿਤ ਕੰਬੋਜ, ਰਜਨੀ ਰਾਣੀ, ਬੇਬੀ ਸ਼ਰਮਾ, ਅਨੁਦੀਪ ਸ਼ਰਮਾ, ਤਰਸੇਮ ਸਿੰਘ, ਸਮਰਜੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਸਨ।

# ਕੋਟਾਂ ਕਾਲਜ ਵਿਖੇ ਨਵੇਂ ਸੈਸ਼ਨ 'ਚ ਦਾਖਲੇ ਲਈ ਬੱਚਿਆਂ 'ਚ ਭਾਰੀ ਉਤਸ਼ਾਹ

**ਦੋਰਾਹਾ (ਹਰਮਿੰਦਰ ਸੇਠ)**- ਮਾਤਾ ਗੰਗਾ ਖਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਵਿਖੇ ਸੈਸ਼ਨ 2026-27 ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਇਸ ਰੁਝਾਨ ਪ੍ਰਤੀ ਸੰਤੋਸ਼ ਪ੍ਰਗਟ ਕਰਦਿਆਂ ਕਿਹਾ ਕਿ ਇਹ ਸ਼ਾਨਾਮਤੀ ਸੰਸਥਾ ਤਿੰਨ ਦਹਾਕਿਆਂ ਤੋਂ ਇਲਾਕੇ ਦੇ ਤਕਰੀਬਨ 200 ਪਿੰਡਾਂ ਵਿੱਚ ਵਿੱਦਿਆ ਦਾ ਚਾਨਣ ਵੰਡ



ਰਹੀ ਹੈ। ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਇੱਕ ਅਹਿਮ ਅਦਾਰਾ ਹੈ, ਜਿਸ ਵਿੱਚ ਬੀ. ਏ, ਬੀ.ਕਾਮ, ਬੀ.ਸੀ.ਏ. ਬੀ. ਐੱਸਸੀ ਮੈਡੀਕਲ, ਨਾਨ ਮੈਡੀਕਲ ਤੇ ਬੀ.ਐੱਸਸੀ ਫੈਸ਼ਨ ਡਿਜ਼ਾਈਨਿੰਗ ਦੇ ਨਾਲ-ਨਾਲ ਪੋਸਟ ਗ੍ਰੈਜੂਏਸ਼ਨ ਵਿੱਚ ਐੱਮ ਏ ਪੰਜਾਬੀ, ਰਾਜਨੀਤੀ ਸ਼ਾਸਤਰ, ਹਿਸਟਰੀ, ਇਕਨਾਮਿਕਸ, ਐੱਮ. ਕਾਮ ਤੇ ਪੀ.ਜੀ.ਡੀ.ਸੀ.ਏ. ਦੇ ਕੋਰਸ ਮੁਹੱਈਆ ਕਰਵਾਏ ਜਾ ਰਹੇ ਹਨ।ਵਿੱਦਿਅਕ ਖੇਤਰ ਵਿੱਚ ਕਾਲਜ ਦੇ ਵਿਦਿਆਰਥੀ ਯੂਨੀਵਰਸਿਟੀ ਪੱਧਰ 'ਤੇ ਪੁਜ਼ੀਸ਼ਨਾਂ ਹਾਸਲ ਕਰਦੇ ਆ ਰਹੇ ਹਨ। ਨੈਤਿਕ ਤੇ ਧਾਰਮਿਕ ਸਿੱਖਿਆ ਦੀ ਅਹਿਮੀਅਤ ਨੂੰ ਪਛਾਣਦਿਆਂ ਵਿਦਿਆਰਥੀਆਂ ਨੂੰ ਧਾਰਮਿਕ ਸਿੱਖਿਆ ਦੇ ਸਰਟੀਫਿਕੇਟ ਕੋਰਸ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ।ਪ੍ਰਿੰਸੀਪਲ ਨੇ ਕਾਲਜ ਬਾਰੇ ਸਮੁੱਚੀ ਜਾਣਕਾਰੀ ਸਾਂਝੀ ਕਰਦਿਆਂ ਆਪਣੇ ਤਜਰਬੇਕਾਰ ਤੇ ਯੋਗ ਸਟਾਫ਼ ਦੀ ਅਣਥੱਕ ਮਿਹਨਤ 'ਤੇ ਭਰੋਸਾ ਜਤਾਉਂਦਿਆਂ ਕਿਹਾ ਕਿ ਸਮੂਹ ਸਟਾਫ਼ ਦੇ ਸਾਂਝੇ ਉੱਦਮਾਂ ਨਾਲ ਕਾਲਜ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

# ਡਾਕਟਰਾਂ ਨਵਜੰਮੇ ਦੀ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਅਸਧਾਰਨ ਸਰਜਰੀ ਕਰਕੇ ਬਚਾਈ ਜਾਨ : ਡਾ. ਬਲਬੀਰ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਇੱਕ ਸ਼ਾਨਦਾਰ ਪ੍ਰਾਪਤੀ ਕਰਦਿਆਂ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬੱਚਾ ਸਰਜਰੀ ਵਿਭਾਗ ਨੇ ਇੱਕ ਗੰਭੀਰ ਜਮਾਂਦਰੂ ਵਿਗਾੜ ਨਾਲ ਪੈਦਾ ਹੋਈ ਇੱਕ ਦਿਨ ਦੀ ਬੱਚੀ ਦੀ ਸਫਲਤਾਪੂਰਵਕ ਜਾਨ ਬਚਾਈ ਹੈ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਬੱਚੀ ਦਾ ਸਾਰਾ ਇਲਾਜ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਮੁਫ਼ਤ ਕੀਤਾ ਗਿਆ ਹੈ। ਇੱਥੇ ਪ੍ਰੈੱਸ ਕਾਨਫਰੰਸ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਆਈ ਸਿਹਤ ਕਰਾਂਤੀ ਨਾਲ ਰਾਜ ਦੇ ਸਰਕਾਰੀ ਹਸਪਤਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਮੁਫ਼ਤ ਤੇ ਨਿੱਜੀ ਹਸਪਤਾਲਾਂ ਦੇ ਮੁਕਾਬਲੇ ਬਿਹਤਰ ਇਲਾਜ ਪ੍ਰਦਾਨ ਕਰ ਰਹੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸਫ਼ਲ ਸਰਜਰੀ ਰਾਜਿੰਦਰਾ ਹਸਪਤਾਲ ਵਿਖੇ ਗੁੰਝਲਦਾਰ ਨਵਜੰਮੇ ਸਰਜੀਕਲ ਐਮਰਜੈਂਸੀ ਹਾਲਾਤ ਸੰਭਾਲਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਬਹੁ-ਅਨੁਸ਼ਾਸਨੀ ਟੀਮ ਦੀ



ਮੁਹਾਰਤ ਤੇ ਸਮਰਪਣ ਨੂੰ ਉਜਾਗਰ ਕਰਦੀ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਬੱਚਾ ਸਰਜਰੀ ਵਿਭਾਗ ਦੇ ਡਾਕਟਰ ਰਵੀ ਗਰਗ ਤੇ ਉਨ੍ਹਾਂ ਦੀ ਟੀਮ ਮੈਂਬਰ ਡਾ. ਤੇਗ ਰਬਾਬ ਸਿੰਘ, ਸੁਕ੍ਰਿਤ ਸਿੰਘ ਸਾਹ ਸਮੇਤ ਐਨਸੀਥੀਸੀਆ ਦੇ ਮੁਖੀ ਡਾ. ਪ੍ਰਮੋਦ ਕੁਮਾਰ, ਡਾ. ਤ੍ਰਿਪਤ ਕੌਰ ਬਿੰਦਰਾ ਤੇ ਡਾ. ਸੁਮੀਤ ਸੋਨੀ ਅਧਾਰਤ ਟੀਮ ਨੇ ਇਸ ਬੱਚੀ ਦੀ ਸਫ਼ਲ ਸਰਜਰੀ ਕੀਤੀ।ਡਾ. ਰਵੀ ਗਰਗ ਨੇ ਇਸ ਬੱਚੀ ਦਾ ਆਪ੍ਰੇਸ਼ਨ ਕਰਕੇ ਭੋਜਨ ਨਾਲੀ ਦਾ ਇੱਕ ਹਿੱਸਾ ਗਲੇ ਵਿੱਚ ਖੋਲ੍ਹਿਆ ਤਾਂ ਜੋ ਲਾਰ ਉੱਥੋਂ ਨਿਕਲ ਸਕੇ ਤੇ ਇੱਕ ਨਾਲੀ ਉਸ ਦੇ ਪੇਟ ਵਿੱਚ ਪਾਈ ਗਈ, ਜਿਸ ਵਿੱਚ ਬੱਚੇ ਨੂੰ ਦੁੱਧ ਦਿੱਤਾ ਜਾ ਸਕੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਆਪ੍ਰੇਸ਼ਨ ਤੋਂ ਬਾਅਦ ਇਹ ਬੱਚੀ 26 ਦਿਨ ਨਿੱਕੂ ਸਹੂਲਤ ਆਈਸੀਯੂ ਵਿੱਚ ਭਰਤੀ ਰਹੀ ।ਉਨ੍ਹਾਂ ਕਿਹਾ ਕਿ ਅਜਿਹਾ ਆਪ੍ਰੇਸ਼ਨ ਪਟਿਆਲਾ ਤੋਂ ਇਲਾਵਾ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਵਿਖੇ ਹੀ ਕੀਤਾ ਜਾਂਦਾ ਹੈ, ਜਦਕਿ ਪ੍ਰਾਈਵੇਟ ਸੈਕਟਰ ਵਿੱਚ ਇਸ ਆਪ੍ਰੇਸ਼ਨ ਸਮੇਤ ਐਨੇ ਦਿਨ ਨਿੱਕੂ ਵਿੱਚ ਦਾਖਲ ਹੋਣ ਦਾ ਖਰਚਾ ਘੱਟੋ-ਘੱਟ 12 ਤੋਂ 15 ਲੱਖ ਰੁਪਏ ਹੁੰਦਾ ਹੈ, ਪਰ ਇਸ ਬੱਚੀ ਦਾ ਇਹ ਆਪ੍ਰੇਸ਼ਨ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਬਿਲਕੁਲ ਮੁਫ਼ਤ ਕੀਤਾ ਗਿਆ ਹੈ।ਬੱਚੀ ਦੇ ਮਾਪਿਆਂ ਨੇ ਹੰਝੂ ਭਰੀਆਂ ਅੱਖਾਂ ਨਾਲ ਪੰਜਾਬ ਸਰਕਾਰ, ਸਿਹਤ ਮੰਤਰੀ ਤੇ ਡਾਕਟਰਾਂ ਦਾ ਧੰਨਵਾਦ ਕੀਤਾ ਹੈ।ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਤੇ ਹੋਰ ਡਾਕਟਰ ਮੌਜੂਦ ਸਨ।

# ਵਾਰਡ ਨੰਬਰ 15 ਤੋਂ ਕਾਂਗਰਸ ਦੀ ਡਿੰਪੀ ਰਾਣੀ ਚੋਣ ਪ੍ਰਚਾਰ 'ਚ ਸਭ ਤੋਂ ਅੱਗੇ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਨਗਰ ਕੌਂਸਲ ਸਮਾਣਾ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ।ਵਾਰਡ ਨੰਬਰ 15 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਡਿੰਪੀ ਰਾਣੀ ਪਤਨੀ ਸੰਜੀਵ ਕੁਮਾਰ ਉਰਫ ਸੰਜੇ ਥਰੇਜਾ ਆਪਣੇ ਹਲਕੇ ਵਿੱਚ ਤੂਫ਼ਾਨੀ ਚੋਣ ਪ੍ਰਚਾਰ ਕਰਕੇ ਆਪਣੇ ਵਿਰੋਧੀ ਉਮੀਦਵਾਰਾਂ ਤੋਂ ਬਹੁਤ ਅੱਗੇ ਨਿਕਲ ਚੁੱਕੇ



ਹਨ।ਵਾਰਡ ਦੇ ਲੋਕਾਂ ਵੱਲੋਂ ਡਿੰਪੀ ਰਾਣੀ ਨੂੰ ਭਰਵਾਂ ਸਮਰਥਨ ਦਿੱਤਾ ਜਾ ਰਿਹਾ ਹੈ। ਚੋਣ ਮੁਹਿੰਮ ਦੌਰਾਨ ਜਾਣਕਾਰੀ ਦਿੰਦਿਆਂ ਉਮੀਦਵਾਰ ਡਿੰਪੀ ਰਾਣੀ ਦੇ ਪਤੀ ਤੇ ਪ੍ਰਮੁੱਖ ਆਗੂ ਸੰਜੀਵ ਕੁਮਾਰ ਉਰਫ਼ ਸੰਜੇ ਥਰੇਜਾ ਨੇ ਦੱਸਿਆ ਕਿ ਵਾਰਡ ਨੰਬਰ 15 ਦੇ ਵਾਸੀ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਵਾਰਡ ਦੀ ਪ੍ਰਮੁੱਖ ਕਲੋਨੀ ਗਰੀਨ ਟਾਊਨ ਦੇ ਪ੍ਰਧਾਨ ਹਰਿੰਦਰ ਭਟੇਜਾ, ਬੰਸੀ ਲਾਲ ਕਰਿਆਨੇ ਵਾਲਾ, ਧਰਮਪਾਲ ਸਚਦੇਵਾ, ਆਸ਼ਾ ਨੰਦ ਤੁਲਾਨੀ, ਭੀਮ ਸੈਨ ਦੁਆ, ਸੰਜੇ ਅਰੋੜਾ ਤੇ ਹੋਰ ਸਥਾਨਕ ਮੋਹਤਬਰ ਵਿਅਕਤੀ ਦਿਨ-ਰਾਤ ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਜੁਟੇ ਹੋਏ ਹਨ। ?ਵਾਰਡ ਵਾਸੀਆਂ ਦੇ ਉਤਸ਼ਾਹ ਨੂੰ ਦੇਖਦਿਆਂ ਇਹ ਸਾਫ਼ ਹੈ ਕਿ ਕਾਂਗਰਸ ਉਮੀਦਵਾਰ ਡਿੰਪੀ ਰਾਣੀ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਬਹੁਤ ਵੱਡੇ ਫਰਕ ਨਾਲ ਹਰਾ ਕੇ ਇਤਿਹਾਸਕ ਜਿੱਤ ਪ੍ਰਾਪਤ ਕਰਨਗੇ। ਇਸ ਚੋਣ ਪ੍ਰਚਾਰ ਤੇ ਮੀਟਿੰਗਾਂ ਦੌਰਾਨ ਰਜਿੰਦਰ ਥਰੇਜਾ, ਅਨਿਲ ਥਰੇਜਾ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਨੰਬਰ 15 ਦੇ ਪਤਵੰਤੇ ਸੱਜਣ ਤੇ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਡਿੰਪੀ ਰਾਣੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦਾ ਅਹਿਦ ਲਿਆ।

# ਭਾਸ਼ਾ ਵਿਭਾਗ ਦੇਵੇਗਾ 'ਮੇਲ ਖਾਂਦੀ ਰਾਸ਼ੀ' ਤਹਿਤ ਮੁਫ਼ਤ ਪੁਸਤਕਾਂ

**ਮਾਨਸਾ (ਆਤਮਾ ਸਿੰਘ ਪਮਾਰ)** : ਪੰਜਾਬ ਸਰਕਾਰ ਵੱਲੋਂ ਸੂਬੇ 'ਚ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਤੇ ਪਾਠਕਾਂ ਨੂੰ ਕਿਤਾਬਾਂ ਨਾਲ ਜੋੜਨ ਲਈ ਇੱਕ ਅਹਿਮ ਫੈਸਲਾ ਲਿਆ ਗਿਆ ਹੈ। ਇਸ ਯੋਜਨਾ ਤਹਿਤ ਸੂਬੇ ਦੀਆਂ ਪੇਂਡੂ ਲਾਇਬ੍ਰੇਰੀਆਂ ਤੇ ਵਿੱਦਿਅਕ ਸੰਸਥਾਵਾਂ ਨੂੰ ਮੇਲ ਖਾਂਦੀ ਰਾਸ਼ੀ (ਮੈਚਿੰਗ ਗ੍ਰਾਂਟ) ਦੇ ਰੂਪ 'ਚ ਪੁਸਤਕਾਂ ਪ੍ਰਦਾਨ ਕੀਤੀਆਂ ਜਾਣਗੀਆਂ।ਇਸ ਸਮੁੱਚੇ ਕਾਰਜ ਦੀ ਜ਼ਿੰਮੇਵਾਰੀ ਭਾਸ਼ਾ ਵਿਭਾਗ ਪੰਜਾਬ ਨੂੰ ਸੌਂਪੀ ਗਈ ਹੈ। ਡਾਇਰੈਕਟਰ ਭਾਸ਼ਾਵਾਂ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਮੁੱਖ ਉਦੇਸ਼ ਲਾਇਬ੍ਰੇਰੀਆਂ ਦੇ ਘੇਰੇ ਨੂੰ ਵਿਸ਼ਾਲ ਕਰਨਾ ਹੈ।ਨਿਯਮਾਂ ਅਨੁਸਾਰ ਜੇਕਰ ਕੋਈ ਪੇਂਡੂ ਲਾਇਬ੍ਰੇਰੀ, ਸਕੂਲ ਜਾਂ ਕਾਲਜ ਭਾਸ਼ਾ ਵਿਭਾਗ ਤੋਂ ਪੁਸਤਕਾਂ ਖਰੀਦਦਾ ਹੈ, ਤਾਂ ਉਨੇ ਹੀ ਮੁੱਲ ਦੀਆਂ ਵਾਧੂ ਪੁਸਤਕਾਂ ਵਿਭਾਗ ਵੱਲੋਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ।ਉਦਾਹਰਣ ਵਜੋਂ, ਜੇਕਰ ਕੋਈ ਸੰਸਥਾ 5000 ਰੁਪਏ ਦੀਆਂ ਪੁਸਤਕਾਂ ਖਰੀਦਦੀ ਹੈ, ਤਾਂ ਉਸ ਨੂੰ ਕੁੱਲ 10,000 ਰੁਪਏ ਦੀਆਂ ਪੁਸਤਕਾਂ ਪ੍ਰਾਪਤ ਹੋਣਗੀਆਂ। ਪੁਸਤਕਾਂ ਪ੍ਰਾਪਤ ਕਰਨ ਦੀ ਪ੍ਰਕਿਰਿਆ ਬਾਰੇ ਵਿਭਾਗ ਦੇ ਸਹਾਇਕ ਨਿਰਦੇਸ਼ਕ (ਸੇਲ) ਤੇਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਇਹ ਪੁਸਤਕਾਂ ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ ਦੇ ਨਾਲ-ਨਾਲ ਜ਼ਿਲ੍ਹਾ ਦਫ਼ਤਰਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।ਪੁਸਤਕਾਂ ਲੈਣ ਲਈ ਪੇਂਡੂ ਲਾਇਬ੍ਰੇਰੀਆਂ ਲਈ ਲਾਇਬਰੇਰੀ ਦੇ ਲੈਟਰ ਪੈਡ 'ਤੇ ਬਿਨੈ-ਪੱਤਰ ਜਾਂ ਪਿੰਡ ਦੇ ਸਰਪੰਚ ਵੱਲੋਂ ਤਸਦੀਕਸ਼ੁਦਾ ਪੱਤਰ ਤੇ ਵਿੱਦਿਅਕ ਸੰਸਥਾਵਾਂ ਲਈ ਸਕੂਲ ਜਾਂ ਕਾਲਜ ਦੇ ਮੁਖੀ ਵੱਲੋਂ ਲਿਖਿਆ ਅਧਿਕਾਰਤ ਬਿਨੈ-ਪੱਤਰ ਲੋੜੀਂਦਾ ਹੈ।ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਤੇ ਖੋਜ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਗ੍ਰਾਂਟ ਦਾ ਲਾਭ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਦਿੱਤਾ ਜਾਵੇਗਾ।

# ਪੰਜਾਬ ਦੇ ਬਿਜਲੀ ਪ੍ਰਬੰਧਾਂ ਦਾ ਬੁਰਾ ਹਾਲ : ਅਲਾਰਮ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ)**- ਪੰਜਾਬ ਦੇ ਬਿਜਲੀ ਪ੍ਰਬੰਧਾਂ ਦਾ ਬੁਰਾ ਹਾਲ।ਇਸ ਗੱਲ ਦਾ ਪ੍ਰਗਟਾਵਾ ਕਰਦੇ ਹੋਏ ਬਸਪਾ ਦੇ ਜ਼ਿਲ੍ਹਾ ਇੰਚਾਰਜ ਸ੍ਰੀ ਜਗਦੇਵ ਅਲਾਰਮ ਨੇ ਕਿਹਾ ਕਿ ਇੱਕ ਪਾਸੇ ਤਾਂ ਭਗਵੰਤ ਮਾਨ ਸਰਕਾਰ ਵੱਡੇ ਵੱਡੇ ਫਲੈਕਸ ਲੁਆ ਕੇ ਬਿਜਲੀ ਮੁਫਤ ਦੇਣ ਦੇ ਦਾਅਵੇ ਠੋਕ ਰਹੀ ਹੈ ਤੇ ਦੂਜੇ ਪਾਸੇ ਬਿਜਲੀ ਖਰਾਬ ਹੋਣ 'ਤੇ ਬਿਜਲੀ ਵਿਭਾਗ ਵੱਲੋਂ ਕੋਈ ਸੁਣਵਾਈ ਨਹੀਂ ਹੋ ਰਹੀ, ਜਿਸ ਦੀ ਤਾਜ਼ਾ ਮਿਸਾਲ ਡਾਕਟਰ ਬੀ ਆਰ ਅੰਬੇਡਕਰ ਮਾਰਗ ਨੇੜੇ ਸ੍ਰੀ ਗੁਰੂ ਰਵਿਦਾਸ ਮੰਦਰ, ਗਲੀ ਦਰਵਾਜ਼ੇ ਵਾਲੀ ਵਿਖੇ ਲਗਭਗ ਰਾਤ 12:00 ਵਜੇ ਤੋਂ ਅੱਧੇ ਘਰਾਂ ਦੀ ਬਿਜਲੀ ਬੰਦ ਹੈ, 1912 ਉੱਪਰ ਸ਼ਿਕਾਇਤ ਦਰਜ ਕਰਵਾਉਣ 'ਤੇ ਵੀ ਕੋਈ ਸੁਣਵਾਈ ਨਹੀਂ ਹੁੰਦੀ ਤੇ ਲੋਕਲ ਨੰਬਰ 9646115028 'ਤੇ ਗੱਲ ਕਰਨ 'ਤੇ ਮੌਜੂਦ ਅਧਿਕਾਰੀ ਵੱਲੋਂ ਸਟਾਫ ਦੀ ਘਾਟ ਦੱਸ ਕੇ ਟਾਲ ਦਿੱਤਾ ਜਾਂਦਾ ਹੈ।ਗਲੀ ਦਰਵਾਜ਼ੇ ਵਾਲੀ ਵਿਖੇ ਬਿਜਲੀ ਖਰਾਬ ਦਾ ਇਹ ਸਿਲਸਲਾ ਲਗਭਗ ਦੂਜੇ, ਤੀਜੇ ਦਿਨ ਇਸੇ ਤਰ੍ਹਾਂ ਬਰਕਰਾਰ ਰਹਿੰਦਾ ਹੈ, ਆਖਿਰ ਮੁਹੱਲਾ ਨਿਵਾਸੀਆਂ ਵੱਲੋਂ ਪੈਸੇ ਇਕੱਠੇ ਕਰਕੇ ਕਿਸੇ ਪ੍ਰਾਈਵੇਟ ਬੰਦੇ ਤੋਂ ਬਿਜਲੀ ਠੀਕ ਕਰਵਾਈ



ਜਾਂਦੀ ਹੈ।ਇਸ ਗੱਲ 'ਤੇ ਰੋਸ ਪ੍ਰਗਟ ਕਰਦੇ ਹੋਏ ਮੁਹੱਲਾ ਨਿਵਾਸੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਮੱਸਿਆ ਤੋਂ ਨਿਜਾਤ ਦੁਆਈ ਜਾਵੇ।

ਇਸ ਮੌਕੇ ਗੇਜਾ ਸਿੰਘ, ਮੋਹਿਤ ਕੁਮਾਰ, ਹਰਪ੍ਰੀਤ ਸਿੰਘ, ਪਰੇਮ ਕੁਮਾਰ, ਵੀਨਾ ਰਾਣੀ, ਕੁਲਵਿੰਦਰ ਕੌਰ, ਸੋਨੀ, ਨਿੱਕਾ, ਸੰਤਰੋ ਰਾਣੀ, ਜਸਵੀਰ ਕੌਰ, ਬੰਟੀ, ਦੀਪ ਚੰਦ, ਪੁਸ਼ਪਾ ਰਾਣੀ, ਬਿੱਲੋ ਰਾਣੀ, ਮੂਰਤੀ ਦੇਵੀ, ਸੋਮਾ ਰਾਣੀ, ਤਾਰਾ ਰਾਣੀ, ਸੰਤੋਸ਼ ਰਾਣੀ, ਛਿੰਦਰ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਤੀਰਥ ਯਾਤਰਾ ਸ਼ਰਧਾਲੂਆਂ ਲਈ ਵਰਦਾਨ-ਕੋਹਲੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਵੱਲੋਂ ਪਟਿਆਲਾ ਦੇ ਵਾਰਡ ਨੰਬਰ 39 ਤੋਂ ਸ਼ੀਸ਼ ਮਹਿਲ ਕਲੋਨੀ ਦੇ ਸ਼ਰਧਾਲੂਆਂ ਨੂੰ ਪਵਿੱਤਰ ਧਰਤੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ ਗਈ।ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਇਸ ਮੌਕੇ ਸੰਗਤ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਸੁਖਮਈ ਤੇ ਸੁਰੱਖਿਅਤ ਯਾਤਰਾ ਲਈ ਅਰਦਾਸ ਕੀਤੀ।ਉਨ੍ਹਾ ਦੱਸਿਆ ਕਿ ਇਹ ਯਾਤਰੀ ਅੰਮ੍ਰਿਤਸਰ ਵਿਖੇ ਸਥਿਤ ਸੱਚਖੰਡ



ਸ੍ਰੀ ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਣਗੇ।ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਯਾਤਰਾ ਸਿਰਫ ਧਾਰਮਿਕ ਹੀ ਨਹੀਂ, ਸਗੋਂ ਸਮਾਜਿਕ ਏਕਤਾ ਤੇ ਸਾਂਝੇਪਣ ਦੀ ਮਜ਼ਬੂਤੀ ਦਾ ਪ੍ਰਤੀਕ ਵੀ ਹੈ।ਇਸ ਮੌਕੇ ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯੋਜਨਾ ਨਾਲ ਇਲਾਕੇ ਦੇ ਲੋਕਾਂ ਵਿੱਚ ਕਾਫੀ ਖੁਸ਼ੀ ਹੈ ਤੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਘਰ-ਘਰ ਤੱਕ ਪਹੁੰਚਾਇਆ ਜਾ ਰਿਹਾ ਹੈ।ਇਸ ਮੌਕੇ ਵਾਰਡ ਨੂੰ 39 ਤੋਂ ਇੰਚਾਰਜ ਜਯੋਤੀ, ਹਰਵਿੰਦਰਪਾਲ ਸਿੰਘ ਵਿੰਟੀ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਕੈਨੇਡਾ ਦਾ ਸੁਪਰ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਆਪਣੀ ਕਾਮਯਾਬੀ ਦੀ ਲੜੀ ਨੂੰ ਜਾਰੀ ਰੱਖਦਿਆਂ ਸਤਵਿੰਦਰ ਕੌਰ ਵਾਸੀ ਮੋਗਾ ਦਾ ਕੈਨੇਡਾ ਦਾ ਸੁਪਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ।ਸਤਵਿੰਦਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਸੁਪਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾਂ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

# ਨਗਰ ਕੌਂਸਲ ਦੀ ਹਦੂਦ ਅੰਦਰ 26 ਨੂੰ ਠੇਕੇ ਤੇ ਅਹਾਤੇ ਬੰਦ ਰਹਿਣਗੇ

**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ, ਜਸਵੰਤ ਗਿੱਲ)**- ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਦੀਆਂ ਚੋਣਾਂ 26 ਮਈ 2026 ਨੂੰ ਕਰਵਾਈਆਂ ਜਾ ਰਹੀਆਂ ਹਨ।ਇਨ੍ਹਾਂ ਚੋਣਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸ੍ਰੀ ਡੈਵੀ ਗੋਇਲ, ਆਈ.ਏ.ਐੱਸ. ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆ ਨਗਰ ਕੌਂਸਲਾਂ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਦੀ ਹਦੂਦ ਅੰਦਰ 26 ਮਈ 2026 ਨੂੰ ਸਵੇਰੇ 8.00 ਵਜੇ ਤੋਂ ਲੈ ਕੇ ਵੋਟ ਪੋਲਿੰਗ ਸਮਾਂ ਖਤਮ ਹੋਣ ਤੱਕ ਡਰਾਈ ਡੇ ਘੋਸ਼ਿਤ ਕਰਨ ਦੇ ਹੁਕਮ ਜਾਰੀ ਕੀਤੇ ਹਨ।ਹੁਕਮਾਂ ਅਨੁਸਾਰ ਇਸ ਦਿਨ ਅੰਗਰੇਜ਼ੀ ਤੇ ਦੇਸੀ ਸ਼ਰਾਬ, ਸਪਿਰਟ, ਅਲਕੋਹਲ ਜਾਂ ਕੋਈ ਹੋਰ ਵਸਤੂ, ਜਿਸ ਨਾਲ ਕਿ ਸ਼ਰਾਬ ਵਰਗਾ ਨਸ਼ਾ ਹੁੰਦਾ ਹੋਵੇ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ, ਜਮ੍ਹਾਂਖੋਰੀ, ਵੰਡ ਜਾਂ ਸ਼ਰਾਬ ਪਿਲਾਉਣ ਵਾਲੇ ਹੋਟਲਾਂ, ਢਾਬਿਆਂ, ਅਹਾਤਿਆਂ, ਰੈਸਟੋਰੈਂਟਾਂ, ਬੀਅਰ ਬਾਰ, ਕਲੱਬ ਜਾਂ ਕੋਈ ਹੋਰ ਜਨਤਕ ਥਾਵਾਂ 'ਤੇ ਇਸ ਦਿਨ ਵੇਚਣ ਤੇ ਸਰਵ ਕਰਨ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਇਹ ਹੁਕਮ 26 ਮਈ 2026 ਨੂੰ ਲਾਗੂ ਰਹਿਣਗੇ।

# ਸਿਹਤ ਕਾਮਿਆਂ ਵੱਲੋਂ 4 ਨੂੰ ਡਾਇਰੈਕਟਰ ਸਿਹਤ ਸੇਵਾਵਾਂ ਦਫ਼ਤਰ ਅੱਗੇ ਧਰਨੇ ਦਾ ਐਲਾਨ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**- ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਅਗਵਾਈ ਹੇਠ ਕੇਡਰ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਨਾ ਮੰਨਣ ਦੇ ਰੋਸ ਵਜੋਂ ਸੂਬਾ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ, ਜਿਸ ਬਾਰੇ ਅੱਜ ਜ਼ਿਲ੍ਹਾ ਇਕਾਈ ਸੰਗਰੂਰ ਵੱਲੋਂ ਡਾਕਟਰ ਅਮਰਜੀਤ ਕੌਰ ਸਿਵਲ ਸਰਜਨ ਸੰਗਰੂਰ ਰਾਹੀਂ ਮੰਗ ਪੱਤਰ ਭੇਜਿਆ ਗਿਆ ਹੈ।



ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਰਣਧੀਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਪਿਛਲੇ ਲੰਬੇ ਸਮੇਂ ਤੋਂ ਕੇਡਰ ਦੀਆਂ ਹੱਕੀ ਮੰਗਾਂ ਸੰਬੰਧੀ ਕੇਡਰ ਦੇ ਨਾਮ ਬਦਲੀ, ਫਿਕਸ ਟਰੈਬਲ ਅਲਾਊਂਸ, ਵਰਦੀ ਭੱਤਾ, ਡਾਈਟ ਭੱਤਾ ਲਗਾਉਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੋਰਟ ਦੇ ਫੈਸਲੇ ਨੂੰ ਇਸ ਤੋਂ ਪ੍ਰਭਾਵਿਤ ਸਭ 'ਤੇ ਪੰਜਾਬ ਸਕੇਲ ਲਾਗੂ ਕਰਨ, ਨਵ-ਨਿਯੁਕਤ ਸਿਹਤ ਕਾਮਿਆਂ ਦਾ ਪਰਖ ਕਾਲ ਸਮਾਂ ਘਟਾਉਣ, ਮਾਨਯੋਗ ਹਾਈਕੋਰਟ ਦੇ ਫੈਸਲੇ ਨੂੰ ਜਰਨਾਲਾਈਜ਼ ਕਰਕੇ ਤਨਖਾਹ ਸਕੇਲ ਸੋਧਣ ਸਮੇਤ ਕਈ ਹੋਰ ਮੰਗਾਂ ਲਈ ਸਿਹਤ ਮੰਤਰੀ ਪੰਜਾਬ, ਮੁੱਖ ਮੰਤਰੀ ਪੰਜਾਬ ਦੇ ਓ ਐੱਸ ਡੀ ਤੇ ਸਿਹਤ ਡਾਇਰੈਕਟਰ ਪੰਜਾਬ ਨਾਲ ਕਈ ਵਾਰ ਮੀਟਿੰਗਾਂ ਕਰ ਚੁੱਕੀ ਹੈ, ਪਰ ਵਾਰ ਵਾਰ ਇਨ੍ਹਾਂ ਮੰਗਾਂ 'ਤੇ ਸਹਿਮਤੀ ਪ੍ਰਗਟਾਉਂਦੇ ਹੋਏ ਫਿਰ ਮੰਗਾਂ ਨੂੰ ਲਟਕਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜਥੇਬੰਦੀ ਹੁਣ ਵੱਡੇ ਸੰਘਰਸ਼ ਦੇ ਰੋਹ ਵਿੱਚ ਹੈ ਤੇ ਪੰਜਾਬ ਦੀ ਸਟੇਟ ਕਮੇਟੀ ਦੀ ਮੀਟਿੰਗ ਵਿੱਚ ਲਏ ਫੈਸਲੇ ਤਹਿਤ ਜ਼ਿਲ੍ਹੇ ਦੇ ਸਿਵਲ ਸਰਜਨ ਰਾਹੀਂ ਮੰਗ ਪੱਤਰ ਭੇਜੇ ਜਾਣਗੇ ਤੇ ਉਸ ਤੋਂ ਬਾਅਦ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 4 ਜੂਨ ਨੂੰ ਡਾਇਰੈਕਟਰ ਸਿਹਤ ਸੇਵਾਵਾਂ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਫਤਰ ਅੱਗੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ।ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਪ੍ਰਧਾਨ ਬਲਾਕ ਸ਼ੇਰਪੁਰ ਨੀਰਜ ਕੁਮਾਰ ਦਫਤਰ ਸਕੱਤਰ ਪੰਜਾਬ , ਅਮਰੀਕ ਸਿੰਘ, ਗੁਰਵਿੰਦਰ ਸਿੰਘ ਹਰਜੀਤ ਸਿੰਘ ਸ਼ੇਰਪੁਰ, ਹਰਭਜਨ ਸਿੰਘ ਬਲਾਕ ਪ੍ਰਧਾਨ ਕੌਹਰੀਆਂ ਜਰਨੈਲ ਸਿੰਘ, ਜਸਵਿੰਦਰ ਸਿੰਘ, ਬਲਦੇਵ ਸਿੰਘ ਬਲਾਕ ਪ੍ਰਧਾਨ ਭਵਾਨੀਗੜ੍ਹ, ਨਵਦੀਪ ਸਿੰਘ ਜ਼ਿਲ੍ਹਾ ਸਕੱਤਰ, ਦਲਜੀਤ ਸਿੰਘ, ਰਣਜੀਤ ਸਿੰਘ, ਵਿਪਨ ਕੁਮਾਰ, ਸਮਸ਼ੇਰ ਸਿੰਘ ਬਲਾਕ ਪ੍ਰਧਾਨ ਮੂਨਕ ਆਦਿ ਹਾਜ਼ਰ ਸਨ।

# ਅਜ਼ਾਦ ਉਮੀਦਵਾਰ ਤਰਸੇਮ ਸਚਦੇਵਾ ਦੀ ਚੋਣ ਮੁਹਿੰਮ ਸਿਖਰਾਂ 'ਤੇ

**ਕੋਟ ਈਸੇ ਖਾਂ (ਅਰੋੜਾ)**- ਜਿਉਂ ਜਿਉਂ ਨਗਰ ਪੰਚਾਇਤ ਦੀਆਂ ਚੋਣਾਂ ਦੀ ਤਾਰੀਖ ਨੇੜੇ ਆ ਰਹੀ ਹੈ, ਤਿਉਂ ਤਿਉਂ ਵੱਖ-ਵੱਖ ਉਮੀਦਵਾਰਾਂ ਵੱਲੋਂ ਆਪਣਾ ਚੋਣ ਪ੍ਰਚਾਰ ਤੇਜ਼ ਕੀਤਾ ਜਾ ਰਿਹਾ ਹੈ।ਇਸੇ ਤਰ੍ਹਾਂ ਇੱਕ ਨਵੀਂ ਸੋਚ-ਨਵੀਂ ਉਮੀਦ ਨਾਲ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵਾਰਡ ਨੰ. 10 ਤੋਂ ਅਜ਼ਾਦ ਉਮੀਦਵਾਰ ਤਰਸੇਮ ਸਚਦੇਵਾ (ਲੱਡੂ) ਜੋ ਕਿ ਚੋਣ ਮੈਦਾਨ ਵਿੱਚ ਹਨ ਤੇ ਆਪਣਾ ਚੋਣ ਪ੍ਰਚਾਰ ਕਰ ਰਹੇ ਹਨ, ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਅਜ਼ਾਦ ਉਮੀਦਵਾਰ ਤਰਸੇਮ ਸਚਦੇਵਾ ਨੇ ਕਿਹਾ ਕਿ ਜੇਕਰ ਵਾਰਡ ਵਾਸੀ ਸਾਨੂੰ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ ਤੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਨਾਲ ਖੜ੍ਹਨਗੇ।ਉਨ੍ਹਾ ਕਿਹਾ ਕਿ ਉਹ ਵੱਖ-ਵੱਖ ਸਰਕਾਰੀ ਸਕੀਮਾਂ ਦੇ ਕੈਂਪ ਲਗਾਉਣਗੇ, ਜਿਸ ਵਿੱਚ ਵਾਰਡ ਵਾਸੀਆਂ ਦੇ ਕੰਮ ਕਰਵਾਏ ਜਾਣਗੇ, ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਅਉਣ ਦਿੱਤੀ ਜਾਵੇਗੀ, ਬਿਨਾਂ ਕਿਸੇ ਪਾਰਟੀਬਾਜ਼ੀ ਜਾਂ ਭੇਦਭਾਵ ਤੋਂ ਵਾਰਡ ਦਾ ਵਿਕਾਸ ਕਰਵਾਇਆ ਜਾਵੇਗਾ ਤੇ ਹੋਰ ਜੋ ਵੀ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਹਨ, ਲੋਕਾਂ ਤੱਕ ਪਹੁੰਚਾਈਆ ਜਾਣਗੀਆਂ।ਜ਼ਿਕਰਯੋਗ ਹੈ ਕਿ ਤਰਸੇਮ ਸਚਦੇਵਾ ਇੱਕ ਪੜ੍ਹੇ ਲਿਖੇ, ਸੁਝਵਾਨ ਨੌਜਵਾਨ ਹਨ, ਜੋ ਅਜ਼ਾਦ ਉਮੀਦਵਾਰ ਵਜੋਂ ਚੋਣਾਂ ਲੜ ਰਹੇ ਹਨ।ਉਨ੍ਹਾ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ 26 ਮਈ ਨੂੰ ਉਹ ਅਜ਼ਾਦ ਉਮੀਦਵਾਰ ਤਰਸੇਮ ਸਚਦੇਵਾ, ਜਿਨ੍ਹਾਂ ਦਾ ਚੋਣ ਨਿਸ਼ਾਨ ਸਿਲਾਈ ਮਸ਼ੀਨ ਹੈ, ਨੂੰ ਆਪਣੀ ਕੀਮਤੀ ਵੋਟ ਪਾ ਕੇ ਜਿਤਾਓ ਤੇ ਵਾਰਡ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।



## 'ਆਪ' ਉਮੀਦਵਾਰ ਦਵਿੰਦਰ ਸਿੰਘ ਰਾਜਾ ਦੇ ਹੱਕ 'ਚ ਡੋਰ-ਟੂ-ਡੋਰ ਚੋਣ ਪ੍ਰਚਾਰ

**ਦੋਰਾਹਾ (ਹਰਮਿੰਦਰ ਸੇਠ)**- ਹਲਕਾ ਪਾਇਲ ਦੇ ਵਿਧਾਇਕ ਸ੍ਰ. ਮਨਵਿੰਦਰ ਸਿੰਘ ਗਿਆਸਪੁਰਾ ਦੀ ਅਗਵਾਈ ਹੇਠ ਦੋਰਾਹਾ ਵਾਰਡ ਨੰਬਰ 11 ਦੇ ਪੜ੍ਹੇ ਲਿਖੇ ਅਣਥੱਕ ਮਿਹਨਤੀ ਨੌਜਵਾਨ ਦਵਿੰਦਰ ਸਿੰਘ ਰਾਜਾ ਉਮੀਦਵਾਰ ਆਮ ਆਦਮੀ ਪਾਰਟੀ ਦੇ ਹੱਕ 'ਚ ਡੋਰ ਟੂ ਡੋਰ ਚੋਣ ਪ੍ਰਚਾਰ ਕੀਤਾ ਗਿਆ। ਇਸ ਸਮੇਂ ਉਨ੍ਹਾ ਨਾਲ ਡਾਕਟਰ ਸਰਬਜੀਤ ਸਿੰਘ



ਬਿਲਾਸਪੁਰ ਯੁੱਧ ਨਸ਼ਿਆਂ ਵਿਰੁੱਧ ਬਲਾਕ ਕੋਆਰਡੀਨੇਟਰ, ਗੁਰਪਾਲ ਸਿੰਘ ਐਜੂਕੇਸ਼ਨ ਬਲਾਕ ਕੋਆਰਡੀਨੇਟਰ, ਹਰਜਿੰਦਰ ਸਿੰਘ ਯੂਥ ਵਿੰਗ ਅਲੂਣਾ ਤੋਲਾ, ਸੁਲਿੰਦਰ ਸਿੰਘ ਪੰਚ ਪਿੰਡ ਬਿਲਾਸਪੁਰ, ਮੰਗਤ ਰਾਮ ਬਿਲਾਸਪੁਰ, ਦਵਿੰਦਰ ਸਿੰਘ ਬਿੰਦੀ ਬਿਲਾਸਪੁਰ, ਹਰਬੰਸ ਸਿੰਘ ਬਾਸੀ ਬਿਲਾਸਪੁਰ, ਘੋਗਾ ਬਿਲਾਸਪੁਰ, ਸਰਨਜੀਤ ਸਿੰਘ ਦੋਰਾਹਾ, ਦਵਿੰਦਰ ਸਿੰਘ ਰਾਜਾ ਜੀ ਦੀ ਧਰਮ ਪਤਨੀ ਭੈਣ ਕਮਲਪ੍ਰੀਤ ਕੌਰ ਤੇ ਉਨ੍ਹਾਂ ਨਾਲ ਪਾਰਟੀ ਵਰਕਰ ਬੀਬੀਆਂ ਤੇ ਭੈਣਾਂ ਬੜੀ ਗਿਣਤੀ ਵਿੱਚ ਇਸ ਮੌਕੇ ਸ਼ਾਮਲ ਸਨ।

## ਅਜ਼ਾਦ ਉਮੀਦਵਾਰ ਮਨਜੀਤ ਕੌਰ ਦੇ ਹੱਕ 'ਚ ਚੋਣ ਪ੍ਰਚਾਰ

**ਕੋਟ ਈਸੇ ਖਾਂ (ਅਰੋੜਾ)**- ਹਰ ਇੱਕ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣ ਵਾਲੇ ਤੇ ਹਰ ਸਮੇਂ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣ ਵਾਲੇ ਸਾਬਕਾ ਕੌਂਸਲਰ ਗੁਰਪ੍ਰੀਤ ਸਿੰਘ ਸੋਨੂੰ ਸਿੱਧੂ, ਜਿਨ੍ਹਾਂ ਦੀ ਪਤਨੀ ਮਨਜੀਤ ਕੌਰ ਸਿੱਧੂ ਇਸ ਵਾਰ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਵਾਰਡ ਨੰ. 7 ਤੋਂ ਚੋਣ ਮੈਦਾਨ ਵਿੱਚ ਹਨ।ਸਿੱਧੂ ਪਰਵਾਰ ਵੱਲੋਂ ਆਪਣੇ ਵਾਰਡ ਅੰਦਰ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਉਮੀਦਵਾਰ ਮਨਜੀਤ ਕੌਰ ਸਿੱਧੂ ਦੇ ਹੱਕ ਵਿੱਚ ਵੋਟਾਂ ਮੰਗੀਆ ਜਾ ਰਹੀਆਂ ਹਨ।ਇਸ ਸਬੰਧੀ ਗੁਰਪ੍ਰੀਤ ਸਿੰਘ ਸਿੱਧੂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਵਾਰਡ ਵਾਸੀਆਂ ਵੱਲੋਂ



ਚੋਣ ਪ੍ਰਚਾਰ ਦੌਰਾਨ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ, ਲੋਕ ਪਹਿਲਾਂ ਵਾਂਗ ਅੱਜ ਵੀ ਸਾਡੇ ਨਾਲ ਹਨ।ਉਨ੍ਹਾ ਕਿਹਾ ਕਿ ਸਾਡੇ ਵੱਲੋਂ ਵਾਰਡ ਵਿੱਚ ਅਜਿਹੇ ਕੰਮ ਕਰਵਾਏ ਗਏ ਹਨ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਸੀ, ਪ੍ਰੰਤੂ ਸਾਡੇ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਕੰਮ ਕਰਵਾਏ ਗਏ।ਸਾਡੇ ਵੱਲੋਂ ਜੋ ਕੰਮ ਵਾਰਡ ਵਿੱਚ ਕਰਵਾਏ ਗਏ ਹਨ, ਉਸੇ ਕੀਤੇ ਕੰਮਾਂ ਦੇ ਬੇਸ 'ਤੇ ਵੋਟਾਂ ਮੰਗ ਰਹੇ ਹਾਂ ਤੇ ਵੋਟਰਾਂ ਵਿੱਚ ਪੂਰਾ ਉਤਸ਼ਾਹ ਹੈ।ਵਾਰਡ ਵਾਸੀਆਂ ਦਾ ਕਹਿਣਾ ਹੈ ਕਿ ਅਸੀਂ ਵਾਰਡ ਵਾਸੀ ਉਮੀਦਵਾਰ ਮਨਜੀਤ ਕੌਰ ਸਿੱਧੂ ਨੂੰ ਭਾਰੀ ਲੀਡ ਨਾਲ ਜਿਤਾਵਾਂਗੇ।ਇਸ ਮੌਕੇ ਸਿੱਧੂ ਪਰਵਾਰ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 26 ਮਈ ਨੂੰ ਅਜ਼ਾਦ ਉਮੀਦਵਾਰ ਮਨਜੀਤ ਕੌਰ ਸਿੱਧੂ ਨੂੰ ਆਪਣੀ ਕੀਮਤੀ ਵੋਟ ਪਾ ਕੇ ਕਾਮਯਾਬ ਕਰਨ।

## ਸੈਨਿਕ ਵੋਕੇਸ਼ਨਲ ਸਿਖਲਾਈ ਸੈਂਟਰ 'ਚ ਨੌਜਵਾਨ ਲੈ ਸਕਦੇ ਹਨ ਦਾਖਲਾ : ਕਮਾਂਡਰ ਬਲਜਿੰਦਰ ਵਿਰਕ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਸਾਹਮਣੇ ਸਰਕਾਰੀ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿੱਚ ਆਰਮੀ, ਨੇਵੀ, ਏਅਰ ਫੋਰਸ (ਅਗਨਵੀਰ) ਹਥਿਆਰਬੰਦ ਸੈਨਾਵਾਂ, ਬੀ.ਐੱਸ.ਐੱਫ, ਸੀ.ਆਈ.ਐੱਸ.ਐੱਫ, ਸੀ.ਆਰ.ਪੀ.ਐੱਫ, ਆਈ.ਟੀ.ਬੀ.ਪੀ ਪੰਜਾਬ ਪੁਲਸ ਤੇ ਚੰਡੀਗੜ੍ਹ ਪੁਲਸ ਵਿੱਚ ਭਰਤੀ ਹੋਣ ਲਈ ਕੋਰਸ ਕਰਵਾਏ ਜਾਂਦੇ ਹਨ।ਇਹ ਜਾਣਕਾਰੀ ਕਮਾਂਡਰ ਬਲਜਿੰਦਰ ਵਿਰਕ (ਰਿਟਾ:) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਦਿੱਤੀ। ਉਨ੍ਹਾ ਦੱਸਿਆ ਕਿ ਨੌਜਵਾਨ ਲੜਕੇ ਤੇ ਲੜਕੀਆਂ ਨੂੰ ਭਰਤੀ ਦੇ ਯੋਗ ਬਣਾਉਣ ਲਈ ਲਿਖਤੀ ਪੇਪਰ ਤੇ ਫਿਜ਼ੀਕਲ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ।ਸਿਖਲਾਈ ਦਾ ਸਮਾਂ 45 ਦਿਨ ਹੋਵੇਗਾ, ਜੋ ਕਿ 25 ਮਈ 2026 ਤੋਂ 29 ਜੁਲਾਈ 2026 ਤੱਕ ਚੱਲੇਗੀ।ਚਾਹਵਾਨ ਉਮੀਦਵਾਰ ਸਿਖਲਾਈ ਲਈ ਦਾਖਲਾ ਲੈ ਸਕਦੇ ਹਨ।ਸਿਖਲਾਈ ਸਬੰਧੀ ਹੋਰ ਜਾਣਕਾਰੀ ਲੈਣ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਫਤਹਿਗੜ੍ਹ ਸਾਹਿਬ ਨੇੜੇ ਬੱਚਤ ਭਵਨ ਵਿਖ ਕਿਸੇ ਵੀ ਕੰਮ ਵਾਲੇ ਦਿਨ ਨਿੱਜੀ ਤੌਰ 'ਤੇ ਹਾਜ਼ਰ ਹੋ ਕਿ ਜਾਂ ਫੋਨ ਨੰਬਰ 70874-47245, 84373-60019, 01763-232287 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਆਪ' ਉਮੀਦਵਾਰ ਦਰਸ਼ਨਾ ਰਾਣੀ ਦੇ ਹੱਕ 'ਚ ਨਿੱਤਰੇ ਮੁਹੱਲਾ ਵਾਸੀ

**ਕੋਟ ਈਸੇ ਖਾਂ (ਅਰੋੜਾ)**- ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵੱਲੋਂ ਸ਼ਹਿਰ ਦੇ ਵਾਰਡ ਨੰਬਰ-3 ਵਿੱਚੋਂ ਚੋਣ ਲੜ ਰਹੇ ਭੱਟੀ ਪਰਵਾਰ ਵਿੱਚੋਂ ਗੁਰਾ ਸਿੰਘ ਭੱਟੀ ਦੀ ਨੂੰਹ ਤੇ ਸੁਰਿੰਦਰਪਾਲ (ਸ਼ਿੰਦੂ ਭੱਟੀ) ਦੀ ਧਰਮਪਤਨੀ ਦਰਸ਼ਨਾ ਰਾਣੀ (ਭੱਟੀ) ਵੱਲੋਂ ਚੋਣ ਪ੍ਰਚਾਰ ਦੌਰਾਨ ਪਾਰਟੀ ਦੀਆਂ ਨੀਤੀਆਂ ਤੇ ਵਿਕਾਸ ਕਾਰਜਾਂ ਨੂੰ ਅੱਗੇ ਰੱਖ ਕੇ ਵੋਟ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਤੋਂ ਵਾਰਡ ਵਾਸੀ ਖੁਸ਼ ਹਨ।ਇਸ ਮੌਕੇ ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸ਼ਹਿਰ ਦਾ ਬਹੁਤ ਵਿਕਾਸ ਹੋਇਆ ਹੈ, ਜਿਵੇਂ ਗਲੀਆਂ, ਨਾਲੀਆਂ, ਸੀਵਰੇਜ ਦਾ ਪ੍ਰੋਜੈਕਟ, ਬੱਸ ਸਟੈਂਡ, ਪਾਰਕ ਤੇ ਹੋਰ ਸਹੂਲਤਾਂ ਦੇ ਕੇ ਸ਼ਹਿਰ ਨੂੰ ਸੁੰਦਰ ਬਣਾਇਆ ਹੈ।ਚੋਣ ਪ੍ਰਚਾਰ ਦੌਰਾਨ ਸ਼ਿੰਦੂ ਭੱਟੀ ਨੇ ਕਿਹਾ ਕਿ ਆਪ ਪਾਰਟੀ ਹਮੇਸ਼ਾ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੀ ਹੈ ਤੇ ਹਰੇਕ ਵਰਗ ਨੂੰ ਨਾਲ ਲੈ ਕੇ ਚਲਦੀ ਹੈ।ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਲੋਕਾਂ ਦਾ ਪਿਆਰ ਤੇ ਸਮਰਥਨ ਇਹ ਸਾਬਿਤ ਕਰਦਾ ਹੈ ਕਿ ਵਾਰਡ ਵਾਸੀ ਪਾਰਟੀ ਦੇ ਹੱਕ ਵਿੱਚ ਫੈਸਲਾ ਕਰਨ ਲਈ ਤਿਆਰ ਹਨ।ਚੋਣ ਪ੍ਰਚਾਰ ਦੌਰਾਨ ਇਲਾਕਾ ਵਾਸੀਆਂ ਵੱਲੋਂ ਵੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਆਉਣ ਵਾਲੀ 26 ਮਈ ਨੂੰ ਝਾੜੂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕਰੋ।



# ਸਿਮਰਤ ਖੰਗੂੜਾ ਵੱਲੋਂ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਚੋਣ ਮੁਹਿੰਮ ਤੇਜ਼

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਦੇ ਧਰਮਪਤਨੀ ਬੀਬੀ ਸਿਮਰਤ ਕੌਰ ਖੰਗੂੜਾ ਨੇ ਖੁਦ ਕਮਾਨ ਸੰਭਾਲਦਿਆਂ ਕਾਂਗਰਸੀ ਉਮੀਦਵਾਰਾਂ ਦੇ ਪੱਖ ਵਿੱਚ ਚੋਣ ਪ੍ਰਚਾਰ ਦਾ ਬਿਗਲ ਵਜਾ ਦਿੱਤਾ ਹੈ। ਉਨ੍ਹਾਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ। ਇਸ ਜਨ-ਸੰਪਰਕ ਮੁਹਿੰਮ ਦੌਰਾਨ ਬੀਬੀ ਖੰਗੂੜਾ ਨੇ ਵਾਰਡ ਨੰਬਰ 16 ਦੇ ਉਮੀਦਵਾਰ ਨਵੀਨ ਕੁਮਾਰ ਦੇ ਹੱਕ ਵਿੱਚ 'ਡੋਰ ਟੂ ਡੋਰ' ਜਾ ਕੇ ਵੋਟਾਂ ਮੰਗੀਆਂ।ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੇ ਵਿਕਾਸਵਾਦੀ ਸੋਚ ਤੋਂ ਜਾਣੂ ਕਰਵਾਉਂਦਿਆਂ, ਪਾਰਟੀ ਦੇ ਹੱਕ ਵਿੱਚ ਇੱਕਜੁੱਟ ਹੋਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਵੋਟਰਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਨੇ ਕਾਂਗਰਸ ਖੇਮੇ ਵਿੱਚ ਨਵਾਂ ਉਤਸ਼ਾਹ ਤੇ ਮਜ਼ਬੂਤੀ ਭਰ ਦਿੱਤੀ ਹੈ।



# ਕਿਸਾਨ ਆਗੂ ਨਾਲ ਧੱਕੇਸ਼ਾਹੀ ਖ਼ਿਲਾਫ ਭਾਕਿਯੂ ਉਗਰਾਹਾਂ ਵੱਲੋਂ ਰੋਸ ਪ੍ਰਦਰਸ਼ਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਮਹਿਲ ਕਲਾਂ ਵੱਲੋਂ ਕਿਸਾਨ ਆਗੂ ਨਿਰਭੈ ਸਿੰਘ ਭੱਦਲਵੱਢ ਨਾਲ ਹੋਈ ਧੱਕੇਸ਼ਾਹੀ ਦੇ ਮਾਮਲੇ 'ਚ ਇਨਸਾਫ ਦਿਵਾਉਣ ਲਈ ਕੜਕਦੀ ਧੁੱਪ 'ਚ ਪੁਲਸ ਥਾਣਾ ਠੁੱਲੀਵਾਲ ਮੂਹਰੇ ਰੋਸ ਪ੍ਰਦਰਸ਼ਨ ਕੀਤਾ ਗਿਆ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ, ਮੀਤ ਪ੍ਰਧਾਨ ਬੁੱਕਣ ਸਿੰਘ ਸੱਦੋਵਾਲ, ਜਰਨੈਲ ਸਿੰਘ ਬਦਰਾ ਨੇ ਪੁਲਸ ਪ੍ਰਸ਼ਾਸਨ ਉਪਰ ਦੋਸ਼ੀ ਧਿਰ ਨਾਲ ਮਿਲੀਭੁਗਤ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਮਾਮਲੇ 'ਚ ਥਾਣਾ ਠੁੱਲੀਵਾਲ ਪੁਲਸ ਪਹਿਲਾਂ ਵੀ ਦੋ ਵਾਰ ਸਮਾਂ ਲੈ ਕੇ ਇਨਸਾਫ ਦਾ ਭਰੋਸਾ ਦੇ ਚੁੱਕੀ ਹੈ, ਪਰ ਪੀੜਤ ਕਿਸਾਨ ਪਰਵਾਰ ਨੂੰ ਇਨਸਾਫ ਨਾ ਮਿਲਣ ਕਰਕੇ ਅੱਜ ਅੱਕੇ ਹੋਏ ਕਿਸਾਨਾਂ ਨੂੰ ਕਹਿਰ ਦੀ ਗਰਮੀ ਦੌਰਾਨ ਰੋਸ ਪ੍ਰਦਰਸ਼ਨ ਕਰਨਾ ਪਿਆ।ਕਿਸਾਨ ਆਗੂਆਂ ਜੱਜ ਸਿੰਘ ਗਹਿਲ, ਰਾਮ ਸਿੰਘ ਸੰਘੇੜਾ, ਕੁਲਜੀਤ ਸਿੰਘ ਵਜੀਦਕੇ, ਮਾਨ ਸਿੰਘ ਗੁਰਮ, ਕੁਲਦੀਪ ਸਿੰਘ, ਨਿਸ਼ਾਨ ਸਿੰਘ ਗੁੰਮਟੀ, ਇਸਤਰੀ ਆਗੂ ਜਸਵਿੰਦਰ ਕੌਰ ਨੇ ਥਾਣਾ ਠੁੱਲੀਵਾਲ ਪੁਲਸ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕਿ ਬੀਤੇ ਦਿਨੀਂ ਕਿਸਾਨ ਆਗੂ ਨਿਰਭੈ ਸਿੰਘ ਨਾਲ ਹੋਈ ਧੱਕੇਸ਼ਾਹੀ ਦੇ ਮਾਮਲੇ 'ਚ ਜਥੇਬੰਦੀ ਦਾ ਵਫ਼ਦ ਕਈ ਵਾਰ ਥਾਣਾ ਠੁੱਲੀਵਾਲ ਦੇ ਮੁਖ ਅਫਸਰ ਨੂੰ ਮਿਲ ਚੁੱਕਿਆ ਹੈ।ਹਰ ਵਾਰ ਮਾਮਲੇ 'ਚ ਦੋਸ਼ੀਆਂ ਵਿਰੁੱਧ ਕਾਰਵਾਈ



ਕਰਨ ਦਾ ਵਿਸ਼ਵਾਸ ਦਿਵਾਇਆ ਗਿਆ, ਪਰ ਅੱਜ ਤੱਕ ਵੀ ਦੋਸ਼ੀ ਧਿਰ ਉਪਰ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ, ਜਿਸ ਕਰਕੇ ਕਿਸਾਨਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜਦੋਂ ਤੱਕ ਪੀੜਤ ਕਿਸਾਨ ਨਿਰਭੈ ਸਿੰਘ ਨੂੰ ਇਨਸਾਫ ਨਹੀਂ ਮਿਲਦਾ, ਉਦੋਂ ਤੱਕ ਸੰਘਰਸ਼ ਹੋਰ ਤਿੱਖਾ ਹੋਵੇਗਾ।

ਥਾਣਾ ਮੁਖੀ ਗੁਰਪਾਲ ਸਿੰਘ ਵੱਲੋਂ ਕਿਸਾਨ ਆਗੂਆਂ ਨਾਲ ਮੀਟਿੰਗ ਕਰਕੇ 26 ਮਈ ਤੱਕ ਕਾਰਵਾਈ ਕਰਨ ਦਾ ਵਿਸ਼ਵਾਸ ਦੁਆਏ ਜਾਣ ਤੋਂ ਬਾਅਦ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਅਗਲੇ ਸਮੇਂ ਤੱਕ ਮੁਲਤਵੀ ਕਰ ਦਿੱਤਾ ਗਿਆ। ਧਰਨੇ ਦੌਰਾਨ ਇਨਕਲਾਬੀ ਗਾਇਕ ਰਾਮ ਸਿੰਘ ਹਠੂਰ ਤੇ ਸੋਹਣ ਸਿੰਘ ਬੜੈਚ ਵੱਲੋਂ ਲੋਕ ਪੱਖੀ ਗੀਤ ਪੇਸ਼ ਕੀਤੇ ਗਏ।

# ਪੰਜਾਬ ਬਣਿਆ ਦੇਸ਼ ਦਾ ਪਹਿਲਾ ਪਾਇਲਟ ਸੂਬਾ, 1388 ਹੈਕਟੇਅਰ 'ਚ ਲਾਗੂ ਹੋਵੇਗਾ ਐੱਮ ਸੀ ਏ ਡੀ ਪ੍ਰੋਜੈਕਟ

## ਸਕਾਡਾ ਤੇ ਆਈ ਓ ਟੀ ਤਕਨੀਕ ਨਾਲ ਕਿਸਾਨਾਂ ਨੂੰ ਮਿਲੇਗੀ ਰੀਅਲ ਟਾਈਮ ਸਿੰਚਾਈ ਜਾਣਕਾਰੀ : ਨਵਜੋਤ ਸਿੰਘ

**ਲੁਧਿਆਣਾ/ਦੋਰਾਹਾ (ਰਾਜ ਸਿੰਗਲਾ/ਹਰਮਿੰਦਰ ਸੇਠ)** ਪੰਜਾਬ ਦੇ ਖੇਤੀਬਾੜੀ ਤੇ ਜਲ ਪ੍ਰਬੰਧਨ ਖੇਤਰ ਵਿੱਚ ਇਕ ਮਹੱਤਵਪੂਰਨ ਕਦਮ ਵਜੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੌਣੀ ਵਿੱਚ ਵੀਰਵਾਰ ਨੂੰ ਮਾਡਰਨ ਕਮਾਂਡ ਏਰੀਆ ਡਿਵੈਲਪਮੈਂਟ (ਐੱਮ.ਸੀ.ਏ.ਡੀ) ਪ੍ਰੋਜੈਕਟ 1388 ਹੈਕਟੇਅਰ ਸਬੰਧੀ ਉੱਚ ਪੱਧਰੀ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਜਲ ਸਰੋਤ ਵਿਭਾਗ (ਪੀ.ਡਬਲਯੂ.ਆਰ.ਐੱਮ. ਡੀ.ਸੀ), ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੇ ਅਧਿਕਾਰੀ, ਜਲ ਸ਼ਕਤੀ ਮੰਤਰਾਲੇ ਭਾਰਤ ਸਰਕਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਲੁਧਿਆਣਾ, ਸੈਂਟਰ ਵਾਟਰ ਕਮਿਸ਼ਨ ਭਾਰਤ ਸਰਕਾਰ ਦੇ ਅਧਿਕਾਰੀਆਂ, ਤਕਨੀਕੀ ਮਾਹਰਾਂ ਤੇ ਇਲਾਕੇ ਦੇ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਇਹ ਐੱਮ.ਸੀ.ਏ.ਡੀ. ਪ੍ਰੋਜੈਕਟ ਪੂਰੇ ਦੇਸ਼ ਦੇ ਸੂਬਿਆਂ ਵਿੱਚ ਪਾਇਲਟ ਪ੍ਰੋਜੈਕਟ ਵਜੋਂ ਲਾਂਚ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਪਹਿਲਾ ਸੂਬਾ ਹੈ, ਜਿੱਥੇ ਇਹ ਪ੍ਰੋਜੈਕਟ ਸ਼ੁਰੂ ਹੋਣ ਵਾਲਾ ਹੈ।ਜਲ ਸ਼ਕਤੀ ਮੰਤਰਾਲੇ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਇਹ ਐੱਮ.ਸੀ.ਏ.ਡੀ. ਪ੍ਰੋਜੈਕਟ ਸਕੀਮ ਪੂਰੇ ਭਾਰਤ ਦੇਸ਼ ਵਿੱਚੋਂ ਹੁਣ ਤੱਕ ਕੇਵਲ ਤਿੰਨ ਸੂਬਿਆਂ ਵਿੱਚ ਹੀ ਸ਼ੁਰੂ ਹੋਣ ਵਾਲੀ ਹੈ, ਜਿਨ੍ਹਾਂ ਵਿੱਚ ਪੰਜਾਬ ਸੂਬਾ ਆਉਂਦਾ ਹੈ। ਨਿਗਰਾਨ ਇੰਜੀਨੀਅਰ ਜਲ ਸਰੋਤ ਵਿਭਾਗ ਮੋਹਾਲੀ ਨਵਜੋਤ ਸਿੰਘ ਨੇ ਦੱਸਿਆ ਕਿ ਇਸ ਜਾਗਰੂਕਤਾ ਕੈਂਪ ਦਾ ਮੁੱਖ ਉਦੇਸ਼ ਲੁਧਿਆਣਾ, ਫਤਿਹਗੜ੍ਹ ਸਾਹਿਬ ਤੇ ਮਲੇਰਕੋਟਲਾ ਦੇ ਕਿਸਾਨਾਂ ਨੂੰ ਇਸ ਪ੍ਰੋਜੈਕਟ ਬਾਰੇ ਸਹੀ ਜਾਣਕਾਰੀ ਦੇਣਾ ਸੀ, ਕਿਉਂਕਿ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕੀਤਾ ਜਾਣ ਵਾਲਾ ਹੈ। ਇਸ ਪ੍ਰੋਜੈਕਟ ਦੀ ਰਿਪੋਰਟ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਕੀਤੀ ਜਾ ਚੁੱਕੀ ਹੈ ਤੇ ਭਾਰਤ ਸਰਕਾਰ ਨੂੰ ਸੂਚਨਾ ਵੀ ਭੇਜੀ ਜਾ ਚੁੱਕੀ ਹੈ।ਇਸ ਪ੍ਰੋਜੈਕਟ ਵਿੱਚ ਹਾਈ ਟੈਕਨੋਲੋਜੀ ਜਿਵੇਂ ਕਿ ਸਕਾਡਾ ਤੇ ਇੰਟਰਨੈੱਟ ਆਫ ਥਿੰਗਸ (ਆਈ.ਓ.ਟੀ.) ਦੀ ਸਹਾਇਤਾ ਲਈ ਜਾਵੇਗੀ, ਜੋ ਕਿਸਾਨਾਂ ਨੂੰ ਐਪ ਰਾਹੀਂ ਰੀਅਲ ਟਾਈਮ ਸੂਚਨਾ ਮੁਹੱਈਆ ਕਰਵਾਏਗੀ, ਜਿਸ ਨਾਲ ਪਾਣੀ ਦੀ ਬੱਚਤ ਵੀ ਹੋਵੇਗੀ ਤੇ ਨਾਲ ਹੀ ਹਰ ਟੇਲ 'ਤੇ ਬੈਠੇ ਕਿਸਾਨ ਨੂੰ ਉਨਾ ਹੀ ਪਾਣੀ ਪ੍ਰੈਸ਼ਰ ਨਾ ਮਿਲੇਗਾ ਜੋ ਹੈੱਡ 'ਤੇ ਬੈਠੇ ਕਿਸਾਨ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਅਧੀਨ ਤਿੰਨ ਜ਼ਿਲ੍ਹਿਆਂ ਨੂੰ ਕਵਰ ਕੀਤਾ ਗਿਆ ਹੈ, ਜਿਨ੍ਹਾਂ ਦਾ ਕੁੱਲ ਰਕਬਾ ਕਰੀਬ 1388 ਹੈਕਟੇਅਰ ਹੈ।ਇਹ ਕੁੱਲ ਰਕਬੇ ਵਿੱਚ ਛੇ ਪਿੰਡਾਂ ਨੂੰ ਲਿਆ ਗਿਆ ਹੈ।ਜ਼ਿਲ੍ਹਾ ਲੁਧਿਆਣਾ ਦੇ ਚਾਰ ਪਿੰਡ ਹਨ, ਜਿਨ੍ਹਾਂ ਵਿੱਚ ਭਰਥਲਾ, ਰੌਣੀ, ਦੇਵੀਪੁਰ ਤੇ ਮੁੱਲਾਂਪੁਰ ਸ਼ਾਮਲ ਹਨ।ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਇੱਕ ਪਿੰਡ ਪਹੇੜੀ ਤੇ ਜ਼ਿਲ੍ਹਾ ਮਾਲੇਰਕੋਟਲੇ ਦਾ ਇੱਕ ਪਿੰਡ ਧੀਰੋ ਮਾਜਰਾ ਵੀ ਇਸ ਪ੍ਰੋਜੈਕਟ ਵਿੱਚ ਸ਼ਾਮਲ ਹੈ, ਕਿਉਂਕਿ ਇਨ੍ਹਾਂ ਪਿੰਡਾਂ ਵਿੱਚ ਹੁਣ ਤੱਕ ਨਹਿਰੀ ਪਾਣੀ ਦੀ ਕੋਈ ਸਹੂਲਤ ਨਹੀਂ ਸੀ।ਵਧੀਕ ਡਿਪਟੀ ਕਮਿਸ਼ਨਰ ਖੰਨਾ ਸ਼੍ਰੀਮਤੀ ਜਸ਼ਨਪ੍ਰੀਤ ਕੌਰ ਗਿੱਲ ਨੇ ਦੱਸਿਆ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘਟ ਰਿਹਾ ਹੈ, ਜਿਸ ਕਰਕੇ ਆਉਣ ਵਾਲੇ ਸਮੇਂ ਵਿੱਚ ਖੇਤੀਬਾੜੀ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਤਹਿਤ ਇਹ ਪ੍ਰੋਜੈਕਟ ਕਿਸਾਨਾਂ ਲਈ ਇੱਕ ਮਹੱਤਵਪੂਰਨ ਹੱਲ ਸਾਬਿਤ ਹੋਵੇਗਾ, ਜਿਨ੍ਹਾਂ ਰਾਹੀਂ ਘੱਟ ਪਾਣੀ ਨਾਲ ਵੱਧ ਉਤਪਾਦਨ ਯਕੀਨੀ ਬਣਾਇਆ ਜਾ ਸਕੇਗਾ। ਇਸ ਮੌਕੇ ਕਿਸਾਨ ਪ੍ਰਤੀਨਿਧੀਆਂ ਨੇ ਵੀ ਸੈਮੀਨਾਰ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਆਧੁਨਿਕ ਸਿੰਚਾਈ ਤਕਨੀਕਾਂ ਲਈ ਵਿੱਤੀ ਸਹਾਇਤਾ ਤੇ ਤਕਨੀਕੀ ਮਦਦ ਦਿੱਤੀ ਜਾਵੇ ਤਾਂ ਕਿਸਾਨ ਵੱਡੇ ਪੱਧਰ 'ਤੇ ਇਹ ਪ੍ਰਣਾਲੀਆਂ ਅਪਣਾਉਣ ਲਈ ਤਿਆਰ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਪਿੰਡ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣ ਤਾਂ ਜੋ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਬਾਰੇ ਸਹੀ ਜਾਣਕਾਰੀ ਮਿਲ ਸਕੇ।



# ਨੇਚਰ ਵਾਰੀਅਰਜ਼ ਵੈੱਲਫੇਅਰ ਸੁਸਾਇਟੀ ਵੱਲੋਂ ਸਰਕਾਰੀ ਸਕੂਲ ਦੇ 400 ਬੱਚਿਆਂ ਦੀ ਜਾਂਚ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਨੇਚਰ ਵਾਰੀਅਰਜ਼ ਵੈੱਲਫੇਅਰ ਸੁਸਾਇਟੀ ਵੱਲੋਂ ਇਕ ਸਰਕਾਰੀ ਸਕੂਲ ਵਿੱਚ ਅੱਖਾਂ ਦੀ ਜਾਂਚ ਤੇ ਕੈਰੀਅਰ ਕੌਂਸਲਿੰਗ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ, ਜਿਸ ਵਿੱਚ ਲਗਭਗ 400 ਵਿਦਿਆਰਥੀਆਂ ਦੀ ਸਿਹਤ ਜਾਂਚ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਭਵਿੱਖ ਲਈ ਸਹੀ ਮਾਰਗਦਰਸ਼ਨ ਦਿੱਤਾ ਗਿਆ। ਸਮਾਜਿਕ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਸੰਸਥਾ 'ਨੇਚਰ ਵਾਰੀਅਰਜ਼ ਵੈੱਲਫੇਅਰ ਸੁਸਾਇਟੀ' ਵੱਲੋਂ ਇੱਕ ਸਰਕਾਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਭਲਾਈ ਨੂੰ ਮੁੱਖ ਰੱਖਦਿਆਂ ਇਕ ਕੈਂਪ ਲਾਇਆ ਗਿਆ। ਇਸ ਕੈਂਪ ਦੌਰਾਨ ਮੁੱਖ ਤੌਰ 'ਤੇ ਦੋ ਅਹਿਮ ਪਹਿਲੂਆਂ 'ਤੇ ਧਿਆਨ ਕੇਂਦਰਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੀਆਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਕੈਰੀਅਰ ਕੌਂਸਲਿੰਗ ਸ਼ਾਮਲ ਸੀ। ਕੈਂਪ ਵਿੱਚ ਸਕੂਲੀ ਬੱਚਿਆਂ ਦੇ ਅੰਦਰ ਛੁਪੀ ਲੀਡਰਸ਼ਿਪ (ਨੇਤਰਤਵ) ਦੀ ਭਾਵਨਾ ਨੂੰ ਪਛਾਣ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਦਾਨ ਕੀਤਾ ਗਿਆ। ਇਸ ਦੌਰਾਨ ਮਾਹਰਾਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਲਗਭਗ 400 ਬੱਚਿਆਂ ਦੀਆਂ ਅੱਖਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਅੱਖਾਂ ਦੀ ਸਹੀ ਦੇਖਭਾਲ ਕਰਨ ਸਬੰਧੀ ਜ਼ਰੂਰੀ ਨੁਕਤੇ ਵੀ ਸਾਂਝੇ ਕੀਤੇ ਗਏ। ਸਿਹਤ ਜਾਂਚ ਦੇ



ਨਾਲ-ਨਾਲ ਕੈਰੀਅਰ ਕੌਂਸਲਿੰਗ ਸੈਸ਼ਨ ਵਿਦਿਆਰਥੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ, ਜਿੱਥੇ ਬੱਚਿਆਂ ਨੂੰ ਉੱਚ ਸਿੱਖਿਆ ਤੇ ਵੱਖ-ਵੱਖ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮਾਹਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਦਿਲਚਸਪੀ ਮੁਤਾਬਕ ਸਹੀ ਰਾਹ ਚੁਣਨ ਲਈ ਪ੍ਰੇਰਿਤ ਕੀਤਾ। ਇਸ ਕੈਂਪ ਨੂੰ ਸਫ਼ਲ ਬਣਾਉਣ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਤੇ ਸਟਾਫ਼ ਨੇ ਆਪਣਾ ਪੂਰਾ ਸਹਿਯੋਗ ਦਿੱਤਾ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਇਸ ਕੈਂਪ ਵਿੱਚ ਹਿੱਸਾ ਲਿਆ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਹਾਸਲ ਕੀਤੀ। ਬੱਚਿਆਂ ਨੇ ਦੱਸਿਆ ਕਿ ਇਸ ਕੈਂਪ ਰਾਹੀਂ ਉਨ੍ਹਾਂ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ ਹੈ, ਜੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ। ਸਕੂਲ ਪ੍ਰਬੰਧਕਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਸੁਸਾਇਟੀ ਦੇ ਇਸ ਸ਼ਲਾਘਾਯੋਗ ਕਦਮ ਦੀ ਭਰਪੂਰ ਪ੍ਰਸੰਸਾ ਕੀਤੀ ਜਾ ਰਹੀ ਹੈ। ਸੰਸਥਾ ਦੇ ਅਹੁਦੇਦਾਰਾਂ ਨੇ ਇਸ ਮੌਕੇ ਉਮੀਦ ਜਤਾਈ ਕਿ ਨੇਚਰ ਵਾਰੀਅਰਜ਼ ਵੈੱਲਫੇਅਰ ਸੁਸਾਇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਲੋਕ ਭਲਾਈ ਤੇ ਸਿੱਖਿਆਦਾਇਕ ਕੈਂਪ ਨਿਰੰਤਰ ਜਾਰੀ ਰੱਖੇ ਜਾਣਗੇ, ਤਾਂ ਜੋ ਵਿਦਿਆਰਥੀਆਂ ਨੂੰ ਸਹੀ ਮਾਰਗ ਦਿਖਾ ਕੇ ਦੇਸ਼ ਦਾ ਉੱਜਵਲ ਭਵਿੱਖ ਸਿਰਜਿਆ ਜਾ ਸਕੇ।

ਇਸ ਮੌਕੇ ਮਨੋਜ ਕੁਮਾਰ, ਅਹਾਨ ਸ਼ਰਮਾ, ਗਣੇਸ਼, ਅਭਿਸ਼ੇਕ ਸ਼ਰਮਾ, ਅਨਿਕੇਤ, ਰੁਦਰਾ, ਲਕਸ਼ਿਤ, ਕ੍ਰਿਸ਼ਨਵ ਗਾਂਧੀ, ਦੇਵਾਂਸ਼ੂ, ਸ਼ਿਵ, ਮਮਤਾ, ਪ੍ਰਿਯਾ, ਸੀਤਲ, ਅਰੁਣ ਕੁਮਾਰ ਸ਼ਰਮਾ, ਅਭਿਸ਼ੇਕ ਸ਼ਰਮਾ ਆਦਿ ਹਾਜ਼ਰ ਸਨ।

# ਐੱਫ ਸੀ ਆਈ ਦੇ ਟੈਂਡਰ ਠੇਕੇਦਾਰ ਤੇ ਟਰੱਕ ਅਪ੍ਰੇਟਰਾਂ 'ਚ ਵਿਵਾਦ ਉਲਝਿਆ

- ਮਾਲ ਦੀ ਢੋਅ-ਢੁਆਈ ਨੂੰ ਲੈ ਕੇ ਪੈਦਾ ਹੋਇਆ ਤਣਾਅ
- ਭੜਕੀ ਭੀੜ ਨੇ ਟਰੱਕ ਭੰਨੇ, ਪੁਲਸ ਵੱਲੋਂ ਹਲਕਾ ਲਾਠੀਚਾਰਜ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਕੇਂਦਰੀ ਖੁਰਾਕ ਏਜੰਸੀ ਐੱਫ ਸੀ ਆਈ ਵੱਲੋਂ ਸਬ ਡਵੀਜ਼ਨ ਪਾਤੜਾਂ ਤੋਂ ਬਾਹਰਲੇ ਰਾਜਾਂ ਤੱਕ ਭੇਜੇ ਜਾਣ ਵਾਲੇ ਅਨਾਜ ਨੂੰ ਪਾਤੜਾਂ ਤੋਂ ਜਾਖਲ ਰੇਲਵੇ ਸਟੇਸ਼ਨ ਤੱਕ ਟਰੱਕਾਂ ਰਾਹੀਂ ਮਾਲ ਪਹੁੰਚਾਏ ਜਾਣ ਦੇ ਜਾਰੀ ਕੀਤੇ ਗਏ ਟੈਂਡਰ ਦਾ ਮਾਮਲਾ ਗਰਮਾ ਗਿਆ ਹੈ।ਸ਼ਨੀਵਾਰ ਨੂੰ ਠੇਕੇਦਾਰ, ਟਰੱਕ ਆਪ੍ਰੇਟਰਾਂ, ਡਰਾਈਵਰਾਂ ਵਿਚਕਾਰ ਚੱਲ ਰਹੇ ਵਿਵਾਦ ਦੌਰਾਨ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ, ਜਦੋਂ ਠੇਕੇਦਾਰ ਨੇ ਟਰੱਕ ਯੂਨੀਅਨ ਪਾਤੜਾਂ ਤੋਂ ਗੱਡੀਆਂ ਲੈਣ ਦੀ ਬਜਾਏ ਬਾਹਰੋਂ ਗੱਡੀਆਂ ਲਿਆ ਕੇ ਅਨਾਜ ਲੋਡ ਕੀਤਾ ਜਾ ਰਿਹਾ ਸੀ।ਇਸ ਦੌਰਾਨ ਪੈਦਾ ਹੋਏ ਤਣਾਅ ਦੇ ਚਲਦਿਆਂ ਸਥਿਤੀ ਉਸ ਸਮੇਂ ਗੰਭੀਰ ਹੋ ਗਈ, ਜਦੋਂ ਠੇਕੇਦਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਦਾ ਵਿਰੋਧ ਕਰਦਿਆਂ ਸ਼ਰਾਰਤੀ ਅਨਸਰਾਂ ਵੱਲੋਂ ਕੁਝ ਟਰੱਕਾਂ ਦੀ ਭੰਨ ਤੋੜ ਕੀਤੀ ਗਈ।ਘਟਨਾ ਸਥਾਨ 'ਤੇ ਮੌਜੂਦ ਪੁਲਸ ਨੂੰ ਭੀੜ ਨੂੰ ਖਿੰਡਾਉਣ ਲਈ ਹਲਕਾ ਲਾਠੀਚਾਰਜ ਕਰਨਾ ਪਿਆ।ਮਾਮਲੇ ਨੂੰ ਲੈ ਕੇ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ



ਐੱਸਡੀਐੱਮ ਕਾਲਾ ਰਾਮ ਕਾਂਸਲ ਤੇ ਡੀਐੱਸਪੀ ਗੁਰਦੀਪ ਸਿੰਘ ਸੰਧੂ ਵੱਲੋਂ ਦੋਵਾਂ ਧਿਰਾਂ ਵਿਚਕਾਰ ਪੈਦਾ ਹੋਈ ਵਿਵਾਦ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਜਾਣਕਾਰੀ ਦਿੰਦਿਆਂ ਟਰੱਕ ਯੂਨੀਅਨ ਪਾਤੜਾਂ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ ਨੇ ਦੱਸਿਆ ਕਿ ਟਰੱਕ ਯੂਨੀਨ ਵਿੱਚ 550 ਤੋਂ ਵੱਧ ਟਰੱਕ ਆਪ੍ਰੇਟਰ ਹਨ ਤੇ ਇਨ੍ਹਾਂ ਨਾਲ ਜੁੜੇ ਵੱਡੀ ਗਿਣਤੀ ਵਿੱਚ ਪਰਿਵਾਰ ਇਸ ਰੁਜ਼ਗਾਰ ਦੇ ਸਹਾਰੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਐੱਫ ਸੀ ਏ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਟੈਂਡਰਾਂ ਦੇ ਠੇਕੇਦਾਰ ਵੱਲੋਂ ਟਰੱਕ ਯੂਨੀਅਨ ਵਿੱਚੋਂ ਟਰੱਕ ਲੈਣ ਦੀ ਬਜਾਏ ਬਾਹਰੋਂ ਟਰੱਕ ਲਿਆ ਕੇ ਮਾਲ ਦੀ ਢੋਹ ਢੁਆਈ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਟਰੱਕ ਆਪ੍ਰੇਟਰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਠੇਕੇਦਾਰ ਵੱਲੋਂ ਘੱਟ ਰੇਟ ਉੱਤੇ ਗੱਡੀਆਂ ਮੰਗੀਆਂ ਜਾ ਰਹੀਆਂ ਸੀ, ਪਰ ਆਪ੍ਰੇਟਰਾਂ ਨਾਲ ਸਹਿਮਤੀ ਬਣਾਉਣ ਦੀ ਬਜਾਏ ਠੇਕੇਦਾਰ ਧੱਕੇਸ਼ਾਹੀਆਂ ਉੱਤੇ ਉੱਤਰ ਆਇਆ ਹੈ।ਇਸ ਦੌਰਾਨ ਉਨ੍ਹਾਂ ਨਾਲ ਟਰੱਕ ਆਪ੍ਰੇਟਰ ਯੂਨੀਅਨ ਦੇ ਆਗੂ ਅਮੀਰ ਸਿੰਘ, ਹਰਦੀਪ ਸਿੰਘ, ਰਛਪਾਲ ਸਿੰਘ, ਜਨਕ ਰਾਜ, ਜੱਸਾ ਸਿੰਘ, ਅਮਨਦੀਪ ਸਿੰਘ ਨਿਆਲ, ਗੁਰਦਾਸ ਸਿੰਘ ਫੌਜੀ, ਤੇਜਾ ਸਿੰਘ, ਬਿੰਦਰ ਸਿੰਘ ਦਿਓਗੜ੍ਹ, ਧਰਮ ਸਿੰਘ ਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

ਦੂਜੇ ਪਾਸੇ ਟੈਂਡਰ ਠੇਕੇਦਾਰ ਮਨਜੀਤ ਦੇਵੀ ਦੇ ਪਤੀ ਵਿਜੈ ਕੁਮਾਰ ਨੇ ਦੱਸਿਆ ਕਿ ਐੱਫ ਸੀ ਆਈ ਵੱਲੋਂ ਜਾਰੀ ਟੈਂਡਰ ਤਹਿਤ ਉਹ ਗੱਡੀਆਂ ਲੈਣ ਲਈ ਟਰੱਕ ਯੂਨੀਅਨ ਵਿੱਚ ਗਏ ਸੀ, ਪਰ ਯੂਨੀਅਨ ਪ੍ਰਧਾਨ ਵੱਲੋਂ ਉਨ੍ਹਾਂ ਨੂੰ ਗੱਡੀਆਂ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ, ਜਿਸ ਕਰਕੇ ਉਨ੍ਹਾਂ ਨੂੰ ਬਾਹਰੋਂ ਗੱਡੀਆਂ ਮੰਗਵਾਉਣੀਆਂ ਪਈਆਂ।ਕਿਸੇ ਵੀ ਤਰ੍ਹਾਂ ਦਾ ਵਿਵਾਦ ਪੈਦਾ ਹੋਣ ਦੇ ਡਰੋਂ ਉਨ੍ਹਾਂ ਮਾਨਯੋਗ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਪੁਲਸ ਸੁਰੱਖਿਆ ਦੀ ਮੰਗ ਕੀਤੀ ਸੀ, ਜਿਸ ਦੇ ਤਹਿਤ ਉਹ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਗੱਡੀਆਂ ਵਿੱਚ ਮਾਲ ਲੋਡ ਕਰ ਰਹੇ ਸੀ, ਪਰ ਟਰੱਕ ਯੂਨੀਅਨ ਦੇ ਆਗੂਆਂ ਦੀ ਮੌਜੂਦਗੀ ਵਿੱਚ ਸ਼ਰਾਰਤੀ ਅਨਸਰਾਂ ਨੇ ਉੱਥੇ ਪਹੁੰਚ ਕੇ ਗੱਡੀਆਂ ਨਾਲ ਭੰਨ ਤੋੜ ਕੀਤੀ ਹੈ। ਮਾਮਲੇ ਸੰਬੰਧੀ ਐੱਸਡੀਐੱਮ ਪਾਤੜਾਂ ਕਾਲਾ ਰਾਮ ਕਾਂਸਲ ਨੇ ਦੱਸਿਆ ਕਿ ਮਾਨਯੋਗ ਹਾਈਕੋਰਟ ਦੇ ਆਦੇਸ਼ਾਂ ਉੱਤੇ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਡਿਊਟੀ ਮੈਜਿਸਟਰੇਟ ਨਿਯੁਕਤ ਕੀਤਾ ਗਿਆ ਹੈ। ਦੋਵਾਂ ਧਿਰਾਂ ਵਿਚਕਾਰ ਭਾੜੇ ਦੇ ਰੇਟ ਨੂੰ ਲੈ ਕੇ ਪੈਦਾ ਹੋਏ ਵਿਵਾਦ ਨੂੰ ਸੁਲਝਾਉਣ ਲਈ ਪ੍ਰਸ਼ਾਸਨ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਨੇ ਤੇ ਬਹੁਤ ਜਲਦੀ ਮਾਮਲੇ ਦਾ ਹੱਲ ਕਰ ਲਿਆ ਜਾਵੇਗਾ।

# 4 ਕਿੱਲੋ 254 ਗ੍ਰਾਮ ਹੈਰੋਇਨ ਸਮੇਤ 3 ਸਮੱਗਲਰ ਗ੍ਰਿਫ਼ਤਾਰ

**ਫਿਰੋਜ਼ਪੁਰ (ਗੁਰਬਚਨ ਸਿੰਘ) :** ਫ਼ਿਰੋਜ਼ਪੁਰ ਪੁਲਸ ਨੇ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ 3 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਨੇ ਮੁਲਜ਼ਮਾਂ ਕੋਲੋਂ 4 ਕਿੱਲੋ 254 ਗ੍ਰਾਮ ਹੈਰੋਇਨ, ਇਕ ਬਿਨਾਂ ਨੰਬਰੀ ਸਪਲੈਂਡਰ ਮੋਟਰਸਾਈਕਲ ਤੇ 3 ਮੋਬਾਇਲ ਫ਼ੋਨ ਬਰਾਮਦ ਕੀਤੇ ਹਨ।ਇਹ ਕਾਰਵਾਈ ਸੀਆਈਏ ਸਟਾਫ਼ ਜ਼ੀਰਾ ਦੀ ਟੀਮ ਵੱਲੋਂ ਦਾਨਾ ਮੰਡੀ ਸਿਟੀ ਫ਼ਿਰੋਜ਼ਪੁਰ ਵਿਖੇ ਕੀਤੀ ਗਈ।ਫ਼ਿਰੋਜ਼ਪੁਰ ਦੇ ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਪੰਜਾਬ ਸਰਕਾਰ ਤੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਫ਼ਿਰੋਜ਼ਪੁਰ ਪੁਲਸ ਨੂੰ ਉਸ ਸਮੇਂ ਇਕ ਵੱਡੀ ਕਾਮਯਾਬੀ ਮਿਲੀ, ਜਦੋਂ ਸੀਆਈਏ ਸਟਾਫ਼ ਜ਼ੀਰਾ ਦੀ ਪੁਲਸ ਟੀਮ ਨੇ ਤਿੰਨ ਨਸ਼ਾ ਤਸਕਰਾਂ ਨੂੰ ਕਰੋੜਾਂ ਰੁਪਏ ਦੀ ਹੈਰੋਇਨ ਸਮੇਤ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਸ ਫ਼ਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਤੇ ਸ਼ਰਾਰਤੀ ਤੱਤਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਵਿਸ਼ੇਸ਼ ਟੀਮਾਂ ਗਠਿਤ




ਕੀਤੀਆਂ ਗਈਆਂ ਹਨ।ਇਸੇ ਲੜੀ ਤਹਿਤ ਸੀਆਈਏ ਸਟਾਫ਼ ਜ਼ੀਰਾ ਦੇ ਇੰਚਾਰਜ ਸਬ-ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ 22 ਮਈ 2026 ਨੂੰ ਗਸ਼ਤ ਤੇ ਚੈਕਿੰਗ ਦੇ ਸਬੰਧ ਇਲਾਕੇ ਵਿੱਚ ਸੀ।ਇਸ ਦੌਰਾਨ ਸਬ-ਇੰਸਪੈਕਟਰ ਬੋਹੜ ਸਿੰਘ ਨੂੰ ਖ਼ਾਸ ਮੁਖ਼ਬਰ ਤੋਂ ਇਤਲਾਹ ਮਿਲੀ ਕਿ ਰਣਜੀਤ ਸਿੰਘ ਉਰਫ਼ ਰਾਣਾ ਪੁੱਤਰ ਸੁਖਦੇਵ ਸਿੰਘ, ਅਰਸ਼ਦੀਪ ਸਿੰਘ ਉਰਫ਼ ਅਰਸ਼ੀ ਪੁੱਤਰ ਨਿਸ਼ਾਨ ਸਿੰਘ ਦੋਵੇਂ ਵਾਸੀ ਗਾਮੇਵਾਲਾ, ਥਾਣਾ ਮਮਦੋਟ ਤੇ ਅਕਾਸ਼ਦੀਪ ਸਿੰਘ ਉਰਫ਼ ਅਕਾਸ਼ ਪੁੱਤਰ ਸੁੱਖਾ ਸਿੰਘ ਵਾਸੀ ਪਿੰਡ ਆਸਲ, ਥਾਣਾ ਸਦਰ ਫ਼ਿਰੋਜ਼ਪੁਰ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ।ਮੁਖ਼ਬਰ ਨੇ ਦੱਸਿਆ ਕਿ ਇਹ ਤਿੰਨੋਂ ਮੁਲਜ਼ਮ ਅੱਜ ਵੀ ਦਾਨਾ ਮੰਡੀ ਸਿਟੀ ਫ਼ਿਰੋਜ਼ਪੁਰ ਵਿਖੇ ਆਪਣੇ ਬਿਨਾਂ ਨੰਬਰੀ ਸਪਲੈਂਡਰ ਮੋਟਰਸਾਈਕਲ 'ਤੇ ਗਾਹਕਾਂ ਦੀ ਉਡੀਕ ਕਰ ਰਹੇ ਹਨ।ਪੁਲਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਦਾਨਾ ਮੰਡੀ ਸਿਟੀ ਫ਼ਿਰੋਜ਼ਪੁਰ ਵਿਖੇ ਰੇਡ ਕਰਕੇ ਉਕਤ ਤਿੰਨਾਂ ਦੋਸ਼ੀਆਨ ਨੂੰ ਘੇਰਾਬੰਦੀ ਕਰਕੇ ਕਾਬੂ ਕਰ ਲਿਆ।ਜਦੋਂ ਕਾਨੂੰਨ ਅਨੁਸਾਰ ਮੁਲਜ਼ਮਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਦੇ ਕਬਜ਼ੇ ਵਿੱਚੋਂ 4 ਕਿੱਲੋ 254 ਗ੍ਰਾਮ ਹੈਰੋਇਨ, 1 ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ਤੇ 3 ਮੋਬਾਈਲ ਫ਼ੋਨ ਬਰਾਮਦ ਹੋਏ।ਪੁਲਸ ਨੇ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਖ਼ਿਲਾਫ਼ ਥਾਣਾ ਸਿਟੀ ਫ਼ਿਰੋਜ਼ਪੁਰ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀਆਂ ਅਨੁਸਾਰ ਮੁਲਜ਼ਮਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਦੌਰਾਨ ਨਸ਼ਾ ਸਪਲਾਈ ਚੇਨ ਤੇ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।

# ਹਰਪਾਲ ਕੌਰ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਹਲਕਾ ਰਾਮਪੁਰਾ ਫੂਲ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਨਗਰ ਮਲੂਕਾ ਤੋਂ ਆਮ ਆਦਮੀ ਪਾਰਟੀ ਤੋਂ ਨਗਰ ਪੰਚਾਇਤ ਮਲੂਕਾ ਦੇ ਚੋਣ ਲੜ ਰਹੇ ਉਮੀਦਵਾਰ ਹਰਪਾਲ ਕੌਰ ਪਤਨੀ ਨਾਇਬ ਸਿੰਘ ਨੇ ਆਪਣੇ ਸਾਥੀਆਂ ਸਮੇਤ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਗਰ ਪੰਚਾਇਤ ਮਲੂਕਾ ਨੇ 11 ਵਾਰਡਾਂ ਵਿੱਚੋਂ ਚੋਣ ਲੜ ਰਿਹਾ ਸੀ, ਵਾਰਡ ਨੰਬਰ 3 ਦੇ ਉਮੀਦਵਾਰ ਦੇ ਧੱਕੇ ਨਾਲ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ।ਅੱਜ ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਚੋਣ ਲੜ ਰਹੇ ਉਮੀਦਵਾਰ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਹੈ।ਮਲੂਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਗਰ ਪੰਚਾਇਤ ਮਲੂਕਾ ਦੇ 11 ਵਾਰਡਾਂ ਤੋਂ ਇਲਾਵਾ ਹਲਕੇ ਦੀਆਂ 5 ਨਗਰ ਪੰਚਾਇਤਾਂ 'ਤੇ ਜਿੱਤ ਪ੍ਰਾਪਤ ਕਰੇਗਾ।ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦੀ ਹਨੇਰੀ ਚੱਲ ਰਹੀ ਹੈ, ਵੱਡੀ ਗਿਣਤੀ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ।ਸਿਕੰਦਰ ਸਿੰਘ ਮਲੂਕਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਜੀ ਆਇਆਂ ਕਿਹਾ ਤੇ ਪਾਰਟੀ ਵਿੱਚ ਮਾਨ ਸਤਿਕਾਰ ਦਾ ਭਰੋਸਾ ਦਿੱਤਾ। ਇਸ ਮੌਕੇ ਨਗਰ ਮਲੂਕਾ ਦੀ ਸਮੁੱਚੀ ਲੀਡਰਸ਼ਿਪ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਹੰਗਾਮੀ ਮੀਟਿੰਗ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਥਾਨਕ ਸਰਕਾਰਾਂ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਦੀ ਪੈਨਸ਼ਨਰ ਵੈੱਲਫ਼ੇਅਰ ਐਸੋਸੀਏਸ਼ਨ ਸੁਨਾਮ ਦੀ ਹੰਗਾਮੀ ਮੀਟਿੰਗ ਸਾਥੀ ਰਾਮ ਸਰੂਪ ਢੈਪਈ ਦੀ ਪ੍ਰਧਾਨਗੀ ਹੇਠ ਪੈਨਸ਼ਨ ਭਵਨ ਤਹਿਸੀਲ ਕੰਪਲੈਕਸ ਸੁਨਾਮ ਵਿਖੇ ਹੋਈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਦੇ ਬਕਾਏ ਦੀ ਅਦਾਇਗੀ 30 ਜੂਨ ਤੱਕ ਕਰਨ ਦੇ ਦਿੱਤੇ ਫੈਸਲੇ ਨੂੰ ਲਾਗੂ ਨਾ ਕਰਨ ਦੇ ਰੋਸ ਵਜੋਂ ਵਿਚਾਰਾਂ ਕੀਤੀਆਂ ਗਈਆਂ।ਮੀਟਿੰਗ ਨੇ ਫੈਸਲਾ ਕੀਤਾ ਆਮ ਆਦਮੀ ਪਾਰਟੀ ਦੇ ਮਿਊਂਸਪਲ ਚੋਣਾਂ ਵਿੱਚ ਖੜ੍ਹੇ ਉਮੀਦਵਾਰਾਂ ਨੂੰ ਸੰਬੋਧਤ ਇਸ਼ਤਿਹਾਰ ਜਾਰੀ ਕੀਤਾ ਗਿਆ, ਜਿਸ ਵਿੱਚ ਲਿਖਿਆ ਗਿਆ 'ਆਮ ਆਦਮੀ ਪਾਰਟੀ ਦਾ ਉਮੀਦਵਾਰ ਸਾਡੇ ਘਰ ਵੋਟ ਮੰਗਣ ਨਾ ਆਵੇ' ਘਰਾਂ ਅੱਗੇ ਲਾਏ ਜਾਣ ਅਤੇ ਆਮ ਆਦਮੀ ਪਾਰਟੀ ਦਾ ਵਿਰੋਧ ਕੀਤਾ ਜਾਵੇ।ਮੀਟਿੰਗ ਨੂੰ ਜੀਤ ਸਿੰਘ ਬੰਗਾ ਜਨਰਲ ਸਕੱਤਰ, ਬ੍ਰਿਜ ਲਾਲ ਧੀਮਾਨ, ਭੁਪਿੰਦਰ ਸਿੰਘ ਛਾਜਲੀ, ਪਵਨ ਕੁਮਾਰ ਸ਼ਰਮਾ, ਭੁਪਿੰਦਰ ਸਿੰਘ ਛਾਜਲੀ, ਦਰਸ਼ਨ ਸਿੰਘ ਮੱਟੂ, ਵਿਸ਼ਵਕਾਂਤ ਸ਼ਰਮਾ, ਦਰਸ਼ਨ ਸਿੰਘ ਭਰਪੂਰ, ਗੁਰਜੰਟ ਸਿੰਘ ਨਮੋਲ, ਹਰਨੇਕ ਸਿੰਘ ਨੱਢੇ, ਪਦਮ ਕੁਮਾਰ ਸ਼ਰਮਾ, ਪ੍ਰਿਤਪਾਲ ਸਿੰਘ ਨੇ ਸੰਬੋਧਨ ਕੀਤਾ।ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਸਬੰਧੀ ਮਾਨਯੋਗ ਹਾਈ ਕੋਰਟ ਵੱਲੋਂ ਮਹਿੰਗਾਈ ਭੱਤੇ ਦੀ ਅਦਾਇਗੀ ਕਰਨ ਲਈ ਦਿੱਤੇ ਫੈਸਲੇ ਨੂੰ ਲਾਗੂ ਨਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।



ਮੀਟਿੰਗ ਤੋਂ ਬਾਅਦ ਰਾਮ ਸਰੂਪ ਢੈਪਈ ਦੀ ਅਗਵਾਈ ਵਿੱਚ ਤਹਿਸੀਲ ਕੰਪਲੈਕਸ ਸੁਨਾਮ ਵਿਖੇ ਰੋਸ ਰੈਲੀ ਕੀਤੀ ਗਈ ਅਤੇ ਮੰਗ ਕੀਤੀ ਗਈ ਮਾਨਯੋਗ ਹਾਈਕੋਰਟ ਦਾ ਫੈਸਲਾ ਬਿਨਾਂ ਕਿਸੇ ਦੇਰੀ ਤੋਂ ਲਾਗੂ ਕੀਤਾ ਜਾਵੇ।

# ਨੀਨਾ ਮਿੱਤਲ ਨੇ ਕਲਪਨਾ ਕੁਕਰੇਜਾ ਲਈ ਵੋਟਾਂ ਮੰਗੀਆਂ

**ਰਾਜਪੁਰਾ (ਰਮੇਸ਼ ਕਟਾਰੀਆ) :** ਨਗਰ ਕੌਂਸਲ ਚੋਣਾਂ ਲਈ ਵਾਰਡ ਨੰਬਰ 17 ਵਿਖੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਕਲਪਨਾ ਕੁਕਰੇਜਾ ਪਤਨੀ ਰਿੰਕੂ ਕੁਕਰੇਜਾ ਦੇ ਹੱਕ ਵਿੱਚ ਚੋਣ ਮੀਟਿੰਗ ਕੀਤੀ ਗਈ, ਜਿਸ ਵਿੱਚ ਹਲਕਾ ਵਿਧਾਇਕ ਸ਼੍ਰੀਮਤੀ ਨੀਨਾ ਮਿੱਤਲ ਨੇ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ ਸ਼ਹਿਰ ਦੇ ਵਿਕਾਸ ਲਈ ਬਹੁਤ ਕੁਝ ਕੀਤਾ ਹੈ, ਇਨ੍ਹਾਂ ਕੰਮਾਂ ਨੂੰ ਵੇਖਦੇ ਹੋਏ ਅੱਜ ਅਸੀਂ ਜਨਤਾ ਦੀ ਅਦਾਲਤ ਵਿੱਚੋਂ ਵੋਟ ਮੰਗਣ ਆਏ ਹਾਂ। ਵਿਧਾਇਕ ਨੀਨਾ ਮਿੱਤਲ ਨੇ ਕਿਹਾ ਕਿ ਆਪ ਸਰਕਾਰ ਦੇ ਕੰਮਾਂ ਨੂੰ ਵੇਖਦੇ ਹੋਏ ਵਿਰੋਧੀਆਂ ਦੀ ਨੀਂਦ ਹਰਾਮ ਹੋਈ ਪਈ ਹੈ।




ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਹੀ ਆਪਣਾ ਪ੍ਰਧਾਨ ਬਣਾਏਗੀ।ਇਸ ਮੌਕੇ ਉਮੀਦਵਾਰ ਸ਼੍ਰੀਮਤੀ ਕਲਪਨਾ ਕੁਕਰੇਜਾ ਨੇ ਕਿਹਾ ਕਿ ਮੇਰਾ ਵਾਰਡ ਨੰਬਰ 17 ਹੈ ਤੇ ਮੈਂ ਇਸ ਵਾਰਡ ਨੂੰ ਜਿੱਤਣ ਤੋਂ ਬਾਅਦ ਚੰਡੀਗੜ੍ਹ ਦੇ ਸੈਕਟਰ 17 ਵਾਂਗ ਬਣਾ ਦਿਆਂਗੀ।ਇਸ ਮੌਕੇ ਵਾਰਡ ਨੰਬਰ 16 ਦੇ ਤਕੜੇ ਉਮੀਦਵਾਰ ਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਪ੍ਰਵੀਨ ਛਾਬੜਾ, ਵਿਜੇ ਅਰਿਆ, ਅਮਰਿੰਦਰ ਮੀਰੀ ਤੇ ਪੁਰਾਣੇ ਕਾਂਗਰਸ ਵਰਕਰ ਹਰੀ ਚੰਦ ਫ਼ੌਜੀ ਨੇ ਕਲਪਨਾ ਕੁਕਰੇਜਾ ਲਈ ਵੋਟਾਂ ਮੰਗੀਆਂ।ਇਸ ਮੌਕੇ ਅਜੇ ਮਿੱਤਲ, ਲਵਿਸ਼ ਮਿੱਤਲ, ਸੁਰੇਸ਼ ਭਟੇਜਾ, ਜਤਿੰਦਰ ਨਾਟੀ, ਰਿੰਕੂ ਕੁਕਰੇਜਾ, ਅਮਿਤ ਆਰੀਆ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਮੌਜੂਦ ਸਨ।

# ਸੀ ਪੀ ਆਈ ਨੇ ਐਡਵੋਕੇਟ ਅਵਤਾਰ ਕੌਰ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਲਾਲ ਝੰਡਾ ਪਾ ਕੇ ਦਿੱਤੀ ਸ਼ਰਧਾਂਜਲੀ

**ਲੁਧਿਆਣਾ (ਐੱਮ ਐੱਸ ਭਾਟੀਆ)**- ਪੰਜਾਬ ਇਸਤਰੀ ਸਭਾ ਲੁਧਿਆਣਾ ਦੇ ਆਗੂ ਕਾਮਰੇਡ ਐਡਵੋਕੇਟ ਅਵਤਾਰ ਕੌਰ, ਜੋ ਕੁਝ ਦਿਨਾਂ ਤੋਂ ਬਿਮਾਰ ਸਨ, ਬੀਤੇ ਕੱਲ੍ਹ ਰਾਤ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਪਿੰਡ ਘੁਡਾਣੀ ਵਿਖੇ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਦੇ ਸਕੇ ਸੰਬੰਧੀਆਂ ਤੋਂ ਇਲਾਵਾ ਪਿੰਡ ਦੇ ਲੋਕ ਸ਼ਾਮਲ ਹੋਏ।ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਜ਼ਿਲ੍ਹੇ ਦੇ ਸਹਾਇਕ ਸਕੱਤਰ ਐੱਮ ਐੱਸ ਭਾਟੀਆ, ਪੰਜਾਬ ਇਸਤਰੀ ਸਭਾ ਦੇ ਆਗੂ ਜੀਤ ਕੁਮਾਰੀ, ਰਮੇਸ਼ ਕੌਸ਼ਲ, ਭਗਵੰਤ ਸਿੰਘ, ਅਜੀਤ ਸਿੰਘ ਜਵੱਦੀ, ਵੀਨਾ ਕੁਮਾਰੀ, ਦਾਨ ਸਿੰਘ ਤੇ ਕਰਨ ਰਾਏ ਕਾਮਰੇਡ ਐਡਵੋਕੇਟ ਅਵਤਾਰ ਕੌਰ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਲਾਲ ਝੰਡਾ ਪਾ ਕੇ ਸਨਮਾਨ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ।



# ਇਨਵੈਸਟੀਚਰ ਸਮਾਰੋਹ ਸ਼ਾਨੋ-ਸ਼ੌਕਤ ਨਾਲ ਸੰਪੰਨ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) :** ਕੇ ਐੱਸ ਬੀ ਵਰਲਡ ਸਕੂਲ ਪਾਤੜਾਂ ਵਿੱਚ ਚਾਲੂ ਵਿੱਦਿਅਕ ਸੈਸ਼ਨ ਲਈ ਇਨਵੈਸਟੀਚਰ ਸਮਾਰੋਹ ਬੜੀ ਸ਼ਾਨੋ-ਸ਼ੌਕਤ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਰੋਹ ਦੌਰਾਨ ਵਿਦਿਆਰਥੀ ਕੌਂਸਲ ਦੇ ਨਵੇਂ ਮੈਂਬਰਾਂ ਨੂੰ ਬੈਜ਼ ਤੇ ਸੈਸ਼ ਪ੍ਰਦਾਨ ਕਰਕੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਸਮਾਰੋਹ ਦਾ ਆਰੰਭ ਸਕੂਲ ਐਨਥਮ ਨਾਲ ਹੋਇਆ।ਉਪਰੰਤ ਸਕੂਲ ਦੇ ਹੈੱਡ ਬੋਏ ਗੁਰਸ਼ਰਨ ਸਿੰਘ ਤੇ ਹੈੱਡ ਗਰਲ ਤਰਨਵੀਰ ਕੌਰ ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਅਲਕਨੰਦਾ ਹਾਊਸ ਦੀ ਕੈਪਟਨ ਹੁਸਨਪ੍ਰੀਤ ਕੌਰ, ਭਾਗੀਰਥੀ ਹਾਊਸ ਦੀ ਕੈਪਟਨ ਸਿਮਰਤ ਕੌਰ, ਗੰਗੋਤਰੀ ਹਾਊਸ ਦੇ ਕੈਪਟਨ ਇੰਦਰਜੀਤ ਸਿੰਘ ਤੇ ਮੰਦਾਕਿਨੀ ਹਾਊਸ ਦੀ ਕੈਪਟਨ ਹਰਲੀਨ ਕੌਰ ਨੂੰ ਵੀ ਸ਼ਪਥ ਦਿਵਾਈ ਗਈ। ਸਕੂਲ ਪ੍ਰੈਜ਼ੀਡੈਂਟ ਗੁਰਲਾਡ ਸਿੰਘ ਕਾਹਲੋਂ ਨੇ ਕਿਹਾ ਕਿ ਅੱਜ ਦੇ ਵਿਦਿਆਰਥੀ ਹੀ ਭਵਿੱਖ ਦੇ ਨੇਤਾ ਹਨ ਤੇ ਉਨ੍ਹਾਂ ਨੂੰ ਸੱਚਾਈ ਅਤੇ ਸੇਵਾ ਦੇ ਰਾਹ 'ਤੇ ਚੱਲਣਾ ਚਾਹੀਦਾ ਹੈ।ਚੇਅਰਪਰਸਨ ਮੈਡਮ ਗੀਨਾ ਚੀਮਾ ਤੇ ਚੇਅਰਮੈਨ ਨਰੇਸ਼ ਕੁਮਾਰ ਨੇ ਵੀ ਨਵੇਂ ਚੁਣੇ ਗਏ ਵਿਦਿਆਰਥੀ ਆਗੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਸਮਾਰੋਹ ਵਿੱਚ ਸਕੂਲ ਦੀ ਪ੍ਰਿੰਸੀਪਲ ਅਨੀਤਾ ਸਹੂੰਜਾ ਨੇ ਵਿਦਿਆਰਥੀਆਂ ਨੂੰ ਇਮਾਨਦਾਰੀ, ਅਨੁਸ਼ਾਸਨ ਤੇ ਨੇਤ੍ਰਿਤਵ ਦੀ ਭਾਵਨਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗਾਨ ਗਾ ਕੇ ਸਮਾਰੋਹ ਦੀ ਸਮਾਪਤੀ ਕੀਤੀ ਗਈ।



# 33 ਪੁਲਸ ਅਧਿਕਾਰੀਆਂ/ਕਰਮਚਾਰੀਆਂ ਦਾ ਵਧੀਆ ਕਾਰਗੁਜ਼ਾਰੀ ਲਈ ਡੀ ਜੀ ਪੀ ਡਿਸਕਾਂ ਨਾਲ ਸਨਮਾਨ

**ਸੰਗਰੂਰ (ਪ੍ਰਵੀਨ ਸਿੰਘ)**- ਡਾ. ਰਵਜੋਤ ਗਰੇਵਾਲ ਐੱਸ.ਐੱਸ.ਪੀ. ਸੰਗਰੂਰ ਵੱਲੋਂ ਜ਼ਿਲ੍ਹਾ ਪੁਲਸ ਵਿੱਚ ਤਾਇਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੀ ਡਿਊਟੀ ਬਹੁਤ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਨਿਭਾਉਣ ਤੇ ਵਧੀਆ ਕਾਰਗੁਜ਼ਾਰੀ ਸਬੰਧੀ 33 ਅਧਿਕਾਰੀਆਂ/ਕਰਮਚਾਰੀਆਂ ਨੂੰ ਡੀ.ਜੀ.ਪੀ. ਡਿਸਕਾਂ ਦੇ ਕੇ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਪੁਲਸ ਮੁਖੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤੇ ਪਿੰਡਾਂ ਦੇ ਪਹਿਰੇਦਾਰ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 1 ਮਈ 2026 ਤੋਂ 20 ਮਈ 2026 ਤੱਕ ਡਰੱਗ ਦੇ 63 ਮੁਕੱਦਮੇ ਦਰਜ ਕਰ ਕੇ 98 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਪਾਸੋਂ 623 ਗ੍ਰਾਮ ਹੈਰੋਇਨ, 40 ਕਿੱਲੋ ਭੁੱਕੀ ਚੂਰਾ ਪੋਸਤ, 25 ਨਸ਼ੀਲੇ ਟੀਕੇ ਤੇ 1638 ਨਸ਼ੀਲੀਆਂ ਗੋਲੀਆਂ ਬਰਾਮਦ ਕਰਵਾਈਆਂ ਗਈਆਂ।ਇਸ




ਅਰਸੇ ਦੌਰਾਨ ਐੱਨ.ਡੀ.ਪੀ.ਐਸ ਐਕਟ ਦੇ 01 ਨਸ਼ਾ ਤਸਕਰ ਦੀ ਕੁੱਲ 2,70,000/- ਰੁਪਏ ਦੇ ਮੁੱਲ ਦੀ ਪ੍ਰਾਪਰਟੀ ਫਰੀਜ ਕਰਵਾਈ ਗਈ।ਨਸ਼ੇ ਦਾ ਸੇਵਨ ਕਰਨ ਵਾਲੇ 73 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਦਾਖਲ/ਦਵਾਈ ਦਿਵਾਈ ਗਈ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 25 ਮੁਕੱਦਮੇ ਦਰਜ ਕਰ ਕੇ 28 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਪਾਸੋਂ 450.750 ਲੀਟਰ ਸ਼ਰਾਬ ਠੇਕਾ ਦੇਸੀ, 48.750 ਲੀਟਰ ਸ਼ਰਾਬ ਨਜਾਇਜ਼, 24.750 ਲੀਟਰ ਸ਼ਰਾਬ ਅੰਗਰੇਜ਼ੀ ਤੇ 60 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ।ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 02 ਮੁਕੱਦਮੇ ਦਰਜ ਕਰਕੇ 02 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਪਾਸੋਂ 3 ਦੇਸੀ ਪਿਸਟਲ ਤੇ 4 ਜ਼ਿੰਦਾ ਕਾਰਤੂਸ ਬ੍ਰਾਮਦ ਕਰਵਾਏ ਗਏ।ਜੂਆ ਐਕਟ ਤਹਿਤ ਇੱਕ ਮੁਕੱਦਮਾ ਦਰਜ ਕਰਕੇ ਇੱਕ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 830 ਰੁਪਏ ਬ੍ਰਾਮਦ ਕਰਵਾਏ ਗਏ।ਪਬਲਿਕ ਦੀ ਸੁਣਵਾਈ ਕਰਦੇ ਹੋਏ ਕੁੱਲ 510 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ। ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਕੁੱਲ 5 ਭਗੌੜੇ ਗ੍ਰਿਫਤਾਰ ਕੀਤੇ ਗਏ।

# ਮਹਾਂਕਾਲ ਸੇਵਾ ਸੁਸਾਇਟੀ ਵੱਲੋਂ ਕਿਲ੍ਹਾ ਮੁਬਾਰਕ ਚੌਕ ਵਿਖੇ ਮੁਫ਼ਤ ਮੱਲ੍ਹਮ-ਪੱਟੀ ਸੇਵਾ ਸ਼ੁਰੂ

**ਲੋੜਵੰਦਾਂ ਲਈ ਰੋਜ਼ਾਨਾ ਸਵੇਰੇ 5:30 ਤੋਂ 7:30 ਵਜੇ ਤੱਕ ਉਪਲਬਧ ਰਹੇਗੀ ਸੇਵਾ**

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) :** ਪਿਛਲੇ ਲੰਬੇ ਸਮੇਂ ਤੋਂ ਸਮਾਜ ਸੇਵੀ ਤੇ ਧਾਰਮਿਕ ਕੰਮਾਂ ਵਿੱਚ ਜੁਟੀ ਫ਼ਰੀਦਕੋਟ ਦੀ ਨਾਮੀ ਸੰਸਥਾ ਮਹਾਂਕਾਲ ਸਵਰਗ ਧਾਮ ਸੇਵਾ ਸੋਸਾਇਟੀ ਦੇ ਮੈਂਬਰਾਂ ਨੇ ਇੱਕ ਹੋਰ ਸ਼ਲਾਘਾਯੋਗ ਕਦਮ ਚੁੱਕਿਆ ਹੈ।ਚੇਅਰਮੈਨ ਅਸ਼ੋਕ ਭਟਨਾਗਰ ਤੇ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਦੀ ਅਗਵਾਈ ਹੇਠ ਸੁਸਾਇਟੀ ਵੱਲੋਂ ਸਥਾਨਕ ਕਿਲ੍ਹਾ ਮੁਬਾਰਕ ਚੌਕ ਵਿਖੇ ਮੁਫ਼ਤ ਮੱਲ੍ਹਮ-ਪੱਟੀ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਪ੍ਰੋਜੈਕਟ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਉੱਘੇ ਸਮਾਜ ਸੇਵੀ ਤੇ ਬ੍ਰਾਹਮਣ ਸਭਾ ਫ਼ਰੀਦਕੋਟ ਦੇ ਪ੍ਰਧਾਨ ਸੁਖਦੇਵ ਸ਼ਰਮਾ ਵੱਲੋਂ ਕੀਤਾ ਗਿਆ। ਉਦਘਾਟਨ ਮੌਕੇ ਬੋਲਦਿਆਂ ਮੁੱਖ ਮਹਿਮਾਨ ਸੁਖਦੇਵ ਸ਼ਰਮਾ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਤੇ ਧਾਰਮਿਕ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਸ ਸੁਸਾਇਟੀ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੀਆਂ ਹੋਈਆਂ ਨਾਮਵਰ ਸ਼ਖ਼ਸੀਅਤਾਂ ਨੇ ਜੋ ਇਹ ਸਾਂਝਾ ਉਪਰਾਲਾ ਕੀਤਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ।ਇਸ ਨਿਸ਼ਕਾਮ ਸੇਵਾ ਨਾਲ ਇਲਾਕੇ ਦੇ ਲੋੜਵੰਦ ਲੋਕਾਂ ਨੂੰ ਬਹੁਤ ਵੱਡਾ ਲਾਭ ਮਿਲੇਗਾ।ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ (ਰਿਟਾਇਰਡ ਡੀ.ਐੱਸ.ਪੀ.) ਹਰਜਿੰਦਰ ਸਿੰਘ ਤੇ ਮੀਤ ਪ੍ਰਧਾਨ ਗੁਰਮੀਤ ਸਿੰਘ ਬੱਗੂ ਨੇ ਦੱਸਿਆ ਕਿ ਇਹ ਸੇਵਾ ਪੂਰੀ ਤਰ੍ਹਾਂ ਮੁਫ਼ਤ ਹੋਵੇਗੀ।ਸੇਵਾ ਦਾ ਸਮਾਂ ਰੋਜ਼ਾਨਾ ਸਵੇਰੇ 5:30 ਵਜੇ ਤੋਂ 7:30 ਵਜੇ ਤੱਕ ਹੋਵੇਗਾ।ਕੋਈ ਵੀ ਲੋੜਵੰਦ ਵਿਅਕਤੀ ਇੱਥੇ ਆ ਕੇ ਇਸ ਸੇਵਾ ਦਾ ਲਾਭ ਉਠਾ ਸਕਦਾ ਹੈ।




ਇਸ ਮੌਕੇ ਸੁਸਾਇਟੀ ਦੀ ਸਮੁੱਚੀ ਟੀਮ, ਜਿਸ 'ਚ ਕੇਅਰ ਟੇਕਰ ਪਰਮਜੀਤ ਸਿੰਘ ਪੰਮਾ, ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਬਰਾੜ, ਮੀਤ ਸਕੱਤਰ ਗੁਰਮੀਤ ਸਿੰਘ ਗਿੱਲ, ਪੀ.ਆਰ.ਓ. ਡਾਕਟਰ ਪ੍ਰਸ਼ੋਤਮ ਗੁਪਤਾ, ਕਾਰਜਕਾਰਨੀ ਮੈਂਬਰ (ਰਿਟਾਇਰਡ ਏ.ਐੱਸ.ਆਈ.) ਅਸ਼ੋਕ ਸ਼ਰਮਾ ਤੇ ਪੰਡਤ ਗਗਨ ਮਿਸ਼ਰਾ ਸ਼ਾਮਲ ਸਨ, ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੀ।

# ਸਟੇਟ ਬੈਂਕ ਨੇ ਪੀੜਤ ਨੂੰ ਸੌਂਪੀ ਦੋ ਲੱਖ ਦੀ ਸਹਾਇਤਾ ਬੀਮਾ ਰਾਸ਼ੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦੇ ਤਹਿਤ ਪਿੰਡ ਰਾਇਸਰ ਪਟਿਆਲਾ ਦੀ ਸਟੇਟ ਬੈਂਕ ਆਫ ਇੰਡੀਆ ਬ੍ਰਾਂਚ ਰਾਇਸਰ ਵੱਲੋਂ ਵਿਜੇ ਕੁਮਾਰ ਪਿੰਡ ਰਾਇਸਰ ਪਟਿਆਲਾ ਨੂੰ ਉਨ੍ਹਾਂ ਦੇ ਪੁੱਤਰ ਹਰਦੀਪ ਕੁਮਾਰ ਦੀ ਐਕਸੀਡੈਂਟ ਵਿੱਚ ਹੋਈ ਮੌਤ ਤੋਂ ਬਾਅਦ ਉਨ੍ਹਾਂ ਨੂੰ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ।ਇਸ ਮੌਕੇ ਕੈਸ਼ੀਅਰ ਜਗਦੀਪ ਸਿੰਘ ਨੇ ਦੱਸਿਆ ਕਿ ਅਸੀਂ ਪਹਿਲਾਂ ਵੀ ਇਸ ਯੋਜਨਾ ਅਧੀਨ ਕਈ ਪਰਿਵਾਰਾਂ ਨੂੰ 2 ਲੱਖ ਦਾ ਕਲੇਮ ਦਿਵਾਇਆ ਹੈ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਾਰੇ ਪਰਿਵਾਰ ਆਪਣਾ ਬੀਮਾ ਕਰਵਾ ਕੇ ਰੱਖਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਾਅਦ ਪਰਿਵਾਰ ਨੂੰ ਆਰਥਿਕ ਸਹਾਇਤਾ ਮਿਲ ਸਕੇ।ਮੌਕੇ ਮੈਨੇਜਰ ਹਰਜਿੰਦਰ ਸਿੰਘ, ਕੈਸ਼ੀਅਰ ਜਗਦੀਪ ਸਿੰਘ, ਜਗਸੀਰ ਸਿੰਘ ਸੀ.ਐੱਸ.ਪੀ. ਵਕੀਲ ਸਿੰਘ, ਸੀ.ਐੱਸ.ਪੀ. ਸਿਮਰਨਜੀਤ ਸਿੰਘ ਰੱਖੜਾ, ਐੱਫ ਓ ਐੱਸ ਹਰਪ੍ਰੀਤ ਸਿੰਘ, ਫੌਜੀ ਹਰਜਿੰਦਰ ਸਿੰਘ, ਬੱਗਾ ਸਿੰਘ ਤੇ ਗਗਨਦੀਪ ਕੌਰ ਆਦਿ ਹਾਜ਼ਰ ਸਨ।



# ਰਿਓਨਾ ਉੱਚਾ ਸਕੂਲ 'ਚ ਦਾਖਲਾ ਜਾਗਰੂਕਤਾ ਦਿਵਸ ਭਲਕੇ

**ਸਮਰਾਲਾ (ਸੁਰਜੀਤ ਸਿੰਘ)** ਪੀ. ਐੱਮ. ਸ਼੍ਰੀ ਕੇਂਦਰੀ ਵਿਦਿਆਲਯ ਰਿਓਨਾ ਉੱਚਾ ਵੱਲੋਂ 25 ਮਈ ਨੂੰ ਦਾਖਲਾ ਜਾਗਰੂਕਤਾ ਦਿਵਸ ਮਨਾਇਆ ਜਾ ਰਿਹਾ ਹੈ।ਇਹ ਮੁਹਿੰਮ ਵਿਦਿਆਰਥੀਆਂ ਤੇ ਮਾਪਿਆਂ ਲਈ ਕੇਂਦਰੀ ਵਿਦਿਆਲਯ ਵਿੱਚ ਦਾਖਲਾ ਲੈਣ ਦਾ ਇੱਕ ਵਧੀਆ ਮੌਕਾ ਲੈ ਕੇ ਆਈ ਹੈ।ਸਕੂਲ ਪ੍ਰਸ਼ਾਸਨ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਮਾਪਿਆਂ ਤੇ ਆਮ ਲੋਕਾਂ ਨੂੰ ਕੇਂਦਰੀ ਵਿਦਿਆਲਿਆ ਵਿੱਚ ਉਪਲਬਧ ਆਧੁਨਿਕ ਸਿੱਖਿਆ ਸੁਵਿਧਾਵਾਂ, ਗੁਣਵੱਤਾਪੂਰਨ ਸਿੱਖਿਆ ਤੇ ਦਾਖਲਾ ਪ੍ਰਕਿਰਿਆ ਬਾਰੇ ਜਾਗਰੂਕ ਕਰਨਾ ਹੈ।ਕਈ ਲੋਕਾਂ ਨੂੰ ਇਹ ਜਾਣਕਾਰੀ ਨਹੀਂ ਹੁੰਦੀ ਕਿ ਸਿਵਲ ਸ਼੍ਰੇਣੀ ਦੇ ਵਿਦਿਆਰਥੀ ਵੀ ਕੇਂਦਰੀ ਵਿਦਿਆਲਯ ਵਿੱਚ ਦਾਖਲਾ ਲੈ ਸਕਦੇ ਹਨ।ਸਕੂਲ ਵਿੱਚ ਦਾਖਲਾ ਫੀਸ ਸਿਰਫ਼ 25 ਰੁਪਏ ਹੈ, ਜਦਕਿ ਕਲਾਸ 8ਵੀਂ ਤੱਕ ਮਹੀਨਾਵਾਰ ਫੀਸ ਕੇਵਲ 600 ਰੁਪਏ ਨਿਰਧਾਰਤ ਕੀਤੀ ਗਈ ਹੈ।ਸਕੂਲ ਦੀ ਹਰ ਕਲਾਸ ਵਿੱਚ ਲਗਭਗ 2 ਲੱਖ ਰੁਪਏ ਦੀ ਲਾਗਤ ਨਾਲ ਆਧੁਨਿਕ ਸਮਾਰਟ ਇੰਟਰਐਕਟਿਵ ਬੋਰਡ ਲਗਾਏ ਗਏ ਹਨ, ਜੋ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਹੋਰ ਪ੍ਰਭਾਵਸ਼ਾਲੀ ਤੇ ਦਿਲਚਸਪ ਬਣਾਉਂਦੇ ਹਨ। ਇੱਥੇ ਅਖਿਲ ਭਾਰਤੀ ਪੱਧਰ 'ਤੇ ਚੁਣੇ ਗਏ ਤਜਰਬੇਕਾਰ ਅਧਿਆਪਕ ਵਿਦਿਆਰਥੀਆਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਦੇ ਹਨ।ਸਕੂਲ ਪ੍ਰਸ਼ਾਸਨ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ 25 ਮਈ ਨੂੰ ਸਕੂਲ ਪਹੁੰਚ ਕੇ ਆਪਣੇ ਬੱਚਿਆਂ ਦੇ ਦਾਖਲੇ ਸੰਬੰਧੀ ਸਲਾਹ ਪ੍ਰਾਪਤ ਕਰਨ ਤੇ ਇਸ ਸੁਨਹਿਰੇ ਮੌਕੇ ਦਾ ਲਾਭ ਲੈਣ।

# ਕਾਕਾ ਲੋਹਗੜ੍ਹ ਵੱਲੋਂ ਇਸ਼ੂ ਛਾਬੜਾ ਦੇ ਹੱਕ 'ਚ ਚੋਣ ਪ੍ਰਚਾਰ

**ਕੋਟ ਈਸੇ ਖਾਂ (ਅਰੋੜਾ)**- ਹਲਕਾ ਧਰਮਕੋਟ ਤੋਂ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਨਗਰ ਪੰਚਾਇਤ ਕੋਟ ਈਸੇ ਖਾਂ ਦੇ ਵਾਰਡ ਨੰ. 4 ਤੋਂ ਕਾਂਗਰਸੀ ਉਮੀਦਵਾਰ ਇਸ਼ੂ ਛਾਬੜਾ ਦੇ ਹੱਕ ਵਿੱਚ ਆਪਣੀ ਟੀਮ ਨਾਲ ਚੋਣ ਪ੍ਰਚਾਰ ਕੀਤਾ ਤੇ ਘਰ ਘਰ ਜਾ ਕੇ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਵੋਟਾਂ ਮੰਗੀਆਂ।ਇਸ ਮੌਕੇ ਕਾਕਾ ਲੋਹਗੜ੍ਹ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਨਗਰ ਪੰਚਾਇਤ ਚੋਣਾਂ ਵਿੱਚ ਸਾਫ ਅਕਸ ਵਾਲੇ ਤੇ ਪੜ੍ਹੇ ਲਿਖੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ, ਜੇਕਰ ਸ਼ਹਿਰ ਵਾਸੀ ਕਾਂਗਰਸੀ ਉਮੀਦਵਾਰਾਂ ਦੇ ਹੱਕ ਵਿੱਚ ਸਮਰਥਨ ਦਿੰਦੇ ਹਨ ਤਾਂ ਇਹ ਉਮੀਦਵਾਰ ਹਮੇਸ਼ਾ ਵਾਰਡ ਦੇ ਵਿਕਾਸ ਲਈ ਤਤਪਰ ਰਹਿਣਗੇ।ਉਨ੍ਹਾ ਕਿਹਾ ਕਿ ਲੋਕ ਸੱਤਾਧਾਰੀ ਪਾਰਟੀ ਤੋਂ ਤੰਗ ਆ ਚੁੱਕੇ ਹਨ ਤੇ ਜਦ ਅਸੀਂ ਲੋਕਾਂ ਦੇ ਘਰ ਕਾਂਗਰਸੀ ਉਮੀਦਵਾਰਾਂ ਲਈ ਵੋਟਾਂ ਮੰਗਣ ਜਾਂਦੇ ਹਾਂ ਤਾਂ ਅੱਗੋ ਬਹੁਤ ਵਧੀਆ ਹੁੰਗਾਰਾ ਮਿਲਦਾ ਹੈ ਤੇ ਲੋਕ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਣ ਦਾ ਮਨ ਬਣਾਈ ਬੈਠੇ ਹਨ।ਉਨ੍ਹਾਂ ਸਮੂਹ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਵਾਰਡ ਦੇ ਵਿਕਾਸ ਲਈ ਵਾਰਡ ਨੰ. 4 ਤੋਂ ਕਾਂਗਰਸੀ ਉਮੀਦਵਾਰ ਇਸ਼ੂ ਛਾਬੜਾ ਦੇ ਚੋਣ ਨਿਸ਼ਾਨ ਪੰਜਾ 'ਤੇ ਮੋਹਰ ਲਗਾ ਕੇ ਕਾਮਯਾਬ ਕਰਨ।ਇਸ ਮੌਕੇ ਕਾਂਗਰਸੀ ਉਮੀਦਵਾਰ ਇਸ਼ੂ ਛਾਬੜਾ ਨੇ ਕਿਹਾ ਕਿ ਜੇਕਰ ਵਾਰਡ ਵਾਸੀ ਮੇਰਾ ਸਾਥ ਦੇਣ ਤਾਂ ਮੈਂ ਵਾਰਡ ਦਾ ਵੱਧ ਤੋਂ ਵੱਧ ਵਿਕਾਸ ਕਰਾਵਾਂਗਾ ਤੇ ਹਮੇਸ਼ਾ ਵਾਰਡ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਾਂਗਾ।ਇਸ ਮੌਕੇ ਸਾਬਕਾ ਚੇਅਰਮੈਨ ਤੇ ਬਲਾਕ ਪ੍ਰਧਾਨ ਸ਼ਿਵਾਜ ਸਿੰਘ ਭੋਲਾ ਮਸਤੇਵਾਲਾ, ਗੁਰਭੇਜ ਸਿੰਘ, ਅਮਨਦੀਪ ਸਿੰਘ ਸਾਬਕਾ ਪ੍ਰਧਾਨ, ਬਲਵੀਰ ਸਿੰਘ ਪਾਂਧੀ, ਕੁਲਦੀਪ ਸਿੰਘ ਰਾਜਪੂਤ ਤੋਂ ਇਲਾਵਾ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਬੀ ਡੀ ਪੀ ਓ ਨੂੰ ਦਿੱਤਾ ਮੰਗ ਪੱਤਰ

**ਜਲਾਲਾਬਾਦ (ਜੀਤ ਕੁਮਾਰ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਧਾਨ ਧਰਮ ਸਿੰਘ ਸਿੱਧੂ, ਸ਼ਹੀਦ ਭਗਤ ਸਿੰਘ ਦੇ ਜ਼ੋਨ ਪ੍ਰਧਾਨ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ ਪਿੰਡ ਮੋਹਕਮ ਅਰਾਈਂ ਵਿਖੇ ਧਰਨਾ ਪਿਛਲੇ ਇਕ ਸਾਲ ਚੱਲ ਰਿਹਾ ਹੈ। ਇਸ ਸਬੰਧੀ 22 ਮਈ 2026 ਨੂੰ ਬੀ.ਡੀ.ਪੀ.ਓ. ਨੂੰ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕਿਸਾਨ ਕਸ਼ਮੀਰ ਸਿੰਘ ਪੁੱਤਰ ਸ਼ੰਕਰ ਸਿੰਘ ਪਿੰਡ ਮੋਹਕਮ ਆਰਾਈਂ ਦੀ ਮਾਲਕੀ ਜ਼ਮੀਨ 'ਚ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਰੋਕਣ ਲਈ ਮੰਗ ਪੱਤਰ ਦਿੱਤਾ ਗਿਆ ਹੈ। ਆਗੂਆਂ ਨੇ ਦੱਸਿਆ ਕਿ ਬੀ.ਡੀ.ਪੀ.ਓ. ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਕਿਸਾਨ ਕਸ਼ਮੀਰ ਸਿੰਘ ਪੁੱਤਰ ਸ਼ੰਕਰ ਸਿੰਘ ਪਿੰਡ ਮੋਹਕਮ ਆਰਾਈਂ ਵਿਖੇ ਉਸ ਦੀ ਮਾਲਕੀ ਜ਼ਮੀਨ ਵਿੱਚ ਕੋਈ ਵੀ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਬੀ ਡੀ ਪੀ ਓ ਨੇ ਪ੍ਰਧਾਨ ਨੂੰ ਇਹ ਵੀ ਕਿਹਾ ਕਿ ਮੈਂ ਪਹਿਲਾਂ ਵੀ ਗਿਆ ਸੀ, ਪਰ ਜਥੇਬੰਦੀ ਤੇ ਜ਼ਮੀਨ ਦੇ ਮਾਲਕ ਕਸ਼ਮੀਰ ਸਿੰਘ ਨੂੰ ਮਿਲ ਕੇ ਵਾਪਸ ਆਇਆ ਸੀ ਅਤੇ ਨਾਲ ਹੀ ਜਥੇਬੰਦੀ ਨੇ ਮੰਗ ਪੱਤਰ ਬਾਰੇ ਜਾਣਕਾਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਦਿੱਤੇ ਗਏ ਮੰਗ ਪੱਤਰ ਦੀ ਅਣਦੇਖੀ ਕੀਤੀ ਗਈ ਤਾਂ ਇਸ ਦੇ ਨਿਕਲਣ ਵਾਲੇ ਨਤੀਜਿਆਂ ਦਾ ਜ਼ੁੰਮੇਵਾਰ ਬੀ.ਡੀ.ਪੀ.ਓ. ਤੇ ਪੁਲਸ ਪ੍ਰਸ਼ਾਸਨ ਹੋਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਨਾਲ ਕਿਸੇ ਵੀ ਤਰ੍ਹਾਂ ਦਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਦੇ ਖਿਲਾਫ ਸੰਘਰਸ਼ ਜਾਰੀ ਰੱਖਿਆ ਜਾਵੇਗਾ।



# ਅਸਮਾਨ ਛੂੰਹਦੀਆਂ ਤੇਲ ਕੀਮਤਾਂ ਖਿਲਾਫ਼ ਕਿਸਾਨ ਯੂਨੀਅਨਾਂ ਕਰਨਗੀਆਂ ਐਲਾਨ-ਏ-ਜੰਗ : ਦੌਲਤਪੁਰਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿੱਚ ਲਗਾਤਾਰ ਕੀਤੇ ਜਾ ਰਹੇ ਵਾਧੇ ਨੇ ਕਿਸਾਨੀ ਦੇ ਨਾਲ-ਨਾਲ ਆਮ ਜਨਤਾ ਦਾ ਵੀ ਜਿਉਣਾ ਮੁਹਾਲ ਕਰ ਦਿੱਤਾ ਹੈ।ਸੰਯੁਕਤ ਕਿਸਾਨ ਮੋਰਚਾ ਨੇ ਇਸ ਨੂੰ 'ਤੇਲ ਲੁੱਟ' ਕਰਾਰ ਦਿੰਦਿਆਂ ਕੇਂਦਰ ਤੇ ਸੂਬਾ ਸਰਕਾਰਾਂ ਖਿਲਾਫ਼ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ, ਉਸ ਦੇ ਤਹਿਤ 2 ਜੂਨ ਨੂੰ ਪਹਿਲਾ ਪ੍ਰੋਟੈਸਟ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਕਿਹਾ ਕਿ 2014 ਵਿੱਚ ਡੀਜ਼ਲ 55 ਰੁਪਏ ਤੇ ਪੈਟਰੋਲ 71 ਰੁਪਏ ਲੀਟਰ ਸੀ।ਅੱਜ ਡੀਜ਼ਲ 106 ਰੁਪਏ ਤੇ ਪੈਟਰੋਲ 112 ਰੁਪਏ ਤੋਂ ਪਾਰ ਹੈ। ਕੱਚਾ ਤੇਲ ਅੰਤਰਰਾਸ਼ਟਰੀ ਮਾਰਕੀਟ ਵਿੱਚ 2022 ਨਾਲੋਂ ਸਸਤਾ ਹੈ, ਫਿਰ ਭਾਰਤ ਵਿੱਚ ਰੇਟ ਦੁੱਗਣੇ ਕਿਉਂ ? ਸਰਕਾਰ ਟੈਕਸਾਂ ਦੇ ਨਾਂ 'ਤੇ ਪ੍ਰਤੀ ਲੀਟਰ 50 ਰੁਪਏ ਤੋਂ ਵੱਧ ਵਸੂਲ ਰਹੀ ਹੈ।ਇਹ ਸਿੱਧੀ ਡਾਕੇਮਾਰੀ ਹੈ।ਟਰੈਕਟਰ ਦੀ ਜੁਤਾਈ 1200 ਰੁਪਏ ਏਕੜ ਤੋਂ ਵਧ ਕੇ 2200 ਰੁਪਏ ਹੋ ਗਈ। ਟਿਊਬਵੈੱਲ, ਕੰਬਾਈਨ, ਢੋਆ-ਢੁਆਈ ਸਭ ਮਹਿੰਗੇ।ਡੀਜ਼ਲ ਮਹਿੰਗਾ ਹੋਣ ਨਾਲ ਸਬਜ਼ੀ, ਦੁੱਧ, ਅਨਾਜ ਸਮੇਤ ਹਰ ਚੀਜ਼ ਦਾ ਰੇਟ ਵਧ ਗਿਆ।ਕਿਸਾਨ ਖੁਦ ਮੰਡੀ ਤੱਕ ਫਸਲ ਲਿਜਾਣ ਤੋਂ ਅਸਮਰੱਥ ਹੈ।ਖੇਤੀ ਘਾਟੇ ਦਾ ਸੌਦਾ ਬਣ ਚੁੱਕੀ ਹੈ।ਪੰਜਾਬ ਵਿੱਚ ਹਰ ਰੋਜ਼ 2-3 ਕਿਸਾਨ ਕਰਜ਼ੇ ਕਾਰਨ ਖੁਦਕੁਸ਼ੀ ਕਰ ਰਹੇ ਹਨ।ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਨੇ ਚੇਤਾਵਨੀ ਦਿੱਤੀ ਕਿ ਜੇ 7 ਦਿਨਾਂ ਵਿੱਚ ਸਰਕਾਰ ਨੇ ਤੇਲ ਕੀਮਤਾਂ ਘਟਾਉਣ ਤੇ ਵੱਧ ਰਹੀਆਂ ਕੀਮਤਾਂ ਨੂੰ ਰੋਕਣ ਲਈ ਕੋਈ ਕਦਮ ਨਾ ਚੁੱਕੇ ਤਾਂ 2 ਜੂਨ ਨੂੰ ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਧਰਨੇ ਦਿੱਤੇ ਜਾਣਗੇ, ਜੇ ਸਰਕਾਰ ਨੇ ਫਿਰ ਵੀ ਕੋਈ ਸੁਣਵਾਈ ਨਾ ਕੀਤੀ ਤਾਂ ਆਉਣ ਵਾਲੇ ਅਗਲੇ ਦਿਨਾਂ 'ਚ ਸੰਘਰਸ਼ ਹੋਰ ਤਿੱਖਾ ਕੀਤਾ ਹੋਵੇਗਾ।



# ਅਗਲੇ ਸੰਘਰਸ਼ਾਂ ਦੀ ਤਿਆਰੀ ਸੰਬੰਧੀ ਮੋਰਚੇ ਵੱਲੋਂ ਸੂਬਾ ਪੱਧਰੀ ਮੀਟਿੰਗ

**ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਇੱਕੋ ਜਿਹੀ ਮੁਲਾਜ਼ਮ ਪੱਖੀ ਨੀਤੀ ਬਣਾਉਣ ਦੀ ਮੰਗ**

**ਲੁਧਿਆਣਾ (ਸਤੀਸ਼ ਸਚਦੇਵਾ)**- ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਠੇਕਾ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਅਗਲੇ ਸੰਘਰਸ਼ਾਂ ਦੀ ਤਿਆਰੀ ਸੰਬੰਧੀ ਪ੍ਰਤਾਪ ਚੌਂਕ ਸਥਿਤ ਪਾਣੀ ਵਾਲੀ ਟੈਂਕੀ ਤੇ ਕੀਤੀ ਸੂਬਾ ਪੱਧਰੀ ਮੀਟਿੰਗ। ਇਸ ਸਮੇਂ ਹਾਜ਼ਰ 'ਮੋਰਚੇ' ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਜਗਸੀਰ ਸਿੰਘ ਭੰਗੂ, ਕੁਲਦੀਪ ਸਿੰਘ ਬੁੱਢੇਵਾਲ ਤੇ ਹਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਲਾਰੇ-ਲੱਪਿਆਂ ਵਿੱਚ ਰੱਖ ਕੇ ਆਪਣਾ ਸਮਾਂ ਲੰਘਾ ਰਹੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਕੀਤੀ ਜਾ ਰਹੀ ਅੰਨ੍ਹੀਂ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜਬੂਰ ਕੀਤਾ ਹੋਇਆ ਹੈ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਆਊਟਸੋਰਸਡ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ ਤੇ ਸੁਸਾਇਟੀਆਂ ਆਦਿ ਰਾਹੀਂ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਨਿਗੁਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਲਈ 'ਆਪ' ਸਰਕਾਰ ਵੱਲੋਂ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜ ਕਾਲ ਵਿੱਚ ਅਜੇ ਤੱਕ ਕੋਈ ਵੀ ਠੋਸ ਨੀਤੀ ਨਹੀਂ ਬਣਾਈ ਗਈ, ਸਗੋਂ 'ਮੋਰਚੇ' ਦੇ ਬੈਨਰ ਹੇਠ ਵਿਭਾਗਾਂ ਵਿੱਚ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਦੀ ਏਕਤਾ ਨੂੰ ਖਿੰਡਾਉਣ ਲਈ ਵੱਖ-ਵੱਖ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਲਈ ਵੱਖ-ਵੱਖ ਤਰ੍ਹਾਂ ਦੀਆਂ ਮੁਲਾਜ਼ਮ-ਦੋਖੀ ਪਾਲਿਸੀਆਂ ਵਿਭਾਗਾਂ ਨੂੰ ਭੇਜੀਆਂ ਜਾ ਰਹੀਆਂ ਹਨ, ਜਿਸ ਦੇ ਵਿਰੋਧ ਵਜੋਂ 'ਮੋਰਚੇ' ਦੇ ਬੈਨਰ ਹੇਠ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਪਰਵਾਰਾਂ ਤੇ ਬੱਚਿਆਂ ਸਮੇਤ ਆਪਣੇ-ਆਪਣੇ ਵਿਭਾਗਾਂ ਦੇ ਦਫਤਰਾਂ ਅੱਗੇ 28 ਮਈ 2026 ਤੋਂ ਲਗਾਤਾਰ ਧਰਨੇ ਦਿੱਤੇ ਜਾਣਗੇ। ਇਸ ਸਮੇਂ ਹਾਜ਼ਰ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਦੇ ਹੋਏ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਲਈ ਇੱਕੋ ਜਿਹੀ ਮੁਲਾਜ਼ਮ ਪੱਖੀ ਨੀਤੀ ਬਣਾਈ ਜਾਵੇ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਵੇਰਕਾ ਮਿਲਕ ਤੇ ਕੈਟਲ ਫੀਡ ਪਲਾਂਟਾਂ ਦੇ ਸੰਘਰਸ਼ ਕਰ ਰਹੇ ਠੇਕਾ ਮੁਲਾਜ਼ਮਾਂ ਨੂੰ ਨੌਕਰੀ ਤੋਂ ਫ਼ਾਰਗ ਕਰਨ ਦੇ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਡੰਡੇ ਦੇ ਜ਼ੋਰ ਨਾਲ ਠੇਕਾ ਮੁਲਾਜ਼ਮਾਂ ਦੇ ਸੰਘਰਸ਼ ਨੂੰ ਦਬਾਉਣਾ ਚਾਹੁੰਦੀ ਹੈ, ਪਰ ਸਰਕਾਰ ਦੇ ਇਸ ਮਨਸੂਬੇ ਨੂੰ ਕਿਸੇ ਵੀ ਹਾਲਤ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਭਰਾਤਰੀ ਤੌਰ 'ਤੇ ਪੁੱਜੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਰਜਿ:) ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਵੀ ਠੇਕਾ ਮੁਲਾਜ਼ਮਾਂ ਦੇ ਹੱਕੀ ਸੰਘਰਸ਼ ਦੀ ਢੁੱਕਵੀਂ ਹਮਾਇਤ ਦਾ ਐਲਾਨ ਕਰਦੇ ਹੋਏ ਸੰਘਰਸ਼ ਦੀ ਸਫਲਤਾ ਲਈ ਕੀਮਤੀ ਤਜਰਬੇ ਸਾਂਝੇ ਕੀਤੇ ਗਏ।



# ਗਗਨਦੀਪ ਜੰਮੂ 'ਤੇ ਹਮਲੇ ਦੀ ਜ਼ਿਲ੍ਹਾ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ ਵੱਲੋਂ ਨਿੰਦਾ

**ਮਮਦੋਟ (ਜਸਬੀਰ ਸਿੰਘ ਕੰਬੋਜ)**- ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਦੇ ਸਪੁੱਤਰ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਆਨਰੇਰੀ ਸਕੱਤਰ ਗਗਨਦੀਪ ਜੰਮੂ ਉੱਪਰ ਹੋਏ ਜਾਨਲੇਵਾ ਹਮਲੇ ਦੀ ਜ਼ਿਲ੍ਹਾ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਪ੍ਰੈੱਸ ਕਲੱਬ ਵੱਲੋਂ ਹਮਲਾਵਰਾਂ ਦੀ ਤੁਰੰਤ ਗ੍ਰਿਫ਼ਤਾਰੀ ਤੇ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਗਈ ਹੈ।ਜ਼ਿਲ੍ਹਾ ਪ੍ਰੈੱਸ ਕਲੱਬ ਦਿਹਾਤੀ ਦੇ ਪ੍ਰਧਾਨ ਜਸਵੰਤ ਸਿੰਘ ਥਿੰਦ ਤੇ ਚੇਅਰਮੈਨ ਜਸਬੀਰ ਸਿੰਘ ਮਹਿਰੋਕ ਨੇ ਇਸ ਘਟਨਾ 'ਤੇ ਦੁੱਖ ਪ੍ਰਗਟਾਇਆ ਹੈ।ਇਸ ਤੋਂ ਇਲਾਵਾ ਬਾਕੀ ਸਾਰੇ ਪ੍ਰੈੱਸ ਕਲੱਬ ਦੇ ਮੈਂਬਰਾਂ ਨੇ ਕਿਹਾ ਕਿ ਗਗਨਦੀਪ ਜੰਮੂ ਉੱਪਰ ਕੁਰਾਲੀ ਖਰੜ ਮਾਰਗ 'ਤੇ ਕੁਝ ਦਿਨ ਪਹਿਲਾਂ ਜਾਨਲੇਵਾ ਹਮਲਾ ਕੀਤਾ ਗਿਆ ਸੀ, ਹਾਲਾਂਕਿ ਉਹ ਸੁਰੱਖਿਅਤ ਹਨ, ਪਰ ਅਜਿਹੀਆਂ ਅਪਰਾਧਿਕ ਘਟਨਾਵਾਂ ਵਕੀਲ ਭਾਈਚਾਰੇ ਦੀ ਆਜ਼ਾਦੀ, ਮਾਣ-ਸਨਮਾਨ ਉਪਰ ਹਮਲਾ ਹੈ।ਪ੍ਰੈੱਸ ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰ ਸਾਹਿਬਾਨ ਨੇ ਇਸ ਮੁਸੀਬਤ ਦੀ ਘੜੀ 'ਚ ਗਗਨਦੀਪ ਜੰਮੂ ਤੇ ਉਨ੍ਹਾਂ ਦੇ ਪਰਵਾਰ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।ਪ੍ਰੈੱਸ ਕਲੱਬ ਨੇ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਤੇ ਕਾਨੂੰਨੀ ਭਾਈਚਾਰੇ ਨੂੰ ਉਚਿਤ ਸੁਰੱਖਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਬਿਨਾਂ ਕਿਸੇ ਡਰ ਤੋਂ ਪੇਸ਼ਾਵਰ ਜ਼ਿੰਮੇਵਾਰੀਆਂ ਨਿਭਾਅ ਸਕਣ। ਜਥੇਬੰਦੀ ਨੇ ਅਜਿਹੀਆਂ ਹਿੰਸਕ ਤੇ ਗੈਰ-ਕਾਨੂੰਨੀ ਘਟਨਾਵਾਂ ਉੱਪਰ ਵੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ।ਇਸ ਮੌਕੇ ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਤਜਿੰਦਰ ਢੀਂਗੜਾ, ਚੇਅਰਮੈਨ ਹਰਪਾਲ ਸਿੰਘ ਸੋਢੀ, ਸੀਨੀਅਰ ਪੱਤਰਕਾਰ ਜਸਬੀਰ ਸਿੰਘ ਕੰਬੋਜ, ਰਜਿੰਦਰ ਸਿੰਘ ਹਾਂਡਾ, ਬਗੀਚਾ ਸਿੰਘ ਕੰਬੋਜ, ਜੋਗਿੰਦਰ ਸਿੰਘ ਭੋਲਾ, ਰਵਿੰਦਰ ਸਿੰਘ ਕਾਲਾ, ਗੁਰਪ੍ਰੀਤ ਸਿੰਘ ਸੰਧੂ, ਨਿਸ਼ਾਨ ਸਿੰਘ ਖਾਲਸਾ, ਬਲਜੀਤ ਸਿੰਘ ਕਚੂਰਾ, ਹਰਪ੍ਰੀਤ ਸਿੰਘ ਹੈਪੀ, ਸੰਜੀਵ ਮਦਾਨ, ਸੰਦੀਪ ਸੋਨੀ ਆਦਿ ਨੇ ਵੀ ਇਸ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।



# ਆਊਟਸੋਰਸ ਮੀਟਰ ਰੀਡਰ ਤੇ ਸੁਪਰਵਾਈਜ਼ਰ ਵੱਲੋਂ ਰੀਡਿੰਗ ਦਾ ਕੰਮ ਬੰਦ



**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਪਿਛਲੇ ਕਈ ਸਾਲਾਂ ਤੋਂ ਜੋ ਮੀਟਰ ਰੀਡਰ ਤੇ ਸੁਪਰਵਾਇਜ਼ਰ ਨਿਗੁਣੀਆਂ ਤਨਖ਼ਾਹਾਂ 'ਤੇ ਸੇਵਾਵਾਂ ਨਿਭਾਅ ਰਹੇ ਸਨ, ਉਨ੍ਹਾਂ ਨੇ ਬਠਿੰਡਾ ਜ਼ਿਲ੍ਹੇ ਵਿੱਚ ਪੂਰਨ ਤੌਰ 'ਤੇ ਕੰਮ ਬੰਦ ਕਰ ਦਿੱਤਾ ਅਤੇ ਕਿਹਾ ਕਿ ਜਦ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਉਹ ਕੰਮ ਸ਼ੁਰੂ ਨਹੀਂ ਕਰਨਗੇ।ਉਨ੍ਹਾਂ ਕਿਹਾ ਕਿ ਮਹਿਕਮੇ ਵੱਲੋਂ ਕਈ ਵਾਰ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੈ ਕਿ ਸਾਰੇ ਮੀਟਰ ਰੀਡਰ ਤੇ ਸੁਪਵਾਇਜ਼ਰ ਪੱਕੇ ਕੀਤੇ ਜਾਣਗੇ, ਜਿਸ ਦਾ ਮੈਮੋ. ਨੰਬਰ 10023 ਮਿਤੀ-12/11/2025 ਤੇ ਮੈਮੋ ਨੰਬਰ-729/31 ਮਿਤੀ-26/04/2022 ਹੈ, ਪਰ ਅਜੇ ਤੱਕ ਕਿਸੇ ਵੀ ਮੀਟਰ ਰੀਡਰ ਨੂੰ ਨਾ ਤਾਂ ਪੱਕਾ ਕੀਤਾ ਗਿਆ ਹੈ ਤੇ ਨਾ ਹੀ ਡੀ ਸੀ ਰੇਟ ਤਨਖਾਹ ਦਿੱਤੀ ਗਈ ਹੈ।ਮੀਟਰ ਰੀਡਰ ਤੇ ਸੁਪਰਵਾਇਜ਼ਰਾਂ ਦੀ ਮੰਗ ਹੈ ਕਿ ਪ੍ਰਾਈਵੇਟ ਕੰਪਨੀਆਂ ਨੂੰ ਪਾਸੇ ਕਰ ਕੇ ਸਰਕਾਰਾਂ ਤੇ ਮਹਿਕਮਾ ਸਾਨੂੰ ਸਿੱਧੇ ਤੌਰ 'ਤੇ ਰੱਖੇ। ਅੱਜ ਤੋਂ ਪੂਰੀ ਤਰ੍ਹਾਂ ਕੰਮ ਬੰਦ ਕਰ ਦਿੱਤਾ ਹੈ ਤੇ ਜੇਕਰ ਇਸ ਦੇ ਵਿਚਕਾਰ ਬਿਜਲੀ ਬੋਰਡ ਦਾ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਮਹਿਕਮੇ ਦੀ ਹੋਵੇਗੀ।

# ਲੇਖਕਾਂ ਨੇ ਸੰਸਕ੍ਰਿਤ ਨੂੰ ਲਾਜ਼ਮੀ ਤੇ ਪੰਜਾਬੀ ਨੂੰ ਵਾਧੂ ਵਿਸ਼ਾ ਬਣਾਏ ਜਾਣ 'ਤੇ ਕੀਤਾ ਰੋਸ ਪ੍ਰਗਟ

**ਫਗਵਾੜਾ (ਡਾ. ਰਮਨ)**

ਫਗਵਾੜਾ ਦੀਆਂ ਸਾਹਿਤਕ ਅਤੇ ਸਮਾਜਿਕ ਜੱਥੇਬੰਦੀਆਂ ਜਿਨ੍ਹਾਂ ਵਿੱਚ ਪੰਜਾਬੀ ਕਲਾਂ ਅਤੇ ਸਾਹਿਤ ਕੇਂਦਰ, ਸਕੇਪ ਸਾਹਿਤਕ ਸੰਸਥਾ ਅਤੇ ਪੰਜਾਬੀ ਵਿਰਸਾ ਟਰੱਸਟ ਸ਼ਾਮਲ ਸਨ, ਦੇ



ਨੁਮਾਇੰਦਿਆਂ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਐੱਸ ਡੀ ਐੱਮ ਫਗਵਾੜਾ ਰਾਹੀਂ ਜੋ ਹੁਕਮ ਏ.ਪੀ.ਐੱਸ.(ਆਰਮੀ ਪਬਲਿਕ ਸਕੂਲ ਕਮੇਟੀ) ਵੱਲੋਂ ਪੰਜਾਬ ਦੇ ਆਰਮੀ ਪਬਲਿਕ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2026-27 ਤੋਂ ਸੰਸਕ੍ਰਿਤ ਨੂੰ ਲਾਜ਼ਮੀ ਅਤੇ ਪੰਜਾਬੀ ਨੂੰ ਸਿਰਫ਼ ਇੱਕ ਵਾਧੂ ਚੋਣਵਾਂ ਵਿਸ਼ਾ ਬਣਾਉਣ ਲਈ ਹੁਕਮ ਜਾਰੀ ਕੀਤੇ ਗਏ ਹਨ, ਨੂੰ ਵਾਪਸ ਕਰਵਾਉਣ ਲਈ ਮੰਗ ਪੱਤਰ ਦਿੱਤਾ ਗਿਆ। ਇਸ ਸੰਬੰਧ ਵਿੱਚ ਸਭਾਵਾਂ ਦੇ ਨੁਮਾਇੰਦਿਆਂ ਤਰਨਜੀਤ ਸਿੰਘ ਕਿੰਨੜਾ ਅਤੇ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਇਹ ਹੁਕਮ ਪੰਜਾਬ ਭਾਸ਼ਾ ਕਾਨੂੰਨ-2008 ਦੀ ਸ਼ਰੇਆਮ ਉਲੰਘਣਾ ਹੈ। ਉਹਨਾਂ ਕਿਹਾ ਕਿ 2008 ਵਾਲਾ ਕਾਨੂੰਨ ਪੰਜਾਬ ਦੇ ਹਰੇਕ ਸਰਕਾਰੀ, ਪ੍ਰਾਈਵੇਟ ਜਾਂ ਕੇਂਦਰੀ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣੀ ਕਾਨੂੰਨੀ ਤੌਰ 'ਤੇ ਲਾਜ਼ਮੀ ਕਰਦਾ ਹੈ ਅਤੇ ਏ ਪੀ ਐੱਸ ਅਦਾਰੇ ਇਸ ਹੱਦ ਵਿੱਚ ਆਉਂਦੇ ਹਨ। ਉਹਨਾਂ ਕਿਹਾ ਕਿ ਜ਼ਬਰਦਸਤੀ ਸੰਸਕ੍ਰਿਤ ਲਾਗੂ ਕਰਨਾ ਰਾਸ਼ਟਰੀ ਸਿੱਖਿਆ ਨੀਤੀ-2020 ਦੀ ਉਲੰਘਣਾ ਵੀ ਹੈ,ਜੋ ਬੱਚਿਆਂ ਨੂੰ ਉਹਨਾਂ ਦੀ ਮਾਤ ਭਾਸ਼ਾ ਵਿੱਚ ਸਿੱਖਿਆ ਦੇਣ ਅਤੇ ਭਾਸ਼ਾਈ ਆਜ਼ਾਦੀ ਦੀ ਵਕਾਲਤ ਕਰਦੇ ਹਨ। ਮੰਗ ਪੱਤਰ ਵਿੱਚ ਬੇਨਤੀ ਕੀਤੀ ਗਈ ਹੈ ਕਿ ਪੰਜਾਬੀ ਨੂੰ ਦਸਵੀਂ ਤੱਕ ਏ ਪੀ ਐੱਸ ਸਕੂਲਾਂ 'ਚ ਲਾਜ਼ਮੀ ਪੜ੍ਹਾਇਆ ਜਾਵੇ ਅਤੇ ਪੰਜਾਬੀ ਮਾਂ ਬੋਲੀ, ਅਮੀਰ ਸਭਿਆਚਾਰ ਅਤੇ ਵਿਰਸੇ ਤੋਂ ਪੰਜਾਬੀਆਂ ਨੂੰ ਦੂਰ ਕਰਨ ਦੀ ਨੀਤੀ ਉੱਤੇ ਰੋਕ ਲਗਾਈ ਜਾਵੇ। ਇਸ ਸਮੇਂ ਤਰਨਜੀਤ ਸਿੰਘ ਕਿੰਨੜਾ ਪ੍ਰਧਾਨ ਪੰਜਾਬੀ ਕਲਾ ਅਤੇ ਸਾਹਿਤ ਕੇਂਦਰ, ਪਰਵਿੰਦਰਜੀਤ ਸਿੰਘ ਪ੍ਰਧਾਨ ਸਕੇਪ ਸਾਹਿਤਕ ਸੰਸਥਾ, ਪ੍ਰਿੰ: ਗੁਰਮੀਤ ਸਿੰਘ ਪਲਾਹੀ ਜਨਰਲ ਸਕੱਤਰ ਪੰਜਾਬੀ ਵਿਰਸਾ ਟਰੱਸਟ, ਪ੍ਰਸਿੱਧ ਕਹਾਣੀਕਾਰ ਰਵਿੰਦਰ ਚੋਟ, ਹਰੀਪਾਲ ਸਿੰਘ ਪ੍ਰਧਾਨ ਪ੍ਰੈੱਸ ਕਲੱਬ, ਅਮਿਤ ਸ਼ੁਕਲਾ ਵਾਈਸ ਪ੍ਰਧਾਨ ਪੰਜਾਬੀ ਕਲਾ ਅਤੇ ਸਾਹਿਤ ਕੇਂਦਰ, ਗੁਰਪਾਲ ਸਿੰਘ ਪਾਲਾ ਮੌਲੀ ਸੀਨੀਅਰ ਕਿਸਾਨ ਆਗੂ, ਹਰਬੰਸ ਲਾਲ ਪ੍ਰਧਾਨ ਸਿਨਮਾ ਰੋਡ ਮਾਰਕਿਟ, ਮੋਹਨ ਸਿੰਘ ਗਾਂਧੀ ਪ੍ਰਧਾਨ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਨਿੰਮਾ ਵਾਲਾ, ਅਸ਼ੋਕ ਕੁਲਥਮ ਪ੍ਰਧਾਨ ਕਲਾਥ ਮਰਚੈਂਟ, ਰਾਜੇਸ਼ ਪਲਟਾ ਸ਼ਿਵ ਸੈਨਾ ਆਗੂ ਸੁਮਨ ਸ਼ਰਮਾ, ਮੀਨਾ ਸ਼ਰਮਾ ਆਦਿ ਹਾਜ਼ਰ ਸਨ।

# ਜਿੰਪਾ ਵੱਲੋਂ 'ਮੇਰੀ ਰਸੋਈ' ਯੋਜਨਾ ਦੀ ਹੁਸ਼ਿਆਰਪੁਰ ਤੋਂ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਥਾਨਕ ਵਾਰਡ ਨੰਬਰ 21 ਤੇ 26 ਵਿਚ ਪੰਜਾਬ ਸਰਕਾਰ ਦੀ 'ਮੇਰੀ ਰਸੋਈ' ਯੋਜਨਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਲੋਕ ਭਲਾਈ ਦੇ ਕਾਰਜਾਂ ਤਹਿਤ ਇਹ ਇਕ ਇਤਿਹਾਸਕ ਪਹਿਲਕਦਮੀ ਹੈ ਜਿਸ ਤਹਿਤ ਸੂਬੇ ਦੇ ਕਰੀਬ 40 ਲੱਖ ਪਰਵਾਰਾਂ ਨੂੰ ਲਾਭ ਮਿਲੇਗਾ।ਲਾਭਪਾਤਰੀਆਂ ਨੂੰ 'ਮੇਰੀ ਰਸੋਈ' ਯੋਜਨਾ ਤਹਿਤ ਰਾਸ਼ਨ ਕਿੱਟਾਂ ਵੰਡਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਉਪਰਾਲਾ ਲੋੜਵੰਦ ਪਰਿਵਾਰਾਂ ਦੇ ਰਸੋਈ ਦੇ ਵਿੱਤੀ ਬੋਝ ਨੂੰ ਘੱਟ ਕਰਨ ਵਿਚ ਵਰਦਾਨ ਸਾਬਤ ਹੋਵੇਗਾ ਕਿਉਂਕਿ ਰਾਸ਼ਨ ਕਿੱਟ ਵਿਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਲੂਣ, 200 ਗ੍ਰਾਮ ਹਲਦੀ ਅਤੇ 1 ਲਿਟਰ ਸਰੋਂ ਦਾ ਤੇਲ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ 'ਮੇਰੀ ਰਸੋਈ' ਯੋਜਨਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਭਲਾਈ ਦੇ ਕਾਰਜ ਅਤੇ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ ਜਿਸ ਵਿਚ ਮੁਫ਼ਤ ਬਿਜਲੀ, ਮਿਆਰੀ ਸਿਹਤ ਸੇਵਾਵਾਂ, ਉਚ ਪੱਧਰੀ ਸਿੱਖਿਆ, ਮਹਿਲਾਵਾਂ ਦੀ ਭਲਾਈ ਲਈ ਸਕੀਮਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਯੋਜਨਾ ਦੇ ਹਰੇਕ ਲਾਭਪਾਤਰੀ ਪਰਿਵਾਰ ਨੂੰ ਹਰ ਤਿੰਨ ਮਹੀਨਿਆਂ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਰਾਸ਼ਨ ਕਿੱਟ ਮਿਲੇਗੀ ਜਿਸ ਵਿੱਚ ਸਰ੍ਹੋਂ ਦਾ ਤੇਲ, ਦਾਲ, ਖੰਡ, ਲੂਣ, ਹਲਦੀ ਅਤੇ ਘਰੇਲੂ ਰਸੋਈ ਚਲਾਉਣ ਲਈ ਲੋੜੀਂਦੀਆਂ ਹੋਰ ਜ਼ਰੂਰੀ ਵਸਤਾਂ ਹੋਣਗੀਆਂ।ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਲੋਕਾਂ ਦਾ ਵਿੱਤੀ ਬੋਝ ਘਟਾਉਣ ਲਈ ਲਗਾਤਾਰ ਯਤਨ ਜਾਰੀ ਹਨ ਜਿਸ ਦੇ ਸਾਰਥਿਕ ਸਿੱਟੇ ਦੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਲਗਭਗ 90 ਫੀਸਦੀ ਘਰਾਂ ਨੂੰ ਹੁਣ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ, ਜਿਸ ਨਾਲ ਪਰਿਵਾਰਾਂ ਨੂੰ ਪੈਸੇ ਬਚਾਉਣ ਅਤੇ ਘਰੇਲੂ ਖਰਚੇ ਚਲਾਉਣ ਵਿੱਚ ਕਾਫ਼ੀ ਮਦਦ ਮਿਲ ਰਹੀ ਹੈ।ਵਿਧਾਇਕ ਜਿੰਪਾ ਨੇ ਲੋੜਵੰਦ ਪਰਵਾਰਾਂ ਨਾਲ ਗੱਲਬਾਤ ਵੀ ਕੀਤੀ ਜਿਨ੍ਹਾਂ ਨੇ ਪੰਜਾਬ ਸਰਕਾਰ ਦੀ ਇਸ ਸਕੀਮ ਦੀ ਸਲਾਹੁਤਾ ਕਰਦਿਆਂ ਕਿਹਾ ਕਿ 'ਮੇਰੀ ਰਸੋਈ' ਯੋਜਨਾ ਉਨ੍ਹਾਂ ਦੇ ਰਸੋਈ ਦੇ ਖਰਚਿਆਂ ਨੂੰ ਘਟਾਵੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਪ੍ਰਵੀਨ ਸੈਣੀ, ਮਨਜੋਤ ਕੌਰ, ਹਰਮਿੰਦਰ ਸਿੰਘ ਗੋਪੀ, ਹਰਵਿੰਦਰ ਸਿੰਘ ਹੈਰੀ, ਸਤਵੰਤ ਸਿੰਘ ਸਿਆਣ, ਕੁਲਵਿੰਦਰ ਸਿੰਘ ਹੁੰਦਲ, ਜਸਵੰਤ ਰਾਏ ਕਾਲਾ, ਮਨਜੀਤ ਸਿੰਘ, ਲਖਬੀਰ ਸਿੰਘ ਆਦਿ ਵੀ ਮੌਜੂਦ ਸਨ।

# ਸੀਚੇਵਾਲ ਵਿਖੇ ਸੰਤ ਅਵਤਾਰ ਸਿੰਘ ਦੀ ਸਾਲਾਨਾ ਬਰਸੀ ਦੇ ਸਮਾਗਮ 27 ਤੋਂ, ਮੁੱਖ ਸਮਾਗਮ 28 ਨੂੰ

**ਸ਼ਾਹਕੋਟ (ਗਿਆਨ ਸੈਦਪੁਰੀ)**

ਨਿਰਮਲ ਕੁਟੀਆ ਸੀਚੇਵਾਲ ਵਿਖੇ ਸੰਤ ਅਵਤਾਰ ਸਿੰਘ ਦੀ 38ਵੀਂ ਸਾਲਾਨਾ ਬਰਸੀ 28 ਮਈ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਇੱਕ ਏਕ ਉਕਾਰ ਚੈਰੀਟੇਬਲ ਟਰਸਟ ਨਿਰਮਲ ਕੁਟੀਆ ਸੀਚੇਵਾਲ ਦੇ ਵਿੱਤ ਸਕੱਤਰ ਬਾਬਾ ਸੁਰਜੀਤ ਸਿੰਘ ਸ਼ੰਟੀ ਸੀਚੇਵਾਲ ਨੇ ਦੱਸਿਆ ਕਿ ਮੈਂਬਰ ਪਾਰਲੀਮੈਂਟ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਰਹਿਨੁਮਾਈ ਹੇਠ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਸ੍ਰੀਮਾਨ ਸੰਤ ਅਵਤਾਰ ਸਿੰਘ ਦੀ 38ਵੀਂ ਸਾਲਾਨਾ ਬਰਸੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਨਿਰਮਲ ਕੁਟੀਆ ਸੀਚੇਵਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ 26 ਮਈ ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 27 ਮਈ ਬੁਧਵਾਰ ਨੂੰ ਸਵੇਰੇ 9 ਤੋਂ 12 ਵਜੇ ਤੱਕ ਢਾਡੀ ਦਰਬਾਰ ਤੇ 12 ਤੋਂ 2 ਵਜੇ ਤੱਕ ਕਵੀ ਦਰਬਾਰ ਕਰਵਾਇਆ ਜਾਵੇਗਾ। 28 ਮਈ ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਾਇਆ ਜਾਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਢਾਡੀ ਰਾਗੀ ਕੀਰਤਨੀ ਤੇ ਕਵੀਸ਼ਰੀ ਜਥਿਆਂ ਤੋਂ ਇਲਾਵਾ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਦੇ ਸਾਰੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਉਨਾਂ ਦੱਸਿਆ ਕਿ ਮੁੱਖ ਸਮਾਗਮ ਉਪਰੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਇੱਕ ਵਿਸ਼ਾਲ ਖੇਡ ਮੇਲਾ ਕਰਵਾਇਆ ਜਾਵੇਗਾ, ਜਿਸ ਵਿੱਚ 30 ਤੇ 31 ਮਈ ਨੂੰ ਹਾਕੀ ਦੇ ਸੀਨੀਅਰ ਤੇ ਜੂਨੀਅਰ ਮੁਕਾਬਲੇ ਕਰਵਾਏ ਜਾਣਗੇ ਤੇ ਸ਼ਾਮ ਨੂੰ ਜੇਤੂ ਟੀਮਾਂ ਨੂੰ ਸਨਮਾਨਤ ਕੀਤਾ ਜਾਵੇਗਾ। 1 ਜੂਨ ਨੂੰ ਸੰਤ ਅਵਤਾਰ ਸਿੰਘ ਯਾਦਗਾਰੀ ਸਟੇਡੀਅਮ ਵਿੱਚ ਕੁਸ਼ਤੀ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਹੀ 2 ਤੇ 3 ਜੂਨ ਨੂੰ ਕਬੱਡੀ, ਵਾਲੀਬਾਲ ਅਤੇ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਜਾਣਗੇ। ਅੰਤ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਪ੍ਰਬੰਧਕ ਕਮੇਟੀ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ।



ਬਾਬਾ ਸੁਰਜੀਤ ਸਿੰਘ ਸੀਚੇਵਾਲ।

# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਵਿਖੇ 'ਨਿਯੁਕਤੀ ਸਮਾਰੋਹ' ਕਰਵਾਇਆ



**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਸਥਾਨਕ ਬਾਰਾਂ ਦੇ ਪ੍ਰਸਿੱਧ ਵਿੱਦਿਅਕ ਅਦਾਰੇ 'ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ', ਡੇਰਾਬੱਸੀ ਵਿਖੇ ਨਵੇਂ ਅਕਾਦਮਿਕ ਸੈਸ਼ਨ 2026-27 ਲਈ ਵਿਦਿਆਰਥੀ ਪ੍ਰੀਸ਼ਦ (ਸਟੂਡੈਂਟ ਕੌਂਸਲ) ਦੇ ਗਠਨ ਅਤੇ ਨਿਯੁਕਤੀ ਦੇ ਸਬੰਧ ਵਿੱਚ ਇੱਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ 'ਨਿਯੁਕਤੀ ਸਮਾਰੋਹ' ਦਾ ਆਯੋਜਨ ਕੀਤਾ ਗਿਆ। ਸਕੂਲ ਕੈਂਪਸ ਵਿੱਚ ਕਰਵਾਏ ਗਏ ਇਸ ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਭਾਰੀ ਉਤਸ਼ਾਹ, ਮਾਣ ਅਤੇ ਅਨੁਸ਼ਾਸਨ ਦੇਖਣ ਨੂੰ ਮਿਲਿਆ। ਇਹ ਸਮਾਰੋਹ ਵਿਸ਼ੇਸ਼ ਤੌਰ 'ਤੇ ਨਵੇਂ ਚੁਣੇ ਗਏ ਵਿਦਿਆਰਥੀ ਆਗੂਆਂ ਦੀਆਂ ਅਧਿਕਾਰਤ ਨਿਯੁਕਤੀਆਂ ਅਤੇ ਉਨ੍ਹਾਂ ਨੂੰ ਮਿਲੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਸਮਰਪਿਤ ਰਿਹਾ। ?ਸਮਾਰੋਹ ਦੀ ਸ਼ੁਰੂਆਤ ਬਹੁਤ ਹੀ ਰਸਮੀ ਅਤੇ ਅਨੁਸ਼ਾਸਨਬੱਧ ਤਰੀਕੇ ਨਾਲ ਹੋਈ। ਨਵੇਂ ਚੁਣੇ ਗਏ ਕੌਂਸਲ ਮੈਂਬਰਾਂ ਨੇ ਸਕੂਲ ਦੇ ਬੈਂਡ ਦੀਆਂ ਸੁਰੀਲੀਆਂ ਅਤੇ ਜੋਸ਼ੀਲੀਆਂ ਧੁਨਾਂ 'ਤੇ ਇੱਕ ਸ਼ਾਨਦਾਰ ਰਸਮੀ ਮਾਰਚ ਪਾਸਟ ਕੱਢਿਆ। ਆਪਣੇ ਹੱਥਾਂ ਵਿੱਚ ਸਕੂਲ ਅਤੇ ਵੱਖ-ਵੱਖ ਹਾਊਸਾਂ ਦੇ ਝੰਡੇ ਫੜੀ, ਅਨੁਸ਼ਾਸਨ ਦੇ ਰੰਗ ਵਿੱਚ ਰੰਗੇ ਵਿਦਿਆਰਥੀ ਆਗੂਆਂ ਦੇ ਕਦਮਾਂ ਦੀ ਤਾਲ ਨੇ ਉੱਥੇ ਮੌਜੂਦ ਸਾਰੇ ਮਹਿਮਾਨਾਂ ਅਤੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਇਹ ਦ੍ਰਿਸ਼ ਸਕੂਲ ਦੇ ਉੱਚੇ ਮਿਆਰ ਤੇ ਅਨੁਸ਼ਾਸਨ ਦੀ ਪ੍ਰਤੱਖ ਮਿਸਾਲ ਪੇਸ਼ ਕਰ ਰਿਹਾ ਸੀ। ?ਇਸ ਸਾਲ ਦੀ ਵਿਦਿਆਰਥੀ ਪ੍ਰੀਸ਼ਦ ਦੀ ਚੋਣ ਵਿੱਚ ਅਕਾਦਮਿਕ ਅਤੇ ਖੇਡਾਂ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਪ੍ਰਮੁੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਸਕੂਲ ਪ੍ਰਬੰਧਕਾਂ ਵੱਲੋਂ ਕੀਤੇ ਗਏ ਅਧਿਕਾਰਤ ਐਲਾਨ ਤਹਿਤ ਹੈੱਡ ਬੁਆਏ ਜਮਾਤ 11ਵੀਂ (ਸਾਇੰਸ ਸਟ੍ਰੀਮ) ਦੇ ਹੋਣਹਾਰ ਵਿਦਿਆਰਥੀ ਰਿਜ਼ੁਲ ਸ਼ਰਮਾ ਨੂੰ ਸਕੂਲ ਦਾ ਹੈੱਡ ਬੁਆਏ (ਮੁੱਖ ਲੜਕਾ) ਥਾਪਿਆ ਗਿਆ। ?ਹੈੱਡ ਗਰਲ ਜਮਾਤ 11ਵੀਂ (ਕਾਮਰਸ ਸਟ੍ਰੀਮ) ਦੀ ਹੋਣਹਾਰ ਵਿਦਿਆਰਥਣ ਸ਼ਹਿਨਾਜ਼ਪ੍ਰੀਤ ਕੌਰ ਨੂੰ ਸਕੂਲ ਦੀ ਹੈੱਡ ਗਰਲ (ਮੁੱਖ ਲੜਕੀ) ਵਜੋਂ ਸਨਮਾਨਿਤ ਕਰਦਿਆਂ ਸਕੂਲ ਦੀ ਅਗਵਾਈ ਦੀ ਕਮਾਨ ਸੌਂਪੀ ਗਈ।

# ਭਾਰਤ ਦਾ ਕਾਰਪੋਰੇਟ ਪੱਖੀ ਵਿਕਾਸ ਮਾਡਲ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ : ਚਾਹਲ

**ਸ਼ਾਹਕੋਟ (ਗਿਆਨ ਸੈਦਪੁਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਜਲੰਧਰ ਦੇ ਬਲਾਕ ਸ਼ਾਹਕੋਟ ਦੀਆਂ ਵੱਖ ਵੱਖ ਇਕਾਈਆਂ ਦੀ ਮੀਟਿੰਗ ਬਲਾਕ ਪ੍ਰਧਾਨ ਬਲਕਾਰ ਸਿੰਘ ਫਾਜਲਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਇਕਾਈ ਦਾਨੇਵਾਲ, ਫਾਜਲਵਾਲ, ਸੰਢਾਵਾਲ, ਬਾਹਮਣੀਆਂ, ਸਲੈਚਾ, ਸੈਦਪੁਰ, ਖਾਨਪੁਰ, ਮਲਸੀਆਂ, ਕਾਗਣਾ, ਕਾਕੜ ਕਲਾਂ, ਮੂਲੇਵਾਲ, ਲਸੂੜੀ ਅਤੇ ਕੁਹਾੜ ਕਲਾਂ ਆਦਿ ਇਕਾਈਆਂ ਨੇ ਭਾਗ ਲਿਆ ।ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਚਾਹਲ, ਜ਼ਿਲ੍ਹਾ ਖਜਾਨਚੀ ਜਸਪਾਲ ਸਿੰਘ ਸੰਢਾਵਾਲ ਤੇ ਪ੍ਰੈੱਸ ਸਕੱਤਰ ਮਨਜੀਤ ਸਿੰਘ ਮਲਸੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ । ਹਾਜ਼ਰ ਮੈਂਬਰਾਂ ਤੇ ਅਹੁਦੇਦਾਰਾਂ ਨੂੰ ਸੰਬੋਧਨ ਕਰਦੇ ਹੋਏ ਗੁਰਚਰਨ ਸਿੰਘ ਚਾਹਲ ਨੇ ਜਥੇਬੰਦੀ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਇਕਾਈਆਂ, ਬਲਾਕ ਅਤੇ ਜਿਲਾ ਕਮੇਟੀ ਦੀ ਚੋਣ ਦਾ ਸ਼ਡਿਊਲ ਜਾਰੀ ਕੀਤਾ ।ਇਸ ਦੇ ਨਾਲ ਨਾਲ ਜਥੇਬੰਦੀ ਦੇ ਵਿਧਾਨ ਅਤੇ ਸਿਧਾਂਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ । ਕਿਸਾਨਾਂ ਨੂੰ ਸੰਬੋਧਨ ਕਰਦੇ ਉਹਨਾਂ ਦੱਸਿਆ ਕਿ ਕਿਸ ਤਰ੍ਹਾਂ 2020 ਦੇ ਇਤਿਹਾਸਿਕ ਕਿਸਾਨੀ ਅੰਦੋਲਨ ਤੋਂ ਬਾਅਦ ਰਾਜ ਤੇ ਕੇਂਦਰ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਬਹੁਤ ਵਧੀਕੀਆਂ ਕੀਤੀਆਂ ਹਨ। ਪਰ ਜਥੇਬੰਦੀ ਨੇ ਹਰ ਜ਼ਬਰ ਅਤੇ ਧੱਕੇਸ਼ਾਹੀ ਦਾ ਸਾਹਮਣਾ ਹੌਸਲੇ ਅਤੇ ਮਜ਼ਬੂਤੀ ਨਾਲ ਕੀਤਾ ਹੈ ਅਤੇ ਸਰਕਾਰਾਂ ਨੂੰ ਲੋਕ ਰੋਹ ਅੱਗੇ ਝੁਕਣ ਲਈ ਮਜਬੂਰ ਕੀਤਾ ਹੈ । ਕਿਸਾਨ ਲਹਿਰ ਨੂੰ ਕੁਚਲਣ ਦੀ ਹਰ ਚਾਲ ਤੋਂ ਸਰਕਾਰ ਨੂੰ ਆਪਣੇ ਪੈਰ ਪਿੱਛੇ ਖਿੱਚਣੇ ਪਏ ਹਨ। ਅੱਜ ਸਮਾਜ ਦੇ ਹਰ ਵਰਗ ਦੇ ਲੋਕ, ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਠੇਕਾ ਮੁਲਾਜਮ ਜਥੇਬੰਦੀਆਂ ਸੰਘਰਸ਼ ਦੇ ਰਾਹ ਤੇ ਹਨ ।ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੀਆਂ ਹਨ। ਪਰ ਸਰਕਾਰਾਂ ਉਹਨਾਂ ਦੀ ਇੱਕ ਵੀ ਗੱਲ ਸੁਣਨ ਲਈ ਤਿਆਰ ਨਹੀਂ । ਇਸ ਕਰਕੇ ਜਥੇਬੰਦਕ ਢਾਂਚੇ ਨੂੰ ਹੋਰ ਮਜਬੂਤ ਕਰਦੇ ਹੋਏ ਤਕੜੇ ਸੰਘਰਸ਼ ਦੀ ਲੋੜ ਹੈ।ਪ੍ਰਿੰਸੀਪਲ ਮਨਜੀਤ ਸਿੰਘ ਨੇ ਕੇਂਦਰ ਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਅਤੇ ਕਾਰਪੋਰੇਟ ਨਾਲ ਕੀਤੇ ਜਾ ਰਹੇ ਸਮਝੌਤਿਆਂ ਦੇ ਮਾਰੂ ਅਸਰ ਬਾਰੇ ਮੈਂਬਰਾਂ ਨੂੰ ਜਾਗਰੂਕ ਕੀਤਾ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਅਮਰੀਕਾ ਨਾਲ ਹੋਣ ਵਾਲਾ ਟੈਕਸ ਮੁਕਤ ਵਪਾਰ ਭਾਰਤੀ ਕਿਸਾਨਾਂ ਅਤੇ ਹੋਰ ਵਰਗਾਂ ਲਈ ਘਾਤਕ ਸਿੱਧ ਹੋਵੇਗਾ ।ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਭਾਰਤ ਬਹੁਤ ਹੀ ਗੰਭੀਰ ਆਰਥਿਕ ਸੰਕਟ ਵਿੱਚ ਘਿਰ ਗਿਆ ਹੈ ।ਭਾਰਤ ਵਿੱਚ ਮੌਜੂਦਾ ਭਾਜਪਾ ਸਰਕਾਰ ਵੱਲੋਂ ਲਾਗੂ ਕੀਤਾ ਕਾਰਪੋਰੇਟ ਪੱਖੀ ਵਿਕਾਸ ਮਾਡਲ ਬੁਰੀ ਤਰ੍ਹਾਂ ਫੇਲ ਹੋ ਗਿਆ ਹੈ । ਜਿਸਦੇ ਨਤੀਜੇ ਵਜੋਂ ਆਰਥਿਕ ਤੌਰ ਤੇ ਭਾਰਤੀ ਲੋਕਾਂ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈ ਰਹੇ ਹਨ ਅਤੇ ਭਾਰਤ ਦੇ ਲੋਕ ਬੇਰੁਜ਼ਗਾਰੀ-ਗਰੀਬੀ-ਘੱਟ ਉਤਪਾਦਨ-ਘੱਟ ਆਮਦਨ-ਮਹਿੰਗਾਈ ਦੇ ਕੁਚੱਕਰ ਵਿੱਚ ਫਸ ਗਏ ਹਨ। ਆਉਣ ਵਾਲੇ ਨੇੜੇ ਭਵਿੱਖ ਵਿੱਚ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਹਰ ਵਰਗ ਦੇ ਏਕੇ ਅਤੇ ਸੰਘਰਸ਼ ਰਾਹੀ ਹੀ ਕੀਤਾ ਜਾ ਸਕਦਾ ਹੈ।ਮੀਟਿੰਗ ਵਿੱਚ ਪਰਮਿੰਦਰ ਸਿੰਘ, ਨਿਰਮਲ ਸਿੰਘ, ਗੁਰਪਾਲ ਸਿੰਘ, ਅਮਨਦੀਪ ਸਿੰਘ, ਸਾਧੂ ਸਿੰਘ ,ਪ੍ਰੀਤਮ ਸਿੰਘ, ਨਿੱਕੂ ਧੰਜੂ, ਅਮਨਦੀਪ ਸਿੰਘ, ਜਰਨੈਲ ਸਿੰਘ ਪਰਮਜੀਤ ਸਿੰਘ, ਜਸਬੀਰ ਸਿੰਘ, ਸੁਰਜੀਤ ਸਿੰਘ, ਕੁਲਦੀਪ ਸਿੰਘ, ਹਜ਼ੂਰਾ ਸਿੰਘ,ਸਾਬਾ ਢਿੱਲੋਂ, ਸਤਵੰਤ ਸਿੰਘ, ਮਨਵੀਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।



# ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਨੈਣੋਵਾਲ ਵੈਦ ਵਿਖੇ ਸਥਿਤ ਗੁੱਗਾ ਬਾਬਾ ਜਾਹਰ ਪੀਰ ਜੀ ਦੇ ਅਸਥਾਨ ਤੇ ਸਲਾਨਾ ਸੱਭਿਆਚਾਰਕ ਮੇਲਾ ਕਰਵਾਇਆ ਗਿਆ।ਮੇਲਾ ਸਰਪ੍ਰਸਤ ਨੰਬਰਦਾਰ ਬਲਦੇਵ ਸਿੰਘ ਢਿੱਲੋਂ ਮੁੱਖ



ਸੇਵਾਦਾਰ ਗੁਰਜੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ। ਇਸ ਸਭਿਆਚਾਰਕ ਮੇਲੇ ਦੌਰਾਨ ਸਭ ਤੋਂ ਪਹਿਲਾਂ ਪੀਰਾਂ ਦੇ ਪਵਿੱਤਰ ਅਸਥਾਨ ਤੇ ਚਾਦਰ ਤੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਸੱਭਿਆਚਾਰਕ ਮੇਲੇ ਦੌਰਾਨ ਮਾਨ ਅਲੀ ਖਾਨ ਐਂਡ ਕਵਾਲ ਪਾਰਟੀ, ਗਾਇਕ ਪਰਵੀਨ ਰੰਗੀਲਾ, ਹਰਬੰਸ ਤੇਜੀ ਤੇ ਨਵ ਸ਼ਰਮਾ ਨਕਾਲ ਪਾਰਟੀ ਨਕਲ ਪਾਰਟੀ ਤੇ ਰਾਜ ਅਹੀਆਪੁਰ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੇ ਫਨ ਦੁਆਰਾ ਪੀਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਸੱਭਿਆਚਾਰਕ ਮੇਲੇ ਦੌਰਾਨ ਮੁਖ ਮਹਿਮਾਨ ਵਜੋਂ ਪਹੁੰਚੇ ਐੱਸ ਬੀ ਆਈ ਦੇ ਸੇਵਾ ਮੁਕਤ ਮੈਨੇਜਰ ਜਸਵੀਰ ਸਿੰਘ ਮਹਿਮੀ, ਪੀਰ ਬਾਬਾ ਕੱਲੂ ਸ਼ਾਹ ਜੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੰਬਰਦਾਰ ਸਤਨਾਮ ਸਿੰਘ ਢਿੱਲੋਂ ਤੇ ਸਰਪੰਚ ਨਗਿੰਦਰ ਸਿੰਘ ਨੇ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਸਲਾਨਾ ਸੱਭਿਆਚਾਰਕ ਮੇਲੇ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਅਜਿਹੇ ਮੇਲੇ ਜਿੱਥੇ ਸਾਨੂੰ ਆਪਸੀ ਪ੍ਰੇਮ ਪਿਆਰ ਅਤੇ ਇਤਫਾਕ ਬਖ਼ਸ਼ਦੇ ਹਨ ਉੱਥੇ ਹੀ ਸਾਨੂੰ ਆਪਣੇ ਅਮੀਰ ਸੱਭਿਆਚਾਰ ਵਿਰਸੇ ਨਾਲ ਜੁੜਨ ਦਾ ਵੀ ਸਮਾਂ ਮਿਲਦਾ ਹੈ। ਇਸ ਮੌਕੇ ਅੰਤਰਰਾਸ਼ਟਰੀ ਗੀਤਕਾਰ ਸੁਖਜੀਤ ਝਾਂਸਾ ਵਾਲਿਆਂ ਦਾ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸੱਭਿਆਚਾਰ ਦੇ ਖੇਤਰ ਵਿੱਚ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਬਦਲੇ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜਸਵੰਤ ਸਿੰਘ ਢਿੱਲੋਂ, ਬਲਜਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਢਿੱਲੋਂ, ਦਵਿੰਦਰ ਮਹਿਮੀ, ਮਨਵੀਰ ਸਿੰਘ, ਸੁਰਿੰਦਰ ਲੱਬੀ, ਕੁਲਦੀਪ ਸਿੰਘ, ਸਨੀ ਕੁਮਾਰ, ਬਖਸ਼ਸ਼ੀਸ ਸਿੰਘ, ਲਖਵੀਰ ਸਿੰਘ, ਗੁਰਦੀਪ ਸਿੰਘ ਤੋਂ ਇਲਾਵਾ ਇਲਾਕੇ ਦੀਆਂ ਹੋਰ ਸ਼ਖਸ਼ੀਅਤਾਂ ਵੀ ਹਾਜਰ ਸਨ।

# ਕਾਂਗਰਸੀ ਉਮੀਦਵਾਰ ਛਿੱਬਰ ਦੀ ਚੋਣ ਮੁਹਿੰਮ ਸਿਖਰਾਂ 'ਤੇ

**ਮੋਰਿੰਡਾ (ਨਿਹਾਲ ਸਿੰਘ ਕਲਸੀ)**

ਨਗਰ ਕੌਂਸਲ ਮੋਰਿੰਡਾ ਦੇ ਵਾਰਡ ਨੰਬਰ 14 ਤੋਂ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਹਰਜਿੰਦਰ ਸਿੰਘ ਛਿੱਬਰ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ ਜਦੋਂ ਪੰਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਸੰਗਤ ਸਿੰਘ ਭਾਮੀਆਂ ਸਮੇਤ ਕਈ ਪਤਵੰਤੇ ਸੱਜਣਾਂ ਨੇ ਹਰਜਿੰਦਰ ਸਿੰਘ ਛਿੱਬਰ ਦੀ ਹਮਾਇਤ ਵਿੱਚ ਘਰੋ ਘਰੀ ਜਾ ਕੇ ਵੋਟਰਾਂ ਨੂੰ ਉਹਨਾਂ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਨਵਜੀਤ ਸਿੰਘ ਨਵੀਂ ਸਪੁੱਤਰ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੇ ਆਖਿਆ ਕਿ ਮਹਿੰਗਾਈ , ਬੇਰੁਜ਼ਗਾਰੀ ਦਿਨ ਪ੍ਰਤੀ ਦਿਨ ਵੱਧਦੀ ਜਾ ਰਹੀ ਹੈ। ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ।ਇਸ ਮੌਕੇ ਬੰਤ ਸਿੰਘ ਕਲਾਰਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਹਰਜਿੰਦਰ ਸਿੰਘ ਛਿੱਬਰ ਸਮੇਤ ਸਮੂਹ ਕਾਂਗਰਸੀ ਉਮੀਦਵਾਰਾਂ ਨੂੰ ਅਪਣੀ ਕੀਮਤੀ ਵੋਟਾਂ ਪਾ ਕੇ ਕਾਮਯਾਬ ਕਰਨ । ਇਸੇ ਸਮੇਂ ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਡਾ ਬਚਨ ਲਾਲ ਵਰਮਾ ਨੇ ਵੀ ਹਰਜਿੰਦਰ ਸਿੰਘ ਛਿੱਬਰ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਪਰੋਕਤ ਆਗੂਆਂ ਨੇ ਸਮੂਹ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਰਜਿੰਦਰ ਸਿੰਘ ਛਿੱਬਰ ਨੂੰ ਜਿਤਾ ਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਥ ਮਜ਼ਬੂਤ ਕਰਨ ਤਾਂ ਜ਼ੋ ਹਲਕੇ ,ਵਾਰਡ ਦਾ ਸਰਬਪੱਖੀ ਵਿਕਾਸ ਯਕੀਨੀ ਹੋ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਮਰਨਜੀਤ ਸਿੰਘ ਸਾਬਕਾ ਸਰਪੰਚ ਸਰਹਾਣਾ, ਟਹਿਲ ਸਿੰਘ ਸਾਬਕਾ ਸਰਪੰਚ ਲੂਠੇੜੀ, ਸਾਬਕਾ ਸਰਪੰਚ ਬਾਰਾ ਸਿੰਘ,ਰੇਸ਼ਮ ਸਿੰਘ ਥਾਣੇਦਾਰ, ਸੂਬੇਦਾਰ ਸੰਤੋਖ ਸਿੰਘ ਛਿੱਬਰ, ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ, ਪਰਵਿੰਦਰ ਸਿੰਘ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਗੁਰਿੰਦਰ ਸਿੰਘ ਗੋਗੀ, ਹਰਜੀਤ ਸਿੰਘ ਸੱਲ, ਭੁਪਿੰਦਰ ਸਿੰਘ ਗੀਹਲ, ਗੁਰਮੀਤ ਸਿੰਘ ਕਾਂਝਲਾ, ਜਸਵੀਰ ਸਿੰਘ ਸ਼ਾਂਤ ਪੁਰੀ, ਸ਼ੇਰ ਸਿੰਘ ਡੂਮਛੇੜੀ, ਬਲਵਿੰਦਰ ਸਿੰਘ ਚਲਾਕੀ, ਬਲਵੀਰ ਸਿੰਘ ਚਲਾਕੀ, ਰਾਜ ਕੁਮਾਰ ਦਸੋੜ , ਗੁਰਮੀਤ ਸਿੰਘ ਚੋਪੜਾ, ਨਿਹਾਲ ਸਿੰਘ ਕਲਸੀ, ਪ੍ਰਿਤਪਾਲ ਸਿੰਘ, ਕਮਲਜੀਤ ਸਿੰਘ, ਐਡਵੋਕੇਟ ਪਰਮਿੰਦਰ ਸਿੰਘ ਤੂਰ, ਦਰਸ਼ਨ ਸਿੰਘ ਸੰਧੂ, ਬਲਜੀਤ ਕੌਰ ਛਿੱਬਰ, ਗੁਰਦੇਵ ਸਿੰਘ ਤੂਰ, ਅਵਤਾਰ ਸਿੰਘ ਬਬਲੂ ਆਦਿ ਨਗਰ ਨਿਵਾਸੀ ਹਾਜ਼ਰ ਸਨ।



# ਸੇਫ ਸਕੂਲ ਵਾਹਨ ਪਾਲਿਸੀ ਸਖਤੀ ਨਾਲ ਲਾਗੂ , ਦੋ ਸਕੂਲ ਬੱਸਾਂ ਦਾ ਕੱਟਿਆ ਚਲਾਨ

**ਨਵਾਂ ਸ਼ਹਿਰ/ਬਲਾਚੌਰ (ਮਨੋਜ ਲਾਡੀ, ਜਸਵਿੰਦਰ ਬੈਂਸ)**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾ ਤਹਿਤ ਅਤੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਉਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਟੀਮ ਦੇ ਸਹਿਯੋਗ ਨਾਲ ਸਾਂਝੇ ਤੌਰ ਤੇ ਸੇਫ ਸਕੂਲ ਵਾਹਨ ਪਾਲਿਸੀ ਨੂੰ ਲਾਗੂ ਕਰਨ ਦੀ ਪੁਰਜੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਚਲਦੇ ਨਵਾਂ ਸ਼ਹਿਰ ਜਿਲ੍ਹੇ ਦੇ ਬਲਾਚੌਰ ਬਲਾਕ ਵਿੱਚ ਟੀਮ (ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ, ਐਡੀਸ਼ਨਲ ਟਰਾਂਸਪੋਰਟ ਅਫਸਰ ਕਮਲੇਸ਼ ਰਾਣੀ, ਜੋਗਿੰਦਰ ਪਾਲ (ਏ ਐੱਸ ਆਈ) ਅਤੇ ਟ੍ਰੈਫਿਕ ਤੋਂ ਮੱਖਣ ਸਿੰਘ ਵਲੋਂ ਸਾਂਝੇ ਤੌਰ ਤੇ ਸਕੂਲੀ ਬਸਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਬਲਾਚੌਰ ਪਬਲਿਕ ਸਕੂਲ, ਨੋਰਵੁੱਡ ਪਬਲਿਕ ਸਕੂਲ, ਐੱਮ ਆਰ ਸਿਟੀ ਸਕੂਲ, ਸਿਵਾਲਿਕ ਪਬਲਿਕ ਸਕੂਲ ਅਤੇ ਲਿਟਲ ਸਟਾਰ ਪਬਲਿਕ ਸਕੂਲ, ਮਾਊਂਟ ਕਾਰਮਲ ਸਕੂਲ, ਕੈਂਬਰਿਜ ਇੰਟਰਨੈਸ਼ਨਲ ਸਕੂਲ ਦੀਆਂ ਬੱਸਾਂ ਵੀ ਸ਼ਾਮਲ ਸਨ। ਇਸ ਮੁਹਿੰਮ ਦੌਰਾਨ ਤਕਰੀਬਨ 8 ਸਕੂਲਾਂ ਦੀਆਂ ਕੁੱਲ 22 ਸਕੂਲੀ ਬੱਸਾਂ ਦੇ ਦਸਤਾਵੇਜ ਚੈੱਕ ਕੀਤੇ ਗਏ ਤੇ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀਆਂ ਦੋ ਸਕੂਲੀ ਬਸਾਂ ਦੇ ਚਲਾਨ (ਡਰਾਈਵਰ ਵੱਲੋਂ ਸੀਟ ਬੈਲਟ ਨਾ ਲਾਉਣ ਕਰ ਕੇ, ਫਸਟ ਐਡ ਬਾਕਸ ਵਿੱਚ ਐਕਸਪਾਇਰੀ ਦਵਾਈਆ ਮਿਲਣ ਕਾਰਨ ਤੇ ਬੱਸ ਵਿੱਚ ਫ਼ੀਮੇਲ ਅਟੈਂਡੈਂਟ ਨਾ ਹੋਣ ਕਾਰਨ ) ਵੀ ਕੀਤੇ ਗਏ। ਇਸ ਮੌਕੇ ਟੀਮ ਵਲੋਂ ਨਿੱਜੀ ਤੌਰ ਤੇ ਬਲਾਚੌਰ ਬਲੌਕ ਦੇ ਹੀ ਇਕ ਪ੍ਰਾਈਵੇਟ ਸਕੂਲ ਵਿੱਚ ਵਿਜ਼ਿਟ ਕਰਕੇ ਸਕੂਲ ਪ੍ਰਿੰਸੀਪਲ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੇ ਟਰਾਂਸਪੋਰਟ ਮੈਨੇਜਮੈਂਟ, ਸਕੂਲੀ ਵਾਹਨਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਸੇਫ਼ ਸਕੂਲ ਵਾਹਨ ਪੋਲਿਸੀ ਦੀਆਂ ਸ਼ਰਤਾਂ ਬਾਰੇ ਜਾਣੂੰ ਵੀ ਕਰਵਾਇਆ ਗਿਆ । ਡਰਾਈਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਾਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਏ ਆਰ ਟੀ ਓ ਕਮਲੇਸ਼ ਰਾਣੀ, ਪੁਲਿਸ ਵਿਭਾਗ ਤੋਂ ਜਸਵਿੰਦਰ ਸਿੰਘ ਏ ਐੱਸ ਆਈ, ਟਰੈਫਿਕ ਤੋਂ ਮੱਖਣ ਸਿੰਘ ਦੇ ਨਾਲ ਸੰਤੋਸ਼ ਡੀ ਈ ਓ ਵੀ ਮੌਜੂਦ ਸਨ।



# ਪਿੰਡਾਂ ਦੀ ਨੁਹਾਰ ਬਦਲਣ ਲਈ ਸਰਕਾਰ ਵਚਨਬੱਧ : ਕੈਬਨਿਟ ਮੰਤਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਪਿੰਡ ਕੱਕੋਂ ਵਿੱਚ ਨਵੀਂ ਬਣੀ ਪੰਚਾਇਤ ਵੱਲੋਂ ਪਹਿਲੀ ਹੀ ਲੋਕ ਮਿਲਣੀ ਵਿੱਚ ਸਰਪੰਚ ਅਨੀਤਾ ਰਾਣੀ ਦੀ ਹਾਜ਼ਰੀ ਵਿੱਚ ਪਿਛਲੇ ਸਾਲ ਪਿੰਡ ਪਹੁੰਚੇ ਕੈਬਿਨੇਟ ਮੰਤਰੀ ਡਾਕਟਰ ਰਵਜੋਤ ਸਿੰਘ ਨੂੰ ਪਿੰਡ ਦੀ ਸਭ ਤੋਂ ਵੱਡੀ ਸਮੱਸਿਆ ਪਿੰਡ ਦੀ ਮੇਨ ਸੜਕ ਦੀ ਰੱਖੀ ਸੀ। ਡਾ. ਰਵਜੋਤ ਸਿੰਘ ਨੇ ਪੀ ਡਬਲਿਊ ਡੀ ਮਹਿਕਮੇ ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪਿੰਡ ਕੱਕੋਂ ਵਿੱਚ ਨਵੀਂ ਸੀਮਿੰਟ ਦੀ ਸੜਕ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਗਈ ਹੈ। ਇਸ ਨਾਲ ਪਿੰਡ ਦੇ ਲੋਕਾਂ ਵਿੱਚ ਬਹੁਤ ਖੁਸ਼ੀ ਪਾਈ ਜਾ ਰਹੀ ਹੈ। ਸਰਪੰਚ ਅਨੀਤਾ ਰਾਣੀ ਨੇ ਮੈਂਬਰ ਪੰਚਾਇਤ ਪਰਮਜੀਤ ਕੌਰ, ਕੁਵਿੰਦਰ ਕੁਮਾਰ,ਕਰਮ ਸਿੰਘ, ਸੁਨੀਲ ਕੁਮਾਰ, ਸੰਦੀਪ ਕੁਮਾਰ ਅਤੇ ਹੋਰ ਪਿੰਡ ਵਾਸੀਆਂ ਸਮੇਤ ਬਣ ਰਹੀ ਸੜਕ ਦਾ ਜਾਇਜ਼ਾ ਲਿਆ ਅਤੇ ਪੰਜਾਬ ਸਰਕਾਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।



# ਨਿਰੰਕਾਰੀ ਸੰਤ ਸਮਾਗਮ ਹੋਇਆ



**ਖਰੜ (ਹਰਨਾਮ ਸਿੰਘ ਡੱਲਾ)**- ਸਤਿਗੁਰੂ ਮਾਤਾ ਸਦੀਕਸ਼ਾ ਦੀ ਅਪਾਰ ਕਿਰਪਾ ਸਦਕਾ ਇੱਕ ਵਿਸ਼ਾਲ ਸੰਤ ਸਮਾਗਮ ਟੀ ਡੀ ਸਿਟੀ ਸੈਕਟਰ 74 ਏ ਦੇ ਗਰਾਊਂਡ ਵਿੱਚ ਹੋਇਆ।ਇਸ ਸਮਾਗਮ ਨੂੰ ਐੱਚ ਐੱਸ ਚਾਵਲਾ ਵਾਈਸ ਪ੍ਰੈਜੀਡੈਂਟ ਸੀ ਪੀ ਏ ਬੀ ਸੰਤ ਨਿਰੰਕਾਰੀ ਮੰਡਲ ਨੇ ਸਤਿਗੁਰ ਦਾ ਸੰਦੇਸ਼ ਸੰਗਤਾਂ ਨੂੰ ਪ੍ਰਦਾਨ ਕੀਤਾ। ਉਹਨਾਂ ਕਿਹਾ ਕਿ ਜੀਵਨ ਦੇ ਹਰ ਪਲ ਨੂੰ ਖੂਬਸੂਰਤੀ ਵਿੱਚ ਬਤੀਤ ਕਰਨਾ ਚਾਹੀਦਾ ਹੈ । ਦੁਨੀਆ ਵਿੱਚ ਦੁਨਿਆਵੀ ਵਸਤੂਆਂ, ਪਦਵੀਆਂ ਮਿਲ ਜਾਂਦੀਆਂ ਹਨ। ਸਭ ਕੁਝ ਮਿਲ ਜਾਦਾ ਹੈ ਸੰਸਾਰ ਦੀ ਹਰ ਚੀਜ ਮਿਲ ਸਕਦੀ ਹੈ ਲੇਕਿਨ ਸਭ ਕੁਝ ਦੇਣ ਵਾਲੇ ਪ੍ਰਭੂ ਪਰਮਾਤਮਾ ਨੂੰ ਇਨਸਾਨ ਭੁੱਲ ਕੇ ਬੈਠਾ ਹੋਇਆ ਹੈ। ਭਗਤਜਨ ਪ੍ਰਭੂ ਨੂੰ ਜਾਣਦੇ ਹੋਏ ਹਰ ਇੱਕ ਵਸਤੂ ਨੂੰ ਪ੍ਰਾਪਤ ਕਰਦੇ ਹੋਏ ਪਰਮਾਤਮਾ ਦਾ ਸ਼ੁਕਰੀਆ ਅਦਾ ਕਰਦੇ ਹਨ। ਪਦਾਰਥਵਾਦੀ ਇਨਸਾਨ ਸਾਰੀਆਂ ਦਾਤਾਂ ਦੇਣ ਵਾਲੇ ਪ੍ਰਭੂ ਪਰਮਾਤਮਾ ਨਿਰੰਕਾਰ ਨੂੰ ਵਿਸਾਰ ਕੇ ਬੈਠਾ ਹੋਇਆ ਹੈ, 84 ਲੱਖ ਜੂਨਾਂ ਤੋਂ ਬਾਅਦ ਮਾਨਸ ਜਨਮ ਮਿਲਿਆ ਹੈ ਇਸ ਨੂੰ ਅਜਾਈਂ ਗਵਾ ਰਿਹਾ ਹੈ ਦਾਤਾਂ ਦੇ ਪਿੱਛੇ ਲੱਗ ਰਿਹਾ ਹੈ ਪਰ ਦਾਤਾਂ ਦੇਣ ਵਾਲੇ ਪ੍ਰਭੂ ਦੀ ਪਹਿਚਾਣ ਨਹੀਂ ਕਰ ਰਿਹਾ। ਉਹਨਾਂ ਕਿਹਾ ਕਿ ਇਨਸਾਨ ਨੂੰ ਇਸੇ ਮਾਨਸ ਜਨਮ ਦੇ ਵਿੱਚ ਹੀ ਪਰਮਾਤਮਾ ਦੀ ਜਾਣਕਾਰੀ ਹੋ ਸਕਦੀ ਹੈ ਜੋ ਕਿ ਨਿਰੰਕਾਰੀ ਮਿਸ਼ਨ ਕਰਵਾ ਰਿਹਾ ਹੈ। ਇਸ ਮੌਕੇ ਓ ਪੀ ਨਿਰੰਕਾਰੀ ਜੀ ਜੋਨਲ ਇੰਚਾਰਜ ਚੰਡੀਗੜ੍ਹ ਨੇ ਐਚ ਐਸ ਚਾਵਲਾ ਦਾ ਟੀ ਡੀ ਆਈ ਪਹੁੰਚਣ ਤੇ ਧੰਨਵਾਦ ਕੀਤਾ ਤੇ ਟੀ ਡੀ ਆਈ ਬ੍ਰਾਂਚ ਦੇ ਮੁਖੀ ਗੁਰਪ੍ਰਤਾਪ ਨੇ ਸਮੂਹ ਸੰਗਤ, ਸਾਰੇ ਸੇਵਾਦਲ ਦੇ ਅਧਿਕਾਰੀਆਂ ਤੇ ਸੇਵਾਦਾਰਾਂ ਤੇ ਇਲਾਕਾ ਨਿਵਾਸੀਆਂ ਦਾ ਅਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਹਰ ਪ੍ਰਾਣੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੇ ਮੋਬਾਇਲ ਤੋਂ ਦੂਰ ਰਹਿਣਾ ਚਾਹੀਦਾ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ-ਨਿਰਦੇਸ਼ਾਂ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਭਰਵੀਂ ਅਤੇ ਉਤਸ਼ਾਹਪੂਰਨ ਮੀਟਿੰਗ ਪਿੰਡ



ਮਾਛੀਵਾੜਾ ਖਾਮ, ਹਲਕਾ ਸਮਰਾਲਾ ਵਿਖੇ ਹੋਈ। ਮੀਟਿੰਗ ਵਿੱਚ ਇਲਾਕੇ ਦੇ ਨੌਜਵਾਨਾ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ । ਮੀਟਿੰਗ ਦੌਰਾਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਮਹਾਨ ਜੀਵਨ, ਉਪਦੇਸ਼ਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਡਾ. ਭੀਮ ਰਾਓ ਅੰਬੇਡਕਰ ਵੱਲੋਂ ਸਮਾਜ ਨੂੰ ਦਿੱਤੇ ਗਏ ਸੰਵਿਧਾਨਕ ਹੱਕਾਂ ਅਤੇ ਸਮਾਜਿਕ ਬਰਾਬਰੀ ਲਈ ਉਨ੍ਹਾਂ ਦੇ ਯੋਗਦਾਨ ਬਾਰੇ ਵੀ ਨੌਜਵਾਨਾਂ ਨੂੰ ਜਾਣੂ ਕਰਵਾਇਆ ਗਿਆ।ਇਸ ਮੌਕੇ ਬੇਗਮਪੁਰਾ ਟਾਈਗਰ ਫੋਰਸ ਦੀ ਨਵੀਂ ਯੂਨਿਟ ਦਾ ਗਠਨ ਕਰਦੇ ਹੋਏ ਗੁਰਪ੍ਰਸ਼ਾਦ ਸਿੰਘ ਨੂੰ ਬਲਾਕ ਮਾਛੀਵਾੜਾ ਤੋਂ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਸੁਰਿੰਦਰ ਪਾਲ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਸਕੱਤਰ ਅਤੇ ਮਨਪ੍ਰੀਤ ਸਿੰਘ ਬਾਵਾ ਨੂੰ ਸਹਿ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਚੰਚਲ ਸਿੰਘ, ਅਸ਼ੋਕ ਕੁਮਾਰ, ਵਿਕੀ ਰਾਮ, ਸੋਮ ਨਾਥ, ਕਮਲਜੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਮੈਂਬਰ ਨਿਯੁਕਤ ਕੀਤਾ ਗਿਆ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ, ਫ਼ਿਜ਼ੂਲਖਰਚੀ ਅਤੇ ਮੋਬਾਇਲ ਫੋਨਾਂ ਦੀ ਗਲਤ ਵਰਤੋਂ ਤੋਂ ਦੂਰ ਰਹਿਣ ਦੀ ਲੋੜ ਹੈ, ਕਿਉਂਕਿ ਮੋਬਾਇਲ ਦਾ ਵੱਧ ਰਿਹਾ ਦੁਰਪਯੋਗ ਨੌਜਵਾਨਾਂ ਨੂੰ ਸਮਾਜਿਕ ਅਤੇ ਨੈਤਿਕ ਗਿਰਾਵਟ ਵੱਲ ਧੱਕ ਰਿਹਾ ਹੈ।

# ਸਿਰਫ਼ ਅਕਾਲੀ ਦਲ ਲੜ ਰਿਹਾ ਵਿਕਾਸ ਦੇ ਏਜੰਡੇ 'ਤੇ ਚੋਣਾਂ : ਸ਼ਰਮਾ



**ਲਾਲੜੂ (ਵਿਨੈ ਕੁਮਾਰ ਜੈਨ)**

ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਅਤੇ ਸਾਬਕਾ ਹਲਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਕਿਹਾ ਕਿ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦੌਰਾਨ ਵਿਰੋਧੀ ਕਾਂਗਰਸ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਕੋਲ ਗਿਨਾਉਣ ਦੇ ਲਈ ਕੋਈ ਵਿਕਾਸ ਕਾਰਜ ਨਹੀਂ ਹੈ। ਇਨ੍ਹਾਂ ਚੋਣਾਂ ਵਿੱਚ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ, ਜੋ ਵਿਕਾਸ ਦੇ ਏਜੰਡੇ 'ਤੇ ਚੋਣਾਂ ਲੜ ਰਹੀ ਹੈ।ਐੱਨ ਕੇ ਸ਼ਰਮਾ ਇੱਥੇ ਪਾਰਟੀ ਉਮੀਦਵਾਰ ਰਮਨਪ੍ਰੀਤ ਕੌਰ ਦੇ ਸਮਰਥਨ ਵਿੱਚ ਘੋਲੂਮਾਜਰਾ ਵਿੱਚ ਜਨਤਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਵੀ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਆਈ ਹੈ, ਲਾਲੜੂ ਇਲਾਕੇ ਵਿੱਚ ਵਿਕਾਸ ਹੋਇਆ ਹੈ। ਅਕਾਲੀ ਦਲ ਦੇ ਉਮੀਦਵਾਰ ਹੁਣ ਆਪਣੇ ਵਿਕਾਸ ਏਜੰਡੇ ਨਾਲ ਹਰ ਵਾਰਡ ਵਿੱਚ ਲੋਕਾਂ ਤੱਕ ਪਹੁੰਚ ਕਰ ਰਹੇ ਹਨ। ਸਾਬਕਾ ਵਿਧਾਇਕ ਨੇ ਦੱਪਰ, ਆਲਮਗੀਰ, ਡਹਿਰ, ਮਗਰਾ, ਬੱਸੀ, ਜਲਾਲਪੁਰ, ਹੁਮਾਯੂੰਪੁਰ ਅਤੇ ਲਾਲੜੂ ਸਮੇਤ ਵੱਖ-ਵੱਖ ਵਾਰਡਾਂ ਵਿੱਚ ਪਾਰਟੀ ਉਮੀਦਵਾਰਾਂ ਦੇ ਸਮਰਥਨ ਵਿੱਚ ਪ੍ਰਚਾਰ ਕੀਤਾ। ਇਸ ਮੌਕੇ ਸੀਨੀਅਰ ਅਕਾਲੀ ਆਗੂ ਕ੍ਰਿਸ਼ਨ ਪਾਲ ਸ਼ਰਮਾ, ਮਨਜੀਤ ਸਿੰਘ ਮਲਿਕਪੁਰ, ਗੁਰਬਿੰਦਰ ਹਸਨਪੁਰ, ਸੰਜੂ ਪ੍ਰਜਾਪਤ, ਬੱਲੂ ਰਾਣਾ, ਮਨੀਸ਼ ਰਾਣਾ, ਕੁਲਦੀਪ ਸ਼ਰਮਾ ਸਮੇਤ ਕਈ ਆਗੂ ਮੌਜੂਦ ਸਨ।

# ਵਿਦਿਆਰਥਣ ਪ੍ਰਭਕਿਰਨ ਕੌਰ ਪੰਜਾਬ ਭਰ 'ਚ 9ਵੇਂ ਤੇ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ

**ਫਗਵਾੜਾ (ਡਾ. ਰਮਨ)**-ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਚੱਕ ਮੰਡੇਰ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਈ. ਬਾਰ੍ਹਵੀਂ ਜਮਾਤ ਦੇ ਬੋਰਡ ਇਮਤਿਹਾਨਾਂ ਵਿੱਚ ਸ਼ਾਨਦਾਰ 100 ਪ੍ਰਤੀਸ਼ਤ ਨਤੀਜਾ ਪ੍ਰਾਪਤ ਕਰਕੇ ਅਕੈਡਮੀ ਦਾ ਨਾਂਅ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਮਨਿੰਦਰਪਾਲ ਕੌਰ ਸੰਧੂ ਨੇ ਦੱਸਿਆ ਕਿ ਕਾਮਰਸ ਸਟੀਮ ਵਿੱਚ ਪ੍ਰਭਕਿਰਨ ਕੌਰ ਪਿੰਡ ਫਰਾਲਾ ਨੇ 98 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪੰਜਾਬ ਵਿਚੋਂ 9ਵਾਂ ਅਤੇ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਉਕਤ ਵਿਦਿਆਰਥਣ ਨੇ ਅਕਾਊਂਟੈਂਸੀ ਵਿੱਚ 100 ਵਿਚੋਂ 100, ਬਿਜ਼ਨਸ ਸਟਰੀਮ ਵਿੱਚ 99, ਇਨਫਾਰਮੇਸ਼ਨ ਟੈਕਨੋਲੋਜੀ ਵਿੱਚ 98, ਅਰਥਸ਼ਾਸਤਰ ਅਤੇ ਫਿਜ਼ੀਕਲ ਐਜੂਕੇਸ਼ਨ ਵਿਚ ਕ੍ਰਮਵਾਰ 97-97 ਅਤੇ ਅੰਗਰੇਜ਼ੀ ਵਿੱਚ 96 ਅੰਕ ਪ੍ਰਾਪਤ ਕੀਤੇ। ਇਸੇ ਸਟਰੀਮ ਵਿਚ ਗੁਰਚੇਤਨ ਕੌਰ ਨੇ 88 ਪ੍ਰਤੀਸ਼ਤ ਦੂਜਾ, ਜਦਕਿ ਮਨਰੀਤ ਕੌਰ ਨੇ 87 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਹਿਊਮੈਨਟੀਜ਼ ਸਟੀਮ ਵਿਚ ਜੈਸਿਕਾ ਨੇ 82.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਮਨਿੰਦਰਪਾਲ ਕੌਰ ਸੰਧੂ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।



# ਤਕਨੀਕੀ ਸਿੱਖਿਆ ਦੇ ਚਾਹਵਾਨ ਵਿਦਿਆਰਥੀਆਂ ਲਈ ਹੈੱਲਪ ਡੈਸਕ ਸਥਾਪਤ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਓ ਪੀ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਥਾਨਕ ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਇੱਛੁਕ ਵਿਦਿਆਰਥੀਆਂ ਦੀ ਸਹੂਲਤ ਲਈ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ ਜੋ ਤਕਨੀਕੀ ਸਿੱਖਿਆ ਹਾਸਲ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਏਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਸਵੀਂ ਪਾਸ ਕਰ ਚੁੱਕੇ ਵਿਦਿਆਰਥੀ ਇੰਜੀਨੀਅਰਿੰਗ ਡਿਪਲੋਮਾ ਦੇ ਪਹਿਲੇ ਸਾਲ ਵਿਚ ਦਾਖਲਾ ਲੈ ਸਕਦੇ ਹਨ ਜਦਕਿ ਆਈ.ਟੀ.ਆਈ. (ਦੋ ਸਾਲ), 12ਵੀਂ ਵੋਕੇਸ਼ਨਲ, 12ਵੀਂ ਸਾਇੰਸ ਪਾਸ ਕਰ ਚੁੱਕੇ ਵਿਦਿਆਰਥੀ ਦੂਜੇ ਸਾਲ ਵਿਚ ਦਾਖਲਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚਾਹਵਾਨ ਵਿਦਿਆਰਥੀਆਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਦੇ ਨਾਲ-ਨਾਲ ਵੱਖ-ਵੱਖ ਤਕਨੀਕੀ ਸਿੱਖਿਆ ਹਾਸਲ ਕਰਨ ਬਾਰੇ ਸਰਕਾਰੀ ਬਹੁਤਕਨੀਕੀ ਕਾਲਜ ਵਿਚ ਸਟਾਫ਼ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਦੱਸਿਆ ਕਿ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸੂਬੇ ਭਰ ਵਿਚ ਚੱਲ ਰਹੇ ਤਕਨੀਕੀ ਕੋਰਸਾਂ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਗਾਈਡੈਂਸ ਸੈੱਲ ਵੀ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੈੱਲ ਵਲੋਂ ਕਾਲਜ ਵਿਖੇ ਚੱਲ ਰਹੇ ਵੱਖ-ਵੱਖ ਇੰਜੀਨੀਅਰਿੰਗ ਡਿਪਲੋਮਾ ਕੋਰਸਾਂ ਅਤੇ ਫਾਰਮੇਸੀ ਕੋਰਸਾਂ ਬਾਰੇ ਵਡਮੁਲੀ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਾਲਜ ਵਿਚ ਸਿਵਲ, ਇਲੈਕਟ੍ਰੀਕਲ, ਮਕੈਨੀਕਲ ਇੰਜੀਨੀਅਰਿੰਗ, ਈ.ਸੀ.ਈ., ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ, ਕੈਮੀਕਲ ਇੰਜੀਨੀਅਰਿੰਗ (ਪਲਾਸਟਿਕ ਅਤੇ ਪੌਲੀਮਰ) ਅਤੇ ਫਾਰਮੇਸੀ ਡਿਪਲੋਮੇ ਦੇ ਕੋਰਸ ਚੱਲ ਰਹੇ ਹਨ।



# ਲਾਇਨ ਪ੍ਰਦੀਪ ਸਿੰਘ ਚੱਠਾ ਨੂੰ ਸਾਲ 2026-27 ਲਈ ਐਲਾਨਿਆ ਪ੍ਰਧਾਨ

**ਫਗਵਾੜਾ (ਡਾ. ਰਮਨ)**-ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਇਲੈਵਨ ਸਟਾਰ ਸਪੈਸ਼ਲ ਸਟੇਟਸ ਮਾਡਲ ਲਾਇਨਜ਼ ਕਲੱਬ ਫਗਵਾੜਾ ਵਿਸ਼ਵਾਸ ਦੀ ਇਕ ਮੀਟਿੰਗ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੁਸ਼ੀਲ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਕਲੱਬ ਪ੍ਰਧਾਨ ਲਾਇਨ ਅਸ਼ਵਨੀ ਸ਼ਰਮਾ ਨੇ ਪਿਛਲੇ ਸਾਲ ਕੀਤੇ ਗਏ ਪ੍ਰੋਜੈਕਟਾਂ ਦੀ ਰਿਪੋਰਟ ਵਿਸਥਾਰ ਦੇ ਨਾਲ ਸਮੂਹ ਮੈਂਬਰਾਂ ਦੇ ਸਾਹਮਣੇ ਰੱਖੀ। ਜਿਸ ਤੋਂ ਬਾਅਦ ਕਲੱਬ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਲਾਇਨ ਪ੍ਰਦੀਪ ਸਿੰਘ ਚੱਠਾ ਨੂੰ ਸਰਬ ਸੰਮਤੀ ਨਾਲ ਸਾਲ 2026-27 ਲਈ ਪ੍ਰਧਾਨ ਐਲਾਨਿਆ ਗਿਆ। ਨਵ-ਨਿਯੁਕਤ ਪ੍ਰਧਾਨ ਪ੍ਰਦੀਪ ਸਿੰਘ ਚੱਠਾ ਨੇ ਆਪਣੀ ਕਾਰਜਕਾਰਨੀ ਦਾ ਐਲਾਨ ਕਰਦਿਆਂ ਲਾਇਨ ਰਵੀ ਮੰਗਲ ਨੂੰ ਸਕੱਤਰ, ਲਾਇਨ ਇੰਦਰਜੀਤ ਸਿੰਘ ਨੂੰ ਖਜ਼ਾਨਚੀ ਅਤੇ ਲਾਇਨ ਸੁਸ਼ੀਲ ਸ਼ਰਮਾ ਨੂੰ ਪੀ.ਆਰ.ਓ. ਦੀ ਜ਼ਿੰਮੇਵਾਰੀ ਦਿੱਤੀ। ਨਵੀਂ ਟੀਮ ਨੇ ਪਹਿਲੇ ਪ੍ਰੋਜੈਕਟ ਦੀ ਰੂਪ-ਰੇਖਾ ਬਹੁਤ ਜਲਦੀ ਸਮੂਹ ਕਲੱਬ ਮੈਂਬਰਾਂ ਦੇ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਤਿਆਰ ਕਰਨ ਦੀ ਗੱਲ ਵੀ ਕਹੀ। ਇਸ ਮੌਕੇ ਲਾਇਨ ਬਲਵਿੰਦਰ ਸਿੰਘ, ਲਾਇਨ ਚਮਨ ਲਾਲ, ਲਾਇਨ ਮੋਹਨ ਸਿੰਘ ਕੋਹਲੀ, ਲਾਇਨ ਅਵਤਾਰ ਸਿੰਘ ਆਦਿ ਹਾਜ਼ਰ ਸਨ।

# 2 ਜੂਨ ਦੇ ਧਰਨੇ 'ਚ ਸ਼ਾਮਲ ਹੋਣਗੇ ਜਲੰਧਰ ਦੇ ਅਧਿਆਪਕ : ਜੀ ਟੀ ਯੂ



**ਜਲੰਧਰ (ਰਾਜੇਸ਼ ਥਾਪਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਸੂਬਾਈ ਮੀਟਿੰਗ ਦੇ ਫੈਸਲੇ ਅਨੁਸਾਰ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਚ ਸਕੱਤਰ ਮਨੋਹਰ ਲਾਲ ਸ਼ਰਮਾ ਆਦਿ ਦੀ ਅਗਵਾਈ ਵਿੱਚ ਸਮੂਹ ਅਧਿਆਪਕ ਵਰਗ ਦੀਆਂ ਸਾਂਝੀਆਂ ਮੰਗਾਂ ਦਾ ਨਿਰਮਾਣ ਕਰਵਾਉਣ ਲਈ 2 ਜੂਨ ਨੂੰ ਸਿੱਖਿਆ ਭਵਨ ਮੋਹਾਲੀ ਵਿਖੇ ਲਗਾਏ ਜਾ ਰਹੇ ਸੂਬਾਈ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਦੇ ਹੋਏ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਨੂੰ ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਮੱਕੜ ਨੇ ਚਲਾਇਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ, ਸੋਧ ਦੇ ਨਾਂਅ ਤੇ ਬੰਦ ਕੀਤੇ ਭੱਤਿਆਂ ਦੀ ਬਹਾਲੀ, ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣੇ ਬੰਦ ਕਰਨ, ਵੱਖ ਵੱਖ ਕੈਟੇਗਰੀ ਦੇ ਅਧਿਆਪਕਾਂ ਦੀਆਂ ਪ੍ਰਮੋਸ਼ਨਾਂ ਕਰਨ, ਬਦਲੀਆਂ ਪਾਰਦਰਸ਼ੀ ਢੰਗ ਨਾਲ ਕਰਨ, ਪੇਂਡੂ ਭੱਤਾ ਅਤੇ ਬਾਰਡਰ ਏਰੀਆ ਭੱਤੇ ਦੀ ਬਹਾਲੀ, ਖ਼ਾਲੀ ਪੋਸਟਾਂ ਨੂੰ ਭਰਨ, ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਅਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਣਾਉਣ,ਵੱਖ ਵੱਖ ਸਕੀਮਾਂ ਅਧੀਨ ਕੰਮ ਕਰਦੇ ਅਧਿਆਪਕਾਂ ਨੂੰ ਪੂਰੇ ਪੂਰੇ ਗ੍ਰੇਡਾਂ ਵਿੱਚ ਰੈਗੂਲਰ ਕਰਨ, ਡੀ ਏ ਦੀਆਂ ਕਿਸ਼ਤਾਂ ਅਤੇ ਬਕਾਏ ਜਾਰੀ ਕਰਨ ਆਦਿ ਮੰਗ ਪੱਤਰ ਵਿੱਚ ਦਰਜ਼ ਮੰਗਾਂ ਨੂੰ ਹੱਲ ਕਰਵਾਉਣ ਲਈ ਵਿਸ਼ਾਲ ਸੂਬਾਈ ਧਰਨਾ ਲਗਾਇਆ ਜਾ ਰਿਹਾ ਹੈ ਅਤੇ ਸੂਬਾਈ ਧਰਨੇ ਦੀ ਕਾਮਯਾਬੀ ਲਈ ਵੱਧ ਤੋਂ ਵੱਧ ਅਧਿਆਪਕਾਂ ਨੂੰ ਸ਼ਮੂਲੀਅਤ ਕਰਵਾਉਣ ਲਈ ਉਪਰਾਲੇ ਤੇਜ਼ ਕੀਤੇ ਜਾਣ ਅਤੇ ਭਰਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਪ੍ਰੈੱਸ ਸਕੱਤਰ ਵੇਦ ਰਾਜ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 2 ਜੂਨ ਦੇ ਸਿੱਖਿਆ ਭਵਨ ਮੋਹਾਲੀ ਵਿਖੇ ਲਗਾਏ ਜਾ ਰਹੇ ਸੂਬਾਈ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਵਰਕਿੰਗ ਹਰ ਬਲਾਕ ਵਿੱਚੋਂ ਵਹੀਕਲ ਚਲਾਏ ਜਾਣਗੇ ਅਤੇ ਅਧਿਆਪਕਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਧਾਨ ਕਰਨੈਲ ਫਿਲੌਰ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਜਰਨਲ ਸਕੱਤਰ ਸੁਖਵਿੰਦਰ ਸਿੰਘ ਮੱਕੜ, ਪ੍ਰੈੱਸ ਸਕੱਤਰ ਵੇਦ ਰਾਜ, ਜੁਆਇੰਟ ਪ੍ਰੈੱਸ ਸਕੱਤਰ ਪ੍ਰੇਮ ਖਲਵਾੜਾ, ਗੁਰਿੰਦਰ ਸਿੰਘ, ਗੁਰਮੇਲ ਸਿੰਘ ਕੁਲਰੀਆਂ, ਕਮਲ ਦੇਵ, ਬਖ਼ਸ਼ੀ ਰਾਮ, ਸੁਖਵਿੰਦਰ ਰਾਮ, ਰਜਿੰਦਰ ਸਿੰਘ ਭੋਗਪੁਰ, ਸੰਦੀਪ ਰਾਜੋਵਾਲ, ਕੁਲਵੰਤ ਰਾਮ, ਪਿਆਰਾ ਸਿੰਘ, ਜਸਵੀਰ ਸਿੰਘ, ਮੁਲਖ ਰਾਜ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਹੈੱਲਥ ਐਂਡ ਐਜੂਕੇਸ਼ਨ ਚੈਰਿਟੀ (ਯੂਕੇ) ਵੱਲੋਂ ਅੱਵਲ ਵਿਦਿਆਰਥੀ ਸਨਮਾਨਤ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਹੈਲਥ ਐਂਡ ਐਜੂਕੇਸ਼ਨ ਚੈਰਿਟੀ ਸੰਸਥਾ (ਯੂਕੇ) ਸਾਊਥਾਲ ਵੱਲੋਂ ਇੱਕ ਪਹਿਲ ਕਦਮੀ ਕਰਦੇ ਹੋਏ ਇਲਾਕੇ ਦੇ ਵੱਖ ਵੱਖ ਪਿੰਡਾਂ ਦੇ ਮਿਡਲ ਸਕੂਲਾਂ ਚੋਂ ਅੱਠਵੀਂ, ਸੱਤਵੀਂ ਅਤੇ ਛੇਵੀਂ ਜਮਾਤਾਂ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾਗਿਆ। ਯੂਕੇ ਸੰਸਥਾ ਦੇ ਮੈਂਬਰ ਗਿਆਨ ਸਿੰਘ ਢਿੱਲੋਂ ਕਿਸ਼ਨਗੜ੍ਹ ਵੱਲੋਂ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ ਸਰਕਾਰੀ ਮਿਡਲ ਸਕੂਲ ਕਿਸ਼ਨਗੜ੍ਹ, ਸ਼ਹੀਦ ਬੰਤਾ ਸਿੰਘ ਮਿਡਲ ਸਕੂਲ ਸੰਘਵਾਲ ਅਤੇ ਸਰਦਾਰ ਕਸ਼ਮੀਰਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਅੱਠਵੀਂ ਤੱਕ ਦੇ ਅੱਵਲ ਵਿਦਿਆਰਥੀਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਕੜੀ ਤਹਿਤ ਸੰਘਵਾਲ ਵਿਖੇ ਲੜਕੀ ਲਵਲੀਨ ਕੌਰ ਅੱਠਵੀਂ, ਮਨਵੀਰ ਸਿੰਘ ਸੱਤਵੀਂ, ਡਿੰਪੀ ਸਿੰਘ ਛੇਵੀਂ ਨੂੰ ਕਰਮਵਾਰ 5100, 3100 ਅਤੇ 2100 ਰੁਪਏ ਦੇ ਕੇ ਸਨਮਾਨਤ ਕੀਤਾ। ਇਸ ਤਰਾਂ ਹੀ ਕਿਸ਼ਨਗੜ੍ਹ ਅਤੇ ਕਰਾੜੀ ਵਿਖੇ ਬੱਚਿਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਨੀਲਮ ਕੁਮਾਰੀ, ਮਾਸਟਰ ਕਰਮਜੀਤ ਸਿੰਘ, ਪੰਚ ਅਮਨਦੀਪ ਹਨੀ, ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ, ਰਣਜੀਤ ਰਾਏ, ਪੰਚ ਮਲਕੀਤ ਚੰਦ, ਪੰਚ ਨਰਿੰਦਰ ਸਿੰਘ, ਪਰਮਜੀਤ ਸਿੰਘ ਕੰਬੋਜ, ਸਾਬਕਾ ਸਰਪੰਚ ਭਾਗ ਰਾਮ, ਜਸਪ੍ਰੀਤ ਸਿੰਘ ਚਾਹਲ, ਪੰਚ ਹਰਜਿੰਦਰ ਸਿੰਘ ਅਮਨ ਕੁਮਾਰ ਚੌਹਾਨ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ। ਇਸ ਮੌਕੇ ਅਮਨਦੀਪ ਹਨੀ ਅਤੇ ਸਹਿਯੋਗੀਆਂ ਨੇ ਆਖਿਆ ਕਿ ਆਉਣ ਵਾਲੇ ਸਾਲ ਵਿੱਚ ਵਧੀਆ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਹੋਰ ਵੀ ਵੱਧ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ!

# ਬੇਦੀ ਫਾਊਂਡੇਸ਼ਨ ਵੱਲੋਂ ਸਰਕਾਰੀ ਹਾਈ ਸਕੂਲ ਠੇਠਰਕੇ ਵਿਖੇ ਨਵੀਂ ਕੰਪਿਊਟਰ ਲੈਬ ਸਥਾਪਤ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)- ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪੈਂਦੇ ਪਿੰਡ ਠੇਠਰਕੇ ਵਿਖੇ ਬੇਦੀ ਫਾਊਂਡੇਸ਼ਨ ਨੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਖੇ ਇੱਕ ਨਵੀਂ ਕੰਪਿਊਟਰ ਲੈਬ ਸਥਾਪਿਤ ਕਰਕੇ ਡਿਜੀਟਲ ਸਿੱਖਿਆ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਸਕੂਲ ਵਿੱਚ ਇਸ ਨਵੀਂ ਬਣੀ ਲੈਬ ਨੂੰ 11 ਕੰਪਿਊਟਰਾਂ ਨਾਲ ਲੈਸ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਤਕਨਾਲੋਜੀ ਅਤੇ ਆਧੁਨਿਕ ਸਿੱਖਣ ਦੀਆਂ ਸਹੂਲਤਾਂ ਤੱਕ ਬਿਹਤਰ ਪਹੁੰਚ ਮਿਲ ਸਕੇ।ਇਹ ਉਪਰਾਲਾ ਬੇਦੀ ਫਾਊਂਡੇਸ਼ਨ ਦੁਆਰਾ ਕੀਤਾ ਗਿਆ ਅਤੇ ਇਸ ਨੂੰ ਵਿਕਰਮ ਸੋਢੀ ਅਤੇ ਸੋਢੀ ਫਾਊਂਡੇਸ਼ਨ ਦੁਆਰਾ ਵਿੱਤੀ ਸਹਾਇਤਾ ਦਿੱਤੀ ਗਈ।ਇਸ ਕੰਪਿਊਟਰ ਲੈਬ ਦਾ ਮੁੱਖ ਉਦੇਸ਼ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਮਿਆਰੀ ਸਿੱਖਿਆ ਅਤੇ ਡਿਜੀਟਲ ਸਾਖਰਤਾ ਨੂੰ ਉਤਸ਼ਾਹਿਤ ਕਰਨਾ ਹੈ।ਉਮੀਦ ਹੈ ਕਿ ਇਹ ਲੈਬ ਸੈਂਕੜੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਪਿਊਟਰ ਗਿਆਨ, ਤਕਨੀਕੀ ਹੁਨਰ ਅਤੇ ਸਮੁੱਚੇ ਸਿੱਖਣ ਦੇ ਤਜਰਬੇ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ।ਇਸ ਕੰਪਿਊਟਰ ਲੈਬ ਦਾ ਉਦਘਾਟਨ ਸਮਾਰੋਹ 21 ਮਈ ਨੂੰ ਸਕੂਲ ਦੇ ਸਟਾਫ਼, ਵਿਦਿਆਰਥੀਆਂ ਅਤੇ ਸਥਾਨਕ ਭਾਈਚਾਰੇ ਦੇ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ।ਇਸ ਲੈਬ ਦਾ ਰਸਮੀ ਉਦਘਾਟਨ ਪੀ ਐਮ ਸ੍ਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਗਰਲਜ਼) ਡੇਰਾ ਬਾਬਾ ਨਾਨਕ ਦੇ ਪ੍ਰਿੰਸੀਪਲ ਰੁਪਿੰਦਰ ਜੀਤ ਧਾਲੀਵਾਲ ਦੁਆਰਾ ਕੀਤਾ ਗਿਆ।ਉਦਘਾਟਨ ਸਮਾਰੋਹ ਦੌਰਾਨ ਪ੍ਰਿੰ. ਰੁਪਿੰਦਰ ਜੀਤ ਧਾਲੀਵਾਲ ਨੇ ਪੇਂਡੂ ਸਿੱਖਿਆ ਦਾ ਸਮਰਥਨ ਕਰਨ ਅਤੇ ਵਿਦਿਆਰਥੀਆਂ ਲਈ ਬਿਹਤਰ ਮੌਕੇ ਪੈਦਾ ਕਰਨ ਲਈ ਬੇਦੀ ਫਾਊਂਡੇਸ਼ਨ ਅਤੇ ਦਾਨੀ ਸੱਜਣਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕੰਪਿਊਟਰ ਸਿੱਖਿਆ ਦੀ ਵਧਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਆਪਣੇ ਅਕਾਦਮਿਕ ਅਤੇ ਨਿੱਜੀ ਵਿਕਾਸ ਲਈ ਇਸ ਸਹੂਲਤ ਦੀ ਸਹੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ।ਨਵੀਂ ਸਥਾਪਿਤ ਕੀਤੀ ਗਈ ਇਹ ਲੈਬ ਖਾਨ ਅਕੈਡਮੀ ਡਿਜੀਟਲ ਪਲੇਟਫਾਰਮ ਰਾਹੀਂ ਗਣਿਤ ਦੀ ਸਿੱਖਿਆ ਵਿੱਚ ਵੀ ਸਹਾਇਤਾ ਕਰੇਗੀ, ਜਿਸ ਨਾਲ ਵਿਦਿਆਰਥੀ ਇੰਟਰਐਕਟਿਵ ਅਤੇ ਤਕਨਾਲੋਜੀ-ਆਧਾਰਿਤ ਤਰੀਕਿਆਂ ਨਾਲ ਸੰਕਲਪਾਂ ਨੂੰ ਸਮਝ ਸਕਣਗੇ।ਇਸ ਮੌਕੇ ਬੇਦੀ ਫਾਊਂਡੇਸ਼ਨ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਸੰਸਥਾ ਵਿਦਿਅਕ ਵਿਕਾਸ ਲਈ ਵਚਨਬੱਧ ਹੈ ਅਤੇ ਵਿਦਿਆਰਥੀਆਂ ਲਈ ਬਰਾਬਰ ਦੇ ਸਿੱਖਣ ਦੇ ਮੌਕੇ ਪੈਦਾ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਸਕੂਲ ਪ੍ਰਸ਼ਾਸਨ ਅਤੇ ਸਥਾਨਕ ਵਾਸੀਆਂ ਨੇ ਇਸ ਉਪਰਾਲੇ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਨੂੰ ਵਿਦਿਆਰਥੀਆਂ ਦੇ ਭਵਿੱਖ ਅਤੇ ਖੇਤਰ ਵਿੱਚ ਡਿਜੀਟਲ ਸਿੱਖਿਆ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਯੋਗਦਾਨ ਦੱਸਿਆ।ਇਸ ਮੌਕੇ ਕੰਪਿਊਟਰ ਅਧਿਆਪਕ ਗੁਰਪ੍ਰੀਤ ਸਿੰਘ, ਮਾਸਟਰ ਦੀਪਕ ਕੁਮਾਰ ਤੋਂ ਇਲਾਵਾ ਬੇਦੀ ਫਾਊਡੇਸ਼ਨ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਭਲਕੇ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁੱਭ ਦਿਹਾੜਾ 25 ਮਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਟਰਨੈਸ਼ਨਲ ਪੰਥਕ ਢਾਡੀ ਜਥੇ ਅਤੇ ਉਚ ਕੋਟੀ ਦੇ ਪੰਥ ਪਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ।

ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਜ਼ਮੀਨ ਹੜੱਪਣ ਦਾ ਤਿੱਖਾ ਵਿਰੋਧ ਕਰਾਂਗੇ: ਕਿਸਾਨ ਆਗੂ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਖੰਡ ਮਿੱਲ ਬਚਾਓ ਮੋਰਚਾ ਸ਼ੇਰੋਂ ਵੱਲੋਂ ਦਿਨ-ਰਾਤ ਦਾ ਪੱਕਾ ਮੋਰਚਾ ਤੀਜੇ ਦਿਨ ਵੀ ਜਾਰੀ ਰਿਹਾ। ਮੋਰਚੇ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਸੂਬਾਈ ਆਗੂ ਹਰਜਿੰਦਰ ਸਿੰਘ ਟਾਂਡਾ, ਬਲਕਾਰ ਸਿੰਘ ਵਲਟੋਹਾ, ਦਲਜੀਤ ਸਿੰਘ ਦਿਆਲਪੁਰ, ਮਨਜੀਤ ਸਿੰਘ ਬੱਗੂ, ਨਛੱਤਰ ਸਿੰਘ ਪੰਨੂੰ, ਤਰਸੇਮ ਸਿੰਘ ਲੁਹਾਰ, ਜੱਸਾ ਸਿੰਘ ਕੱਦਗਿਲ, ਗੁਰਸਾਬ ਸਿੰਘ ਡੱਲ, ਭੁਪਿੰਦਰ ਸਿੰਘ ਪੰਡੋਰੀ ਤਖਤ ਮਲ ਆਦਿ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਧੱਕੇਸ਼ਾਹੀ ਨਾਲ ਕਿਸਾਨਾਂ ਦੇ ਸ਼ੇਅਰਾਂ ਨਾਲ ਬਣੀ ਸੰਪਤੀ ਦੀ ਮਾਲਕੀ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਦਾ ਕਿਸਾਨ ਵੱਡੀ ਪੱਧਰ 'ਤੇ ਵਿਰੋਧ ਕਰਦੇ ਹਨ ਅਤੇ ਕਿਸੇ ਕੀਮਤ 'ਤੇ ਵੀ ਮਿੱਲ ਦੀ ਮਾਲਕੀ ਨੂੰ ਬਦਲਣ ਨਹੀਂ ਦਿੱਤਾ ਜਾਏਗਾ।ਇਸ ਮੌਕੇ ਬੋਲਦਿਆਂ ਵੱਖ-ਵੱਖ ਕਿਸਾਨ ਆਗੂਆਂ ਅਤੇ ਸਹਿਕਾਰੀ ਖੰਡ ਮਿੱਲ ਸ਼ੇਰੋਂ ਬਚਾਓ ਮੋਰਚਾ ਦੇ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਧੱਕੇਸ਼ਾਹੀ ਨਾਲ ਸਾਡੀ ਸੰਪਤੀ ਨੂੰ ਤਬਦੀਲ ਨਹੀਂ ਕਰ ਸਕਦੀ।ਅਸੀਂ ਇਸਦਾ ਹਰ ਹਾਲਤ ਵਿੱਚ ਵਿਰੋਧ ਕਰਦੇ ਰਹਾਂਗੇ।ਤੀਜੇ ਦਿਨ ਧਰਨੇ ਵਿੱਚ ਹੋਰਨਾਂ ਤੋ ਇਲਾਵਾ ਸੁਖਚੈਨ ਸਿੰਘ ਸਰਹਾਲੀ ਖੁਰਦ, ਨਾਜਰ ਸਿੰਘ, ਅੰਗਰੇਜ਼ ਸਿੰਘ, ਜੋਗਿੰਦਰ ਸਿੰਘ, ਸਰਦਾਰਾ ਸਿੰਘ ਸਖੀਰਾ, ਅਵਤਾਰ ਸਿੰਘ, ਸਾਹਿਬ ਸਿੰਘ ਮੀਆਂਪੁਰ, ਰਤਨ ਸਿੰਘ ਢੰਡ, ਦਾਰਾ ਸਿੰਘ ਚੋਲਾ ਸਾਹਿਬ, ਲਖਬੀਰ ਸਿੰਘ, ਸੁਖਬਾਜ ਸਿੰਘ ਸਿੱਧੂ, ਭਿੰਦਰ ਸਿੰਘ, ਤਰਸੇਮ ਸਿੰਘ ਫੌਜੀ, ਰੂੜ ਸਿੰਘ ਸਾਂਦਰਾ, ਗੋਰਾ ਸਿੰਘ ਸਾਂਦਰਾ, ਦਿਲਬਾਗ ਸਿੰਘ ਡਲ, ਰੂਪਾ ਸਿੰਘ ਡੱਲ, ਗੁਰਚਰਨ ਸਿੰਘ, ਸੁਖਵਿੰਦਰ ਸਿੰਘ ਮੀਆਂਪੁਰ, ਸੁਰਜੀਤ ਸਿੰਘ ਚਾਹਲ, ਰਣਜੀਤ ਸਿੰਘ ਬਹਾਦਰ ਨਗਰ ਅਤੇ ਪਿੰਡ ਵਾਸੀਆਂ ਵੱਲੋਂ ਅਮਰੀਕ ਸਿੰਘ ਫੌਜੀ, ਬਲਦੇਵ ਸਿੰਘ, ਸੁਖਦੇਵ ਸਿੰਘ, ਸਕੱਤਰ ਸਿੰਘ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਅੰਗਰੇਜ ਸਿੰਘ, ਕਸ਼ਮੀਰ ਸਿੰਘ, ਸੁਰਮਖ ਸਿੰਘ, ਬਲਕਾਰ ਸਿੰਘ, ਜਸਬੀਰ ਸਿੰਘ ਆਦਿ ਕਿਸਾਨਾਂ ਨੇ ਸੰਬੋਧਨ ਕੀਤਾ।

## ਹਰਚੰਦ ਸਿੰਘ ਬਰਸਟ ਵੱਲੋਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ



ਸਮਾਣਾ (ਗੁਰਪਿਆਰ ਸਿੰਘ ਬੱਲ)-ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍. ਹਰਚੰਦ ਸਿੰਘ ਬਰਸਟ ਵੱਲੋਂ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਲੁਧਿਆਣਾ ਦੌਰੇ ਦੌਰਾਨ ਵਿਸ਼ੇਸ਼ ਮੁਲਾਕਾਤ ਕੀਤੀ ਗਈ।ਇਸ ਦੌਰਾਨ ਸ੍. ਬਰਸਟ ਨੇ ਸ੍ਰੀ ਅਰਵਿੰਦ ਕੇਜਰੀਵਾਲ ਦਾ ਨਿੱਘਾ ਸਵਾਗਤ ਕੀਤਾ ਤੇ ਪੰਜਾਬ ਦੀਆਂ ਮੌਜੂਦਾ ਸਿਆਸੀ ਗਤੀਵਿਧੀਆਂ ਸਮੇਤ ਪਾਰਟੀ ਦੀ ਮਜ਼ਬੂਤੀ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।ਇਸ ਅਹਿਮ ਬੈਠਕ ਦੌਰਾਨ ਸੂਬੇ ਦੇ ਮੌਜੂਦਾ ਰਾਜਨੀਤਕ ਹਾਲਾਤ ਤੇ ਆਗਾਮੀ ਚੋਣਾਂ ਦੇ ਮੱਦੇਨਜ਼ਰ ਬਣਾਈਆਂ ਜਾ ਰਹੀਆਂ ਰਣਨੀਤੀਆਂ ਤੇ ਯੋਜਨਾਵਾਂ ਨੂੰ ਸਾਂਝਾ ਕੀਤਾ ਗਿਆ।ਸ੍. ਹਰਚੰਦ ਸਿੰਘ ਬਰਸਟ ਨੇ ਕੌਮੀ ਕਨਵੀਨਰ ਨੂੰ ਜਾਣੂ ਕਰਵਾਇਆ ਕਿ ਪੰਜਾਬ ਵਿੱਚ ਪਾਰਟੀ ਦੇ ਵਰਕਰ ਤੇ ਆਗੂ ਪੂਰੀ ਤਨਦੇਹੀ ਨਾਲ ਜ਼ਮੀਨੀ ਪੱਧਰ 'ਤੇ ਸਰਗਰਮ ਹਨ ਤੇ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾ ਰਹੇ ਹਨ। ਸ੍. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕ ਪੱਖੀ ਕੰਮ ਕੀਤੇ ਜਾ ਰਹੇ ਹਨ, ਜਿਸ ਦੇ ਸਦਕਾ ਅੱਜ ਪੰਜਾਬ ਤਰੱਕੀ ਦੀ ਰਾਹ 'ਤੇ ਅੱਗੇ ਵੱਧ ਰਿਹਾ ਹੈ।ਸ੍. ਬਰਸਟ ਨੇ ਦੱਸਿਆ ਕਿ ਸ੍ਰੀ ਅਰਵਿੰਦ ਕੇਜਰੀਵਾਲ ਦਾ ਮਾਰਗਦਰਸ਼ਨ ਹਮੇਸ਼ਾ ਹੀ ਸਾਡੇ ਲਈ ਊਰਜਾ ਦਾ ਸਰੋਤ ਰਿਹਾ ਹੈ।ਪੰਜਾਬ ਦੀ ਲੀਡਰਸ਼ਿਪ ਤੇ ਪਾਰਟੀ ਵਰਕਰ ਆਗਾਮੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹਨ ਤੇ ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਵਚਨਬੱਧ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਸੂਬੇ ਵਿੱਚ ਹੋਰ ਵੀ ਵੱਡੀ ਇਤਿਹਾਸਕ ਜਿੱਤ ਦਰਜ ਕਰੇਗੀ।

# ਸਿਹਤ ਮੰਤਰੀ ਤੇ ਮੇਅਰ ਗੋਗੀਆ ਵੱਲੋਂ ਸੜਕ ਦਾ ਉਦਘਾਟਨ

*** ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਨੂੰ ਦਿੱਤੀ ਜਾ ਰਹੀ ਤਰਜੀਹ : ਡਾ. ਬਲਬੀਰ ਸਿੰਘ**



ਪਟਿਆਲਾ (ਰਾਜਿੰਦਰ ਸਿੰਘ ਥਿੰਦ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਸ਼ਹਿਰ ਦੇ ਦਸਮੇਸ਼ ਨਗਰ ਤੋਂ ਮੇਨ ਜੇਲ੍ਹ ਰੋਡ ਤੱਕ ਬਣ ਰਹੀ ਲਗਭਗ 2 ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ।ਉਨ੍ਹਾ ਕਿਹਾ ਕਿ ਕਰੀਬ 55 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋ ਰਹੀ ਇਹ ਸੜਕ ਇਲਾਕਾ ਵਾਸੀਆਂ ਦੀ ਪਿਛਲੇ 15 ਸਾਲਾਂ ਤੋਂ ਚੱਲ ਰਹੀ ਮੁੱਖ ਮੰਗ ਸੀ।ਇਸ ਮੌਕੇ ਪਟਿਆਲਾ ਦੇ ਮੇਅਰ ਸ੍ਰੀ ਕੁੰਦਨ ਗੋਗੀਆ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਉਦਘਾਟਨ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸ਼ਹਿਰਾਂ ਤੇ ਪਿੰਡਾਂ ਦੇ ਵਿਕਾਸ ਲਈ ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ ਤੇ ਸਫਾਈ ਪ੍ਰਬੰਧਾਂ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਪਹਿਲ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਦਸਮੇਸ਼ ਨਗਰ ਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕ ਲੰਮੇ ਸਮੇਂ ਤੋਂ ਇਸ ਸੜਕ ਦੀ ਮੁਰੰਮਤ ਤੇ ਨਵੀਂ ਉਸਾਰੀ ਦੀ ਮੰਗ ਕਰ ਰਹੇ ਸਨ।ਸੜਕ ਦੀ ਖਰਾਬ ਹਾਲਤ ਕਾਰਨ ਲੋਕਾਂ ਨੂੰ ਰੋਜ਼ਾਨਾ ਆਵਾਜਾਈ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਖ਼ਾਸ ਕਰਕੇ ਬਰਸਾਤ ਦੇ ਮੌਸਮ ਵਿੱਚ ਹਾਲਾਤ ਹੋਰ ਵੀ ਮੁਸ਼ਕਲ ਬਣ ਜਾਂਦੇ ਸਨ।ਉਨ੍ਹਾਂ ਕਿਹਾ ਕਿ ਹੁਣ ਇਹ ਸੜਕ ਬਣਨ ਨਾਲ ਆਵਾਜਾਈ ਸੁਗਮ ਹੋਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਤੇ ਵਿਕਾਸ ਕਾਰਜਾਂ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਪਟਿਆਲਾ ਸ਼ਹਿਰ ਵਿੱਚ ਹੋਰ ਕਈ ਵਿਕਾਸ ਪ੍ਰੋਜੈਕਟਾਂ 'ਤੇ ਵੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ ਤਾਂ ਜੋ ਲੋਕਾਂ ਨੂੰ ਆਧੁਨਿਕ ਤੇ ਸੁਵਿਧਾਜਨਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਸਕੇ।

ਇਸ ਮੌਕੇ ਮੇਅਰ ਸ੍ਰੀ ਕੁੰਦਨ ਗੋਗੀਆ ਨੇ ਕਿਹਾ ਕਿ ਨਗਰਨਿਗਮ ਪਟਿਆਲਾ ਵੱਲੋਂ ਸ਼ਹਿਰ ਦੇ ਹਰ ਵਾਰਡ ਵਿੱਚ ਵਿਕਾਸ ਕਾਰਜ ਯਕੀਨੀ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਦੀ ਇਹ ਲੜੀ ਜਾਰੀ ਰਹੇਗੀ।ਇਸ ਮੌਕੇ ਜਸਵੀਰ ਗਾਂਧੀ, ਚਰਨਜੀਤ ਐਸ ਕੇ, ਐਮ ਸੀ ਮਨਦੀਪ ਸਿੰਘ ਵਿਰਦੀ, ਐਮ ਸੀ ਦੇਵਿੰਦਰ ਕੌਰ, ਉਪਕਾਰ ਸਿੰਘ ਤੇ ਨਗਰ ਨਿਗਮ ਦੇ ਅਧਿਕਾਰੀ ਹਾਜ਼ਰ ਸਨ।

## ਮੀਰਕਚਾਣਾ ਤੋਂ ਸ੍ਰੀ ਆਨੰਦਪੁਰ ਸਾਹਿਬ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਮੀਰਕਚਾਣਾ ਤੋਂ ਪਵਿੱਤਰ ਧਰਤੀ ਸ੍ਰੀ ਆਨੰਦਪੁਰ ਸਾਹਿਬ ਲਈ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਮਈ ਅਤੇ ਚੜ੍ਹਦੀ ਕਲਾ ਵਾਲੀ ਯਾਤਰਾ ਦੀ ਕਾਮਨਾ ਕੀਤੀ ਗਈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਇਸ ਉਪਰਾਲੇ ਸਦਕਾ ਸਾਡੇ ਬਜ਼ੁਰਗ ਬਿਨਾਂ ਕਿਸੇ ਖਰਚੇ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ।

ਉਨ੍ਹਾਂ ਸਾਰੇ ਸ਼ਰਧਾਲੂਆਂ ਦੀ ਯਾਤਰਾ ਸੁਖਦ ਅਤੇ ਮੰਗਲਮਈ ਦੀ ਕਾਮਨਾ ਕੀਤੀ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਲੋਕ ਪੂਰੀ ਸ਼ਰਧਾ ਭਾਵਨਾ ਨਾਲ ਯਾਤਰਾ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਬੱਸ ਰਾਹੀਂ ਤਿੰਨ ਦਿਨਾਂ ਵਿੱਚ ਸ਼ਰਧਾਲੂਆਂ ਨੂੰ ਸ੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ, ਸ੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾਂ ਦੇਵੀ ਦੇ ਦਰਸ਼ਨ ਕਰਵਾਏ ਜਾਣਗੇ।

ਇਸ ਮੌਕੇ ਯਾਤਰਾ ਤੇ ਜਾ ਰਹੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਅਤੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਧੰਨਵਾਦ ਕਰਦਿਆਂ ਕਿ ਮੁੱਖ ਮੰਤਰੀ ਤੀਰਥ ਯੋਜਨਾ ਨਾਲ ਲੋਕਾਂ ਵਿੱਚ ਖੁਸ਼ੀ ਵਰਗਾ ਮਾਹੌਲ ਹੈ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਉਤਸ਼ਾਹਿਤ ਹਨ।

# ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ 'ਚ ਸ਼ਾਮਲ ਹੋਣ ਵਾਲੇ ਸਾਥੀ ਸਨਮਾਨਤ



ਮਾਨਸਾ (ਆਤਮਾ ਸਿੰਘ ਪਮਾਰ)-ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਮਾਨਸਾ ਦੀ ਇੱਕ ਹੰਗਾਮੀ ਮੀਟਿੰਗ ਪੈਨਸ਼ਨਰ ਦਫਤਰ ਨੇੜੇ ਬੱਸ ਸਟੈਂਡ ਮਾਨਸਾ ਵਿਖੇ ਮੰਡਲ ਪ੍ਰਧਾਨ ਲਖਨ ਲਾਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਸਰਕਲ ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ ਰੱਲਾ, ਸੂਬਾ ਮੀਤ ਪ੍ਰਧਾਨ ਅਮਰਜੀਤ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਸਬੰਧੀ ਮੰਡਲ ਸਕੱਤਰ ਦਰਸ਼ਨ ਸਿੰਘ ਜੋਗਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ 'ਚ ਪੈਨਸ਼ਨਰ ਐਸੋਸੀਏਸ਼ਨ ਅਜ਼ਾਦ ਗਰੁੱਪ ਦੇ ਵਰਕਰ ਵੱਡੀ ਗਿਣਤੀ ਮੈਂਬਰ ਆਪਣੀ ਜਥੇਬੰਦੀ ਨੂੰ ਅਲਵਿਦਾ ਕਹਿ ਕੇ ਪੈਨਸ਼ਨਜ਼ ਐਸੋਸੀਏਸ਼ਨ ਪਾਵਰਕਾਮ 'ਚ ਸ਼ਾਮਲ ਹੋ ਗਏ ਹਨ।ਮੰਡਲ ਕਮੇਟੀ, ਸਰਕਲ ਤੇ ਸੂਬਾ ਆਗੂਆਂ ਨੇ ਸ਼ਾਮਲ ਹੋਏ ਸਾਥੀਆਂ ਨੂੰ ਹਾਰ ਪਹਿਨਾ ਕੇ ਸਨਮਾਨਤ ਕੀਤਾ।ਇਸ ਖੁਸ਼ੀ ਦੇ ਸਮੇਂ ਲੱਡੂ ਵੀ ਵੰਡੇ ਗਏ।ਅਜ਼ਾਦ ਗਰੁੱਪ ਦੇ ਸਾਬਕਾ ਆਗੂਆਂ ਬਿੱਕਰ ਸਿੰਘ ਰੱਲਾ ਤੇ ਸੁਖਦੇਵ ਸਿੰਘ ਰੱਲਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਪਣੀ ਵਿੱਥਿਆ ਸੁਣਾਈ ਕਿ ਅਸੀਂ ਇਸ ਜਥੇਬੰਦੀ ਨੂੰ ਇਸ ਕਰਕੇ ਛੱਡ ਰਹੇ ਹਾਂ ਕਿ ਇਸ ਜਥੇਬੰਦੀ ਦੇ ਜੋ ਮੌਜੂਦਾ ਆਗੂ ਹਨ, ਉਹ ਵਰਕਰਾਂ ਦੇ ਕੋਈ ਵੀ ਕੰਮ ਨਹੀਂ ਕਰਵਾ ਰਹੇ।ਇਸ ਸਮੇਂ ਸਾਰੀਆਂ ਜਥੇਬੰਦੀਆਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਲੜ ਰਹੀਆਂ ਹਨ, ਪ੍ਰੰਤੂ ਅਜ਼ਾਦ ਗਰੁੱਪ ਵਾਲੇ ਆਗੂ ਕੋਈ ਸੰਘਰਸ਼ ਨਹੀਂ ਕਰਦੇ ਹਨ, ਸਗੋਂ ਪੈਨਸ਼ਨਰਾਂ ਤੋਂ ਮਹੀਨਾਵਾਰੀ ਫੰਡ ਇੱਕਠਾ ਕਰਕੇ ਆਪਣੇ ਨਿੱਜੀ ਮੁਫਾਦਾਂ ਲਈ ਵਰਤ ਰਹੇ ਹਨ।ਜਦੋਂ ਪੈਨਸ਼ਨਰ ਹਿਸਾਬ ਦੀ ਮੰਗ ਕਰਦੇ ਹਨ ਤਾਂ ਆਗੂਆਂ ਵੱਲੋਂ ਵਰਕਰਾਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ।ਇਸ ਲਈ ਅਸੀਂ ਸਾਰੇ ਇਸ ਜਥੇਬੰਦੀ ਤੋਂ ਕਿਨਾਰਾ ਕਰਕੇ ਬਿੱਕਰ ਸਿੰਘ ਰੱਲਾ ਦੀ ਅਗਵਾਈ 'ਚ ਸਰ ਸੁਖਦੇਵ ਸਿੰਘ ਰੱਲਾ, ਗੁਰਦੇਵ ਸਿੰਘ ਜੋਗਾ, ਕੁਲਵੰਤ ਸਿੰਘ, ਜੀਤੋ ਕੌਰ, ਭੂਰਾ ਸਿੰਘ ਜੇ.ਈ., ਜਗਰੂਪ ਸਿੰਘ ਜੇ.ਈ., ਅਜਮੇਰ ਸਿੰਘ ਐਲ.ਡੀ.ਸੀ., ਦਰਸ਼ਨ ਖੋਖਰ, ਮਿੱਠੂ ਸਹਾਰਨਾ, ਹਾਕਮ ਸਿੰਘ ਝੁਨੀਰ, ਜੱਸਾ ਸਿੰਘ ਪਿੱਲ੍ਹਛੀਆਂ, ਗੁਲਾਬ ਕੌਰ ਝੁਨੀਰ, ਬਲਵਿੰਦਰ ਕੌਰ ਅਨੂਪਗੜ੍ਹ, ਗੁਲਾਬ ਸਿੰਘ ਕੋਟ ਧਰਮੂ, ਜੰਗੀਰ ਸਿੰਘ ਖਿਆਲਾ, ਜਸਵੰਤ ਕੌਰ ਮਾਨਸਾ, ਸੁਖਵੰਤ ਸਿੰਘ ਮੱਤੀ ਆਦਿ ਪੈਨਸ਼ਨਰ ਐਸੋਸ਼ੀਏਸ਼ਨ ਪਾਵਰਕਾਮ 'ਚ ਸ਼ਾਮਲ ਹੋ ਰਹੇ ਹਾਂ।ਦਰਸ਼ਨ ਜੋਗਾ ਨੇ ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਦੀ ਸਮੁੱਚੀ ਮੰਡਲ ਕਮੇਟੀ ਵੱਲੋਂ ਸ਼ਾਮਲ ਹੋਣ ਵਾਲੇ ਪੈਨਸ਼ਨਰ ਸਾਥੀਆਂ ਨੂੰ ਪੂਰਨ ਵਿਸ਼ਵਾਸ ਦਿਵਾਇਆ ਗਿਆ ਕਿ ਸਾਰੇ ਸਾਥੀ ਜਥੇਬੰਦੀ ਦੇ ਹਰ ਇੱਕ ਪ੍ਰੋਗਰਾਮ ਨੂੰ ਲਾਗੂ ਕਰਨਗੇ।ਇਸ ਸਮੇਂ ਇੰਜ. ਗੁਰਸੇਵਕ ਸਿੰਘ ਏ.ਏ.ਈ., ਰਾਵਲ ਸਿੰਘ ਗੁਰੂ, ਬਿੱਕਰ ਸਿੰਘ ਮੰਘਾਣੀਆਂ, ਦਰਸ਼ਨ ਸਿੰਘ ਜੋਗਾ, ਲਖਨ ਲਾਲ, ਜੋਗਿੰਦਰ ਸਿੰਘ ਮਾਨਸ਼ਾਹੀਆਂ, ਪਵਨ ਕੁਮਾਰ ਜੇ.ਈ., ਕੌਰ ਸਿੰਘ ਅਕਲੀਆਂ, ਬਲਦੇਵ ਸਿੰਘ ਬਰਨਾਲਾ ਅਤੇ ਮਨਿੰਦਰ ਸਿੰਘ, ਕਰਮ ਸਿੰਘ ਜੋਗਾ, ਜਗਜੀਤ ਸਿੰਘ ਜੋਗਾ, ਚਾਨਣ ਰਾਮ ਸ਼ਰਮਾ ਆਦਿ ਹਾਜ਼ਰ ਸਨ।

# ਸਾਲਾਨਾ ਜੋੜ ਮੇਲਾ ਅੱਜ ਤੋਂ

ਫਗਵਾੜਾ ( ਜਸਵਿੰਦਰ ਢੱਡਾ )-ਰੋਜ਼ਾ ਸ਼ਰੀਫ ਡੇਰਾ ਬਾਬਾ ਸਾਈਂ ਖੁਦਾਈਏ ਸ਼ਾਹ ਜੀ, ਬਾਬਾ ਸਾਈਂ ਖੁਸ਼ੀਏ ਸ਼ਾਹ, ਬਾਬਾ ਵਰਿਆਮ ਸ਼ਾਹ ਜੀ ਡੇਰਾ ਖੁਰਮਪੁਰ ਵਿਖੇ ਮੌਜੂਦਾ ਗੱਦੀ ਨਸ਼ੀਨ ਬੀਬੀ ਨਜੀਰਾ ਦੀ ਦੇਖ ਰੇਖ ਹੇਠ ਸਲਾਨਾ ਜੋੜ ਮੇਲਾ ਮਿਤੀ 24, 25 ਮਈ ਨੂੰ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। 24 ਮਈ ਨੂੰ ਸ਼ਗਨ ਤੇ ਚੂੜਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। 25 ਮਈ ਨੂੰ ਚਰਾਗ ਰੋਸ਼ਨ ਕੀਤੇ ਜਾਣਗੇ, ਚਾਦਰ ਪੇਸ਼ੀ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਨਕਾਲ ਕਵਾਲ ਪਾਰਟੀਆਂ ਤੇ ਗੀਤ ਸੰਗੀਤ ਪਾਰਟੀਆਂ ਆਪਣਾ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਉਪਰੰਤ ਸ਼ਾਮ ਨੂੰ ਬੀਬੀ ਨਜੀਰਾ ਝੰਡੇ ਦੀ ਰਸਮ ਅਦਾ ਕਰਨਗੇ।ਦਰਬਾਰ ਘਰ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪ੍ਰੈੱਸ ਨੂੰ ਉਕਤ ਜਾਣਕਾਰੀ ਸੇਵਾਦਾਰ ਬੀਬੀ ਜਸਵੰਤ ਬੇਗਮ ਨੇ ਦਿੱਤੀ।

# ਔਰਤ ਤੋਂ ਹੈਰੋਇਨ ਬਰਾਮਦ

ਨਵਾਂਸ਼ਹਿਰ (ਮਨੋਜ ਲਾਡੀ )- ਪੁਲਸ ਵਲੋਂ ਇਕ ਔਰਤ ਨੂੰ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਗਿਆ।ਪੁਲਸ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਦਰਜ ਮਾਮਲੇ ਅਨੁਸਾਰ ਏ ਐੱਸ ਆਈ ਰਵੀ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਮਹਿੰਦੀਪੁਰ ਪੁਲ ਹੇਠਾਂ ਪੁੱਜੇ ਤਾਂ ਸਟਰੀਟ ਲਾਈਟ ਲਾਗੇ ਇੱਕ ਔਰਤ ਖੜ੍ਹੀ ਦਿਖਾਈ ਦਿੱਤੀ। ਜਿਸ ਨੇ ਪੁਲਸ ਦੀ ਗੱਡੀ ਆਪਣੇ ਵੱਲ ਨੂੰ ਆਉਂਦੀ ਦੇਖ ਕੇ ਆਪਣੇ ਖੱਬੇ ਹੱਥ ਵਿਚ ਫੜੀ ਪਾਰਦਰਸ਼ੀ ਲਿਫਾਫੀ ਸੜਕ 'ਤੇ ਸੁੱਟ ਦਿੱਤੀ। ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ। ਜਿਸ ਨੇ ਆਪਣਾ ਨਾਮ ਰੀਤੂ ਪਤਨੀ ਮਹਿਕੀ ਵਾਸੀ ਗੜ੍ਹਸ਼ੰਕਰ ਰੋਡ ਮਹਿੰਦੀਪੁਰ ਨਵਾਂਸ਼ਹਿਰ ਦੱਸਿਆ। ਉਸ ਵੱਲੋਂ ਸੁੱਟੀ ਲਿਫਾਫੀ ਵਿਚੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵੱਟ ਵਾਹ ਕੇ ਦਰੱਖਤ ਵੱਢਣ ਦੇ ਦੋਸ਼ 'ਚ 2 ਖਿਲਾਫ ਕੇਸ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਜ਼ਮੀਨ ਵਿੱਚੋਂ ਵੱਟ ਨੂੰ ਵਾਹ ਕੇ ਅੱਗੇ ਪਾਉਣ ਦੇ ਦੋਸ਼ ਵਿੱਚ 2 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਨੀਸ਼ ਕੁਮਾਰ ਵਾਸੀ ਗਲੀ ਨੰਬਰ 1 ਅਗਰਵਾਲ ਕਲੋਨੀ ਜਲਾਲਾਬਾਦ ਵੱਲੋਂ ਪੁਲਸ ਕੋਲ ਆਪਣਾ ਬਿਆਨ ਦਰਜ ਕਰਵਾਇਆ ਕਿ ਰਾਜ ਸਿੰਘ ਤੇ ਪ੍ਰੇਮ ਸਿੰਘ ਵਾਸੀਆਨ ਹਜਾਰਾ ਰਾਮ ਸਿੰਘ ਵਾਲਾ ਉਸ ਦੇ ਖੇਤ ਦਾ ਗੁਆਂਢੀ ਹੈ, ਜਿਨ੍ਹਾਂ ਨੇ ਉਸ ਦੀ ਜ਼ਮੀਨ ਦੀ ਵੱਟ ਨੂੰ ਵਾਹਅ ਕੇ ਵਾਰ ਵਾਰ ਅੱਗੇ ਕਰਦੇ ਹਨ ਤੇ 8 ਮਈ 2026 ਨੂੰ ਉਸ ਦੀ ਜ਼ਮੀਨ ਦੀ ਵੱਟ 'ਤੇ ਲੱਗੇ ਰੁੱਖ ਨੂੰ ਵੱਢ ਕੇ ਲੈ ਗਏ ਹਨ, ਜਿਸ 'ਤੇ ਪੁਲਸ ਵੱਲੋਂ ਸ਼ਿਕਾਇਤਕਰਤਾ ਅਨੀਸ਼ ਕੁਮਾਰ ਦੇ ਬਿਆਨਾਂ ਦੇ ਅਧਾਰ 'ਤੇ ਰਾਜ ਸਿੰਘ ਤੇ ਪ੍ਰੇਮ ਸਿੰਘ ਦੇ ਖਿਲਾਫ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਹਾਈਵੇ 'ਤੇ ਗੰਦਾ ਪਾਣੀ ਦੇ ਰਿਹੈ ਹਾਦਸਿਆਂ ਨੂੰ ਸੱਦਾ

*** ਵਿਭਾਗ ਸੁੱਤਾ ਕੁੰਭਕਰਨੀ ਨੀਂਦ**



ਬਰੇਟਾ (ਰੀਤਵਾਲ) : ਬਰੇਟਾ-ਬੁਢਲਾਡਾ ਹਾਈਵੇ 'ਤੇ ਸੀਵਰੇਜ ਤੇ ਨਾਲੀਆਂ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ ਹਨ।ਰਾਹਗੀਰਾਂ ਨੂੰ ਇਸ ਜਮ੍ਹਾਂ ਹੋਏ ਪਾਣੀ ਦੇ ਕਾਰਨ ਲੰਘਣਾ ਮੁਸ਼ਕਲ ਹੋ ਜਾਂਦਾ ਹੈ।ਸੜਕ 'ਤੇ ਲਗਾਤਾਰ ਓਵਰਫਲੋਅ ਹੋ ਰਿਹਾ ਇਹ ਗੰਦਲਾ ਪਾਣੀ ਨਾ ਸਿਰਫ ਗੰਦਗੀ ਫੈਲਾਅ ਰਿਹਾ ਹੈ, ਸਗੋਂ ਰਾਹਗੀਰਾਂ ਲਈ ਵੱਡਾ ਖਤਰਾ ਵੀ ਬਣ ਚੁੱਕਾ ਹੈ।ਮੁਲਾਜ਼ਮ ਕਾਲੋਨੀ ਦੇ ਲੋਕਾਂ ਨੇ ਦੱਸਿਆ ਕਿ ਸੀਵਰੇਜ ਤੇ ਨਾਲੀਆਂ ਦਾ ਗੰਦਾ ਪਾਣੀ ਪਿੱਛੋਂ ਵਾਰਡ-13 ਵਾਲੀ ਸਾਈਡ ਤੋਂ ਆ ਕੇ ਸੜਕ 'ਤੇ ਇਕੱਠਾ ਹੋ ਜਾਂਦਾ ਹੈ, ਜਿਸ ਕਾਰਨ ਆਏ ਦਿਨ ਕਈ ਛੋਟੇ ਵੱਡੇ ਹਾਦਸੇ ਵਾਪਰ ਰਹੇ ਹਨ।ਖ਼ਾਸ ਕਰਕੇ ਰਾਤ ਸਮੇਂ ਇਹ ਸਮੱਸਿਆ ਹੋਰ ਵੀ ਭਿਆਨਕ ਰੂਪ ਧਾਰ ਲੈਂਦੀ ਹੈ, ਜਦੋਂ ਪਾਣੀ ਨਾਲ ਭਰੀ ਸੜਕ ਦਿਖਾਈ ਨਹੀਂ ਦਿੰਦੀ।ਲੋਕ ਹਾਦਸਿਆਂ ਦਾ ਸ਼ਿਕਾਰ ਬਣ ਜਾਂਦੇ ਹਨ।ਇਸ ਸਮੱਸਿਆ ਤੋਂ ਦੁਖੀ ਰਾਹਗੀਰਾਂ ਤੇ ਕਾਲੋਨੀ ਵਾਸੀਆਂ ਨੇ ਕਿਹਾ ਕਿ ਅਸੀਂ ਕਈ ਵਾਰ ਪ੍ਰਸ਼ਾਸਨ, ਐੱਸਡੀਐੱਮ ਬੁਢਲਾਡਾ ਤੇ ਨਗਰ ਕੌਂਸਲ ਕੋਲ ਸ਼ਿਕਾਇਤਾਂ ਕਰ ਚੁੱਕੇ ਹਾਂ, ਪਰ ਅਜੇ ਤੱਕ ਇਸ ਦਾ ਕੋਈ ਵੀ ਢੁੱਕਵਾਂ ਹੱਲ ਨਹੀਂ ਨਿਕਲਿਆ।ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਲੋਕਾਂ ਨੇ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਜਲਦ ਤੋਂ ਜਲਦ ਪੱਕਾ ਹੱਲ ਕੀਤਾ ਜਾਵੇ ਤਾਂ ਜੋ ਇਸ ਪ੍ਰੇਸ਼ਾਨੀ ਤੋਂ ਨਿਜਾਤ ਮਿਲ ਸਕੇ। ਜਦ ਇਸ ਸਬੰਧੀ ਡੀ ਸੀ ਮਾਨਸਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

## ਸ਼ਹਿਰ ਦੇ ਸੁੰਦਰੀਕਰਨ 'ਚ ਵਰਤਿਆ ਜਾ ਰਿਹੈ ਘਟੀਆ ਦਰਜੇ ਦਾ ਮਟੀਰੀਅਲ : ਸਿਵਲ ਸੁਸਾਇਟੀ ਮੋਗਾ

*** ਪਿਛਲੇ ਦਿਨੀਂ ਲਏ ਗਏ ਸੈਂਪਲਾਂ ਦੀਆਂ ਰਿਪੋਰਟਾਂ ਕੀਤੀਆਂ ਜਨਤਕ**
*** ਸੁਸਾਇਟੀ ਕੇਂਦਰੀ ਜਾਂਚ ਏਜੰਸੀਆਂ ਤੋਂ ਕਰੇਗੀ ਕਾਰਵਾਈ ਦੀ ਮੰਗ**




ਮੋਗਾ (ਇਕਬਾਲ ਸਿੰਘ ਖਹਿਰਾ)-ਸਿਵਲ ਸੁਸਾਇਟੀ ਮੋਗਾ ਵੱਲੋਂ ਸ਼ਹਿਰ ਦੇ ਸੁੰਦਰੀਕਰਨ ਲਈ ਵਰਤੇ ਜਾ ਰਹੇ ਮਟੀਰੀਅਲ ਦੇ ਪਿਛਲੇ ਦਿਨੀਂ ਲਏ ਗਏ ਸੈਂਪਲਾਂ ਦੀਆਂ ਰਿਪੋਰਟਾਂ ਜਨਤਕ ਹੋਣ ਤੋਂ ਬਾਅਦ ਸ਼ਹਿਰ ਦੇ ਰਾਜਨੀਤਕ ਮਾਹੌਲ ਵਿੱਚ ਇਕਦਮ ਗਰਮੀ ਵਧ ਗਈ ਹੈ ਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਵੀ ਇਸ ਦੀ ਈ ਡੀ ਜਾਂਚ ਦੀ ਮੰਗ ਕਰਨ ਲੱਗੀਆਂ ਹਨ।ਟਾਊਨ ਹਾਲ ਕਲੱਬ ਮਿਉਂਸਪਲ ਕਾਰਪੋਰੇਸ਼ਨ ਮੋਗਾ ਵਿਖੇ ਰੱਖੀ ਗਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਵਲ ਸੁਸਾਇਟੀ ਮੋਗਾ ਦੇ ਚੀਫ ਐਡਵਾਈਜ਼ਰ ਡਾ. ਕੁਲਦੀਪ ਸਿੰਘ ਗਿੱਲ ਤੇ ਅਜੇ ਗੋਰਾ ਸੂਦ ਨੇ ਦੱਸਿਆ ਕਿ ਪ੍ਰਤਾਪ ਰੋਡ ਮੋਗਾ ਤੇ ਸੈਲਫੀ ਪੁਆਇੰਟ ਵੇਦਾਂਤ ਪਾਰਕ ਮੋਗਾ ਤੋਂ ਲਏ ਗਏ ਕਰਬ ਸਟੋਨ, ਇੰਟਰਲੌਕ ਟਾਈਲਾਂ ਤੇ ਪੀ ਸੀ ਸੀ ਮੈਟੀਰੀਅਲ ਦੇ ਸੈਂਪਲ ਤਿੰਨ ਵੱਖ ਵੱਖ ਮਾਨਤਾ ਪ੍ਰਾਪਤ ਪ੍ਰਾਈਵੇਟ ਲੈਬਾਂ ਨੂੰ ਭੇਜੇ ਗਏ ਸਨ।ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੀ ਰਿਪੋਰਟ ਜਨਤਕ ਕਰਦਿਆਂ ਉਨ੍ਹਾਂ ਖੁਲਾਸਾ ਕੀਤਾ ਕਿ ਕਰਬ ਸਟੋਨ ਜੋ ਕਿ ਸਾਲਿਡ ਕੰਕਰੀਟ ਨਾਲ ਬਨਦੀਆਂ ਹਨ, ਵਿੱਚ ਪੁਰਾਣੀਆਂ ਤੇ ਇੰਟਰਲੌਕ ਟਾਈਲਾਂ ਭਰ ਕੇ ਸਾਈਡਾਂ 'ਤੇ ਇੱਕ ਦੋ ਇੰਚ ਕੰਕਰੀਟ ਪਾਇਆ ਗਿਆ ਹੈ, ਜਿਸ ਦੀ ਬਜ਼ਾਰੀ ਕੀਮਤ 100 ਤੋਂ 150 ਰੁਪਏ ਰਨਿੰਗ ਮੀਟਰ ਬਣਦੀ ਹੈ, ਪਰ ਮਿਉਂਸਪਲ ਕਾਰਪੋਰੇਸ਼ਨ ਮੋਗਾ ਇਸ 'ਤੇ ਪ੍ਰਤੀ ਰਨਿੰਗ ਮੀਟਰ 400 ਰੁਪਏ ਤੋਂ ਉਪਰ ਖਰਚ ਕਰ ਰਹੀ ਹੈ ਤੇ ਇਸ ਤਰ੍ਹਾਂ ਲੋਕਾਂ ਦੇ ਪੈਸੇ ਦੀ ਵੱਡੀ ਪੱਧਰ 'ਤੇ ਲੁੱਟ ਹੋ ਰਹੀ ਹੈ, ਜਿਸ ਵਿੱਚ ਮਿਉਂਸਪਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਤੋਂ ਇਲਾਵਾ ਸੱਤਾਧਾਰੀ ਰਾਜਨੀਤਕ ਲੋਕ ਵੀ ਆਪਣੀਆਂ ਜੇਬਾਂ ਗਰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਇੰਟਰਲੌਕ ਟਾਈਲਾਂ ਦੇ ਸੈਂਪਲ ਨਿਰਧਾਰਤ ਮਾਪਦੰਡ ਪੂਰੇ ਕਰਦੇ ਹਨ, ਜਦਕਿ ਪੀ ਸੀ ਸੀ ਮਟੀਰੀਅਲ ਦੀ ਜਾਂਚ ਦੁਬਾਰਾ ਕਰਵਾਈ ਜਾਣੀ ਹੈ।ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਵਿਕਾਸ ਕਾਰਜਾਂ ਲਈ ਵਰਤੇ ਜਾ ਰਹੇ ਹੋਰ ਮਟੀਰੀਅਲ ਦੀ ਵੀ ਜਾਂਚ ਕਰਵਾਈ ਜਾਵੇਗੀ ਤੇ ਉਨ੍ਹਾਂ ਦੀਆਂ ਰਿਪੋਰਟਾਂ ਵੀ ਜਨਤਕ ਕੀਤੀਆਂ ਜਾਣਗੀਆਂ।ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਸ਼ਹਿਰ ਦੀਆਂ ਗਲੀਆਂ ਵਿੱਚੋਂ ਪੁੱਟੀਆਂ ਗਈਆਂ ਇੰਟਰਲੌਕ ਟਾਈਲਾਂ ਕਰਬ ਸਟੋਨ ਬਣਾਉਣ ਲਈ ਵਰਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਸੈਂਪਲਾਂ ਦੀਆਂ ਰਿਪੋਰਟਾਂ ਈ ਡੀ ਤੇ ਸੈਂਟਰਲ ਵਿਜੀਲੈਂਸ ਨੂੰ ਭੇਜ ਕੇ ਪਿਛਲੇ ਸਮੇਂ ਵਿੱਚ ਹੋਏ ਵਿਕਾਸ ਕਾਰਜਾਂ ਦੀ ਜਾਂਚ ਤੇ ਦੋਸ਼ੀ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਜਾਵੇਗੀ।ਇਸ ਮੌਕੇ ਕਾਂਗਰਸ ਦੇ ਆਗੂ ਸਾਥੀ ਵਿਜੇ ਕੁਮਾਰ ਤੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਰਸ਼ਪਾਲ ਸਿੰਘ ਸੋਸਣ ਤੇ ਚਰਨਜੀਤ ਝੰਡੇਆਣਾ ਨੇ ਸਿਵਲ ਸੁਸਾਇਟੀ ਮੋਗਾ ਦੇ ਇਸ ਉਦਮ ਦੀ ਤਾਰੀਫ ਕਰਦਿਆਂ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਇਸ ਮੌਕੇ ਪ੍ਰਜ਼ੀਡੀਅਮ ਮੈਂਬਰ ਮਹਿੰਦਰ ਪਾਲ ਲੂੰਬਾ, ਅਮਰਜੀਤ ਸਿੰਘ ਜੱਸਲ, ਮਨਿੰਦਰ ਸਿੰਘ ਬੇਦੀ, ਮਲਵਿੰਦਰ ਸਿੰਘ ਗਰੇਵਾਲ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਗਿੱਲ, ਦਫਤਰ ਸਕੱਤਰ ਵੀ ਪੀ ਸੇਠੀ, ਵਿੱਤ ਸਕੱਤਰ ਦਿਆਲ ਸਿੰਘ, ਠੇਕੇਦਾਰ ਸੰਤੋਖ ਸਿੰਘ, ਤਰਸੇਮ ਸਿੰਘ ਗਗੜਾ, ਸੁਰੇਸ਼ ਸੂਦ ਆਦਿ ਹਾਜ਼ਰ ਸਨ।

## PUBLIC NOTICE

Under the instruction of GRIHUM HOUSING FINANCE LIMITED FORMERLY KNOWN AS POONAWALA HOUSING FINANCE LIMITED, I hereby informed the general public that Dolly w/o Sudhir Kumar is absolute owner of Property Plot Private no. 66, 67 min measuring length 45 feet breadth 30 feet, Total measuring 150 Square Yards bearing Khasra no. 511 min and according to Jamabandi Khasra no. 1978/511, 1979/511 min, situated at Tungbala Sub Urban Abadi Guru Nanak Nagar Tehsil & District Amritsar. That as per recitals Kailash Trehan w/o Vishwa Mitter became the owner of 10 marlas of property vide sale deed regd dated 24.05.1974 as doc no. 2030 and same is shown as owner of 6 Marlas in the Jamabandi for the year 2006-07, 2011-12. Then Kailash Trehan w/o Vishwa Mitter sold said property measuring 150 sq yards to Subash Chander s/o Madan Lal & Vijay Kumari w/o Subash Chander vide sale deed regd dated 09.03.2018 as doc no. 15164 of which mutation no. 28795 has been sanctioned by revenue authorities and same are shown as owners of 6 Marlas in the Jamabandi for the year 2020-21. Then Vijay Kumari w/o Subash Chander died and after her eath her ½ share i.e. 75 sq yards was inherited by Subash Chander s/o Madan Lal, Pardeep Kumar, Raman Kumar, Sudhir Kumar sons of Subash Chander of which mutation no. 33465 has been sanctioned by revenue authorities. Then Subash Chander s/o Madan Lal (93.75 sq yards) Raman Kumar (18.75 sq yards), Pardeep Kumar (18.75 sq yards) sons of Subash Chander transferred their 7/8 share i.e. 131.25 sq yards) to Sudhir Kumar s/o Subash Chander vide transfer deed regd dated 28.07.2025 as doc no. 2025-26/93/1/5957 of which mutation no. 33594 has been sanctioned by revenue authorities. Now Sudhir Kumar s/o Subash Chander shown as owner of sole property i.e. 7/8 share vide transfer deed and 1/8 share by way of inheritance. Then Sudhir Kumar s/o Subash Chander transferred his 150 sq yards of property to Dolly w/o Sudhir Kumar vide transfer deed regd dated 22.04.206 as doc no. 2026-27/93/1/1467 of which mutation no. 34219 has been sanctioned by revenue authorities. Now Sudhir Kumar s/o Subash Chander is taking loan on said property from of GRIHUM HOUSING FINANCE LIMITED FORMERLY KNOWN AS POONAWALA HOUSING FINANCE LIMITED Plot no 3 Above SBI Bank, Lawrence Road, Amritsar. Sudhir Kumar s/o Subash Chander has lost previous documents. i.e. 1. Original Sale deed executed by Ram Kumar s/o Karam Chand through S.P.A. Kushbir Singh s/o Partap Singh in favour of Kailash Trehan w/o Vishwa Mitter vide sale deed regd dated 24.05.1974 as doc no. 2030. A Lost Information Report dt 23.5.2026 no. 722669/2026 has also been got registered in this respect. Anybody having claim or claiming any prior rights or interest in any manner in this property or has raised loan by depositing the aforesaid Sale Deed to any person/bank/corporation/financial institution may approach the undersigned and may submit objections in writing within 7 days in writing from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with GRIHUM HOUSING FINANCE LIMITED.

**Vikas Verma (Advocate)**
MB. 9815156302

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ
ਮਿਸਲ ਨੰਬਰ :- ਐੱਫ. ਟੀ. ਸੀ. 252 ਦਾਇਰ ਮਿਤੀ : 20/05/2026
ਪਿੰਡ/ਰਕਬਾ : ਭਰੋਲੀ ਪੇਸ਼ੀ ਮਿਤੀ : 12/06/2026
ਕੇਸ ਕਿਸਮ : ਤਕਸੀਮ

1. ਰਣਜੀਤ ਸਿੰਘ ਉਰਫ ਰਾਣਾ ਪੁੱਤਰ ਚਰਨ ਸਿੰਘ ਪੁੱਤਰ ਸੀਸਾ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 2. ਅਮਰਜੀਤ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਸੀਸਾ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 3. ਦਲਜੀਤ ਸਿੰਘ ਪੁੱਤਰ ਅਜੈਬ ਸਿੰਘ ਪੁੱਤਰ ਚਰਨ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਰਾਹੀਂ ਅਟਾਰਨੀ ਸ਼ਰਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। (ਧਿਰ ਅੱਵਲ)

ਬਨਾਮ

1. ਮਹਿੰਦਰ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਸੀਸਾ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 2. ਹੁਸ਼ਿਆਰਾ ਪੁੱਤਰ ਛੱਜੂ ਪੁੱਤਰ ਹੁਕਮ ਚੰਦ, 3. ਮਲਕੀਤ ਸਿੰਘ, 4. ਲਛਮਣ ਸਿੰਘ ਪੁੱਤਰ ਅਤੇ 5. ਦੇਬੋ ਪੁੱਤਰੀ ਊਧਮ ਕੌਰ ਪੁੱਤਰ ਛੱਜੂ ਮਹਿੰਦਰ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਸੀਸਾ ਸਿੰਘ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 6. ਪੰਜਾਬ ਨੈਸ਼ਨਲ ਬੈਂਕ ਬਰਾਂਚ ਫਰਾਲਾ, ਸ਼ਹੀਦ ਭਗਤ ਸਿੰਘ ਨਗਰ, 7. ਸਤਵਿੰਦਰ ਸਿੰਘ ਪੁੱਤਰ ਦਲਾਵਾਰ ਸਿੰਘ ਪੁੱਤਰ ਹੁਸ਼ਿਆਰ ਸਿੰਘ ਸਾਰੇ ਵਾਸੀ ਭਰੋਲੀ, ਤਹਿ. ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 12/06/26 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉਤਰਵਾਦੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 20/05/2026 ਨੂੰ ਮੇਰੇ ਦਸਤਖ਼ਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਸਹੀ/- ਜ਼ਿਲ੍ਹਾ ਮਾਲ ਅਫਸਰ-ਕਮ-ਏ. ਸੀ. ਫਸਟ ਗਰੇਡ, ਸ਼ਹੀਦ ਭਗਤ ਸਿੰਘ ਨਗਰ।

(ਨੰਬਰ 2249/ਰੀਡਰ/ਡੀ ਆਰ ਓ ਮਿਤੀ 21/05/2026)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ
ਮਿਸਲ ਨੰਬਰ 254 ਦਾਇਰ ਮਿਤੀ : 21/05/2026
ਰਕਬਾ : ਕਮਾਮ 02 ਅਗਲੀ ਤਰੀਕ ਪੇਸ਼ੀ : 23/06/2026
ਕੇਸ : ਤਕਸੀਮ

1. ਸੁੱਚਾ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਹਾਊਸ ਨੰਬਰ ਬੀ -5 /426 /2 ਕੁਲਾਮ ਰੋਡ ਛੋਕਰਾਂ, ਮੁਹੱਲਾ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਅੱਵਲ)

ਬਨਾਮ

1. ਬਲਵੀਰ ਸਿੰਘ ਪੁੱਤਰ ਸਰਵਣ ਸਿੰਘ ਪੁੱਤਰ ਕਰਮ ਸਿੰਘ ਪਿੰਡ ਸੋਢੀਆਂ, 2. ਜੋਗਾ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਦਲੇਲ ਸਿੰਘ, 3. ਸੰਤੋਖ ਸਿੰਘ ਪੁੱਤਰ ਜਗਤ ਸਿੰਘ, 4. ਮੱਖਣ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਸੰਤਾ ਸਿੰਘ 5. ਸੁਲੱਖਣ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਸੰਤਾ ਸਿੰਘ, 6, ਸੁਰਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਜਗਤ ਸਿੰਘ, 7. ਤੇਜਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਜਗਤ ਸਿੰਘ 8. ਸੁਰਜੀਤ ਸਿੰਘ ਪੁੱਤਰ ਪਾਖਰ ਸਿੰਘ ਪੁੱਤਰ ਭੁਲਾ ਸਿੰਘ, 9 ਓਮੇਸ਼ ਕੁਮਾਰ ਪੁੱਤਰ ਰੋਸ਼ਨ ਲਾਲ ਪੁੱਤਰ ਰਾਮ ਕਿਸ਼ਨ ਵਾਸੀ ਪਿੰਡ ਕਮਾਮ ਤਹਿ ਔੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 10. ਸੋਹਣ ਸਿੰਘ ਪੁੱਤਰ ਭਗਤ ਸਿੰਘ ਪੁੱਤਰ ਗੰਢਾ ਸਿੰਘ 11. ਦਲਜੀਤ ਸਿੰਘ ਪੁੱਤਰ ਸਰਵਣ ਸਿੰਘ ਪੁੱਤਰ ਭਗਤ ਸਿੰਘ ਵਾਸੀ ਪਿੰਡ ਮੱਲਾ ਸੋਢੀਆਂ ਤਹਿ. ਔੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 12. ਸੱਤਿਆ ਦੇਵੀ ਵਿਧਵਾ ਪਿਆਰਾ ਸਿੰਘ ਪੁੱਤਰ ਦੌਲਾ, 13. ਸੁਖਵਿੰਦਰ ਕੌਰ ਪੁੱਤਰੀ ਪਿਆਰਾ ਸਿੰਘ ਪੁੱਤਰ ਦੌਲਾ, 14. ਸੱਤਪਾਲ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਦੌਲਾ, 15. ਗੁਰਮੇਲ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਦੌਲਾ 16. ਪਰਮਜੀਤ ਕੌਰ ਪੁੱਤਰੀ ਪਿਆਰਾ ਸਿੰਘ ਪੁੱਤਰ ਦੌਲਾ 17 ਸੱਤਪਾਲ ਸਿੰਘ ਪੁੱਤਰ ਪਿਆਰਾ ਸਿੰਘ 18. ਚਰਨ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਜੋਧਾ ਸਿੰਘ 19. ਕਰਮ ਸਿੰਘ ਪੁੱਤਰ ਗੰਢਾ ਸਿੰਘ ਪੁੱਤਰ ਜੋਧ ਸਿੰਘ, 20. ਪ੍ਰੀਤਮ ਸਿੰਘ ਪੁੱਤਰ ਗੰਢਾ ਸਿੰਘ, 21 ਗੁਰਦਿਆਲ ਸਿੰਘ ਗੰਢਾ ਪੁੱਤਰ ਜੋਧਾ ਸਿੰਘ 22. ਚਰਨ ਕੌਰ ਪੁੱਤਰੀ ਗੰਢਾ ਪੁੱਤਰ ਜੋਧਾ ਸਿੰਘ 23. ਧਰਮ ਕੌਰ ਪੁੱਤਰੀ ਮਿਲਖਾ ਸਿੰਘ ਪੁੱਤਰ ਬਚਿੱਤ ਸਿੰਘ 24. ਪਿੰਡ ਕਮਾਮ ਤਹਿ. ਔੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 25. ਹਰਜੀਤ ਕੌਰ ਪੁੱਤਰੀ ਮਿਲਖਾ ਸਿੰਘ ਪੁੱਤਰ ਬਚਿੱਤ ਸਿੰਘ 26. ਗੁਰਮੀਤ ਕੌਰ ਪੁੱਤਰੀ ਬਾਵਾ ਸਿੰਘ ਪੁੱਤਰ ਭਗਵਾਨ ਸਿੰਘ, 27. ਗੁਰਪ੍ਰੀਤ ਸਿੰਘ ਪੁੱਤਰ ਹਰਮਿੰਦਰ ਸਿੰਘ ਪੁੱਤਰ ਹਰਬੰਸ ਸਿੰਘ, 28. ਤਰਸੇਮ ਕੌਰ ਵਿਧਵਾ ਦੀਦਾਰ ਸਿੰਘ ਪੁੱਤਰ ਬਾਵਾ ਸਿੰਘ, 29. ਰਣਵੀਰ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਬਾਵਾ ਸਿੰਘ, 30. ਜਸਵਿੰਦਰ ਕੌਰ ਪੁੱਤਰੀ ਦੀਦਾਰ ਸਿੰਘ ਪੁੱਤਰ ਬਾਵਾ ਸਿੰਘ, 31. ਰਣਜੀਤ ਸਿੰਘ ਪੁੱਤਰ ਹਰਮੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਕਮਾਮ ਤਹਿ. ਅਤੇ ਜਿਲਾ ਸ਼ਹੀਦ ਭਗਤ ਸਿੰਘ ਨਗਰ ( ਧਿਰ ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 23/06/2026 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 21/05/2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਸਹੀ/- ਜ਼ਿਲ੍ਹਾ ਮਾਲ ਅਫਸਰ-ਕਮ- ਏ.ਸੀ. ਫਸਟ ਗਰੇਡ, ਸ਼ਹੀਦ ਭਗਤ ਸਿੰਘ ਨਗਰ।

ਨੰਬਰ 2256/ਰੀਡਰ/ਡੀ ਆਰ ਓ ਮਿਤੀ 22/05/26

## ਨਿਲਾਮੀ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪੰਡੋਰੀ ਬੀਬੀ ਦੀ ਸ਼ਾਮਲਾਟ ਜ਼ਮੀਨ 10 ਏਕੜ ਗੈਰ-ਵਾਹੀਯੋਗ ਜ਼ਮੀਨ 7 ਸਾਲ ਲਈ ਲੀਜ਼ ਲਈ ਚਕੌਤੇ 'ਤੇ ਦੇਣ ਲਈ ਨਿਲਾਮੀ ਖੁੱਲ੍ਹੀ ਬੋਲੀ ਰਾਹੀਂ ਮਿਤੀ 02/06/2026 ਨੂੰ ਬਾਅਦ ਦੁਪਹਿਰ 01:00 ਵਜੇ ਪਿੰਡ ਪੰਡੋਰੀ ਬੀਬੀ ਦੇ ਪੰਚਾਇਤ ਘਰ ਵਿਖੇ ਕੀਤੀ ਜਾਵੇਗੀ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਪਰਮਜੀਤ ਸਿੰਘ ਸਰਪੰਚ, ਗਰਾਮ ਪੰਚਾਇਤ ਪੰਡੋਰੀ ਬੀਬੀ, ਮੋਬਾਇਲ : 7340700417
ਸਹੀ/- ਬਲਾਕ ਵਿਕਾਸ ਤੇ ਪੰਚਾਇਤ ਅਫਸਰ ਹੁਸ਼ਿਆਰਪੁਰ-2

## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੈਂ ਰਮਨ ਕੁਮਾਰ ਪੁੱਤਰ ਪਿਆਰਾ ਲਾਲ ਵਾਸੀ ਭੱਲਿਆ ਗਲੀ, ਹਰਿਆਣਾ ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਮਦਨ ਮੋਹਨ ਉਰਫ ਬੱਬੀ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਪਰ ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਮੈਂ ਆਪਣੀ ਚੱਲ ਅਤੇ ਅਚੱਲ ਜਾਇਦਾਦ ਦੀ ਬੇਦਖਲੀ ਵਾਪਸ ਲੈਂਦਾ ਹਾਂ। ਮੈਂ ਉਪਰੋਕਤ ਨੂੰ ਆਪਣਾ ਵਾਰਸ ਮੰਨਦੇ ਹੋਏ ਚੱਲ ਅਤੇ ਅਚੱਲ ਜਾਇਦਾ ਦਾ ਹੱਕ ਦਿੰਦਾ ਹਾਂ। ਸਬੰਧਤ ਨੋਟ ਕਰਨ।

ਮੈਂ, ਰਵੀ ਮੋਹਨ ਪੁੱਤਰ ਸਾਈਂ ਹਾਲ ਵਾਸੀ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਜਾਇਦਾਦ ਪਲਾਟ ਨੰ. 3, ਰਕਬਾ 340 ਵਰਗ ਗਜ਼, ਖਸਰਾ ਨੰ. 86/15, 8, 9 ਵਾਕਿਆ ਰਕਬਾ ਨੰਗਲੀ, ਅਬਾਦੀ ਕਬੀਰ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਦਾ ਬੈਨਾਮਾ ਨੰ. 4955 ਜਿਲਦ 1005 ਸਫਾ 19-20, ਮਿਤੀ 28.07.2000 ਅਤੇ ਮੁਖਤਾਰਨਾਮਾ ਵਸੀਕਾ ਨੰ. 270 ਮਿਤੀ 16.4.2001 ਮੇਰੇ ਕੋਲੋਂ ਗੁੰਮ ਹੋ ਗਏ ਹਨ, ਜਿਨ੍ਹਾਂ ਦੀ ਐੱਫ ਆਈ ਆਰ ਨੰ. 029 ਮਿਤੀ 04.05.26, ਥਾਣਾ ਕੰਬੋਅ ਵਿਖੇ ਦਰਜ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 10 ਦਿਨਾਂ ਵਿੱਚ ਸੰਪਰਕ ਕਰੇ। ਉਸ ਤੋਂ ਬਾਅਦ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

### ਬੇਦਖਲੀ ਨੋਟਿਸ

ਮੈਂ, ਸੁਖਦੇਵ ਸਿੰਘ ਪੁੱਤਰ ਸ਼੍ਰੀ ਚੰਨਣ ਸਿੰਘ ਵਾਸੀ ਪਿੰਡ ਬੁੱਲੋਵਾਲ ਡਾਕਖਾਨਾ ਬੁਟਰਾਂ ਜ਼ਿਲ੍ਹਾ ਜਲੰਧਰ (ਪੰਜਾਬ) ਦਾ ਪੱਕਾ ਵਸਨੀਕ ਹਾਂ ਤੇ ਆਪਣੇ ਹੋਸ਼ੋ ਹਵਾਸ ਵਿੱਚ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ ਅਤੇ ਨੂੰਹ ਅਮਨਦੀਪ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਹੁਣ ਉਹਨਾਂ ਦਾ ਮੇਰਾ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸੰਬੰਧੀ ਨੋਟ ਕਰਨ।

ਮੈਂ, ਬਲਵਿੰਦਰ ਸਿੰਘ ਪੁੱਤਰ ਦੇਸਾ ਸਿੰਘ ਵਾਸੀ ਪਿੰਡ ਦੇ ਡਾਕਖਾਨਾ ਵਡਾਲਾ ਗ੍ਰੰਥੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਮੇਲ ਸਿੰਘ, ਨੂੰਹ ਸੁੰਮਨ, ਪੋਤਰਾ ਗਗਨਦੀਪ ਸਿੰਘ ਵਾਂ ਖੁਸ਼ਦੀਪ ਸਿੰਘ, ਪੋਤਰੀ ਪਵਨਦੀਪ ਕੌਰ ਵਾਂ ਰਕੀਤ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਕਿਸੇ ਪ੍ਰਕਾਰ ਦਾ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

ਮੈਂ, ਸੁਰਜੀਤ ਪੁੱਤਰ ਬਲਵੰਤ ਵਾਸੀ ਪਿੰਡ ਡੇਰਾ ਸੈਦਾਂ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਮੇਰੀ ਪਤਨੀ ਬਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਗੁਰਦੀਪ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਅੰਬਾਲਾ ਜੱਟਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲਜੀਤ ਸਿੰਘ ਅਤੇ ਉਸ ਦੀ ਪਤਨੀ ਸਮਰੀਤੀ ਮੇਰੇ ਕੰਟਰੋਲ ਤੋਂ ਬਾਹਰ ਹਨ। ਮੇਰੀ ਦੇਖਭਾਲ ਨਹੀਂ ਕਰਦੇ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹਾਂ। ਉਹ ਆਪਣੇ ਕੀਤੇ ਦੇ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਨਿਰਮਲ ਦਾਸ ਪੁੱਤਰ ਸ੍ਰੀ ਢੇਰਾ ਰਾਮ ਵਾਸੀ ਪਿੰਡ ਰਾਮਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਜੱਸਲ ਅਤੇ ਮੇਰੀ ਨੂੰਹ ਚੇਤਨਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, Bharati Sharma ਪਤਨੀ ਮਾਥੁਰ ਸ਼ਰਮਾ, ਵਾਸੀ 17-ਬੀ/194, ਮਹੇਸ਼ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Bharti Sharma ਰੱਖ ਲਿਆ ਹੈ।

ਮੈਂ, ਨਰਿੰਦਰ ਕੌਰ ਪਤਨੀ ਰਘਬੀਰ ਸਿੰਘ ਵਾਸੀ ਮਾੜੇ ਕਲਾਂ, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ। ਮੈਂ ਆਪਣਾ ਨਾਂਅ ਨਿੰਦਰ ਕੌਰ ਤੋਂ ਬਦਲ ਕੇ ਨਰਿੰਦਰ ਕੌਰ ਰੱਖ ਲਿਆ ਹੈ ਸੰਬੰਧਿਤ ਨੋਟ ਕਰਨ।

### Change of Name

I, Ravinder Singh S/o Kanwar Singh resident of W-19/689, Rulia Ram Colony Jail Road, Gurdaspur, have changed my name from Ravinder Singh to Ravinder Singh Bedi. Concerned note please.

I, Dalvir Kour Gill W/o Lachhman Singh Gill R/o VPO Pandori Nijjaran, Distt. Jalandhar (Pb.) India have Changed my name from Dalvir Kour Gill to Dalvir Kaur Gill. All Concerned please note.

I Kuldeep Singh S/o Gurdev Singh of Vill Mehmuwal Mahala, Tehsil Shahkot, Distt. Jalandhar Have Changed My Name Kuldeep Singh to Kuldeep Singh Sangha My wife's name is Sarabjit Kaur and she has changed her name to Sarabjit Kaur Sangha Concerned May Note.

### Public Notice

I, Baljinder Pal Singh S/o Harjinder Singh R/o Vill. Bahurian Sainian, P.O. Jagowal Bet, Gurdaspur Pin 143528, Punjab, India, declare that my given name as Baljinder Pal and my Surname as Singh.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਇਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

31 ਮਾਰਚ, 2026 ਨੂੰ ਖਤਮ ਹੋਏ ਤਿਮਾਹੀ/ਸਾਲ ਦੇ ਪੜਤਾਲੇ ਵਿਤੀ ਨਤੀਜਿਆਂ ਦਾ ਵੇਰਵਾ

(ਈਪੀਐਸ ਡਾਟਾ ਨੂੰ ਛੱਡ ਕੇ ਰਕਮ ਸੈਂਕੜੇ ਵਿੱਚ)

| ਵੇਰਵਾ | ਤਿਮਾਹੀ ਖਤਮ 31.03.2026 (ਪੜਤਾਲੇ) | ਤਿਮਾਹੀ ਖਤਮ 31.03.2025 (ਪੜਤਾਲੇ) | ਸਾਲ ਖਤਮ 31.03.2026 (ਪੜਤਾਲੇ) |
|---|---|---|---|
| ਕੁੱਲ ਆਮਦਨ | 312.14 | 64.43 | 16,812.87 |
| ਸ਼ੁੱਧ ਲਾਭ/ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | (1,675.72) | (2,185.77) | 9,431.47 |
| ਸ਼ੁੱਧ ਲਾਭ/ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,675.72) | (2,185.77) | 9,431.47 |
| ਸ਼ੁੱਧ ਲਾਭ/ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,253.98) | 622.16 | 7,057.75 |
| ਕੁੱਲ ਕੰਪ੍ਰੀਹੈਂਸਿਵ ਆਮਦਨ | (1,18,854.78) | (1,58,134.10) | (96,055.29) |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | 4,71,493.53 |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | (0.13) | 0.06 | 0.71 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੇਂਜ ਫਾਈਲ ਕੀਤੇ ਨਤੀਜਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੈਟ ਮੈਟਰੋ ਪੋਲੀਟਨ ਸਟਾਕ ਐਕਸਚੇਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬਧ ਹੈ। ਅਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਇਰੈਕਟਰ
DIN-00932391

ਮਿਤੀ : 23.05.2026
ਸਥਾਨ : ਲੁਧਿਆਣਾ

ਰਜਿ ਦਫ਼ਤਰ : ਸ੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967

# ਫਤਿਹ ਗਰੁੱਪ ਵੱਲੋਂ ਐੱਫ ਜੀ ਆਈ ਅਕਾਦਮਿਕ ਐਕਸੀਲੈਂਸ ਐਵਾਰਡ ਸਮਾਰੋਹ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਇਲਾਕੇ ਵਿੱਚ ਗੁਣਵੱਤਾ ਭਰਪੂਰ ਸਿੱਖਿਆ, ਸੱਭਿਆਚਾਰ ਤੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਲਈ ਪ੍ਰਸਿੱਧ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਵੱਲੋਂ ਐੱਫ.ਜੀ.ਆਈ. ਅਕਾਦਮਿਕ ਐਕਸੀਲੈਂਸ ਐਵਾਰਡ-2026 ਸਮਾਰੋਹ ਬੜੀ ਸ਼ਾਨੋ-ਸ਼ੌਕਤ, ਉਤਸ਼ਾਹ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਇਆ ਗਿਆ।ਸਮਾਗਮ ਦੌਰਾਨ ਦਸਵੀਂ ਤੇ ਬਾਰਵੀਂ ਜਮਾਤ ਵਿੱਚੋਂ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 819 ਮੈਰੀਟੋਰੀਅਸ ਵਿਦਿਆਰਥੀਆਂ ਨੂੰ ਐੱਫ.ਜੀ.ਆਈ. ਅਕਾਦਮਿਕ ਐਕਸੀਲੈਂਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਮੌੜ ਹਲਕੇ ਦੇ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਕੰਟਰੋਲਰ ਪ੍ਰੀਖਿਆਵਾਂ ਲਵਿਸ਼ ਚਾਵਲਾ (ਪੀ.ਈ.ਐਸ.-1) ਨੇ ਸ਼ਿਰਕਤ ਕੀਤੀ।ਉਨ੍ਹਾਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਿੱਖਿਆ ਹੀ ਉਹ ਤਾਕਤ ਹੈ ਜੋ ਸਮਾਜ ਅਤੇ ਦੇਸ਼ ਦੀ ਤਸਵੀਰ ਬਦਲ ਸਕਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ, ਲਗਨ ਤੇ ਮਿਹਨਤ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀਮਤੀ ਮਮਤਾ ਖੁਰਾਨਾ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ, ਜਦਕਿ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਸਰਦਾਰ ਚਮਕੌਰ ਸਿੰਘ ਨੇ ਵੀ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨੌਜਵਾਨ ਦੇਸ਼ ਦਾ ਚਮਕਦਾ ਭਵਿੱਖ ਹਨ।ਇਸ ਦੌਰਾਨ ਅਧਿਆਪਕ ਯੋਗਤਾ ਟੈਸਟ-2026 ਪਾਸ ਕਰਨ ਵਾਲੀਆਂ ਫਤਿਹ ਕਾਲਜ ਦੀਆਂ 119 ਵਿਦਿਆਰਥਣਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਿੱਖਿਆ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ 102 ਅਧਿਆਪਕਾਂ ਨੂੰ ਸੂਰਜ ਸਮਾਜ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਫਤਿਹ ਗਰੁੱਪ ਦੇ ਚੇਅਰਮੈਨ ਸ੍. ਐੱਸ. ਐੱਸ. ਚੱਠਾ ਨੇ ਕਿਹਾ ਕਿ ਸੰਸਥਾ ਦਾ ਮਕਸਦ ਕੇਵਲ ਡਿਗਰੀਆਂ ਪ੍ਰਦਾਨ ਕਰਨਾ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਉੱਚੇ ਨੈਤਿਕ ਮੁੱਲ, ਆਤਮਵਿਸ਼ਵਾਸ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਫਲਤਾ ਹੀ ਸੰਸਥਾ ਦੀ ਅਸਲ ਪਛਾਣ ਤੇ ਸਭ ਤੋਂ ਵੱਡੀ ਪੂੰਜੀ ਹੈ।ਇਸ ਮੌਕੇ ਐੱਮ.ਡੀ. ਸ੍ਰੀਮਤੀ ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ, ਪ੍ਰੋ. ਸੰਦੀਪ ਕੌਰ, ਪ੍ਰੋ. ਕੁਮਾਰੀ ਸ਼ੈਲਜਾ, ਪ੍ਰੋ. ਵਰਿੰਦਰ ਕੌਰ, ਪ੍ਰੋ. ਸੋਨੀਆ, ਅਨੀਤਾ, ਅਨੀਕਾ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਸਮੀਰ ਕੁਮਾਰ, ਅਸੀਸ ਤਿਵਾੜੀ, ਆਈਟੀ ਸੈੱਲ ਮੁਖੀ ਪ੍ਰੋ. ਸੋਨਵਿੰਦਰ ਸਿੰਘ, ਫੈਸ਼ਨ ਟੈਕਨਾਲੋਜੀ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਨਵਨੀਤ ਸਮੇਤ ਸਮੂਹ ਸਟਾਫ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਨਾਰਨੌਲ ਜਾ ਰਹੀ ਏ ਸੀ ਬੱਸ ਖ਼ਰਾਬ ਹੋਣ 'ਤੇ ਪਰੇਸ਼ਾਨ ਹੋਏ ਮੁਸਾਫ਼ਰ



ਡੇਰਾ ਬੱਸੀ (ਵਿਨੈ ਕੁਮਾਰ ਜੈਨ)

ਚੰਡੀਗੜ੍ਹ ਤੋਂ ਨਾਰਨੌਲ ਜਾ ਰਹੀ ਹਰਿਆਣਾ ਰੋਡਵੇਜ਼ ਦੀ ਇੱਕ ਏਸੀ ਬੱਸ ਅੰਬਾਲਾ-ਚੰਡੀਗੜ੍ਹ ਹਾਈਵੇਅ 'ਤੇ ਜਵਾਹਰਪੁਰ ਦੇ ਨੇੜੇ ਸ਼ੁੱਕਰਵਾਰ ਸ਼ਾਮ ਨੂੰ ਖ਼ਰਾਬ ਹੋ ਗਈ। ਬੱਸ ਦੇ ਡਰਾਈਵਰ ਅਤੇ ਕੰਡਕਟਰ ਨੇ ਨਾ ਤਾਂ ਉਨ੍ਹਾਂ ਦੇ ਪੈਸੇ ਰਿਫੰਡ ਕੀਤੇ ਅਤੇ ਨਾ ਹੀ ਕਿਸੇ ਦੂਜੀ ਏਸੀ ਬੱਸ ਦਾ ਕੋਈ ਪ੍ਰਬੰਧ ਕੀਤਾ। ਅਜਿਹੇ ਵਿੱਚ ਜਵਾਹਰਪੁਰ ਵਿਖੇ ਪਰਵਾਰ ਅਤੇ ਸਾਮਾਨ ਸਮੇਤ ਸਵਾਰੀਆਂ ਨੂੰ ਘੰਟਿਆਂ ਬੱਧੀ ਭਾਰੀ ਪਰੇਸ਼ਾਨੀ ਦੇ ਦੌਰ ਵਿੱਚੋਂ ਲੰਘਣਾ ਪਿਆ, ਜਦਕਿ ਕਈਆਂ ਕੋਲ ਇੱਕ ਹਜ਼ਾਰ ਰੁਪਏ ਤੱਕ ਦੀ ਕਿਰਾਏ ਦੀ ਟਿਕਟ ਵੀ ਮੌਜੂਦ ਸੀ।ਜਾਣਕਾਰੀ ਅਨੁਸਾਰ ਚੰਡੀਗੜ੍ਹ ਤੋਂ ਹਰਿਆਣਾ ਰੋਡਵੇਜ਼ ਦੀ ਬੱਸ ਨਾਰਨੌਲ ਜਾ ਰਹੀ ਸੀ, ਜੋ ਡੇਰਾਬੱਸੀ ਦੇ ਜਵਾਹਰਪੁਰ ਕੋਲ ਆ ਕੇ ਖ਼ਰਾਬ ਹੋ ਗਈ। ਜਦੋਂ ਸਵਾਰੀਆਂ ਨੇ ਦੂਜੀ ਬੱਸ ਦੇ ਪ੍ਰਬੰਧ ਲਈ ਰੋਡਵੇਜ਼ ਪ੍ਰਬੰਧਕਾਂ ਨਾਲ ਗੱਲ ਕੀਤੀ, ਤਾਂ ਉਨ੍ਹਾਂ ਨੇ ਅਗਲੀ ਬੱਸ ਭੇਜਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਡਰਾਈਵਰ-ਕੰਡਕਟਰ ਨਾਲ ਗੱਲ ਹੋਣ 'ਤੇ ਉਨ੍ਹਾਂ ਕਿਹਾ ਕਿ ਉਹ ਪੈਸੇ ਰਿਫੰਡ ਨਹੀਂ ਕਰ ਸਕਦੇ, ਪਰ ਜੇਕਰ ਸਵਾਰੀਆਂ ਨੇ ਜਾਣਾ ਹੈ ਤਾਂ ਉਹ ਉਨ੍ਹਾਂ ਨੂੰ ਨਾਨ-ਏਸੀ ਬੱਸ ਵਿੱਚ ਬਿਠਾ ਸਕਦੇ ਹਨ। ਕੰਡਕਟਰ ਨੇ ਸਪੱਸ਼ਟ ਕਿਹਾ ਕਿ ਨਾ ਤਾਂ ਪੈਸੇ ਰਿਫੰਡ ਹੋ ਸਕਦੇ ਹਨ ਅਤੇ ਨਾ ਹੀ ਏਸੀ ਬੱਸ ਵਿੱਚ ਅਗਲਾ ਸਫ਼ਰ ਤੈਅ ਕਰਵਾਇਆ ਜਾ ਸਕਦਾ ਹੈ। ਸਿਰਫ਼ ਨਾਨ-ਏਸੀ ਬੱਸ ਵਿੱਚ ਹੀ ਬਿਠਾਇਆ ਜਾ ਸਕਦਾ ਹੈ, ਉਹ ਵੀ ਉਸ ਬੱਸ ਵਿੱਚ ਜੋ ਇਸ ਰੂਟ 'ਤੇ ਰੁਕੇਗੀ ਅਤੇ ਜਿਸ ਵਿੱਚ ਜਗ੍ਹਾ ਖਾਲੀ ਹੋਵੇਗੀ।ਇਸ 'ਤੇ ਸਵਾਰੀਆਂ ਨੇ ਕਿਹਾ ਕਿ ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਉਨ੍ਹਾਂ ਨੂੰ ਸਰਾਸਰ ਲੁੱਟ ਕਰ ਰਹੀਆਂ ਹਨ। ਹੌਲੀ-ਹੌਲੀ ਇਹ ਮਾਮਲਾ ਇੱਕ ਵੱਡੀ ਬਹਿਸ ਵਿੱਚ ਬਦਲ ਗਿਆ। ਫਿਲਹਾਲ, ਬੱਚਿਆਂ ਅਤੇ ਸਾਮਾਨ ਸਮੇਤ ਸਵਾਰੀਆਂ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਦੂਜੀਆਂ ਬੱਸਾਂ ਦਾ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪਿਆ।

# ਭੋਗ 'ਤੇ ਵਿਸ਼ੇਸ਼ ਟਹਿਣੀਓਂ ਟੁੱਟਿਆ ਫੁੱਲ ਸੀਨੀਅਰ ਕਾਂਸਟੇਬਲ ਪ੍ਰਦੀਪ ਕੁਮਾਰ



ਇਕੱਲਾ ਪੁੱਤਰ ਮਾਂ-ਬਾਪ ਦੀਆਂ ਅੱਖਾਂ ਦਾ ਤਾਰਾ ਹੁੰਦਾ ਹੈ। ਜਦੋਂ ਵੀ ਉਹ ਘਰ ਤੋਂ ਬਾਹਰ ਕਿਸੇ ਵੀ ਕੰਮ ਲਈ ਪੈਰ ਪੁੱਟਦਾ ਹੈ ਤਾਂ ਮਾਂ-ਬਾਪ ਉਸ ਦੀਆਂ ਪੈੜਾਂ ਨੂੰ ਤੱਕਦੇ ਹਨ ਅਤੇ ਘਰ ਵਾਪਸੀ ਤੱਕ ਉਹਨਾਂ ਦੀਆਂ ਅੱਖਾਂ ਉਸ ਦੀ ਉਡੀਕ ਵਿੱਚ ਅੱਡੀਆਂ ਰਹਿੰਦੀਆਂ ਹਨ, ਪਰੰਤੂ ਇਸ ਤਰ੍ਹਾਂ ਦੇ ਪੁੱਤਰ ਨੂੰ ਜੇਕਰ ਅਚਾਨਕ ਹੀ ਮੌਤ ਆਪਣੀ ਆਗੋਸ਼ ਵਿੱਚ ਲੈ ਜਾਵੇ ਤਾਂ ਮਾਂ-ਬਾਪ ਲਈ ਇਸ ਨੂੰ ਬਰਦਾਸ਼ਤ ਕਰਨਾ ਵੱਸ ਤੋਂ ਬਾਹਰ ਵਾਲੀ ਗੱਲ ਹੋਇਆ ਕਰਦੀ ਹੈ। ਇਸੇ ਤਰ੍ਹਾਂ ਹੀ ਵਾਪਰਿਆ ਹੈ ਪਿੰਡ ਲੰਗੇਰੀ, ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਦੇ ਪਿਤਾ ਨਰਿੰਦਰ ਸਿੰਘ ਅਤੇ ਮਾਤਾ ਬਲਜਿੰਦਰ ਕੌਰ ਨਾਲ।ਪਰਵਾਰ 'ਤੇ ਉਦੋਂ ਦੁੱਖਾਂ ਦਾ ਪਹਾੜ ਆਣ ਟੁੱਟਿਆ, ਜਦੋਂ ਦੋ ਛੋਟੇ ਬੱਚਿਆਂ ਲੜਕੇ ਹਿਤੇਸ਼, ਲੜਕੀ ਮਨਸੀਰਤ ਦਾ ਬਾਪ ਅਤੇ ਪਤਨੀ ਗੁਰਦੀਪ ਕੌਰ ਦਾ ਜੀਵਨ ਸਾਥੀ ਪ੍ਰਦੀਪ ਕੁਮਾਰ 18 ਮਈ ਦੀ ਰਾਤ ਨੂੰ ਆਪਣੀ ਕਾਰ ਰਾਹੀਂ ਡਿਊਟੀ ਤੋਂ ਵਾਪਸ ਪਰਤਦਿਆਂ ਗੜ੍ਹਸ਼ੰਕਰ ਤੋਂ ਅੱਗੇ ਗੋਲੀਆਂ ਪਿੰਡ ਦੇ ਨੇੜੇ ਬੰਦੇ ਖਾਣੀ ਇਸ ਸੜਕ ਨੇ ਇਕ ਟਰੱਕ ਹਾਦਸੇ ਵਿੱਚ ਉਹਨਾਂ ਤੋਂ ਸਦਾ ਸਦਾ ਲਈ ਖੋਹ ਲਿਆ।

ਛੇ ਫੁੱਟ ਤੋਂ ਉਪਰ ਸੋਹਣੇ-ਸੁਨੱਖੇ ਨੌਜਵਾਨ ਪ੍ਰਦੀਪ ਨੇ ਜਮ੍ਹਾਂ 2 ਤੱਕ ਦੀ ਸਕੂਲੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਅਤੇ ਬੀ ਏ ਤੱਕ ਦੀ ਪੜ੍ਹਾਈ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਤੋਂ ਪੂਰੀ ਕਰਕੇ ਕੁਝ ਸਮੇਂ ਲਈ ਬੇਰੁਜ਼ਗਾਰੀ ਦੌਰਾਨ ਸਖਤ ਮਿਹਨਤ-ਮੁਸ਼ੱਕਤ ਕੀਤੀ ਅਤੇ ਇਸ ਉਪਰੰਤ ਉਹ ਪੰਜਾਬ ਪੁਲਸ ਵਿੱਚ ਭਰਤੀ ਹੋ ਗਿਆ ਪ੍ਰਦੀਪ ਮਾਪਿਆਂ, ਅਧਿਆਪਕਾਂ, ਯਾਰਾਂ-ਦੋਸਤਾਂ ਅਤੇ ਪੂਰੇ ਪਿੰਡ ਦਾ ਹਰਮਨਪਿਆਰਾ ਪੁੱਤਰ ਸੀ। ਪਿੰਡ ਦੇ ਹਰ ਲੋਕਪੱਖੀ ਕਾਜ ਵਿੱਚ ਉਸ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਸੀ।ਉਸ ਦੇ ਤੁਰ ਜਾਣ ਨਾਲ ਪੂਰੇ ਪਿੰਡ ਵਿੱਚ ਸੋਗ ਦਾ ਮਾਹੌਲ ਹੈ। ਪੰਜਾਬ ਪੁਲਸ ਦੀ ਇੱਕ ਟੁਕੜੀ ਵੱਲੋਂ ਹਥਿਆਰ ਉਲਟੇ ਕਰਕੇ ਨੌਜਵਾਨ ਨੂੰ ਸਲਾਮੀ ਦਿੱਤੀ ਗਈ ਅਤੇ ਉਸ ਵੱਲੋਂ ਪੰਜਾਬ ਪੁਲਸ ਵਿੱਚ ਨਿਭਾਈ ਸ਼ਾਨਦਾਰ ਸੇਵਾ ਨੂੰ ਯਾਦ ਕੀਤਾ ਗਿਆ। ਅੰਤਮ ਯਾਤਰਾ ਦੌਰਾਨ ਪਰਵਾਰ, ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਦੇ ਵਿਰਲਾਪ ਨਾਲ ਅਸਮਾਨ ਅਤੇ ਧਰਤੀ ਇੱਕ ਜਾਪਣ ਲੱਗੇ।

ਪ੍ਰਦੀਪ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਮ ਅਰਦਾਸ 24 ਮਈ (ਐਤਵਾਰ) ਨੂੰ ਬਾਅਦ ਦੁਪਹਿਰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਲੰਗੇਰੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਵੇਗੀ।

— ਅਵਤਾਰ ਲੰਗੇਰੀ
ਸੰਪਰਕ 94632-60181

# ਜਾਤੀਵਾਦੀ ਮਾਮਲਿਆਂ ਨਾਲ ਸੰਬੰਧਤ ਪੀੜਤ ਪਰਵਾਰਾਂ ਨੂੰ ਮਿਲਣ ਪਹੁੰਚੇ ਗੜ੍ਹੀ



ਨੰਗਲ, ਭਲਾਣ (ਹਰਭਜਨ ਸਿੰਘ ਢਿੱਲੋਂ)- ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ ਨੰਗਲ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਜਾਤੀਵਾਦ ਨਾਲ ਸੰਬੰਧਿਤ ਮਾਮਲਿਆਂ ਦੇ ਪੀੜਤ ਪਰਵਾਰਾਂ ਦਾ ਹਾਲ-ਚਾਲ ਜਾਣਿਆ। ਉਨ੍ਹਾ ਦੱਸਿਆ ਕਿ ਕਮਿਸ਼ਨ ਕੋਲ ਕੁਝ ਪਰਿਵਾਰਾਂ ਵੱਲੋਂ ਸ਼ਿਕਾਇਤਾਂ ਆਈਆਂ ਸਨ ਕਿ ਉਨ੍ਹਾਂ ਨਾਲ ਜਾਤੀ ਸੂਚਕ ਸ਼ਬਦ ਬੋਲ ਕੇ ਮਾਨਸਿਕ ਤੌਰ ਤੇ ਪਰੇਸ਼ਾਨ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾ ਪੀੜਤ ਪਰਵਾਰਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਇਹ ਵੀ ਜਾਚਿਆ ਕਿ ਪਹਿਲਾਂ ਦਿੱਤੇ ਗਏ ਹੁਕਮਾਂ ਅਨੁਸਾਰ ਦੋਸ਼ੀਆਂ ਵਿਰੁੱਧ ਕਾਰਵਾਈ ਹੋਈ ਹੈ ਜਾਂ ਨਹੀਂ।ਚੇਅਰਮੈਨ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਨੇ ਹਰ ਨਾਗਰਿਕ ਨੂੰ ਸਮਾਨ ਅਧਿਕਾਰ ਦਿੱਤੇ ਹਨ ਅਤੇ ਉਨ੍ਹਾਂ ਦੀ ਪੂਰੀ ਪਾਲਣਾ ਕਰਵਾਉਣਾ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਉਨ੍ਹਾ ਦੱਸਿਆ ਕਿ ਜਾਤੀਵਾਦੀ ਟਿੱਪਣੀਆਂ ਅਤੇ ਭੇਦਭਾਵ ਨਾ ਸਿਰਫ਼ ਕਾਨੂੰਨੀ ਤੌਰ ਤੇ ਗਲਤ ਹਨ, ਸਗੋਂ ਇਹ ਸਮਾਜਿਕ ਸਾਂਝ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਅਜਿਹੇ ਮਾਮਲਿਆਂ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾਵੇ ਤਾਂ ਜੋ ਪੀੜਤਾਂ ਨੂੰ ਇਨਸਾਫ ਮਿਲ ਸਕੇ।

# ਸੀਨੀਅਰ ਪੱਤਰਕਾਰ ਅਨਿਲ ਸ਼ਰਮਾ ਨੂੰ ਸਦਮਾ, ਧੀ ਮਹਿਕ ਸ਼ਰਮਾ ਦਾ ਦੇਹਾਂਤ



ਡੇਰਾ ਬੱਸੀ (ਵਿਨੈ ਕੁਮਾਰ ਜੈਨ)-ਡੇਰਾ ਬੱਸੀ ਦੇ ਸੀਨੀਅਰ ਪੱਤਰਕਾਰ ਅਨਿਲ ਸ਼ਰਮਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾ ਦੀ ਨੌਜਵਾਨ ਇਕਲੌਤੀ ਧੀ ਮਹਿਕ ਸ਼ਰਮਾ ਦਾ ਬੇਵਕਤੀ ਦੇਹਾਂਤ ਹੋ ਗਿਆ। ਉਹ ਮਹਿਜ਼ 25 ਵਰ੍ਹਿਆਂ ਦੀ ਸੀ।ਮਹਿਕ ਸ਼ਰਮਾ ਪਿਛਲੇ ਕਰੀਬ 25 ਦਿਨਾਂ ਤੋਂ ਸਰਕਾਰੀ ਹਸਪਤਾਲ ਸੈਕਟਰ-32, ਚੰਡੀਗੜ੍ਹ ਵਿਖੇ ਜੇਰੇ-ਇਲਾਜ ਸੀ, ਜਿੱਥੇ ਉਸ ਨੇ ਆਖ਼ਰੀ ਸਾਹ ਲਏ। ਦੱਸਣਯੋਗ ਹੈ ਕਿ ਪੱਤਰਕਾਰ ਅਨਿਲ ਸ਼ਰਮਾ ਦੇ ਛੋਟੇ ਭਰਾ ਅਤੇ ਮਾਤਾ-ਪਿਤਾ ਦਾ ਪਹਿਲਾਂ ਹੀ ਅਕਾਲ ਚਲਾਣਾ ਹੋ ਚੁੱਕਾ ਹੈ ਅਤੇ ਹੁਣ ਇਕਲੌਤੀ ਨੌਜਵਾਨ ਧੀ ਦੇ ਸਵਰਗਵਾਸ ਹੋਣ ਨਾਲ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਰਾਮ ਬਾਗ ਡੇਰਾਬੱਸੀ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਮਹਿਕ ਸ਼ਰਮਾ ਨੂੰ ਅੰਤਿਮ ਵਿਦਾਈ ਦੇਣ ਲਈ ਇਲਾਕੇ ਦੀਆਂ ਸਮਾਜ ਸੇਵੀ, ਰਾਜਨੀਤਿਕ, ਧਾਰਮਿਕ ਜਥੇਬੰਦੀਆਂ ਦੇ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਪੱਤਰਕਾਰ ਭਾਈਚਾਰੇ ਨੇ ਸ਼ਿਰਕਤ ਕੀਤੀ।

# ਵਾਰਡ ਨੰ. 12 ਤੋਂ ਸਰਬ-ਸਾਂਝੇ ਉਮੀਦਵਾਰ ਬਲਵੀਰ ਚੰਦ ਬੱਬੂ ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ



ਨੂਰਮਹਿਲ (ਬਾਲੀ)-ਜਿਉਂ ਜਿਉਂ ਨਗਰ ਕੌਂਸਲ ਨੂਰਮਹਿਲ ਦੀਆਂ ਚੋਣਾਂ ਦੀ ਤਾਰੀਖ ਨੇੜੇ ਆ ਰਹੀ ਹੈ, ਤਿਉਂ ਤਿਉਂ ਵੱਖ-ਵੱਖ ਉਮੀਦਵਾਰਾਂ ਵੱਲੋਂ ਆਪਣਾ ਚੋਣ ਪ੍ਰਚਾਰ ਤੇਜ਼ ਕੀਤਾ ਜਾ ਰਿਹਾ ਹੈ।ਇਸੇ ਤਰ੍ਹਾਂ ਇੱਕ ਨਵੀਂ ਸੋਚ-ਨਵੀਂ ਉਮੀਦ ਨਾਲ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵਾਰਡ ਨੰ. 12 ਤੋਂ ਸਰਬ ਸਾਂਝੇ ਉਮੀਦਵਾਰ ਬਲਵੀਰ ਚੰਦ ਬੱਬੂ, ਜੋ ਕਿ ਕਾਰ ਦੇ ਨਿਸ਼ਾਨ ਨਾਲ ਚੋਣ ਮੈਦਾਨ ਵਿੱਚ ਹਨ ਤੇ ਆਪਣਾ ਡੋਰ ਟੂ ਡੋਰ ਚੋਣ ਪ੍ਰਚਾਰ ਕਰ ਰਹੇ ਹਨ, ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।'ਮੇਰਾ ਵਾਰਡ ਮੇਰਾ ਪਰਵਾਰ' ਦੀ ਸੋਚ ਰੱਖਣ ਵਾਲੇ, ਪੜ੍ਹੇ ਲਿਖੇ, ਸੂਝਵਾਨ, ਇਮਾਨਦਾਰ ਤੇ ਸਰਬ ਸਾਂਝੇ ਉਮੀਦਵਾਰ ਬਲਵੀਰ ਚੰਦ ਬੱਬੂ ਨੇ ਕਿਹਾ ਕਿ ਉਸ ਨੂੰ ਵਾਰਡ ਦੇ ਵੋਟਰਾਂ ਦਾ ਬਹੁਤ ਹੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜੇਕਰ ਵਾਰਡ ਵਾਸੀ ਉਸ ਨੂੰ ਇਸ ਵਾਰ ਆਪਣੇ ਵਾਰਡ ਦੀ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਹਮੇਸ਼ਾ ਵਾਰਡ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ ਤੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਨਾਲ ਖੜ੍ਹਨਗੇ ਅਤੇ ਬਿਨਾਂ ਕਿਸੇ ਪਾਰਟੀਬਾਜ਼ੀ ਜਾਂ ਭੇਦਭਾਵ ਤੋਂ ਉੱਪਰ ਉੱਠ ਕੇ ਵਾਰਡ ਦਾ ਵਿਕਾਸ ਕਰਵਾਇਆ ਜਾਵੇਗਾ ਤੇ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਉਨ੍ਹਾਂ ਤੱਕ ਪਹੁੰਚਾਇਆ ਜਾਵੇਗਾ।ਬਲਵੀਰ ਚੰਦ ਬੱਬੂ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ 26 ਮਈ ਨੂੰ ਉਹ ਉਨ੍ਹਾਂ ਦੇ ਚੋਣ ਨਿਸ਼ਾਨ 'ਕਾਰ' ਨੂੰ ਆਪਣੀਆਂ ਕੀਮਤੀ ਵੋਟਾਂ ਪਾ ਕੇ ਉਸ ਨੂੰ ਜਿਤਾਓ ਤੇ ਵਾਰਡ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਕਮਲੇਸ਼ ਵਿਜ਼ਨ ਦੀ ਸ਼ੁਰੂਆਤ



ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਦੀ ਸੰਸਥਾਪਕ ਸਵ. ਕਮਲੇਸ਼ ਬੌਰੀ ਦੇ ਜਨਮ ਦਿਵਸ ਮੌਕੇ ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਦਿਸ਼ਾ: ਐਨ ਇਨੀਸ਼ੀਏਟਿਵ ਅਧੀਨ 'ਕਮਲੇਸ਼ ਵਿਜ਼ਨ ਪ੍ਰੋਗਰਾਮ' ਦੀ ਸ਼ੁਰੂਆਤ ਕੀਤੀ ਗਈ। ਇਹ ਪ੍ਰੋਗਰਾਮ ਸਵਰਗਵਾਸੀ ਕਮਲੇਸ਼ ਬੌਰੀ ਦੀ ਦੂਰਦਰਸ਼ੀ ਸੋਚ, ਸਹਾਨੁਭੂਤੀ ਅਤੇ ਸਿੱਖਿਆ ਤੇ ਸਮਾਜਿਕ ਭਲਾਈ ਪ੍ਰਤੀ ਉਨ੍ਹਾਂ ਦੀ ਜੀਵਨ ਭਰ ਦੀ ਸਮਰਪਤ ਸੇਵਾ ਨੂੰ ਸ਼ਰਧਾਂਜਲੀ ਵਜੋਂ ਸਮਰਪਤ ਕੀਤਾ ਗਿਆ ਹੈ। ਇਸ ਮੌਕੇ ਡਾ. ਰੋਹਨ ਬੌਰੀ ਨੇ ਕਿਹਾ ਕਿ ਇੰਨੋਸੈਂਟ ਹਾਰਟਸ ਆਈ ਸੈਂਟਰ ਦੇ ਸਹਿਯੋਗ ਨਾਲ ਇੱਕ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਆਉਣ ਵਾਲੇ ਸਮੇਂ ਵਿੱਚ ਸਕੂਲਾਂ ਅਤੇ ਕਾਲਜਾਂ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਸਾਰੇ ਵਿਦਿਆਰਥੀਆਂ ਦੀ ਨਜ਼ਰ ਦੀ ਜਾਂਚ ਕੀਤੀ ਜਾਵੇਗੀ। ਇਸ ਪਹਿਲ ਦਾ ਲਾਭ ਇੰਨੋਸੈਂਟ ਹਾਰਟਸ ਦੇ ਪੰਜ ਸਕੂਲਾਂ, ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਅਤੇ ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਮਿਲੇਗਾ, ਜਿਨ੍ਹਾਂ ਨੂੰ ਵਿਵਸਥਿਤ ਵਿਜ਼ਨ ਸਕ੍ਰੀਨਿੰਗ ਅਤੇ ਜਾਗਰੂਕਤਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਇੰਨੋਸੈਂਟ ਹਾਰਟਸ ਆਈ ਸੈਂਟਰ ਦੇ ਯੋਗ ਨੇਤ੍ਰ ਵਿਸ਼ੇਸ਼ ਗਿਆਨਾਂ ਅਤੇ ਆਪਟੋਮੈਟ੍ਰਿਸਟਾਂ ਦੀ ਟੀਮ ਵੱਲੋਂ ਕੈਂਪਸਾਂ ਵਿੱਚ ਹੀ ਵਿਦਿਆਰਥੀਆਂ ਦੀ ਵਿਸਤ੍ਰਿਤ ਅੱਖ ਜਾਂਚ ਕੀਤੀ ਜਾਵੇਗੀ।ਇਸ ਪਹਿਲ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਪ੍ਰਤੀਨਿਧੀਆਂ ਨੇ ਕਿਹਾ ਕਿ 'ਕਮਲੇਸ਼ ਵਿਜ਼ਨ ਪ੍ਰੋਗਰਾਮ' ਉਹਨਾਂ ਮੁੱਲਾਂ ਸੇਵਾ, ਸੰਵੇਦਨਸ਼ੀਲਤਾ ਅਤੇ ਦੇਖਭਾਲ ਦਾ ਪ੍ਰਤੀਕ ਹੈ, ਜਿਨ੍ਹਾਂ ਨੂੰ ਸਵਰਗਵਾਸੀ ਸ੍ਰੀਮਤੀ ਕਮਲੇਸ਼ ਬੌਰੀ ਨੇ ਆਪਣੇ ਜੀਵਨ ਭਰ ਨਿਭਾਇਆ।

# ਕਬਾੜਖ਼ਾਨੇ ਨੂੰ ਲੱਗੀ ਅੱਗ, ਲੱਖਾਂ ਰੁਪਏ ਦਾ ਨੁਕਸਾਨ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਮਿਆਣੀ ਦਸੂਹਾ ਮਾਰਗ ਤੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਨਜ਼ਦੀਕ ਇੱਕ ਕਬਾੜਖ਼ਾਨੇ ਤੇ ਬੀਤੀ ਰਾਤ ਅਚਾਨਕ ਹੀ ਅੱਗ ਲੱਗ ਗਈ। ਨਾਮਾਲੂਮ ਕਰਨਾਂ ਕਰਕੇ ਲੱਗੀ ਅੱਗ ਨਾਲ ਕਬਾੜਖ਼ਾਨੇ ਵਿੱਚ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ।ਬੀਤੀ ਰਾਤ ਕਰੀਬ ਢਾਈ ਵਜੇ ਲੱਗੀ ਇਸ ਅੱਗ ਅੱਗ ਤੇ ਕਰੀਬ ਚਾਰ ਘੰਟੇ ਦੀ ਜੱਦੋ-ਜਹਿਦ ਉਪਰੰਤ ਕਾਬੂ ਪਾਇਆ ਗਿਆ। ਕਬਾੜਖ਼ਾਨੇ ਦੇ ਮਾਲਕ ਨੇ ਦੱਸਿਆ ਕਿ ਅਗਜਨੀ ਦੀ ਇਸ ਘਟਨਾ ਵਿੱਚ ਉਸਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਮੌਜੂਦਾ ਸਮੇਂ ਵਿੱਚ ਵੀ ਅੱਗ ਤੇ ਪੂਰੀ ਤਰਹਾਂ ਕਾਬੂ ਨਹੀਂ ਪਾਇਆ ਗਿਆ ਸੀ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਵਿਸ਼ਾਲ ਰੋਸ ਧਰਨਾ



ਚੰਡੀਗੜ੍ਹ (ਸੁਰਜੀਤ ਸੁਮਨ)- ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਦੇ 'ਤੇ ਪੰਜਾਬ ਭਰ ਤੋਂ ਪਹੁੰਚੇ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਨੇ ਏਥੇ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ, ਦੀਪ ਦੇਵਿੰਦਰ ਸਿੰਘ, ਡਾ. ਸ਼ਿੰਦਰਪਾਲ ਸਿੰਘ ਆਦਿ ਦੀ ਦੇਖ-ਰੇਖ ਹੇਠ ਹੋਏ ਇਸ ਰੋਸ ਮੁਜ਼ਾਹਰੇ ਵਿਚ ਵੱਖ-ਵੱਖ ਬੁਲਾਰਿਆਂ ਨੇ ਮਾਤ ਭਾਸ਼ਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਸਾਂਝੇ ਤੌਰ 'ਤੇ ਪੰਜਾਬ ਦੀ ਧਰਤੀ ਉੱਤੇ ਸੈਂਟਰ ਦੇ ਆਰਮੀ ਸਕੂਲਾਂ ਵਿਚ ਪੰਜਾਬੀ ਨੂੰ ਦਰ-ਕਿਨਾਰ ਕਰਕੇ ਸੰਸਕ੍ਰਿਤ ਨੂੰ ਪਹਿਲ ਦੇਣ ਦੇ ਫੈਸਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਮਿਲਟਰੀ ਸਕੂਲਾਂ ਨੂੰ ਜਾਰੀ ਹੋਏ ਸਰਕੂਲਰ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਦਰਸ਼ਨ ਬੁੱਟਰ ਹੁਰਾਂ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਸਵਰਾਜਬੀਰ, ਹਮੀਰ ਸਿੰਘ, ਜਗਤਾਰ ਭੁੱਲਰ, ਮੱਖਣ ਕੁਹਾੜ, ਡਾ. ਸਰਬਜੀਤ ਸਿੰਘ, ਦੀਪਕ ਸ਼ਰਮਾ ਚਰਨਾਰਥਲ, ਬਲਕਾਰ ਸਿੱਧੂ, ਵਿਧਾਇਕ ਪ੍ਰਗਟ ਸਿੰਘ, ਗਿਆਨੀ ਕੇਵਲ ਸਿੰਘ ਆਦਿ ਬੁਲਾਰਿਆਂ ਨੇ ਸਾਂਝੀ ਸੁਰ ਵਿਚ ਪੰਜਾਬ ਰਾਜ ਭਾਸ਼ਾ ਐਕਟ 2008 ਦੇ ਹਵਾਲੇ ਨਾਲ ਜ਼ੋਰ ਦੇ ਕੇ ਕਿਹਾ ਕਿ ਰਾਜ ਦੇ ਸਰਕਾਰੀ, ਅਰਧ-ਸਰਕਾਰੀ, ਪ੍ਰਾਈਵੇਟ-ਪਬਲਿਕ ਅਤੇ ਸੀ ਬੀ ਐੱਸ ਸੀ ਜਾਂ ਆਈ ਸੀ ਐੱਸ ਸੀ ਦੇ ਸਕੂਲਾਂ ਵਿਚ ਦਸਵੀਂ ਤੱਕ ਪੰਜਾਬੀ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਇਆ ਜਾਵੇ।

# ਜੱਟ ਸਿੱਖ ਕੌਂਸਲ ਵੱਲੋਂ ਪੰਜ ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ



ਜਲੰਧਰ (ਕਮਲਜੀਤ ਥਾਬਲਕੇ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ ਜਲੰਧਰ ਵਿਖੇ ਜੱਟ ਸਿੱਖ ਕੌਂਸਲ ਵੱਲੋਂ ਪੰਜ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ। ਜੱਟ ਸਿੱਖ ਕੌਂਸਲ ਦੇ ਇਸ ਉਪਰਾਲੇ ਦਾ ਮਕਸਦ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਪ੍ਰੋਤਸਾਹਿਤ ਕਰਨਾ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਸਹਿਯੋਗ ਦੇਣਾ ਹੈ। ਇਸ ਮੌਕੇ ਜੱਟ ਕੌਂਸਲ ਦੇ ਪ੍ਰਧਾਨ ਕੁਲਜੀਤ ਸਿੰਘ ਹੇਅਰ, ਲਾਇਲਪੁਰ ਖ਼ਾਲਸਾ ਕਾਲਜ ਦੇ ਆਨਰੇਰੀ ਸਕੱਤਰ ਜਸਪਾਲ ਸਿੰਘ ਵੜੈਚ ਅਤੇ ਕੌਂਸਲ ਦੇ ਫ਼ਾਇਨਾਂਸ ਸਕੱਤਰ ਸੁਖਬਹਾਰ ਸਿੰਘ ਵੜੈਚ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਮਾਗਮ ਦੌਰਾਨ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਅੱਗੇ ਵਧਣ ਅਤੇ ਸਮਾਜ ਲਈ ਚੰਗੇ ਉਦਾਹਰਨ ਬਣਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਓ.ਐਸ.ਡੀ. ਡਾ. ਨਵਜੋਤ ਵੱਲੋਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿੱਖਿਆ ਸਿਰਫ਼ ਡਿਗਰੀ ਹਾਸਲ ਕਰਨ ਦਾ ਸਾਧਨ ਨਹੀਂ ਰਹੀ, ਸਗੋਂ ਇਹ ਸਮਾਜਿਕ ਅਤੇ ਆਰਥਿਕ ਤਰੱਕੀ ਦੀ ਸਭ ਤੋਂ ਵੱਡੀ ਕੁੰਜੀ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਈ ਹੋਣਹਾਰ ਵਿਦਿਆਰਥੀ ਕੇਵਲ ਆਰਥਿਕ ਮੁਸ਼ਕਲਾਂ ਕਾਰਨ ਆਪਣੇ ਸੁਪਨੇ ਪੂਰੇ ਨਹੀਂ ਕਰ ਸਕਦੇ ਅਤੇ ਅਜਿਹੇ ਵਿੱਚ ਕੌਂਸਲ ਵੱਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨਾਲ ਆਪਣਾ ਭਵਿੱਖ ਤਿਆਰ ਕਰਨ ਦੀ ਅਪੀਲ ਵੀ ਕੀਤੀ।ਇਸ ਮੌਕੇ ਪੰਜ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ, ਜਿਨ੍ਹਾਂ ਵਿੱਚ ਪ੍ਰਭਸਿਮਰਨ ਕੌਰ, ਮਨਬੀਰ ਕੌਰ, ਮਹਿਕਪ੍ਰੀਤ ਕੌਰ, ਕਰਨਦੀਪ ਸਿੰਘ (ਬੀਕਾਮ) ਅਤੇ ਪਰਜਿੰਦਰ ਕੌਰ (ਐਮ.ਏ. ਪੰਜਾਬੀ) ਸ਼ਾਮਲ ਹਨ। ਕੁਲਜੀਤ ਸਿੰਘ ਹੇਅਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੱਟ ਸਿੱਖ ਕੌਂਸਲ ਹਮੇਸ਼ਾ ਸਿੱਖਿਆ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਲਈ ਵਚਨਬੱਧ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੋਣਹਾਰ ਵਿਦਿਆਰਥੀਆਂ ਦੀ ਮਦਦ ਕਰਨਾ ਸਮਾਜ ਦੇ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ। ਜਸਪਾਲ ਸਿੰਘ ਵੜੈਚ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ, ਜਦਕਿ ਸੁਖਬਹਾਰ ਸਿੰਘ ਵੜੈਚ ਨੇ ਸਿੱਖਿਆ ਸੰਸਥਾਵਾਂ ਦੀ ਭੂਮਿਕਾ ਦੀ ਸਰਾਹਨਾ ਕੀਤੀ।ਡਾ. ਨਵਜੋਤ ਆਏ ਹੋਏ ਮਹਿਮਾਨਾਂ ਅਤੇ ਜੱਟ ਸਿੱਖ ਕੌਂਸਲ ਦੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਨਗਰ ਕੌਂਸਲ ਚੋਣਾਂ 'ਚ ਲੱਗ ਰਹੀ ਵੋਟਾਂ ਦੀ ਬੋਲੀ

ਫਿਲੌਰ (ਨਿਰਮਲ)- ਫਿਲੌਰ ਵਿਖੇ ਨਗਰ ਕੌਂਸਲ ਚੋਣਾਂ ਹੋ ਰਹੀਆਂ ਹਨ। ਹਰ ਇੱਕ ਸਿਆਸੀ ਪਾਰਟੀ ਅਤੇ ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ ਅਤੇ ਜਿੱਤਣ ਲਈ ਜ਼ੋਰ ਲਗਾ ਰਹੇ ਹਨ।ਨਗਰ ਕੌਂਸਲ ਚੋਣਾਂ ਵਿੱਚ ਇੱਕ ਇੱਕ ਵੋਟ ਦੀ ਕੀਮਤ ਹੁੰਦੀ ਹੈ ਜਿਸ ਕਾਰਨ ਹਰ ਉਮੀਦਵਾਰ ਇੱਕ ਇੱਕ ਵੋਟ 'ਤੇ ਨਜ਼ਰ ਰੱਖ ਰਹੇ ਹਨ। ਸੂਤਰਾਂ ਮੁਤਾਬਕ ਮਿਲੀ ਜਾਣਕਾਰੀ ਅਨੁਸਾਰ ਨਗਰ ਕੌਂਸਲ ਚੋਣਾਂ ਦੇ ਵੱਖ ਵੱਖ ਵਾਰਡਾਂ 'ਚ ਵੋਟਾਂ ਦੀ ਕੀਮਤ ਲੱਗ ਰਹੀ ਹੈ। ਕਈ ਵੋਟਰ ਸ਼ਰੇਆਮ ਪੈਸਾ, ਸ਼ਰਾਬ ਜਾ ਹੋਰ ਸਮਾਨ ਦੀ ਮੰਗ ਕਰ ਰਹੇ ਹਨ। ਇਸੇ ਸਬੰਧੀ ਇੱਕ ਸਮਾਜ ਸੇਵੀ ਨੇ ਦੱਸਿਆ ਕਿ ਜਿਸ ਘਰ ਵਿੱਚ 12 ਵੋਟਾਂ ਹਨ ਉਹ ਫਰਿਜ ਜਾਂ ਕੂਲਰ ਮੰਗ ਕਰ ਰਹੇ ਹਨ ਅਤੇ ਕਈ ਵੋਟਰ ਆਪਣੀਆਂ ਵੋਟਾਂ ਦੀ ਕੀਮਤ ਨਗਦ ਲੈ ਰਹੇ ਹਨ। ਉਸ ਨੇ ਦੱਸਿਆ ਕਿ ਵੋਟਾਂ ਦੀ ਕੀਮਤ ਲੱਗਣ ਕਾਰਨ ਨਗਰ ਕੌਂਸਲ ਚੋਣ ਦਿਲਚਸਪ ਹੁੰਦੀ ਜਾ ਰਹੀ ਹੈ। ਕਿਉਂਕਿ ਵੋਟਰ ਵੋਟਾਂ ਦੀ ਕੀਮਤ ਇੱਕ ਪਾਰਟੀ ਕੋਲੋਂ ਲੈ ਕੇ ਸੰਤੁਸ਼ਟ ਨਹੀਂ ਹੁੰਦੇ ਉਹ ਹਰ ਉਮੀਦਵਾਰ ਕੋਲੋਂ ਵੋਟ ਦੀ ਕੀਮਤ ਵਸੂਲ ਰਹੇ ਹਨ।

# ਜ਼ਿਲ੍ਹੇ ਦੇ ਸਰਕਾਰੀ ਤੇ ਨਿੱਜੀ ਦਫ਼ਤਰਾਂ 'ਚ ਡੇਂਗੂ ਰੋਕਥਾਮ ਨਿਰੀਖਣ

ਮੁਹਾਲੀ (ਗੁਰਜੀਤ ਬਿੱਲਾ)

'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਤੇ ਨਿੱਜੀ ਦਫ਼ਤਰਾਂ ਵਿਚ ਚੈਕਿੰਗ ਕੀਤੀ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਨਗਰ ਨਿਗਮ ਦਫ਼ਤਰ ਮੋਹਾਲੀ ਵਿਚ ਚੱਲ ਰਹੀ ਜਾਂਚ ਮੁਹਿੰਮ ਦਾ ਨਿਰੀਖਣ ਕੀਤਾ।ਉਨ੍ਹਾਂ ਦੱਸਿਆ ਕਿ ਟੀਮਾਂ ਨੇ ਨਗਰ ਨਿਗਮ ਦੀ ਇਮਾਰਤ ਵਿਚ ਵੱਖ-ਵੱਖ ਥਾਈਂ ਕੰਟੇਨਰ ਚੈੱਕ ਕੀਤੇ ਤੇ ਕਿਤੇ ਵੀ ਲਾਰਵਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਇਮਾਰਤ ਅੰਦਰ ਕਿਸੇ ਵੀ ਥਾਂ ਪਾਣੀ ਨਹੀਂ ਖੜ੍ਹਾ ਸੀ ਅਤੇ ਹਰ ਕਿਸੇ ਨੂੰ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਡੇਂਗੂ ਬੁਖ਼ਾਰ ਤੋਂ ਬਚਣ ਲਈ ਕਿਸੇ ਵੀ ਜਗ੍ਹਾ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ।ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਮੁਲਾਜ਼ਮਾਂ ਅਤੇ ਹੋਰ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ ਗਿਆ।



# ਖਾਦਾਂ ਦੀ ਸੰਤੁਲਿਤ ਵਰਤੋਂ ਦੀ ਮੁਹਿੰਮ ਤਹਿਤ ਜਾਗਰੂਕਤਾ ਕੈਂਪ



ਨਵਾਂ ਸ਼ਹਿਰ, (ਮਨੋਜ ਲਾਡੀ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਭਾਰਤੀ ਖੇਤੀ ਖੋਜ ਸੰਸਥਾ-ਅਟਾਰੀ, ਜ਼ੋਨ-ਲੁਧਿਆਣਾ ਦੀ ਅਗਵਾਈ ਹੇਠ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 'ਖਾਦਾਂ ਦੀ ਸੰਤੁਲਿਤ ਵਰਤੋਂ' ਮੁਹਿੰਮ ਅਧੀਨ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 44 ਕਿਸਾਨਾਂ ਨੇ ਭਾਗ ਲਿਆ ।ਇਸ ਕੈਂਪ ਵਿੱਚ ਡਾ. ਜਸਵਿੰਦਰ ਕੁਮਾਰ, ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ) ਨੇ ਮਿਆਰੀ ਉਪਜ ਪੈਦਾ ਕਰਨ ਲਈ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾ ਖਾਦਾਂ ਦੀ ਵਰਤੋਂ ਮਿੱਟੀ ਪਰਖ ਅਧਾਰ ਉੱਤੇ ਕਰਨ ਦੀ ਸਲਾਹ ਦਿੰਦੇ ਹੋਏ ਕਿਸਾਨਾਂ ਨੂੰ ਸਾਉਣੀ ਦੀ ਫ਼ਸਲ ਬੀਜਣ ਤੋਂ ਪਹਿਲਾਂ ਅਪਣੇ ਖੇਤਾਂ ਦੀ ਮਿੱਟੀ ਦੀ ਪਰਖ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਖਾਦਾਂ ਦੀ ਬੇਲੋੜੀ ਵਰਤੋਂ ਅਤੇ ਕਿਸਾਨਾਂ ਦਾ ਆਰਥਿਕ ਨੁਕਸਾਨ ਨੂੰ ਘਟਾਇਆ ਜਾ ਸਕੇ।

# ਸਰਕਾਰਾਂ ਦੀਆਂ ਨੀਤੀਗਤ ਅਸਫਲਤਾਵਾਂ ਦਾ ਨਤੀਜਾ ਹੈ ਕਾਕਰੋਚ ਜਨਤਾ ਪਾਰਟੀ : ਧਾਲੀਵਾਲ

ਫਗਵਾੜਾ (ਡਾ. ਰਮਨ)- ਸੇਵਾ-ਮੁਕਤ ਆਈ ਏ ਐੱਸ ਅਧਿਕਾਰੀ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਦੇਸ਼ ਅਤੇ ਪੰਜਾਬ ਵਿੱਚ ਵਧ ਰਹੀ ਬੇਰੁਜ਼ਗਾਰੀ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਇਸੇ ਕਰਕੇ ਦੇਸ਼ ਵਿੱਚ ਇੱਕ ਟਿੱਪਣੀ ਤੋਂ ਬਾਅਦ ਨੌਜਵਾਨਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕਾਕਰੋਚ ਜਨਤਾ ਪਾਰਟੀ ਬਣਾਈ ਹੈ। ਇਹ ਸਿਰਫ਼ ਨੌਜਵਾਨਾਂ ਅੰਦਰ ਗੁੱਸਾ ਹੀ ਨਹੀਂ, ਸਗੋਂ ਸਿਸਟਮ ਲਈ ਇੱਕ ਚੁਣੌਤੀ ਵੀ ਹੈ।ਧਾਲੀਵਾਲ ਨੇ ਕਿਹਾ ਕਿ ਅੱਜ ਪੜ੍ਹੇ-ਲਿਖੇ ਨੌਜਵਾਨ ਨੌਕਰੀਆਂ ਦੀ ਭਾਲ ਵਿੱਚ ਦਰ-ਦਰ ਭਟਕਣ ਲਈ ਮਜਬੂਰ ਹਨ, ਪਰ ਸਰਕਾਰਾਂ ਕੋਲ ਠੋਸ ਰੁਜ਼ਗਾਰ ਨੀਤੀ ਦੀ ਘਾਟ ਹੈ। ਉਨ੍ਹਾ ਕਿਹਾ ਕਿ ਇਹ ਸਿਰਫ਼ ਸਰਕਾਰਾਂ ਦੀ ਅਸਫਲਤਾ ਹੀ ਨਹੀਂ, ਸਗੋਂ ਸਮੁੱਚੇ ਪ੍ਰਸ਼ਾਸਕੀ ਅਤੇ ਰਾਜਨੀਤਕ ਪ੍ਰਣਾਲੀ ਦੀ ਅਸਫਲਤਾ ਦਾ ਸਬੂਤ ਵੀ ਹੈ।

# ਅੰਮ੍ਰਿਤਸਰ ਵਿਖੇ ਅੱਜ ਹੋ ਰਹੇ ਆਦਿਧਰਮ ਮਹਾਂਉਤਸਵ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ : ਸੁਰਿੰਦਰ ਜਾਜਾ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਭਾਰਤੀਯ ਵਾਲਮੀਕਿ ਧਰਮ ਸਮਾਜ ਵੱਲੋਂ ਪਾਵਨ ਬਾਲਮੀਕਿ ਆਸ਼ਰਮ ਅੰਮ੍ਰਿਤਸਰ ਵਿਖੇ 24 ਮਈ ਨੂੰ ਕਰਵਾਏ ਜਾ ਰਹੇ 62ਵੇਂ ਸਥਾਪਨਾ ਦਿਵਸ ਨੂੰ ਸਮਰਪਤ ਆਦਿਧਰਮ ਮਹਾਂਉਤਸਵ ਦੀਆਂ ਮੁਕੰਮਲ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਵਾਲਮੀਕਿ ਤੀਰਥ ਅੰਮ੍ਰਿਤਸਰ ਦੇ ਜੀ.ਐਮ ਮਦੁਰ ਭਾਟੀਆ ਦੀ ਅਗਵਾਈ ਵਿੱਚ ਇਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਵਾਧਸ ਦੇ ਸਰਬਉਚ ਨਿਰਦੇਸ਼ਕ ਨਰੇਸ਼ ਧੀਂਗਾਨ, ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਅਤੇ ਯੁਵਾ ਵਿੰਗ ਦੇ ਰਾਸ਼ਟਰੀ ਵਾਈਸ ਪ੍ਰਧਾਨ ਆਕਾਸ਼ ਲੋਹਟ ਤੋਂ ਇਲਾਵਾ ਹੋਰ ਉੱਘੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਰਤੀਯ ਵਾਲਮੀਕਿ ਧਰਮ ਸਮਾਜ ਦੇ ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਨੇ ਕਿਹਾ ਕਿ ਰਾਸ਼ਟਰੀ ਸਰਬਉੱਚ ਨਿਰਦੇਸ਼ਕ ਨਰੇਸ਼ ਧੀਂਗਾਨ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਵਿੱਚ ਭਾਵਾਧਸ ਦੇ ਰਾਸ਼ਟਰੀ ਮੁੱਖ ਸੰਚਾਲਕ ਸ਼ਿਵ ਅਚਾਰਿਆ, ਰਾਸ਼ਟਰੀ ਨਿਰਦੇਸ਼ਕ ਰਾਮ ਲਾਲ ਕਲਿਆਣ, ਸੂਰਤ ਸਿੰਘ, ਰਾਸ਼ਟਰੀ ਨਿਰਦੇਸ਼ਕ ਓ.ਪੀ ਕਲਿਆਣ, ਰਾਸ਼ਟਰੀ ਜਨਰਲ ਸਕੱਤਰ ਦਿਨੇਸ਼ ਗਹਿਲੋਤ, ਰਾਸ਼ਟਰੀ ਕੈਸ਼ੀਅਰ ਮਹੇਸ਼ ਦ੍ਰਵਿੜ, ਮਹਿਲਾ ਵਿੰਗ ਦੀ ਰਾਸ਼ਟਰੀ ਪ੍ਰਧਾਨ ਕਾਂਤਾ ਦੇਵ ਮਰਿਅਲ, ਯੂਥ ਵਿੰਗ ਦੇ ਰਾਸ਼ਟਰੀ ਪ੍ਰਧਾਨ ਮੁਕੇਸ਼ ਸਿਰਸਵਾਲ ਤੋਂ ਇਲਾਵਾ ਹੋਰ ਭਾਵਾਧਸ ਵਰਕਰ ਹਾਜ਼ਰ ਸਨ।ਸੁਰਿੰਦਰ ਜਾਜਾ ਨੇ ਕਿਹਾ ਕਿ ਭਾਵਾਧਸ ਦੇ ਰਾਸ਼ਟਰੀ ਨਿਰਦੇਸ਼ਕ ਨਰੇਸ਼ ਧੀਂਗਾਨ ਜਿਹੜੇ ਕਿ ਇਸ ਆਦਿਧਰਮ ਮਹਾਂਉਤਸਵ ਦੇ ਮੁੱਖ ਪ੍ਰਬੰਧਕ ਵੀ ਹਨ ਦੀ ਅਗਵਾਈ ਵਿੱਚ ਇਸ ਉਤਸਵ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਭਰ ਦੀਆਂ ਵੱਖ-ਵੱਖ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਵਾਲਮੀਕਿ ਸਮਾਜ ਅਤੇ ਧਰਮ ਪ੍ਰਚਾਰ ਕਰਨ ਲਈ ਪ੍ਰੇਰਿਤ ਕਰਨਗੀਆਂ।ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਵਿਖੇ 24 ਮਈ ਨੂੰ ਕਰਵਾਏ ਜਾ ਰਹੇ ਆਦਿਧਰਮ ਮਹਾਂਉਤਸਵ ਵਿੱਚ ਸ਼ਾਮਲ ਹੋਣ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਦਰਬਾਰ ਬਾਬਾ ਜੀਜੂ ਸ਼ਾਹ ਕਾਦਰੀ ਜੇਜੋਂ ਵਿਖੇ ਸਾਲਾਨਾ ਮੇਲਾ 27 ਤੋਂ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-ਦਰਬਾਰ ਬਾਬਾ ਜੀਜੂ ਸ਼ਾਹ ਜੀ ਕਾਦਰੀ ਜੇਜੋਂ ਵਿਖੇ ਦਾਤਾ ਜੀ ਦਾ ਸਲਾਨਾ ਮੇਲਾ 27, 28, 29, 30 ਮਈ ਨੂੰ ਬੜੀ ਸ਼ਰਧਾ ਨਾਲ ਬੀਬੀ ਸੁਮਿੱਤਰ ਕੌਰ ਜੀ ਗੱਦੀ ਨਸ਼ੀਨ ਦੀ ਯੋਗ ਅਗਵਾਈ ਹੇਠ ਸਾਂਈ ਅਮਰੀਕ ਸ਼ਾਹ ਜੀ ਗੱਦੀ ਨਸ਼ੀਨ ਦਰਬਾਰ ਖਾਕੀ ਸ਼ਾਹ ਜੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। 27 ਮਈ ਨੂੰ ਸ਼ਾਮ 6 ਵਜੇ ਮਹਿੰਦੀ ਦੀ ਰਸਮ ਅਦਾ ਹੋਵੇਗੀ। 28 ਮਈ ਸ਼ਾਮੀਂ 4 ਵਜੇ ਝੰਡੇ ਦੀ ਰਸਮ, 29 ਮਈ ਸਲਾਨਾ ਮੇਲਾ ਅਤੇ 30 ਮਈ ਨੂੰ ਚਾਦਰ ਦੀ ਰਸਮ ਅਦਾ ਹੋਵੇਗੀ। ਮੇਲੇ ਵਿੱਚ ਮਸ਼ਹੂਰ ਕਵਾਲ ਅਤੇ ਨਕਾਲ ਆਪਣੀ ਹਾਜ਼ਰੀ ਭਰਨਗੇ। ਇਸ਼ਰਤ ਅਲੀ, ਕੁਲਦੀਪ ਰੁਹਾਨੀ, ਸੂਬੇ ਖਾਨ ਕਵਾਲ, ਇਸੂ ਨਕਾਲ, ਰੋਕੀ ਖਾਨ, ਲੱਕੀ ਹਿਆਲਾ, ਰੈਕੀ ਸਿੰਘ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਐਂਕਰ ਦੀਆਂ ਸੇਵਾਵਾਂ ਜੱਸੀ ਮੁੱਗੋਵਾਲ ਨਿਭਾਉਣਗੇ। ਪ੍ਰਦੀਪ ਮਿਊਜ਼ਿਕ ਦੀਆਂ ਸੇਵਾਵਾਂ ਦੇਣਗੇ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਆਪਣੀ ਹਾਜ਼ਰੀ ਲਗਵਾਉਣਗੇ। ਦਾਤਾ ਜੀ ਦਾ ਲੰਗਰ ਅਟੁੱਟ ਵਰਤੇਗਾ। ਇਸ ਮੌਕੇ ਬੀਬੀ ਨਸੀਬ ਕੌਰ ਕਾਦਰੀ, ਸ਼ੀਲਾ ਮਹੰਤ ਸਾਬਰੀ ਜੀ, ਸਾਂਈ ਹਰੀ ਰਾਮ ਕਾਦਰੀ ਦੀਆਂ ਸੇਵਾਵਾਂ ਨੂੰ ਵੀ ਯਾਦ ਕੀਤਾ ਜਾਵੇਗਾ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ 29 ਮਈ ਨੂੰ ਡਾਕਟਰ ਜਸਵੰਤ ਥਿੰਦ ਅਤੇ ਡਾਕਟਰ ਪ੍ਰਭ ਹੀਰ ਦੀ ਯੋਗ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

# ਕਰਮਜੀਤ ਸਿੰਘ ਚੱਠਾ ਸਪੁਰਦ-ਏ-ਆਤਿਸ਼



ਚਿਖਾ ਨੂੰ ਅਗਨੀ ਦਿਖਾਉਂਦੇ ਹੋਏ ਪਹਿਲਵਾਨ ਨਛੱਤਰ ਸਿੰਘ ਸੱਤੀ ਢੰਡੋਵਾਲ

ਸ਼ਾਹਕੋਟ (ਅਮਨਦੀਪ ਸੈਦਪੁਰੀ)

ਨਛੱਤਰ ਸਿੰਘ ਸੱਤੀ ਪਹਿਲਵਾਨ ਢੰਡੋਵਾਲ ਅਤੇ ਸੁਖਵੰਤ ਸਿੰਘ ਦੇ ਪਿਤਾ ਕਰਮਜੀਤ ਸਿੰਘ ਚੱਠਾ ਬੀਤੀ 21 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸਨਿੱਚਰਵਾਰ ਪਿੰਡ ਢੰਡੋਵਾਲ ਦੇ ਸਵਰਗ ਆਸ਼ਰਮ ਵਿੱਚ ਉਨ੍ਹਾ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ। ਅੰਤਮ ਸੰਸਕਾਰ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਜਗਤਾਰ ਸਿੰਘ ਖਾਲਸਾ ਪ੍ਰਧਾਨ ਸਹਿਕਾਰੀ ਸਭਾ ਢੰਡੋਵਾਲ, ਬਲਹਾਰ ਸਿੰਘ ਨੰਬਰਦਾਰ ਢੰਡੋਵਾਲ, ਅਸ਼ਵਿੰਦਰ ਪਾਲ ਸਿੰਘ ਖਹਿਰਾ ਸਾਬਕਾ ਚੇਅਰਮੈਨ ਸ਼ੂਗਰ ਮਿੱਲ ਨਕੋਦਰ, ਸੁਖਦੀਪ ਸਿੰਘ ਕੰਗ ਪੀ ਏ ਰਾਣਾ ਹਰਦੀਪ ਸਿੰਘ ਭਾਜਪਾ ਆਗੂ, ਡਾ. ਜਗਤਾਰ ਸਿੰਘ ਚੰਦੀ, ਪਵਨ ਕੁਮਾਰ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਹਰਦੇਵ ਸਿੰਘ ਪੀਟਾ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ, ਬੂਟਾ ਸਿੰਘ ਕਲਸੀ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਬੰਟੀ ਬੱਠਲਾ ਪ੍ਰਧਾਨ ਵਾਤਾਵਰਨ ਸੁਧਾਰ ਸੁਸਾਇਟੀ, ਸਤੀਸ਼ ਰਿਹਾਨ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਅਨਿਲ ਕੁਮਾਰ ਅੱਗਰਵਾਲ, ਖੁਸ਼ਦੀਪ ਸਿੰਘ ਧੰਜੂ, ਐਡਵੋਕੇਟ ਦੀਪਕ ਸ਼ਰਮਾ ਮਲਸੀਆਂ, ਗੁਰਨਾਮ ਸਿੰਘ ਚੱਠਾ ਢੰਡੋਵਾਲ, ਵੀਰ ਕੁਲਵੰਤ ਸਿੰਘ ਢੰਡੋਵਾਲ, ਅੰਮ੍ਰਿਤ ਲਾਲ ਕਾਕਾ, ਰਣਜੀਤ ਸਿੰਘ ਨਵਾਂ ਪਿੰਡ ਖਾਲੇਵਾਲ, ਵਿਕਰਮਜੀਤ ਸਿੰਘ ਮੁੱਖ ਮੁਨਸ਼ੀ ਥਾਣਾ ਸ਼ਾਹਕੋਟ, ਪਹਿਲਵਾਨ ਮਲਕੀਤ ਕਾਂਜਲੀ, ਪਹਿਲਵਾਨ ਮਜੀਦਾ, ਡਾ. ਰਾਜੇਸ਼ ਚੌਹਾਨ, ਸੁੱਖਾ ਢੇਸੀ, ਮਨਜਿੰਦਰ ਸਿੰਘ ਸਰਪੰਚ ਟੁੱਟ ਸ਼ੇਰ ਸਿੰਘ, ਜਗਦੀਸ਼ ਲਾਲ ਸਾਬਕਾ ਸਰਪੰਚ ਟੁੱਟ ਸ਼ੇਰ ਸਿੰਘ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ ਸੈਦਪੁਰ ਝਿੜੀ, ਕਾਲਾ ਗੁੱਜਰ, ਜਗਤਾਰ ਸਿੰਘ ਤਾਰੀ ਸਾਬਕਾ ਸਰਪੰਚ ਬਾਜਵਾ ਕਲਾਂ, ਬਾਈ ਸ਼ਿੰਦਰ ਬਾਜਵਾ ਕਲਾਂ, ਤਾਰੀ ਚੱਠਾ, ਜੱਗਾ ਢੰਡੋਵਾਲ, ਮਨਜੀਤ ਜੀਤਾ ਚੋਪੜਾ, ਜ਼ੈਬੀ ਢੰਡੋਵਾਲ, ਸ਼ਿੰਦਰ ਪਾਲ ਢੰਡੋਵਾਲ, ਰਾਜੂ ਸਰਵਿਸ ਸਟੇਸ਼ਨ, ਵਿਕਾਸ ਆਦਿ ਮੌਜੂਦ ਸਨ।ਪਰਵਾਰਕ ਸੂਤਰਾ ਮੁਤਾਬਕ ਕਰਮਜੀਤ ਸਿੰਘ ਚੱਠਾ ਨਮਿਤ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਅਤੇ ਅੰਤਮ ਅਰਦਾਸ 24 ਮਈ (ਐਤਵਾਰ) 12 ਤੋਂ ਇੱਕ ਵਜੇ ਤੱਕ ਗੁਰਦੁਆਰਾ ਸਿੰਘ ਸਭਾ ਢੰਡੋਵਾਲ ਵਿਖੇ ਹੋਵੇਗੀ।

# ਤਰਲੋਚਨ ਕੌਰ ਵਾਲੀਆ ਦੇ ਚੋਣ ਪ੍ਰਚਾਰ 'ਚ ਆਈ ਤੇਜ਼ੀ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਸ੍ਰੀ ਅਨੰਦਪੁਰ ਸਾਹਿਬ ਦੇ 13 ਵਾਰਡਾਂ ਵਿੱਚ ਅਲੱਗ-ਅਲੱਗ ਚੋਣ ਨਿਸ਼ਾਨ 'ਤੇ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਆਉਣ ਵਾਲੀ 26 ਮਈ ਨੂੰ ਚੋਣਾਂ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਵਾਰਡ ਨੰਬਰ 7 ਤੋਂ ਸਮਾਜ ਸੇਵੀ ਪਰਮਜੀਤ ਸਿੰਘ ਵਾਲੀਆ (ਕਾਲਾ ਵਾਲੀਆ) ਦੀ ਪਤਨੀ ਬੀਬੀ ਤਰਲੋਚਨ ਕੌਰ ਵਾਲੀਆ ਵੱਲੋਂ ਵੀ ਤੱਕੜੀ ਚੋਣ ਨਿਸ਼ਾਨ 'ਤੇ ਚੋਣ ਲੜੀ ਜਾ ਰਹੀ ਹੈ। ਬੀਬੀ ਵਾਲੀਆ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾ ਕਿਹਾ ਕਿ ਉਹਨਾ ਦੀ ਪਹਿਲ ਵਾਰਡ ਦੀਆਂ ਸਾਰੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੋਵੇਗੀ। ਇਸ ਮੌਕੇ ਉਹਨਾ ਨਾਲ ਵਾਰਡ ਨੰਬਰ 7 ਦੇ ਪਤਵੰਤੇ ਹਾਜ਼ਰ ਸਨ।

# ਬੁੰਗਾ ਸਾਹਿਬ ਸਕੂਲ ਵਿਖੇ ਹੋਣਹਾਰ ਵਿਦਿਆਰਥੀ ਸਨਮਾਨਤ



ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-ਬੁੰਗਾ ਸਾਹਿਬ ਸਕੂਲ ਪਿੰਡ ਤਾਜੇਵਾਲ ਵਿਖੇ ਹੋਏ ਇੱਕ ਸਮਾਗਮ ਦੌਰਾਨ ਦਸਵੀਂ ਕਲਾਸ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਫਸਟ ਆਉਣ ਵਾਲੀ ਬੱਚੀ ਲਵਪ੍ਰੀਤ ਕੌਰ ਨੂੰ ਵਧੀਆ ਸੋਲਰ ਸਿਸਟਮ ਪੱਖਾ, ਤਿੰਨ ਲਾਈਟ, ਬਲੂਟੁਥ ਰਿਮੋਟ ਸਿਸਟਮ ਨਾਲ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਦੂਜੇ ਅਤੇ ਤੀਜੇ ਦਰਜੇ ਤੇ ਆਉਣ ਵਾਲੇ ਬੱਚਿਆਂ ਨੂੰ ਵੀ ਤੋਹਫੇ ਦਿੱਤੇ ਗਏ। ਸਰਕਾਰੀ ਸਕੂਲ ਤਾਜੇਵਾਲ ਦੇ ਬੱਚਿਆਂ ਵਾਸਤੇ ਵੀ ਵਿਸ਼ੇਸ਼ ਤੌਰ 'ਤੇ ਕਾਪੀਆਂ, ਪੈਨ ਤੇ ਫਰੂਟ ਵਰਤਾਇਆ ਗਿਆ। ਇਸ ਮੌਕੇ ਬਲਵੀਰ ਸਿੰਘ, ਸਰਦਾਰ ਰਵਿੰਦਰ ਸਿੰਘ, ਮੈਨੇਜਰ ਨਰਵੀਰ ਸਿੰਘ, ਜਸਵੀਰ ਕੌਰ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ। ਇਸ ਮੌਕੇ ਸੰਤ ਮਹਾਂਵੀਰ ਸਿੰਘ ਤਾਜੇਵਾਲ ਨੇ ਬੱਚਿਆ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਬੱਚੇ ਇਸੇ ਤਰ੍ਹਾਂ ਹੀ ਆਪਣੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਾਮਯਾਬ ਹੋਣ, ਅੱਗੇ ਵਧਣ, ਆਪਣੇ ਮਾਤਾ ਪਿਤਾ- ਸਕੂਲ, ਅਧਿਆਪਕਾ ਅਤੇ ਪਿੰਡ ਦਾ ਨਾਮ ਉੱਚਾ ਕਰਨ।

# ਮਗਸੀਪਾ ਵੱਲੋਂ ਰੈਂਪ ਸਕੀਮ ਅਧੀਨ ਉਦਯੋਗਿਕ ਗਿਆਨ ਵਧਾਊ ਦੌਰਾ

ਮੁਹਾਲੀ (ਗੁਰਜੀਤ ਬਿੱਲਾ)

ਮਗਸੀਪਾ, ਪੰਜਾਬ ਵੱਲੋਂ ਉਦਯੋਗ ਤੇ ਵਣਜ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਰੇਜ਼ਿੰਗ ਐਂਡ ਐਕਸਿਲਰੇਟਿੰਗ ਐੱਮ ਐੱਸ ਐੱਮ ਈ ਪਰਫਾਰਮੈਂਸ (ਰੈਂਪ) ਸਕੀਮ ਅਧੀਨ ਇੱਕ ਸਮਰੱਥਾ ਵਿਕਾਸ ਪ੍ਰੋਗਰਾਮ ਅਤੇ ਅੰਤਰ-ਰਾਜੀ ਉਦਯੋਗਿਕ ਐਕਸਪੋਜ਼ਰ ਦੌਰੇ ਦਾ ਆਯੋਜਨ ਨੂੰ ਜੇਐਸ ਕੇ ਇਲੈਕਟਰੀਕਲਜ਼ ਪ੍ਰਾਈਵੇਟ ਲਿਮਿਟਡ, ਬੱਦੀ (ਹਿਮਾਚਲ ਪ੍ਰਦੇਸ਼) ਵਿਖੇ ਕੀਤਾ ਗਿਆ।ਇਹ ਪ੍ਰੋਗਰਾਮ ਇਲੈਕਟ੍ਰਾਨਿਕ ਸਿਸਟਮ ਡਿਜ਼ਾਇਨ ਐਂਡ ਮੈਨੂਫੈਕਚਰਿੰਗ ਖੇਤਰ ਨਾਲ ਸੰਬੰਧਿਤ ਐੱਮ ਐੱਸ ਐੱਮ ਈ ਉਦਯੋਗਪਤੀਆਂ ਅਤੇ ਉਦਯੋਗਿਕ ਪ੍ਰਤਿਨਿਧੀਆਂ ਲਈ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਉਦਯੋਗਿਕ ਸਮਰੱਥਾਵਾਂ ਨੂੰ ਮਜ਼ਬੂਤ ਕਰਨਾ, ਆਧੁਨਿਕ ਨਿਰਮਾਣ ਪ੍ਰਣਾਲੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਅਤੇ ਅੰਤਰ-ਰਾਜੀ ਉਦਯੋਗਿਕ ਸਹਿਯੋਗ ਅਤੇ ਨੈੱਟਵਰਕਿੰਗ ਨੂੰ ਉਤਸ਼ਾਹਿਤ ਕਰਨਾ ਸੀ।ਇਹ ਪ੍ਰੋਗਰਾਮ ਡਾ. ਸੰਜੀਵ ਚੱਢਾ ਦੀ ਰਹਿਨੁਮਾਈ ਅਤੇ ਨਿਗਰਾਨੀ ਹੇਠ ਕਰਵਾਇਆ ਗਿਆ। ਇਸ ਮੌਕੇ ਡਾ. ਮੰਜੁਲਾ ਵਰਮਾ, ਸੰਕੇਤ ਜੈਨ ਅਤੇ ਡਾ. ਦੀਪਤੀ ਸਮੇਤ ਆਯੋਜਕ ਟੀਮ ਵੱਲੋਂ ਮਹੱਤਵਪੂਰਨ ਭੂਮਿਕਾ ਨਿਭਾਈ ਗਈ।ਪ੍ਰੋਗਰਾਮ ਦੌਰਾਨ ਰੈਂਪ ਸਕੀਮ ਦਾ ਸੰਖੇਪ ਜਾਇਜ਼ਾ, ਆਧੁਨਿਕ ਇਲੈਕਟ੍ਰਿਕਲ ਮੈਨੂਫੈਕਚਰਿੰਗ ਪ੍ਰਕਿਰਿਆਵਾਂ, ਸਵਿਚ-ਗਿਅਰ ਅਤੇ ਕੰਟਰੋਲ ਪੈਨਲ ਉਤਪਾਦਨ ਪ੍ਰਣਾਲੀਆਂ, ਵਾਇਰ ਅਤੇ ਕੇਬਲ ਨਿਰਮਾਣ ਸੰਬੰਧੀ ਜਾਣਕਾਰੀ, ਗੁਣਵੱਤਾ ਪ੍ਰਬੰਧਨ ਪ੍ਰਣਾਲੀਆਂ, ਐਕਸਪੋਰਟ ਤਿਆਰੀ ਅਤੇ ਉਦਯੋਗਿਕ ਸਰਵੋਤਮ ਪ੍ਰਥਾਵਾਂ ਦੇ ਅਪਨਾਏ ਜਾਣ ਸੰਬੰਧੀ ਵਿਸਥਾਰਪੂਰਵਕ ਸੈਸ਼ਨ ਕਰਵਾਏ ਗਏ। ਇਨ੍ਹਾਂ ਸੈਸ਼ਨਾਂ ਦਾ ਉਦੇਸ਼ ਐਮ ਐਸ ਐਮ ਈ ਇਕਾਈਆਂ ਦੀ ਮੁਕਾਬਲਾਤਮਕ ਸਮਰੱਥਾ ਨੂੰ ਹੋਰ ਮਜ਼ਬੂਤ ਕਰਨਾ ਸੀ।



# ਵਧੀਕ ਡਿਪਟੀ ਕਮਿਸ਼ਨਰ ਨੇ ਜਨਗਣਨਾ ਡਿਊਟੀ ਨਿਭਾਅ ਰਹੇ ਸਟਾਫ ਨੂੰ ਵੰਡੀਆਂ ਹਾਈਡ੍ਰੇਸ਼ਨ ਕਿੱਟਾਂ

ਜਲੰਧਰ (ਸੁਰਿੰਦਰ ਕੁਮਾਰ)-ਗਰਮੀ ਅਤੇ ਲੂ ਦੇ ਮੱਦੇਨਜ਼ਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵਲੋਂ ਜ਼ਿਲ੍ਹੇ ਵਿੱਚ ਜਨਗਣਨਾ ਦੇ ਕੰਮ ਵਿੱਚ ਲੱਗੇ ਅਮਲੇ ਨੂੰ ਹਾਈਡ੍ਰੇਸ਼ਨ ਕਿੱਟਾਂ ਦੀ ਵੰਡ ਕੀਤੀ ਗਈ।ਇਥੇ ਜਲੰਧਰ ਕੈਂਟ ਸਮੇਤ ਹੋਰ ਵੱਖ-ਵੱਖ ਥਾਵਾਂ 'ਤੇ ਜਨਗਣਨਾ ਸਟਾਫ਼ ਨੂੰ ਕਿੱਟਾਂ ਦੀ ਵੰਡ ਕਰਦਿਆਂ ਉਨ੍ਹਾਂ ਕਿਹਾ ਕਿ ਜਨਗਨਣਾ ਅਮਲੇ ਨੂੰ ਘਰ-ਘਰ ਜਾ ਕੇ ਜਾਣਕਾਰੀ ਇਕੱਤਰ ਕਰਨੀ ਪੈਂਦੀ ਹੈ ਪਰ ਗਰਮੀ ਤੋਂ ਆਪਣੇ-ਆਪ ਨੂੰ ਬਚਾਉਣਾ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਇਸ ਕਾਰਜ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਮਰਦਮਸ਼ੁਮਾਰੀ ਕਰ ਰਹੇ ਅਮਲੇ ਦੀ ਸਿਹਤ ਸੰਭਾਲ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਹਾਈਡ੍ਰੇਸ਼ਨ ਕਿੱਟਾਂ ਦੀ ਵੰਡ ਕੀਤੀ ਜਾ ਰਹੀ ਹੈ।ਉਨ੍ਹਾਂ ਜਨਗਣਨਾ ਸਟਾਫ਼ ਨੂੰ ਹੱਲਾਸ਼ੇਰੀ ਦਿੰਦਿਆਂ ਗਰਮੀ ਤੋਂ ਬਚਾਅ ਲਈ ਨੁਕਤੇ ਵੀ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਿਰ ਨੂੰ ਸਿੱਧੀ ਧੁੱਪ ਤੋਂ ਬਚਾਉਣ ਲਈ ਸਿਰ ਢਕ ਕੇ ਰੱਖਿਆ ਜਾਵੇ। ਇਸ ਤੋਂ ਇਲਾਵਾ ਪਾਣੀ, ਓਆਰਐਸ, ਨਿੰਬੂ-ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਹੋਰ ਤਰਲ ਪਦਾਰਥਾਂ ਦਾ ਸੇਵਨ ਵੱਧ ਤੋਂ ਵੱਧ ਕੀਤਾ ਕੀਤਾ ਜਾਵੇ ਤਾਂ ਜੋ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਵੇ।ਜ਼ਿਕਰਯੋਗ ਹੈ ਕਿ ਜ਼ਿਲ੍ਹੇ ਵਿੱਚ ਜਨਗਣਨਾ-2027 ਤਹਿਤ ਗਿਣਤੀਕਾਰਾਂ ਵੱਲੋਂ 13 ਜੂਨ ਤੱਕ ਘਰ-ਘਰ ਜਾ ਕੇ ਸਰਵੇਖਣ ਕੀਤਾ ਜਾ ਰਿਹਾ ਹੈ।

# ਵਾਰਡ ਨੰਬਰ 7 ਤੋਂ ਕਾਂਗਰਸ ਉਮੀਦਵਾਰ ਪਿੰਕੀ ਦੀ ਚੋਣ ਮੁਹਿੰਮ ਤੇਜ਼



ਮੋਰਿੰਡਾ (ਨਿਹਾਲ ਸਿੰਘ ਕਲਸੀ)

ਨਗਰ ਕੌਂਸਲ ਮੋਰਿੰਡਾ ਦੇ ਵਾਰਡ ਨੰਬਰ 7 ਤੋਂ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਬੀਬੀ ਪਿੰਕੀ ਕੌਰ ਸਾਬਕਾ ਕੌਂਸਲਰ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ ਜਦੋਂ ਬਲਬੀਰ ਸਿੰਘ ਲਾਲਾ, ਗੁਰਵਿੰਦਰ ਸਿੰਘ ਕਕਰਾਲੀ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮੋਰਿੰਡਾ, ਹਰਜੋਤ ਸਿੰਘ ਢੰਗਰਾਲੀ, ਬਲਾਕ ਸੰਮਤੀ ਮੋਰਿੰਡਾ ਦੀ ਸਾਬਕਾ ਚੇਅਰਪਰਸਨ ਬੀਬੀ ਹਰਿੰਦਰ ਕੌਰ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਸਾਬਕਾ ਕੌਂਸਲਰ ਰਿਪੀ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ ਅਤੇ ਇਲਾਕੇ ਦੇ ਪੰਚਾਂ, ਸਰਪੰਚਾਂ ਵਲੋਂ ਬੀਬੀ ਪਿੰਕੀ ਕੌਰ ਦੀ ਚੋਣ ਮੁਹਿੰਮ ਵਿੱਚ ਸ਼ਾਮਲ ਹੋ ਕੇ ਘਰੋਂ ਘਰੀਂ ਜਾ ਕੇ ਵੋਟਾਂ ਮੰਗੀਆਂ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪਿੰਕੀ ਕੌਰ ਦੇ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ। ਉਹਨਾਂ ਮੋਰਿੰਡਾ ਵਾਸੀਆਂ ਨੂੰ ਵਾਰਡ ਨੰਬਰ 7 ਤੋਂ ਕਾਂਗਰਸੀ ਉਮੀਦਵਾਰ ਬੀਬੀ ਪਿੰਕੀ ਕੌਰ ਨੂੰ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ । ਇਸੇ ਸਮੇਂ ਪੰਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜ਼ਿਲ੍ਹਾ ਕਾਂਗਰਸ ਕਮੇਟੀ ਰੂਪਨਗਰ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ ਨੇ ਬੀਬੀ ਪਿੰਕੀ ਕੌਰ ਦੀ ਹਰ ਪ੍ਰਕਾਰ ਦੀ ਮਦਦ ਕਰਨ ਦਾ ਐਲਾਨ ਕੀਤਾ।

# ਸਰੂਪ ਸਿਆਲਵੀ ਦੀ ਨਵੀਂ ਪੁਸਤਕ 'ਕਾਲ ਕਲੰਤਰ' 'ਤੇ ਗੋਸ਼ਟੀ 29 ਨੂੰ




ਚੰਡੀਗੜ੍ਹ (ਸੁਰਜੀਤ ਸੁਮਨ)-ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਚੰਡੀਗੜ੍ਹ ਦੇ ਸਹਿਯੋਗ ਨਾਲ ਪ੍ਰਸਿੱਧ ਕਥਾਕਾਰ ਸਰੂਪ ਸਿਆਲਵੀ ਦੀ ਨਵੀਂ ਪੁਸਤਕ ਕਾਲ ਕਲੰਤਰ ਬਾਰੇ ਸਮਾਗਮ ਕਰਵਾਇਆ ਜਾਏਗਾ। ਇਸ ਸਮਾਗਮ ਦੀ ਪ੍ਰਧਾਨਗੀ ਕਥਕਾਰ ਕਿਰਪਾਲ ਕਜ਼ਾਕ ਕਰਨਗੇ। ਕਿਤਾਬ ਬਾਰੇ ਖੋਜ ਪੱਤਰ ਪ੍ਰੋਫੈਸਰ ਜੇ. ਬੀ. ਸੇਖੋਂ ਅਤੇ ਹਰਪ੍ਰੀਤ ਕੌਰ ਪੜ੍ਹਨਗੇ। ਸਮਾਗਮ 29 ਮਈ ਨੂੰ ਸਵੇਰੇ 10 ਵਜੇ ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਹੋਵੇਗਾ। ਸੰਘ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਕਿਤਾਬ ਸਰੂਪ ਸਿਆਲਵੀ ਦੀ ਮਹੱਤਵਪੂਰਨ ਹੈ ਜਿਸ 'ਚ ਉਸ ਨੇ ਆਪਣੀਆਂ ਚੋਣਵੀਆਂ ਕਹਾਣੀਆਂ ਸ਼ਾਮਲ ਕੀਤੀਆਂ ਹਨ।



ਅਵਤਾਰ ਉੱਪਲ ਫਿਰ ਆਉਣਾ!
(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਨਿੰਮ ਨੂੰ ਪਤਾਸੇ ਖੰਡ ਲੱਗਦੇ ਨੇ
ਪੱਥਰਾਂ ਨੂੰ ਜਿਉਂ ਖੰਭ ਲੱਗਦੇ ਨੇ,
ਇਹ ਵਕਤ ਜਦੋਂ ਵੀ ਬਦਲਦਾ ਏ ਨਾ
ਫੇਰ ਪਿੱਪਲਾਂ ਨੂੰ ਵੀ ਅੰਬ ਲੱਗਦੇ ਨੇ।
- ਰੂਪ ਕੌਰ ਕੂਨਰ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 24 ਮਈ 2026 www.nawanzamana.in ਕੀਮਤ 5.00 ਰੁਪਏ


# ਸਿਰੜ ਤੇ ਦਲੇਰ ਗ਼ਦਰੀ ਕਰਤਾਰ ਸਿੰਘ ਸਰਾਭਾ


ਜਸਦੇਵ ਸਿੰਘ ਲਲਤੋਂ


ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਇਸ ਦੇ ਅੰਦਰ ਅਸਲੀ ਤੇ ਖਰਾ ਕੌਮੀ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦੀ ਹੱਕੀ ਕੌਮੀ ਜੰਗ ਅੰਦਰ ਸ਼ਹੀਦ ਕਰਤਾਰ ਸਿੰਘ ਸਰਾਭਾ ਏਡਾ ਵੱਡਾ ਯੁੱਗਨਾਇਕ ਹੋ ਨਿਬੜਿਆ, ਜੋ ਬਹੁਤ ਹੀ ਦੂਰਅੰਦੇਸ਼ੀ, ਜ਼ਿੰਦਾਦਿਲੀ, ਸਿਰੇ ਦੇ ਆਪਾਵਾਰੂ, ਨਿੱਤ ਨਵੀਂ ਪਹਿਲ-ਕਦਮੀ ਕਰਨ ਵਾਲੇ ਕਰਮਯੋਗੀ ਸਮੇਤ ਸਾਰੇ ਕਾਬਲ ਆਗੂ ਗੁਣਾਂ ਦਾ ਧਾਰਨੀ ਸੀ, ਜਿਸ ਨੂੰ ਗਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਨੇ 'ਬਾਲਾ-ਜਰਨੈਲ' ਕਰਾਰ ਦਿੱਤਾ।

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ ਪਿਤਾ ਸ. ਮੰਗਲ ਸਿੰਘ ਦੇ ਘਰ ਹੋਇਆ । ਮੁੱਢਲੀ ਵਿੱਦਿਆ ਲਈ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾਇਆ ਗਿਆ । ਆਪ ਦੇ ਪਿਤਾ ਇਕਲੌਤੇ ਪੁੱਤਰ ਨੂੰ 5 ਸਾਲ ਦਾ, ਮਾਤਾ ਜੀ 12 ਸਾਲ ਦਾ ਛੱਡ ਕੇ ਸਦਾ ਲਈ ਵਿਛੋੜਾ ਦੇ ਗਏ । ਆਪ ਦੀ ਪਾਲਣਾ ਅਤੇ ਪੜ੍ਹਾਈ ਦਾ ਸਾਰਾ ਜ਼ਿੰਮਾ ਦਾਦਾ ਜੀ ਸ. ਬਦਨ ਸਿੰਘ ਸਿਰ ਆ ਪਿਆ । ਉੱਚ ਵਿੱਦਿਆ ਲਈ ਆਪ ਨੂੰ ਲੁਧਿਆਣਾ ਦੇ ਮਿਸ਼ਨ ਸਕੂਲ ਤੇ ਬਾਅਦ 'ਚ ਚਾਚਾ ਜੀ ਬਖਸ਼ੀਸ਼ ਸਿੰਘ ਪਾਸ 1910 'ਚ ਰੈਵਨਸ਼ਾਅ ਕਾਲਜੀਏਟ ਸਕੂਲ ਕਟਕ (ਉੜੀਸਾ) 'ਚ ਨੌਵੀਂ ਜਮਾਤ 'ਚ ਦਾਖਲ ਕਰਵਾਇਆ ਗਿਆ। ਜਿੱਥੋਂ ਆਪ ਨੇ 1912 'ਚ ਮੈਟ੍ਰਿਕ ਪਾਸ ਕੀਤੀ। ਸਕੂਲ ਦੇ ਮੁਖੀ ਬੇਨੀ ਮਾਧਵ ਦਾਸ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਦਾ ਆਪ ਜੀ 'ਤੇ ਪਹਿਲੀ ਵਾਰੀ ਕਾਫੀ ਡੂੰਘਾ ਅਸਰ ਪਿਆ। ਇਸ ਤੋਂ ਪਿੱਛੋਂ ਆਪ ਕਾਲਜ ਵਿੰਗ 'ਚ ਪੜ੍ਹਨ ਲੱਗੇ। ਸਕੂਲ ਸਮੇਂ ਤੋਂ ਹੀ ਕਰਤਾਰ ਸਿੰਘ ਨੂੰ ਬੇਹੱਦ ਹੁਸ਼ਿਆਰ, ਹੋਣਹਾਰ ਤੇ ਯੋਗ ਹੋਣ ਕਰਕੇ 'ਅਫਲਾਤੂ', ਬਹੁਤ ਹੀ ਤੇਜ਼ ਤੇ ਫੁਰਤੀਲਾ ਹੋਣ ਕਰਕੇ 'ਉਡਣਾ ਸੱਪ' ਆਦਿ ਮਖੌਲੀਆ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ । ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਉੱਚ ਵਿੱਦਿਆ ਲਈ ਬਰਕਲੇ ਯੂਨੀਵਰਸਿਟੀ ਤੋਂ ਪ੍ਰਾਪਤ ਕਰਨ ਲਈ ਆਪ ਅਮਰੀਕਾ ਪਹੁੰਚ ਗਏ ਜੁਲਾਈ 1912 'ਚ । ਲੈ ਲਿਆ ਦਾਖਲਾ ਰਸਾਇਣ ਵਿੱਦਿਆ ਦੀ ਡਿਗਰੀ 'ਚ । ਅਮਰੀਕਨਾਂ ਦੇ ਆਜ਼ਾਦੀ ਦੇ ਰੰਗ-ਢੰਗ ਦੇਖ ਕੇ ਅਤੇ ਭਾਰਤੀਆਂ ਨੂੰ 'ਕੁੱਤੇ', 'ਗੁਲਾਮ ਭੇਡਾਂ', 'ਕਾਲੇ ਕੁੱਲੀ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਦੇ ਸੁਣ ਕੇ ਅਣਖੀਲੇ ਕਰਤਾਰ ਸਿੰਘ ਅੰਦਰ ਦੇਸ਼ ਭਗਤੀ ਅਤੇ ਆਜ਼ਾਦੀ ਦਾ ਬੀਜ ਬੀਜਿਆ ਗਿਆ । ਲਾਲਾ ਹਰਦਿਆਲ, ਭਾਈ ਪਰਮਾਨੰਦ ਲਾਹੌਰ, ਜਤਿੰਦਰ ਲਹਿਰੀ ਬੰਗਾਲੀ ਵਰਗੇ ਇਨਕਲਾਬੀ ਰਾਜਨੀਤਕ ਚੇਤਨਾ ਦੀ ਚੰਗਿਆੜੀ ਮਘਾਉਣ ਲਈ ਪਹਿਲਾਂ ਹੀ ਉਥੇ ਜੁਟੇ ਹੋਏ ਸਨ । ਆ ਗਿਆ ਕਰਤਾਰ ਸਿੰਘ ਹੋਰਨਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਸੰਪਰਕ ਵਿੱਚ । ਲੱਗਾ ਭਾਰਤੀ ਕੌਮੀ-ਕ੍ਰਾਂਤੀਕਾਰੀਆਂ ਦੀਆਂ ਮੀਟਿੰਗਾਂ 'ਚ ਜਾਣ । ਬਣ ਗਿਆ ਪੱਕਾ ਵਿਸ਼ਵਾਸ ਕਿ ਦੇਸ਼ ਨੂੰ ਵਿਦੇਸ਼ੀ ਧਾੜਵੀਆਂ ਤੋਂ ਕੇਵਲ ਹਥਿਆਰਬੰਦ ਸੰਘਰਸ਼ ਰਾਹੀਂ ਹੀ ਮੁਕਤ ਕਰਵਾਇਆ ਜਾ ਸਕਦਾ ਹੈ । ਤੇਜ਼ ਬੁੱਧੀ ਦੇ ਮਾਲਕ ਸਰਾਭਾ ਨੇ ਪੜ੍ਹੇ ਮਹਾਨ ਇਨਕਲਾਬੀ-ਮੈਜ਼ਿਨੀ, ਰੂਸੋ, ਸਨਯਾਤਸੇਨ, ਪ੍ਰਿੰਸ ਕਰੌਪਟਕਿਨ, ਲਾਲਾ ਹਰਦਿਆਲ ਤੇ ਗੁਰੂ ਗੋਬਿੰਦ ਸਿੰਘ ਜੀ ।

ਦਸੰਬਰ 1912 (ਜਾਂ ਜਨਵਰੀ 13) 'ਚ ਭਾਰਤੀਆਂ ਦੀ ਅਸਟੋਰੀਆ (ਔਰੇਗਨ) 'ਚ ਸਥਾਨਕ ਮੀਟਿੰਗ 'ਚ ਪਿੰਡ ਦੇ ਵੱਡੇ ਸਾਥੀ ਰੁਲੀਆ ਸਿੰਘ ਸਰਾਭਾ ਨਾਲ ਸ਼ਾਮਲ ਹੋਏ। ਇਸ ਮੀਟਿੰਗ 'ਚ ਕੇਸਰ ਸਿੰਘ ਠੱਠਗੜ੍ਹ ਨੂੰ ਪ੍ਰਧਾਨ, ਬਲਵੰਤ ਸਿੰਘ ਸੰਘਵਾਲ ਨੂੰ ਸਕੱਤਰ ਚੁਣਿਆ ਗਿਆ ਅਤੇ ਹਿੰਦੁਸਤਾਨ ਐਸੋਸੀਏਸ਼ਨ ਬਣਾਈ ਗਈ। ਇਸ ਮੀਟਿੰਗ ਨੂੰ ਕਰਤਾਰ ਸਿੰਘ ਸਰਾਭਾ ਨੇ ਵੀ ਸੰਬੋਧਨ ਕੀਤਾ। ਮਾਰਚ 13 'ਚ ਅਸਟੋਰੀਆ ਵਿਖੇ ਅਮਰੀਕਾ ਪੱਧਰੀ ਮੀਟਿੰਗ ਹੋਈ, ਜਿਸ ਵਿਚ ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ (ਗਦਰ ਪਾਰਟੀ) ਦੀ ਬਾਕਾਇਦਾ ਸਥਾਪਨਾ ਕੀਤੀ ਗਈ, ਜਿਸ ਵਿਚ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਤੇ ਲਾਲਾ ਹਰਦਿਆਲ ਨੂੰ ਸਕੱਤਰ ਤੇ ਬਾਕੀ ਅਹੁਦੇਦਾਰ ਚੁਣੇ ਗਏ। ਇਸ ਮੀਟਿੰਗ ਵਿਚ ਕਰਤਾਰ ਸਿੰਘ ਵੀ ਸ਼ਾਮਲ ਸੀ। ਰਸਮੀ ਤੌਰ 'ਤੇ ਜੱਥੇਬੰਦੀ ਦੀ ਸਥਾਪਨਾ ਦਾ ਐਲਾਨ 21 ਅਪ੍ਰੈਲ 1913 ਨੂੰ ਸਾਨ ਫਰਾਂਸਿਸਕੋ ਵਿਖੇ ਕੀਤਾ ਗਿਆ। ਜੱਥੇਬੰਦੀ ਨੇ ਹਿੰਦੁਸਤਾਨ ਵਿਚ ਗਦਰ (ਹਥਿਆਰਬੰਦ ਘੋਲ) ਰਾਹੀਂ ਅੰਗਰੇਜ਼ੀ ਹਕੂਮਤ ਦਾ ਫਸਤਾ ਵੱਢਣ ਤੇ ਨਵਾਂ ਕੌਮੀ ਜਮਹੂਰੀ ਰਾਜ ਪ੍ਰਬੰਧ ਕਰਨ ਦਾ ਮੁੱਖ ਟੀਚਾ ਮਿੱਥਿਆ ਗਿਆ। ਜਿਸ ਦੀ ਤਿਆਰੀ ਲਈ 'ਗਦਰ' ਅਖਬਾਰ ਕੱਢਣ 'ਤੇ ਧੁਰ ਹੇਠਾਂ ਤੱਕ ਜੱਥੇਬੰਦਕ ਢਾਂਚੇ ਦੀ ਉਸਾਰੀ ਦੇ ਫੈਸਲੇ ਕੀਤੇ ਗਏ। ਇਸੇ ਮੀਟਿੰਗ ਵਿੱਚ ਹੀ ਕੀਤਾ ਗਿਆ ਸੀ 'ਗ਼ਦਰ' ਅਖ਼ਬਾਰ ਕੱਢਣ ਦਾ ਫੈਸਲਾ, ਜਿਸ ਵਿੱਚ ਕੁੱਝ ਮਹੀਨੇ ਦੀ ਦੇਰੀ ਹੋਈ। ਪਰੰਤੂ ਕਰਤਾਰ ਸਿੰਘ ਵੱਲੋਂ ਲਾਲਾ ਹਰਦਿਆਲ ਨੂੰ ਵਾਰ-ਵਾਰ ਲਟ-ਲਟ ਬਲਦੇ ਉਤਸ਼ਾਹ ਤੇ ਜੋਸ਼ ਨਾਲ ਕੀਤੀ ਜਾਂਦੀ ਜ਼ੋਰਦਾਰ ਮੰਗ ਹੀ ਸੀ ਕਿ ਆਖ਼ਿਰ 1 ਨਵੰਬਰ 1913 ਤੋਂ ਯੁਗਾਂਤਰ ਆਸ਼ਰਮ ਤੋਂ ਗ਼ਦਰ ਅਖ਼ਬਾਰ ਪ੍ਰਕਾਸ਼ਿਤ ਹੋਣ ਲੱਗਾ । ਲਾਲਾ ਹਰਦਿਆਲ ਨੂੰ ਐਡੀਟਰ, ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਨੂੰ ਸਬ ਆਡੀਟਰ ਲਗਾਇਆ ਗਿਆ। ਹਫਤਾਵਾਰੀ ਗਦਰ ਤੋਂ ਇਲਾਵਾ ਦੇਸ਼ ਵਾਸੀਆਂ ਦੇ ਸੁੱਚੇ ਖੂਨ ਨੂੰ ਖੌਲਣ ਲਾਉਣ ਵਾਲੀ ਗਦਰ ਕਾਵਿ ਦਾ ਪਰਚਾ 'ਗਦਰ ਦੀ ਗੂੰਜ' ਵੀ ਸਮੇਂ-ਸਮੇਂ ਸਿਰ ਛਾਪਿਆ ਜਾਂਦਾ। ਹੱਥ ਨਾਲ ਛਾਪੇ ਵਾਲੀ ਮਸ਼ੀਨ ਗੇੜ-ਗੇੜ ਹਜ਼ਾਰਾਂ ਅਖ਼ਬਾਰ ਛਾਪਣ ਤੇ ਵੱਖ-ਵੱਖ ਦੇਸ਼ਾਂ 'ਚ ਘੱਲਣ ਵਾਸਤੇ ਆਪ ਦੀ ਬੇਹੱਦ ਵੱਡੀ ਘਾਲਣਾ ਤੇ ਦੇਣ ਸੀ । ਜਦੋਂ ਮਸ਼ੀਨ ਗੇੜ-ਗੇੜ ਥੱਕ ਕੇ ਚੂਰ ਹੋ ਜਾਂਦੇ ਤਾਂ ਗਾਉਂਦੇ-'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਤੇ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।' ਗ਼ਦਰ ਅਖ਼ਬਾਰ ਸਿੰਘ ਸਰਾਭਾ ਲਗਾਤਾਰ ਬਹੁਤ ਹੀ ਲੇਖ, ਕਵਿਤਾਵਾਂ ਆਪ ਲਿਖਦਾ, ਬੇਨਾਮੀ ਤੌਰ 'ਤੇ ਪ੍ਰਕਾਸ਼ਿਤ ਕਰ ਦਿੰਦਾ, ਉਰਦੂ ਤੋਂ ਪੰਜਾਬੀ 'ਚ ਲਿਖਤਾਂ ਦਾ ਤਰਜ਼ਮਾ ਕਰਦਾ।

ਇਸ ਤੋਂ ਇਲਾਵਾ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਕਰਤਾਰ ਸਿੰਘ ਸਰਾਭਾ ਨੇ ਹਵਾਈ ਜਹਾਜ਼ ਉਡਾਉਣ ਤੇ ਮੁਰੰਮਤ ਕਰਨ ਦੀ ਸਫਲ ਟ੍ਰੇਨਿੰਗ ਵੀ ਲਈ ਤਾਂ ਜੋ ਹਿੰਦ ਜਾ ਕੇ ਗ਼ਦਰ ਲਈ ਹਵਾਈ ਸੈਨਾ ਦੀ ਉਸਾਰੀ ਕੀਤੀ ਜਾ ਸਕੇ ਤੇ ਇਸ ਦੀ ਨਿੱਗਰ ਵਰਤੋਂ ਕੀਤੀ ਜਾ ਸਕੇ।



ਪਾਰਟੀ ਦੇ ਗੁਪਤ ਕਮਿਸ਼ਨ ਦੀ ਹਦਾਇਤ 'ਤੇ ਕਰਤਾਰ ਸਿੰਘ ਨੇ 21-07-1914 ਨੂੰ ਸਾਨ ਫਰਾਂਸਿਸਕੋ ਤੋਂ ਯੋਕੋਹਾਮਾ ਲਈ 100 ਪਿਸਤੌਲਾਂ ਤੇ ਕਾਫੀ ਗੋਲੀ ਸਿੱਕਾ ਅਜਿਹੇ ਗੁਪਤ ਢੰਗ ਨਾਲ ਜਹਾਜ਼ 'ਚ ਜਾ ਟਿਕਾਇਆ ਕਿ ਖੁਫੀਆ ਤੰਤਰ ਕੋਈ ਸ਼ੱਕ ਨਾ ਹੋਇਆ ਅਤੇ ਕਾਮਯਾਬੀ ਨਾਲ ਭਕਨਾ ਜੀ ਨੂੰ ਜਹਾਜ਼ ਚੜ੍ਹਾ ਦਿੱਤਾ। 'ਗਦਰ' ਨੇ 28 ਜੁਲਾਈ ਦੇ ਅੰਕ ਰਾਹੀਂ ਦੇਸ਼ ਵਾਸੀਆਂ ਨੂੰ ਸੁਚੇਤ ਕੀਤਾ ਕਿ ਪਹਿਲੀ ਸੰਸਾਰ ਜੰਗ ਲੱਗ ਗਈ ਹੈ, ਤੁਸੀਂ ਆਪਣੀ ਆਜ਼ਾਦੀ ਦੀ ਜੰਗ ਲਈ ਤਿਆਰ ਹੋ ਜਾਓ।

ਇਸ ਸੱਦੇ ਅਨੁਸਾਰ 6 ਹਜ਼ਾਰ ਤੋਂ ਉਪਰ ਗਦਰੀ ਯੋਧੇ ਵੱਖ-ਵੱਖ ਜਹਾਜ਼ਾਂ ਰਾਹੀਂ ਭਾਰਤ ਪੁੱਜੇ। ਸਤੰਬਰ 1914 'ਚ ਕਰਤਾਰ ਸਿੰਘ ਸਰਾਭਾ ਕੋਲੰਬੋ ਰਾਹੀਂ ਹੁੰਦਾ ਹੋਇਆ ਅਮਰੀਕਾ ਤੋਂ ਭਾਰਤ ਪੁੱਜਾ ਤੇ ਗੁਪਤਵਾਸ ਹੋ ਕੇ ਪੰਜਾਬ 'ਚ ਸ਼ਕਤੀਸ਼ਾਲੀ ਗਦਰ ਪਾਰਟੀ ਦੀ ਜੱਥੇਬੰਦੀ ਦੀ ਉਸਾਰੀ ਤੇ ਹਥਿਆਰਬੰਦ ਗ਼ਦਰ ਦੀ ਤਿਆਰੀ ਲਈ ਦਿਨ-ਰਾਤ ਇਕ ਕਰਨ ਲੱਗਾ। ਉਸ ਦੇ ਅੰਦਰ ਮੌਜੂਦ ਮਾਨਵਤਾ ਲਈ ਬੇਥਾਹ ਪਿਆਰ ਤੇ ਸਤਿਕਾਰ ਦਾ ਉਦੋਂ ਪਤਾ ਲੱਗਦਾ ਹੈ, ਜਦੋਂ ਉਹ 'ਰੱਬੋਂ' ਪਿੰਡ ਦੇ ਡਾਕੇ ਦੌਰਾਨ ਇਕ ਲੜਕੀ ਦੀ ਬਾਂਹ ਨੂੰ ਹੱਥ ਲਾਉਣ ਵਾਲੇ ਆਪ ਦੇ ਇਕ ਸਾਥੀ 'ਤੇ ਪਿਸਤੌਲ ਤਾਣਦਾ ਹੈ, ਉਸ ਨੂੰ ਮਾਵਾਂ-ਧੀਆਂ ਦੇ ਪੈਰੀਂ ਪੈਣ ਦਾ ਹੁਕਮ ਦਿੰਦਾ ਹੈ ਤੇ ਉਨ੍ਹਾਂ ਨੂੰ ਧੀ ਦੇ ਵਿਆਹ ਲਈ ਜਿੰਨੇ ਮਰਜ਼ੀ ਪੈਸੇ ਰੱਖਣ ਲਈ ਪੇਸ਼ਕਸ਼ ਕਰਦਾ ਹੈ ਤੇ ਆਪ ਦੇ ਉੱਚੇ ਤੇ ਸੁੱਚੇ ਬੁਲੰਦ ਕਿਰਦਾਰ ਨੂੰ ਰੂਪਮਾਨ ਕਰਦਾ ਹੈ।

ਕਰਤਾਰ ਸਿੰਘ ਸਰਾਭਾ ਨੇ ਰੋਜ਼ 50-50 ਮੀਲ ਸਾਈਕਲ ਚਲਾ ਕੇ ਕਦੇ ਪੈਦਲ ਪਿੰਡਾਂ, ਸਕੂਲਾਂ 'ਚ ਦਬੱਲ ਕੇ ਗ਼ਦਰ ਦਾ ਪ੍ਰਚਾਰ ਤੇ ਲਾਮਬੰਦੀ ਕੀਤੀ, ਉਥੋਂ ਫਿਰੋਜ਼ਪੁਰ ਤੇ ਮੀਆਂਮੀਰ (ਲਾਹੌਰ) ਸਮੇਤ ਕਈ ਫੌਜੀ ਛਾਉਣੀਆਂ ਅੰਦਰ ਬੇਖੌਫ ਤੇ ਦਲੇਰਾਨਾ ਵਿਧੀ ਨਾਲ ਫੌਜੀਆਂ ਨੂੰ ਗ਼ਦਰ ਲਈ ਤਿਆਰ ਕੀਤਾ । ਪਾਰਟੀ ਵਿਚਲੇ ਗ਼ਦਾਰ-ਕਿਰਪਾਲ ਸਿੰਘ ਵੱਲੋਂ ਗ਼ਦਰ ਦੀ ਤਾਰੀਖ ਤੇ ਯੋਜਨਾ ਪਹਿਲਾਂ 21 ਫਰਵਰੀ 1915, ਫਿਰ 19 ਫਰਵਰੀ 1915 ਬਾਰੇ ਅੰਗਰੇਜ਼ ਹਕੂਮਤ ਪਾਸ ਲੀਕ ਕਰਨ ਦੇ ਸਿੱਟੇ ਵਜੋਂ ਗ਼ਦਰ ਨੂੰ ਵੱਡੀ ਸੱਟ ਵੱਜੀ ਤੇ ਪੂਰੇ ਪੰਜਾਬ 'ਚ ਗ਼ਦਰੀਆਂ ਦੀ ਫੜੋ ਫੜਾਈ ਬਹੁਤ ਹੀ ਤੇਜ਼ ਹੋ ਗਈ । ਆਪ ਦੋ ਸਾਥੀਆਂ-ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘ ਨਾਲ ਫਰੰਟੀਅਰ ਮੇਲ ਚੜ੍ਹ ਕੇ ਅਫਗਾਨਿਸਤਾਨ ਦੇ ਕਬਾਇਲੀ ਇਲਾਕੇ ਨੂੰ ਜਾਣ ਲੱਗੇ। ਲੇਕਿਨ ਪੇਸ਼ਾਵਰ ਉਤਰ ਕੇ ਇਕ ਰਾਤ ਬਤੀਤ ਕਰਕੇ ਫੈਸਲਾ ਕੀਤਾ ਕਿ 'ਬਣੀ ਸ਼ੇਰਾਂ ਸਿਰ ਜਾਣਾ ਕੀ ਭੱਜ ਕੇ'। ਮੁੜ ਆਏ ਦੁਬਾਰਾ ਗਦਰ ਦੀ ਤਿਆਰੀ ਲਈ ਹਿੰਦ 'ਚ ਹੀ ਰਹਿ ਕੇ ਕਰਨੇ ਲਈ। ਲਾਹੌਰ ਨੇੜੇ ਸਰਗੋਧਾ ਦੀ ਬਾਰ ਦੇ ਚੱਕ ਨੰ: 5 ਤੋਂ ਰਾਜਿੰਦਰ ਸਿੰਘ ਪੈਨਸ਼ਨੀਏ ਦੇ ਘਰੋਂ, ਉਸ ਦੀ ਤੇ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦੀ ਗਦਾਰੀ ਤੇ ਮੁਖਬਰੀ ਦੇ ਸਿੱਟੇ ਵਜੋਂ ਆਪ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘਵਾਲਾ 2 ਮਾਰਚ 1915 ਨੂੰ ਇਕੱਠੇ ਫੜੇ ਗਏ ਅਤੇ ਸੈਂਟਰਲ ਜੇਲ੍ਹ ਲਾਹੌਰ 'ਚ ਡੱਕ ਦਿੱਤੇ ਗਏ ।

ਲਾਹੌਰ ਸਾਜਿਸ਼ ਕੇਸ (ਪਹਿਲਾ) ਅਧੀਨ ਚੱਲੇ ਮੁਕੱਦਮੇ ਦੌਰਾਨ ਜੱਜ ਨੇ ਕਿਹਾ, 'ਤੈਨੂੰ ਪਤਾ ਕਿ ਤੇਰੇ ਇਸ ਬਿਆਨ ਦਾ ਕੀ ਸਿੱਟਾ ਹੋ ਸਕਦਾ ਹੈ?" ਸਰਾਭਾ ਨੇ ਕਿਹਾ, 'ਤੁਸੀਂ ਮੈਨੂੰ ਫਾਂਸੀ ਹੀ ਲਗਾ ਦਿਉਗੇ! ਹੋਰ ਕੀ ? ਅਸੀਂ ਇਸ ਤੋਂ ਡਰਦੇ ਨਹੀਂ। ਮੈਂ ਉਮਰ ਕੈਦ ਤੋਂ ਫਾਂਸੀ ਲੱਗਣ ਨੂੰ ਪਹਿਲ ਦੇਵਾਂਗਾ। ਤਾਂ ਜੋ ਛੇਤੀ ਦੁਬਾਰਾ ਜਨਮ ਲੈ ਕੇ, ਮੁੜ ਭਾਰਤ ਦੀ ਆਜ਼ਾਦੀ ਦੀ ਜੰਗ 'ਚ ਕੁੱਦ ਸਕਾਂ"। ਅਗਲੇ ਦਿਨ ਫਾਂਸੀ ਦੇਣ 'ਤੇ ਜੱਜ ਨੂੰ ਕਿਹਾ, "ਧੰਨਵਾਦ"। 13 ਸਤੰਬਰ 1915 ਨੂੰ ਸਰਾਭਾ ਜੀ ਸਮੇਤ 24 ਸਾਥੀਆਂ ਨੂੰ ਫਾਂਸੀ ਤੇ ਜਾਇਦਾਦ-ਜ਼ਬਤੀ ਦੀ ਸਜ਼ਾ ਸੁਣਾਈ ਗਈ। ਪ੍ਰੰਤੂ ਪਿੱਛੋਂ ਵਾਇਸਰਾਏ ਨੇ 17 ਦੀ ਸਜ਼ਾ ਬਦਲ ਕੇ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਕਰ ਦਿੱਤੀ । ਇਹ ਵਰਣਨਯੋਗ ਹੈ ਕਿ ਅਦਾਲਤ 'ਚ ਕਰਤਾਰ ਸਿੰਘ ਨੇ ਬਿਆਨ ਏਨੀ ਸਿਆਣਪ ਤੇ ਦੂਰਅੰਦੇਸ਼ੀ ਨਾਲ ਦਿੱਤੇ, ਜਿਸ ਨਾਲ ਦੁਸ਼ਮਣ ਪਾਸ ਪਹਿਲਾਂ ਹੀ ਪ੍ਰਾਪਤ ਜਾਣਕਾਰੀ ਨੂੰ ਹੀ ਦੁਹਰਾਇਆ ਜਾਵੇ, ਵਾਅਦਾ-ਮੁਆਫ ਗਦਾਰਾਂ ਨੂੰ ਫਸਾਇਆ ਜਾਵੇ ਅਤੇ ਖਰੇ ਗਦਰੀ ਸਾਥੀਆਂ ਦੇ ਰੋਲ ਬਾਰੇ ਗੁਪਤ ਭੇਦਾਂ ਨੂੰ ਵੱਧ ਤੋਂ ਵੱਧ ਲੁਕੋ ਕੇ ਰੱਖਿਆ ਜਾਵੇ ਤੇ ਮੌਤ ਮੂਹਰੇ ਬੁਲੰਦ ਹੌਸਲੇ ਦਾ ਪ੍ਰਗਟਾਵਾ ਕੀਤਾ ਜਾਵੇ। ਫਾਂਸੀ ਤੋਂ ਪਹਿਲਾਂ ਆਪ ਜੀ ਦਾ ਭਾਰ 5 ਕਿੱਲੋ ਵਧ ਚੁੱਕਾ ਸੀ। 16 ਨਵੰਬਰ 1915 ਨੂੰ 7 ਮਹਾਨ ਗਦਰੀ ਯੋਧੇ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ, ਵਿਸ਼ਨੂੰ ਗਣੇਸ਼ ਪਿੰਗਲੇ (ਪੂਨਾ), ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਗਿੱਲਵਾਲੀ-ਅੰਮ੍ਰਿਤਸਰ) ਸੈਂਟਰਲ ਜੇਲ੍ਹ ਲਾਹੌਰ ਵਿਖੇ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਤੇ ਸਦਾ-ਸਦਾ ਲਈ ਅਮਰ ਹੋ ਗਏ।


ਮੋਬਾ. 96464-02470


# ਮਹਾਨ ਇਨਕਲਾਬੀ ਕਰਤਾਰ ਸਿੰਘ ਸਰਾਭਾ


ਦਲਜੀਤ ਰਾਏ ਕਾਲੀਆ


ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਗ਼ਦਰ ਲਹਿਰ ਦਾ ਵਿਸ਼ੇਸ਼ ਯੋਗਦਾਨ ਹੈ। ਗ਼ਦਰ ਲਹਿਰ ਰਾਹੀਂ ਸੈਂਕੜੇ ਦੇਸ਼ ਭਗਤਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਸਖ਼ਤ ਸਜ਼ਾਵਾਂ ਕੱਟੀਆਂ। ਕਰਤਾਰ ਸਿੰਘ ਸਰਾਭਾ ਗ਼ਦਰ ਲਹਿਰ ਦੇ ਬਹਾਦਰ ਜਰਨੈਲ ਅਤੇ ਇਨਕਲਾਬੀ ਸੂਰਬੀਰ ਸਨ। ਉਹਨਾਂ ਦਾ ਜਨਮ 24 ਮਈ, 1896 ਨੂੰ ਸਰਦਾਰ ਮੰਗਲ ਸਿੰਘ ਅਤੇ ਸਰਦਾਰਨੀ ਸਾਹਿਬ ਕੌਰ ਦੇ ਗ੍ਰਹਿ ਵਿਖੇ ਲੁਧਿਆਣਾ ਜ਼ਿਲ੍ਹੇ ਦੇ ਸਰਾਭਾ ਪਿੰਡ ਵਿੱਚ ਹੋਇਆ। ਕਰਤਾਰ ਸਿੰਘ ਦੇ ਬਚਪਨ ਵਿੱਚ ਹੀ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਉਹਨਾਂ ਦਾ ਪਾਲਣ-ਪੋਸ਼ਣ ਦਾਦਾ ਬਦਨ ਸਿੰਘ ਦੀ ਦੇਖ-ਰੇਖ ਹੇਠ ਹੋਇਆ। ਕਰਤਾਰ ਸਿੰਘ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ।ਪ੍ਰਾਇਮਰੀ ਪਾਸ ਕਰਨ ਪਿੱਛੋਂ ਉਹ ਗੁਜਰਵਾਲ ਦੇ ਮਿਡਲ ਸਕੂਲ ਵਿੱਚ ਦਾਖਲ ਹੋ ਗਏ, ਪਰ ਜਲਦੀ ਹੀ ਉਹ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿੱਚ ਜਾ ਦਾਖਲ ਹੋਏ। ਉਹ ਕੁਝ ਸਮਾਂ ਆਰੀਆ ਹਾਈ ਸਕੂਲ ਲੁਧਿਆਣਾ ਵਿੱਚ ਵੀ ਪੜ੍ਹਦੇ ਰਹੇ। ਕਰਤਾਰ ਸਿੰਘ ਨੇ ਆਪਣੀ ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਸਰਦਾਰ ਬਖਸ਼ੀਸ਼ ਸਿੰਘ ਕੋਲ ਉੜੀਸਾ ਜਾ ਕੇ ਮੁਕੰਮਲ ਕੀਤੀ। ਉਸ ਸਮੇਂ ਬੰਗਾਲ ਵਿੱਚ ਆਜ਼ਾਦੀ ਸੰਬੰਧੀ ਜਾਗਰਤੀ ਪੈਦਾ ਹੋ ਰਹੀ ਸੀ ਅਤੇ ਉੜੀਸਾ ਵੀ ਬੰਗਾਲ ਪ੍ਰਾਂਤ ਦਾ ਹੀ ਹਿੱਸਾ ਸੀ।ਇਸ ਸਮੇਂ ਤੱਕ ਕਰਤਾਰ ਸਿੰਘ ਸਰਾਭਾ ਆਪਣੀ ਮਾਤ ਭਾਸ਼ਾ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਚੋਖੀ ਮੁਹਾਰਤ ਹਾਸਲ ਕਰ ਚੁੱਕਿਆ ਸੀ।

ਉਹ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ 1911 ਦੇ ਅੰਤ ਵਿੱਚ ਅਮਰੀਕਾ ਲਈ ਰਵਾਨਾ



ਹੋ ਗਏ ਅਤੇ ਪਹਿਲੀ ਜਨਵਰੀ, 1912 ਨੂੰ ਅਮਰੀਕਾ ਦੀ ਸਾਨ ਫਰਾਂਸਿਸਕੋ ਬੰਦਰਗਾਹ 'ਤੇ ਪਹੁੰਚ ਗਏ। ਅਮਰੀਕਾ ਪਹੁੰਚ ਕੇ ਕਰਤਾਰ ਸਿੰਘ ਸਰਾਭਾ ਨੇ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿੱਚ ਦਾਖਲਾ ਲੈ ਲਿਆ। ਇਸੇ ਯੂਨੀਵਰਸਿਟੀ ਵਿੱਚ ਉਸ ਦਾ ਮੇਲ ਲਾਲਾ ਹਰਦਿਆਲ ਨਾਲ ਹੋਇਆ। ਲਾਲਾ ਹਰਦਿਆਲ ਦੇ ਵਿਚਾਰਾਂ ਤੋਂ ਕਰਤਾਰ ਸਿੰਘ ਬਹੁਤ ਪ੍ਰਭਾਵਿਤ ਹੋਏ।ਉਸ ਸਮੇਂ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਹਿੰਦੀਆਂ ਤੋਂ ਬਹੁਤ ਨਫ਼ਰਤ ਕੀਤੀ ਜਾਂਦੀ ਸੀ। ਗੋਰੇ ਲੋਕ ਭਾਰਤੀਆਂ ਨਾਲ ਨਿਰਾਦਰੀ ਭਰਿਆ ਸਲੂਕ ਕਰਦੇ ਸਨ।ਇਸ ਕਰਕੇ ਭਾਰਤੀ ਕਾਮੇ ਜੋ ਵਿਦੇਸ਼ਾਂ ਵਿੱਚ ਰੁਜ਼ਗਾਰ ਦੀ ਤਲਾਸ਼ ਵਿੱਚ ਗਏ ਸਨ, ਜਥੇਬੰਦ ਹੋ ਰਹੇ ਸਨ। ਕਰਤਾਰ ਸਿੰਘ ਆਪਣੀ ਯੂਨੀਵਰਸਿਟੀ ਦੀਆਂ ਛੁੱਟੀਆਂ ਦੌਰਾਨ ਆਪਣੇ ਹੀ ਪਿੰਡ ਦੇ ਰੁਲੀਆ ਸਿੰਘ ਕੋਲ ਆਸਟੋਰੀਆ ਵਿਖੇ ਗਿਆ ਹੋਇਆ ਸੀ।

21 ਅਪ੍ਰੈਲ, 1913 ਨੂੰ ਭਾਈ ਕੇਸਰ ਸਿੰਘ ਠੱਠਗੜ੍ਹ ਦੀ ਆਰਾ ਮਿੱਲ ਵਿੱਚ ਆਸਟੋਰੀਆ ਵਿਖੇ ਮਹੱਤਵਪੂਰਨ ਮੀਟਿੰਗ ਹੋਈ। ਹੋਰਨਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ। ਇਸ ਸਮੇਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਨਾਂਅ ਦੀ ਕੇਂਦਰੀ ਜਥੇਬੰਦੀ ਬਣਾਈ ਗਈ।ਇਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ। ਇਸ ਦਾ ਟੀਚਾ ਹਥਿਆਰਬੰਦ ਇਨਕਲਾਬ ਰਾਹੀਂ ਦੇਸ਼ ਨੂੰ ਆਜ਼ਾਦ ਕਰਵਾਉਣਾ ਸੀ। ਕਰਤਾਰ ਸਿੰਘ ਦੁੱਕੀ ਲਤਾਲਾ ਦੇ ਬਿਆਨ ਅਨੁਸਾਰ, ਜਦ ਲਾਲਾ ਹਰਦਿਆਲ ਨੇ ਹਜ਼ਾਰਾਂ ਲੋਕਾਂ ਨੂੰ ਤਨ, ਮਨ, ਧਨ ਨਿਛਾਵਰ ਕਰਨ ਦੀ ਮੰਗ ਕੀਤੀ ਤਾਂ ਇੱਕ ਨੰਬਰ 'ਤੇ ਨਾਂਅ ਪੇਸ਼ ਕਰਨ ਵਾਲਾ ਕਰਤਾਰ ਸਿੰਘ ਸਰਾਭਾ ਹੀ ਸੀ। ਅਖਬਾਰ ਕੱਢਣ ਲਈ ਸਰਗਰਮੀਆਂ ਤੇਜ਼ ਹੋਈਆਂ ਤਾਂ ਕਰਤਾਰ ਸਿੰਘ ਸਰਾਭਾ ਨੇ ਮੋਹਰੀਆਂ ਵਾਲਾ ਕੰਮ ਕੀਤਾ। ਪਹਿਲੀ ਨਵੰਬਰ 1913 ਨੂੰ ਗ਼ਦਰ ਅਖਬਾਰ ਦਾ ਪਹਿਲਾ ਅੰਕ ਉਰਦੂ ਵਿੱਚ ਕੱਢਿਆ ਗਿਆ। ਗ਼ਦਰ ਅਖਬਾਰ ਚਾਲੂ ਕਰਨ ਵਿੱਚ ਕਰਤਾਰ ਸਿੰਘ ਸਰਾਭਾ ਦਾ ਅਹਿਮ ਯੋਗਦਾਨ ਸੀ। ਉਹਨਾਂ ਨੇ ਆਪਣੀ ਪੜ੍ਹਾਈ ਦੇ ਖਰਚੇ ਲਈ ਲਿਆਂਦੇ 200 ਡਾਲਰ ਵੀ ਅਖਬਾਰ ਕਮੇਟੀ ਦੇ ਹਵਾਲੇ ਕਰ ਦਿੱਤੇ। ਕਰਤਾਰ ਸਿੰਘ ਸਰਾਭਾ ਨੇ ਉੱਦਮ ਕਰਕੇ 3000 ਰੁਪਏ ਡਾਲਰ ਪੰਜਾਬੀ ਦੇਸ਼ ਭਗਤਾਂ ਤੋਂ ਅਖਬਾਰ ਲਈ ਇਕੱਠੇ ਕੀਤੇ। ਗ਼ਦਰ ਦਾ ਪੰਜਾਬੀ ਵਿੱਚ ਪ੍ਰਕਾਸ਼ਨ 8 ਦਸੰਬਰ 1913 ਨੂੰ ਸ਼ੁਰੂ ਹੋਇਆ। ਕਰਤਾਰ ਸਿੰਘ ਸਰਾਭਾ ਗ਼ਦਰ ਅਖਬਾਰ ਲਈ ਲੇਖ, ਕਵਿਤਾਵਾਂ ਅਤੇ ਸੰਪਾਦਕੀ ਲਿਖਦਾ ਸੀ। ਗ਼ਦਰ ਅਖਬਾਰ ਜਲਦੀ ਹੀ ਦੇਸ਼ ਵਾਸੀਆਂ ਵਿੱਚ ਹਰਮਨ ਪਿਆਰਾ ਹੋ ਗਿਆ। ਇਸੇ ਪਰਚੇ ਦੇ ਨਾਂਅ 'ਤੇ ਹੀ ਜਥੇਬੰਦੀ ਗ਼ਦਰ ਪਾਰਟੀ ਵਜੋਂ ਪ੍ਰਸਿੱਧ ਹੋ ਗਈ। ਗ਼ਦਰ ਪਾਰਟੀ ਹਥਿਆਰਬੰਦ ਇਨਕਲਾਬ ਵਿੱਚ ਵਿਸ਼ਵਾਸ ਰੱਖਦੀ ਸੀ। ਇਸੇ ਕਰਕੇ ਗ਼ਦਰੀ ਯੋਧਿਆਂ ਨੇ ਬੰਬ ਬਣਾਉਣ, ਹਵਾਈ ਜਹਾਜ਼ ਚਲਾਉਣ ਅਤੇ ਉਹਨਾਂ ਦੀ ਮੁਰੰਮਤ ਕਰਨ ਅਤੇ ਹੋਰ ਜੰਗੀ ਹਥਿਆਰ ਚਲਾਉਣ ਦੀਆਂ ਟ੍ਰੇਨਿੰਗਾਂ ਲਈਆਂ। ਗ਼ਦਰ ਪਾਰਟੀ ਵੱਲੋਂ ਦੋ ਜਰਨੈਲ ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ ਕਸੇਲ ਚੁਣੇ ਗਏ। ਕਰਤਾਰ ਸਿੰਘ ਸਰਾਭਾ ਨੇ ਹਵਾਈ ਜਹਾਜ਼ ਚਲਾਉਣ ਅਤੇ ਉਸ ਦੀ ਮੁਰੰਮਤ ਕਰਨ ਦੀ ਟ੍ਰੇਨਿੰਗ ਜਰਮਨੀ ਦੇ ਸਫ਼ਾਰਤਖ਼ਾਨੇ ਤੋਂ ਲਈ। 5 ਜੁਲਾਈ, 1914 ਨੂੰ ਜਦੋਂ ਬੰਬ ਬਣਾਉਣ ਸਮੇਂ ਹਰਨਾਮ ਸਿੰਘ ਟੁੰਡੀਲਾਟ ਦਾ ਹੱਥ ਉੱਡਿਆ ਸੀ ਤਾਂ ਉਸ ਸਮੇਂ ਕਰਤਾਰ ਸਿੰਘ ਸਰਾਭਾ ਅਤੇ ਪ੍ਰਿਥੀ ਸਿੰਘ ਲਾਲੜੂ ਵੀ ਉੱਥੇ ਬੰਬ ਬਣਾਉਣ ਵਿੱਚ ਲੱਗੇ ਹੋਏ ਸਨ।

ਗ਼ਦਰ ਪਾਰਟੀ ਵੱਲੋਂ 5 ਅਗਸਤ, 1914 ਦੇ ਗ਼ਦਰ ਦੇ ਅੰਕ ਵਿੱਚ ਐਲਾਨ-ਇ-ਜੰਗ ਛਾਪ ਦਿੱਤਾ ਗਿਆ। ਇਸ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣ ਲਈ 9 ਅਗਸਤ ਨੂੰ ਫਰੈਜ਼ਨੋ ਤੇ 10 ਅਗਸਤ ਨੂੰ ਸੈਕਰਾਮੈਂਟੋ ਵਿਖੇ ਕਾਨਫਰੰਸਾਂ ਕੀਤੀਆਂ ਗਈਆਂ, ਪਰ ਕਰਤਾਰ ਸਿੰਘ ਸਰਾਭਾ ਇਸ ਤੋਂ ਪਹਿਲਾਂ ਹੀ ਰਘੂਬਰ ਦਿਆਲ ਗੁਪਤਾ ਨਾਲ ਨਿਪਨਮਾਰੂ ਜਹਾਜ਼ ਰਾਹੀਂ ਦੇਸ਼ ਲਈ ਰਵਾਨਾ ਹੋ ਗਿਆ ਅਤੇ 15-16 ਸਤੰਬਰ ਨੂੰ ਉਹ ਕੋਲੰਬੋ ਦੀ ਬੰਦਰਗਾਹ 'ਤੇ ਪਹੁੰਚ ਗਏ।ਉਥੋਂ ਗ਼ਦਰੀ ਮਦਰਾਸ ਦੇ ਰਸਤੇ ਪੰਜਾਬ ਵਿੱਚ ਪਹੁੰਚ ਗਏ। ਉਸ ਸਮੇਂ ਬੰਦਰਗਾਹਾਂ 'ਤੇ ਬਹੁਤ ਚੌਕਸੀ ਰੱਖੀ ਜਾਂਦੀ ਸੀ ਅਤੇ ਗ਼ਦਰੀਆਂ ਦੇ ਪਹੁੰਚਣ 'ਤੇ ਉਹਨਾਂ ਨੂੰ ਅਕਸਰ ਕੈਦ ਕਰ ਲਿਆ ਜਾਂਦਾ ਸੀ। ਇਸ ਸਮੇਂ ਕਰਤਾਰ ਸਿੰਘ ਨੇ ਗ੍ਰਿਫ਼ਤਾਰੀ ਤੋਂ ਬਚੇ ਹੋਏ ਗ਼ਦਰੀਆਂ ਨੂੰ ਇੱਕ ਮੁੱਠ ਕਰਨ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ। ਪੰਜਾਬ ਵਿੱਚ ਸਰਗਰਮੀਆਂ ਕਰਨ ਤੋਂ ਇਲਾਵਾ ਕਰਤਾਰ ਸਿੰਘ ਸਰਾਭਾ ਨੇ ਬੰਗਾਲ ਦੇ ਇਨਕਲਾਬੀਆਂ ਸਚਿੰਦਰ ਨਾਥ ਸਾਨਿਆਲ ਅਤੇ ਰਾਸ ਬਿਹਾਰੀ ਬੋਸ ਨਾਲ ਵੀ ਸੰਬੰਧ ਸਥਾਪਤ ਕੀਤੇ। ਫੌਜੀ ਛਾਉਣੀਆਂ ਵਿੱਚ ਵੀ ਗ਼ਦਰ ਦਾ ਪ੍ਰਚਾਰ ਜਾਰੀ ਰੱਖਿਆ। ਗ਼ਦਰ ਲਹਿਰ ਦੀਆਂ ਆਰਥਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਜਦੋਂ ਡਾਕੇ ਮਾਰਨ ਦੀ ਵਿਉਂਤ ਬਣਾਈ ਗਈ ਤਾਂ ਕਰਤਾਰ ਸਿੰਘ ਨੇ ਸਾਹਨੇਵਾਲ ਅਤੇ ਮਨਸੂਰਾਂ ਵਿੱਚ ਮਾਰੇ ਗਏ ਡਾਕਿਆਂ ਵਿੱਚ ਹਿੱਸਾ ਲਿਆ।

ਫਰਵਰੀ 1915 ਦੇ ਪਹਿਲੇ ਹਫ਼ਤੇ ਕਰਤਾਰ ਸਿੰਘ ਸਰਾਭਾ ਅਤੇ ਕੁਝ ਹੋਰ ਉੱਘੇ ਗ਼ਦਰੀ ਵੱਖ-ਵੱਖ ਫੌਜੀ ਛਾਉਣੀਆਂ ਵਿੱਚ ਬਗਾਵਤ ਕਰਵਾਉਣ ਲਈ ਸੰਪਰਕ ਕਰਨ ਲਈ ਗਏ। ਗ਼ਦਰ ਪਾਰਟੀ ਵੱਲੋਂ ਪਹਿਲਾਂ ਲਾਹੌਰ ਦੀ ਮੀਆਂ ਮੀਰ ਛਾਉਣੀ ਅਤੇ ਫਿਰੋਜ਼ਪੁਰ ਦੀ ਛਾਉਣੀ ਨੂੰ ਕਬਜ਼ੇ ਵਿੱਚ ਲੈ ਕੇ, ਫਿਰ ਸਾਰੇ ਉੱਤਰੀ ਭਾਰਤ ਵਿੱਚ 21 ਫ਼ਰਵਰੀ, 1915 ਨੂੰ ਬਗਾਵਤ ਕਰਨ ਲਈ ਨਿਸ਼ਚਿਤ ਕੀਤਾ ਹੋਇਆ ਸੀ ਅਤੇ ਹਰ ਪਾਸੇ ਇਸ ਲਈ ਤਿਆਰੀਆਂ ਹੋ ਰਹੀਆਂ ਸਨ। ਕਿਰਪਾਲ ਸਿੰਘ ਨਾਂਅ ਦੇ ਗ਼ਦਾਰ ਨੇ ਸਾਰੀ ਸੂਚਨਾ ਗੋਰੀ ਸਰਕਾਰ ਤੱਕ ਪਹੁੰਚਾ ਦਿੱਤੀ। ਬਾਅਦ ਵਿੱਚ ਤਰੀਕ ਬਦਲ ਕੇ 19 ਫ਼ਰਵਰੀ ਕੀਤੀ ਗਈ। ਕਿਰਪਾਲ ਸਿੰਘ ਨੇ ਇਹ ਸੂਚਨਾ ਵੀ ਗੋਰੀ ਸਰਕਾਰ ਤੱਕ ਪਹੁੰਚਾ ਦਿੱਤੀ। ਸਰਕਾਰ ਨੇ ਕ੍ਰਾਂਤੀ ਵਾਪਰਨ ਤੋਂ ਪਹਿਲਾਂ ਹੀ ਬਹੁਤ ਸਾਰੇ ਸਰਗਰਮ ਆਗੂ ਫੜ ਲਏ। 2 ਮਾਰਚ, 1915 ਨੂੰ ਕਰਤਾਰ ਸਿੰਘ, ਜਗਤ ਸਿੰਘ ਸੁਰਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਨੂੰ ਵੀ ਵਿਸ਼ਵਾਸਘਾਤੀ ਦੀ ਮੁਖਬਰੀ ਸਦਕਾ ਸਰਗੋਧੇ ਦੇ ਲਾਗੇ ਵਿਲਸਨਪੁਰ ਚੱਕ ਨੰਬਰ ਪੰਜ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਪੁਲਸ ਸਰਗੋਧਾ ਜ਼ਿਲ੍ਹੇ ਦੇ ਬੱਲੋਵਾਲ ਠਾਣੇ ਲਿਆਈ। ਉਥੋਂ ਉਹਨਾਂ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਕ੍ਰਾਂਤੀ ਦੀ ਅਸਫ਼ਲਤਾ ਪਿੱਛੋਂ ਹੋਰ ਗ਼ਦਰੀਆਂ ਨੂੰ ਵੀ ਸੈਂਟਰਲ ਜੇਲ੍ਹ ਲਾਹੌਰ ਵਿੱਚ ਗ੍ਰਿਫਤਾਰ ਕਰਕੇ ਰੱਖਿਆ ਹੋਇਆ ਸੀ।26 ਅਪ੍ਰੈਲ, 1915 ਨੂੰ ਗ਼ਦਰੀਆਂ 'ਤੇ ਡਿਫੈਂਸ ਆਫ ਇੰਡੀਆ ਐਕਟ ਅਧੀਨ 'ਲਾਹੌਰ ਸਾਜ਼ਿਸ਼ ਕੇਸ ਪਹਿਲਾ' ਨਾਂਅ ਦਾ ਮੁਕੱਦਮਾ ਸ਼ੁਰੂ ਕੀਤਾ ਗਿਆ। 13 ਸਤੰਬਰ, 1915 ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ। ਮੁਕੱਦਮੇ ਦੇ ਫੈਸਲੇ ਅਨੁਸਾਰ 24 ਆਦਮੀਆਂ ਨੂੰ ਫਾਂਸੀ, 27 ਨੂੰ ਉਮਰ ਕੈਦ ਅਤੇ ਛੇ ਨੂੰ ਵੱਖੋ ਵੱਖ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਬਾਅਦ ਵਿੱਚ ਵਾਇਸਰਾਏ ਲਾਰਡ ਹਾਰਡਿੰਗ ਦੇ ਵਿਸ਼ੇਸ਼ ਹੁਕਮਾਂ ਨਾਲ 24 ਫਾਂਸੀ ਦੀ ਸਜ਼ਾ ਵਾਲੇ ਗ਼ਦਰੀਆਂ ਵਿੱਚੋਂ 17 ਦੀ ਫਾਂਸੀ ਤੋੜ ਕੇ ਸਜ਼ਾ ਉਮਰ ਕੈਦ ਕਾਲੇਪਾਣੀ ਵਿੱਚ ਤਬਦੀਲ ਕਰ ਦਿੱਤੀ ਗਈ। ਜਿਹਨਾਂ ਸੱਤ ਗਦਰੀਆਂ ਦੀ ਫਾਂਸੀ ਬਹਾਲ ਰੱਖੀ ਗਈ ਸੀ, ਉਹਨਾਂ ਵਿੱਚ ਕਰਤਾਰ ਸਿੰਘ ਸਰਾਭਾ ਸਭ ਤੋਂ ਛੋਟੀ ਉਮਰ ਦੇ ਸਨ। ਕਰਤਾਰ ਸਿੰਘ ਸਰਾਭਾ ਦੇ ਛੇ ਸਾਥੀ ਸਨ-ਬਖਸ਼ੀਸ਼ ਸਿੰਘ ਗਿੱਲ ਵਾਲੀ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰਸਿੰਘ, ਵਿਸ਼ਨੂੰ ਗਣੇਸ਼ ਪਿੰਗਲੇ ਪੂਨਾ, (ਮਹਾਰਾਸ਼ਟਰ ) ਸੁਰੈਣ ਸਿੰਘ ਪੁੱਤਰ ਬੂੜ ਸਿੰਘ ਗਿੱਲ ਵਾਲੀ, ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਗਿੱਲ ਵਾਲੀ । ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਛੇ ਸਾਥੀਆਂ ਨੂੰ 16 ਨਵੰਬਰ, 1915 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ। ਗ਼ਦਰੀਆਂ ਨੂੰ ਮੌਤ ਦਾ ਕੋਈ ਭੈਅ ਨਹੀਂ ਸੀ। ਚੱਲਦੇ ਮੁਕੱਦਮੇ ਦੌਰਾਨ ਕਰਤਾਰ ਸਿੰਘ ਦਾ ਭਾਰ 14 ਪੌਂਡ ਵਧ ਗਿਆ ਸੀ। ਸਰਕਾਰ ਕਰਤਾਰ ਸਿੰਘ ਸਰਾਭਾ ਨੂੰ ਸਭ ਤੋਂ ਖਤਰਨਾਕ ਇਨਕਲਾਬੀ ਸਮਝਦੀ ਸੀ।


ਮੋਬਾ. 97812-00168


# ਹਿੰਦ ਵਾਸੀਓ ਰੱਖਣਾ ਯਾਦ ਸਾਨੂੰ....


ਡਾ. ਅਜੀਤ ਸਿੰਘ ਕੋਟਕਪੂਰਾ




ਜਦੋਂ ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ 13 ਸਤੰਬਰ 1914 ਨੂੰ ਫਾਂਸੀ ਅਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾਇਆ, ਜਿਸ ਨੂੰ ਕਰਤਾਰ ਸਿੰਘ ਨੇ ਬੜੇ ਹੌਸਲੇ ਨਾਲ ਸੁਣਿਆ। ਜਦੋਂ ਉਸ ਨੇ ਜਾਇਦਾਦ ਜ਼ਬਤੀ ਦੀ ਗੱਲ ਸੁਣੀ ਤਾਂ ਆਪਣੇ ਬੂਟ ਲਾਹ ਦਿੱਤੇ ਅਤੇ ਕਿਹਾ ਕਿ ਸਰਕਾਰ ਆਪਣਾ ਘਾਟਾ ਪੂਰਾ ਕਰਨ ਲਈ ਇਹ ਬੂਟ ਵੀ ਵੇਚ ਸਕਦੀ ਹੈ। ਇਸ ਤੋਂ ਬਾਅਦ ਉਹ ਫਾਂਸੀ ਲੱਗਣ ਤੱਕ ਫਾਂਸੀ ਵਾਲੀਆਂ ਕੋਠੀਆਂ ਵਿਚ ਹੀ ਬੰਦ ਰਹੇ । ਇਸ ਸਮੇਂ ਦੌਰਾਨ ਉਹ ਹਮੇਸ਼ਾ ਦੇਸ਼ ਭਗਤੀ ਦੇ ਗੀਤ ਗਾਉਂਦੇ ਤੇ ਵਤਨ ਪਿਆਰ ਦੀਆਂ ਗੱਲਾਂ ਕਰਕੇ ਬੜੇ ਹੌਸਲੇ ਤੇ ਦ੍ਰਿੜ੍ਹਤਾ ਨਾਲ ਦੇਸ਼ ਤੇ ਕੌਮ ਲਈ ਕੁਝ ਨਾ ਕੁਝ ਸੋਚਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਇਕ ਦੇਸ਼ ਪਿਆਰ ਨੂੰ ਜਤਾਉਂਦੀ ਹੋਈ ਇਕ ਨਜ਼ਮ ਲਿਖੀ ਤੇ ਕਿਹਾ ਕਿ ਮੇਰੇ ਹਿੰਦੀ ਭਰਾਵਾਂ ਨੂੰ ਉਨ੍ਹਾਂ ਦੀਆਂ ਲਾਈਨਾਂ 'ਤੇ ਚਲਦੇ ਹੋਏ ਦੇਸ਼ ਅਤੇ ਕੌਮ ਦੀ ਸੇਵਾ ਕਰਨੀ ਚਾਹੀਦੀ ਹੈ । ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਆਪਣੇ ਦੇਸ਼ ਵਾਸੀਆਂ ਨੂੰ ਉਸ ਦਾ ਅੰਤਿਮ ਸੰਦੇਸ਼ ਇਸ ਤਰ੍ਹਾਂ ਹੈ..

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖਾਤਰ ਦੇਸ਼ ਦੀ ਲਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।

ਕਰਤਾਰ ਸਿੰਘ ਸਰਾਭਾ ਦਾ ਜਨਮ 1896 ਈਸਵੀ ਵਿਚ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਚ ਮਾਤਾ ਸਾਹਿਬ ਕੌਰ ਦੀ ਕੁੱਖ ਵਿੱਚੋਂ ਸਰਦਾਰ ਮੰਗਲ ਸਿੰਘ ਦੇ ਘਰ ਹੋਇਆ। ਉਹ ਆਪਣੇ ਮਾਂ-ਬਾਪ ਦੇ ਇਕਲੌਤੇ ਪੁੱਤਰ ਸਨ। ਉਨ੍ਹਾਂ ਦਾ ਪਾਲਣ-ਪੋਸ਼ਣ ਬੜੇ ਲਾਡ-ਚਾਅ ਨਾਲ ਹੋ ਰਿਹਾ ਸੀ । ਉਹ ਅਜੇ ਬਾਲੜੀ ਉਮਰ ਵਿਚ ਹੀ ਸੀ ਕਿ ਪਿਤਾ ਜੀ ਦੀ ਮੌਤ ਹੋ ਗਈ, ਪਰ ਆਪ ਦੇ ਦਾਦਾ ਜੀ ਨੇ ਉਸ ਨੂੰ ਬੜੇ ਯਤਨਾਂ ਨਾਲ ਪਾਲਿਆ । ਆਪ ਦੇ ਇਕ ਚਾਚਾ ਜੀ ਤਾਂ ਸੰਯੁਕਤ-ਪ੍ਰਾਂਤ ਵਿਚ ਪੁਲਸ ਸਬ-ਇੰਸਪੈਕਟਰ ਸੀ ਅਤੇ ਦੂਸਰੇ ਚਾਚਾ ਜੀ ਉੜੀਸਾ ਦੇ ਮਹਿਕਮਾ ਜੰਗਲਾਤ ਵਿਚ ਉੱਚੇ ਅਹੁਦੇ 'ਤੇ ਕੰਮ ਕਰਦੇ ਸਨ । ਮੁਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ। ਫੇਰ ਗੁਜਰਵਾਲ ਦੇ ਵਰਨੈਕੁਲਰ ਮਿਡਲ ਸਕੂਲ ਵਿਚ ਪੜ੍ਹ ਕੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਹੋ ਗਿਆ। ਬਾਅਦ ਵਿਚ ਇਹ ਸਕੂਲ ਛੱਡ ਕੇ ਆਪਣੇ ਚਾਚੇ ਸਰਦਾਰ ਬਖਸ਼ੀਸ਼ ਸਿੰਘ ਕੋਲ ਉੜੀਸਾ ਚਲਾ ਗਿਆ । ਉਸ ਵੇਲੇ 1910-11 ਦਾ ਸਮਾਂ ਸੀ । ਉਥੇ ਹੀ ਦਸਵੀਂ ਪਾਸ ਕਰ ਲਈ । ਉਥੇ ਆਪ ਨੇ ਸਕੂਲ-ਕਾਲਜ ਦੇ ਕੋਰਸ ਤੋਂ ਇਲਾਵਾ ਕੋਰਸ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ । ਅੰਦੋਲਨ ਦੇ ਦਿਨ ਚੱਲ ਰਹੇ ਸਨ । ਇਸ ਮਾਹੌਲ ਵਿਚ ਰਹਿ ਕੇ ਦੇਸ਼ ਅਤੇ ਆਜ਼ਾਦੀ ਪ੍ਰੇਮ ਦੀਆਂ ਭਾਵਨਾਵਾਂ ਆਪ ਦੇ ਸੀਨੇ ਅੰਦਰ ਹੋਰ ਪ੍ਰਬਲ ਹੋ ਉੱਠੀਆਂ । ਅਮਰੀਕਾ ਜਾਣ ਦੀ ਇੱਛਾ ਹੋਈ । ਘਰ ਵਾਲਿਆਂ ਵੱਲੋਂ ਕੋਈ ਵਿਰੋਧ ਨਾ ਹੋਇਆ ਅਤੇ ਆਪਣੇ ਬਾਬਾ ਬਦਨ ਸਿੰਘ ਦੀ ਮਦਦ ਨਾਲ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਅਮਰੀਕਾ ਚਲਾ ਗਿਆ । 1912 ਵਿਚ ਆਪ ਸਾਨ ਫਰਾਂਸਿਸਕੋ ਬੰਦਰਗਾਹ 'ਤੇ ਪੁੱਜੇ।

ਅਮਰੀਕਾ ਜਾ ਕੇ ਰਸਾਇਣਕ ਵਿੱਦਿਆ ਪ੍ਰਾਪਤ ਕਰਨ ਵਾਸਤੇ ਬਰਕਲੇ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਅਤੇ ਪੜ੍ਹਾਈ ਸ਼ੁਰੂ ਕਰ ਦਿੱਤੀ, ਪਰ ਉਥੋਂ ਦੇ ਲੋਕਾਂ ਦੇ ਤਾਹਨੇ-ਮਿਹਣੇ ਸਹਿ ਕੇ ਗੁਲਾਮ ਦੇਸ਼ਾਂ ਨੂੰ ਆਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਦੀਆਂ ਜੀਵਨੀਆਂ ਪੜ੍ਹ ਕੇ ਅਜਿਹੀ ਲਗਨ ਲੱਗੀ ਕਿ ਸਭ ਕੁਝ ਦੇਸ਼ ਉੱਤੋਂ ਕੁਰਬਾਨ ਕਰਨ ਲਈ ਤਿਆਰ ਹੋ ਗਿਆ।

ਭਾਰਤ ਦੀ ਆਜ਼ਾਦੀ ਹੁਣ ਕਰਤਾਰ ਸਿੰਘ ਦਾ ਆਦਰਸ਼ ਬਣ ਗਿਆ । ਇਸ ਤੋਂ ਬਿਨਾਂ ਉਸ ਦੇ ਦਿਲ-ਦਿਮਾਗ ਉਤੇ ਕਿਸੇ ਗੱਲ ਦਾ ਵੀ ਅਸਰ ਨਹੀਂ ਹੁੰਦਾ ਸੀ । ਜਦੋਂ ਅਮਰੀਕਾ ਵਿਚ ਇਕ ਹੁਸਨ ਮਤੀ ਜਵਾਨ ਲੜਕੀ ਨੇ ਉਸ ਦੇ ਸਾਹਮਣੇ ਵਿਆਹ ਲਈ ਪ੍ਰਸਤਾਵ ਰੱਖਿਆ ਤਾਂ ਉਸ ਨੇ ਕਿਹਾ ਸੀ ਕਿ ਮੈਂ ਦੇਸ਼ ਦੀ ਆਜ਼ਾਦੀ ਲਈ ਜੱਦੋ-ਜਹਿਦ ਕਰਨੀ ਚਾਹੁੰਦਾ ਹਾਂ ਅਤੇ ਇਸ ਰਸਤੇ ਟੁਰਨ ਵਾਲਿਆਂ ਦੇ ਨਸੀਬਾਂ ਵਿਚ ਮੌਤ ਹੀ ਹੁੰਦੀ ਹੈ ਅਤੇ ਮੈਂ ਮੌਤ ਲਾੜੀ ਨਾਲ ਹੀ ਸ਼ਾਦੀ ਕਰਨ ਦਾ ਫੈਸਲਾ ਕਰ ਚੁੱਕਾ ਹਾਂ।

ਕਰਤਾਰ ਸਿੰਘ ਨਿਡਰ ਅਤੇ ਹੁਸ਼ਿਆਰ ਇਤਨਾ ਸੀ ਕਿ ਇਕ ਵਾਰੀ ਲੋਹਟਬੱਦੀ ਲੜਕੀਆਂ ਦੇ ਆਸ਼ਰਮ ਵਿਚ ਚਲਾ ਗਿਆ, ਜਿਹੜਾ ਕਿ ਗਦਰੀਆਂ ਦਾ ਅੱਡਾ ਸੀ । ਅੱਗੋਂ ਪੁਲਸ ਆਸ਼ਰਮ ਦੀ ਤਲਾਸ਼ੀ ਲੈ ਰਹੀ ਸੀ । ਪਰ ਇਹ ਪੁਲਸ ਨੂੰ ਦੇਖ ਕੇ ਘਬਰਾਇਆ ਨਹੀਂ ਤੇ ਨਾ ਹੀ ਪਿੱਛੇ ਮੁੜਿਆ। ਉਹ ਸਿੱਧਾ ਹੀ ਅੰਦਰ ਚਲਿਆ ਗਿਆ ਤੇ ਥਾਣੇਦਾਰ ਨੂੰ ਜਾ ਫਤਿਹ ਬੁਲਾਈ। ਉਸ ਹੱਥ ਮਿਲਾਇਆ ਤੇ ਕੁਰਸੀ 'ਤੇ ਬਿਠਾ ਦਿੱਤਾ। ਪੁੱਛਣ 'ਤੇ ਕਿਹਾ ਕਿ ਮੈਂ ਰੁੜਕੀ ਕਾਲਜ ਦਾ ਵਿਦਿਆਰਥੀ ਹਾਂ ਤੇ ਆਸ਼ਰਮ ਦੇਖਣ ਲਈ ਆਇਆ ਹਾਂ । ਇਹ ਸੁਣ ਕੇ ਥਾਣੇਦਾਰ ਚੁੱਪ ਹੋ ਗਿਆ ਤੇ ਆਪਣੇ ਕੰਮ ਲੱਗਾ ਰਿਹਾ । ਕਰਤਾਰ ਸਿੰਘ ਵੀ ਕੁਰਸੀ ਤੋਂ ਉੱਠ ਇਹ ਆਖ ਕੇ ਚਲਾ ਗਿਆ ਕਿ ਅੱਛਾ ਹੁਣ ਤੁਸੀਂ ਕੰਮ ਕਰੋ, ਮੈਂ ਵੀ ਜਾਂਦਾ ਹਾਂ ਤੇ ਫੇਰ ਕਿਸੇ ਦਿਨ ਆ ਕੇ ਵੇਖ ਲਵਾਂਗਾ । ਇਹ ਆਖ ਕੇ ਝੱਟ ਬਾਹਰ ਨਿਕਲ ਗਿਆ ਤੇ ਸਾਈਕਲ 'ਤੇ ਪੈਰ ਧਰ ਕੇ ਮਿੰਟਾਂ ਵਿਚ ਹੀ ਅਲੋਪ ਹੋ ਗਿਆ । ਜਦੋਂ ਪੁਲਸ ਨੂੰ ਪਤਾ ਲੱਗਾ ਕਿ ਇਹ ਤਾਂ ਕਰਤਾਰ ਸਿੰਘ ਹੀ ਸੀ । ਉਨ੍ਹਾਂ ਨੇ ਬਹੁਤ ਭੱਜ-ਨੱਠ ਕੀਤੀ, ਪਰ ਉਹ ਉਨ੍ਹਾਂ ਦੇ ਹੱਥ ਨਾ ਆਇਆ।

ਇਕ ਵਾਰ ਕਰਤਾਰ ਨੇ ਆਪਣਾ ਭੇਸ ਬਦਲ ਕੇ ਆਪਣੇ ਪਿੰਡ ਜਾ ਕੇ ਆਪਣੇ ਹੀ ਬਾਬੇ ਪਾਸੋਂ ਮਾਇਕ ਲੋੜਾਂ ਦੀ ਪੂਰਤੀ ਲਈ 500 ਰੁਪਏ ਮੰਗ ਲਏ । ਉਸ ਦੇ ਬਾਬਾ ਜੀ ਨੇ ਕੁਝ ਕੋਲੋਂ ਅਤੇ ਕੁਝ ਫੜ ਫੜਾ ਕੇ ਦੇ ਦਿੱਤੇ ਤੇ ਕਿਹਾ ਕਿ ਉਸ ਨੂੰ ਕਹਿਣਾ ਕਿ ਮੈਨੂੰ ਮਿਲ ਕੇ ਜਾਵੇ। ਜਵਾਬ ਵਿਚ ਕਰਤਾਰ ਸਿੰਘ ਨੇ ਕਿਹਾ ਕਿ ਬਾਬਾ ਜੀ ਮੈਂ ਹੀ ਕਰਤਾਰ ਸਿੰਘ ਹਾਂ । ਬਾਬਾ ਜੀ ਨੇ ਆਸ਼ੀਰਵਾਦ ਦਿੱਤਾ। ਉਥੋਂ ਸਾਈਕਲ 'ਤੇ ਆਪਣੇ ਰਸਤੇ ਵੱਲ ਚੱਲ ਪਿਆ ਸੀ।



ਇਕ ਦਿਨ ਸਰਦਾਰ ਸਰਾਭਾ ਆਪਣੇ ਨਾਨਕੇ ਪਿੰਡ (ਮਹੌਲੀ) ਪਹੁੰਚਿਆ ਤਾਂ ਉਥੇ ਭਾਰੀ ਗਿਣਤੀ ਵਿਚ ਪੁਲਸ ਦੇ ਇਕੱਠ ਨੂੰ ਦੇਖ ਝੱਟ ਹੀ ਆਪਣਾ ਭੇਸ ਬਦਲ ਲਿਆ ਤੇ ਬੰਸਰੀ ਵਜਾਉਂਦਾ ਹੋਇਆ ਅੱਗੇ ਵਧਿਆ ਤਾਂ ਪੁਲਸ ਨੇ ਉਸ ਨੂੰ ਰੋਕ ਲਿਆ ਤੇ ਵਾਪਸ ਜਾਣ ਬਾਰੇ ਕਹਿੰਦਿਆਂ ਉਸ ਨੂੰ ਦੱਸਿਆ ਕਿ ਇਥੇ ਕਰਤਾਰ ਸਿੰਘ ਨੂੰ ਫੜਨ ਵਾਸਤੇ ਘੇਰਾ ਪਾਇਆ ਹੋਇਆ ਹੈ । ਇਹ ਸੁਣ ਉਸ ਨੇ ਪੁੱਛਿਆ ਕਿ ਕਿਹੜਾ ਕਰਤਾਰ ਸਿੰਘ । ਉੱਤਰ ਵਿਚ ਸਿਪਾਹੀ ਕਹਿਣ ਲੱਗਾ ਕਿ ਓਹੀ ਸਰਾਭੇ ਵਾਲਾ, ਇਹ ਸੁਣ ਕੇ ਕਰਤਾਰ ਸਿੰਘ ਨੇ ਕਿਹਾ ਕਿ ਉਹ ਬਹੁਤ ਚਲਾਕ ਹੈ ਉਸ ਨੇ ਆਉਣਾ ਅਤੇ ਚਲੇ ਜਾਣਾ ਹੈ ਅਤੇ ਤੁਹਾਨੂੰ ਪਤਾ ਵੀ ਨਹੀਂ ਲੱਗਣਾ । ਇਤਨਾ ਆਖ ਕੇ ਉਹ ਉਥੋਂ ਟੁਰ ਗਿਆ । ਥੋੜ੍ਹੇ ਸਮੇਂ ਬਾਅਦ ਕਿਸੇ ਨੇ ਪੁਲਸ ਨੂੰ ਦੱਸਿਆ ਕਿ ਉਹ ਬੰਸਰੀ ਵਾਲਾ ਹੀ ਕਰਤਾਰ ਸਿੰਘ ਸਰਾਭਾ ਸੀ।

ਸਰਦਾਰ ਕਰਤਾਰ ਸਿੰਘ ਨੂੰ ਫੜਨ ਲਈ ਡੀ ਸੀ ਨੇ ਲੋਹਟਬੱਦੀ ਬਹੁਤ ਭਾਰੀ ਇਕੱਠ ਕੀਤਾ। ਹਲਕੇ ਦੇ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਸੱਦੀਆਂ। ਉਥੇ ਉਸ ਦਾ ਇਕ ਮਿੱਤਰ ਰਹਿੰਦਾ ਸੀ। ਪੁਲਸ ਨੂੰ ਸ਼ੱਕ ਸੀ ਕਿ ਉਹ ਇੱਥੇ ਆਵੇਗਾ। ਇਸ ਇਕੱਠ ਦਾ ਉਸ ਨੂੰ ਪਤਾ ਲੱਗਾ ਤਾਂ ਉਹ ਭੇਸ ਬਦਲ ਕੇ ਡੀ ਸੀ ਦੇ ਜੁਆਈ ਦਾ ਨੌਕਰ ਬਣ ਕੇ ਆ ਧਮਕਿਆ ਤੇ ਜਾ ਸਤਿ ਸ੍ਰੀ ਅਕਾਲ ਬੁਲਾਈ ਤੇ ਕਿਹਾ ਕਿ ਬੀਬੀ ਦੇ ਕਾਕੇ ਨੂੰ ਅੱਗੇ ਨਾਲੋਂ ਅਰਾਮ ਹੈ। (ਡੀ ਸੀ ਅੰਮ੍ਰਿਤਸਰ ਦਾ ਸੀ ਤੇ ਇਸ ਦੀ ਲੜਕੀ ਵੀ ਇੱਥੋਂ ਦੇ ਕਿਸੇ ਪਿੰਡ ਵਿਚ ਵਿਆਹੀ ਹੋਈ ਸੀ। ਉਸ ਲੜਕੀ ਦਾ ਕਾਕਾ ਕੁਝ ਬਿਮਾਰ ਸੀ) । ਜੁਆਈ ਦਾ ਨੌਕਰ ਜਾਣ ਕੇ ਕਰਤਾਰ ਸਿੰਘ ਨੂੰ ਚਾਹ ਆਦਿ ਪਿਲਾਈ ਗਈ ਤੇ ਪੁੱਛਿਆ ਤੂੰ ਕਿੱਧਰ ਦੀ ਆਇਆ ਹੈਂ ? ਉਸ ਨੇ ਜਵਾਬ ਦਿੱਤਾ, ਜੀ ਮੈਂ ਲੁਧਿਆਣੇ ਆਇਆ ਸੀ, ਉਥੋਂ ਪਤਾ ਲੱਗਾ ਕਿ ਆਪ ਜੀ ਲੋਹਟਬੱਦੀ ਹੋ ਤਾਂ ਮੈਂ ਗੱਡੀ ਰਹਿਣ ਅਹਿਮਦਗੜ੍ਹ ਉੱਤਰ ਕੇ ਆਇਆ ਹਾਂ । ਡੀ ਸੀ ਨੇ ਦੋ ਸਿਪਾਹੀ ਉਸ ਨੂੰ ਛੱਡਣ ਲਈ ਕਲਿਆਣ ਦੇ ਪੁਲ ਤੱਕ ਭੇਜੇ । ਚਾਹ ਪੀਣ ਵੇਲੇ ਡੀ ਸੀ ਉੱਠ ਕੇ ਅੰਦਰ ਚਲਾ ਗਿਆ ਤਾਂ ਉਸ ਨੇ ਇਕ ਚਿੱਟ 'ਤੇ ਲਿਖ ਕੇ ਰੱਖ ਦਿੱਤਾ ਕਿ ਮੈਂ ਉਹੀ ਹਾਂ, ਜਿਸ ਨੂੰ ਤੂੰ ਲੱਭ ਰਿਹਾ ਹੈਂ। ਜਦੋਂ ਉਸ ਦੇ ਚਲੇ ਜਾਣ ਪਿੱਛੋਂ ਉਹੀ ਚਿੱਟ ਡੀ ਸੀ ਦੇ ਹੱਥ ਲੱਗੀ ਤਾਂ ਉਸੇ ਵੇਲੇ ਹੀ ਚੜ੍ਹਾਈ ਕਰ ਦਿੱਤੀ। ਕਲਿਆਣ ਦੇ ਪੁਲ ਤੋਂ ਕਰਤਾਰ ਸਿੰਘ ਜਗੇੜੇ ਦੇ ਪੁਲ ਵੱਲ ਗਿਆ। ਡੀ ਸੀ ਨੇ ਕਲਿਆਣ ਦੀ ਕੋਠੀ ਤੋਂ ਜਗੇੜੇ ਦੀ ਕੋਠੀ ਨੂੰ ਤਾਰ ਕਰ ਦਿੱਤੀ ਕਿ ਰਾਹ ਰੋਕ ਲਿਆ ਜਾਵੇ, ਕਿਉਂ ਜੋ ਇਸ ਰਾਹ 'ਤੇ ਕਰਤਾਰ ਸਿੰਘ ਆ ਰਿਹਾ ਹੈ । ਜਦ ਉਸ ਨੂੰ ਪਤਾ ਲੱਗਾ ਤਾਂ ਉਹ ਨਹਿਰ ਨੂੰ ਛੱਡ ਕੇ ਖੇਤਾਂ ਰਾਹੀਂ ਝੱਮਟ ਨੂੰ ਚਲਿਆ ਗਿਆ, ਉਥੇ ਰਾਹ ਵਿਚ ਇਕ ਰਾਮਦਾਸੀਆ ਬੁੱਢਾ ਤੇ ਉਸ ਦੀ ਲੜਕੀ ਖੇਤਾਂ ਵਿਚੋਂ ਕੱਖ ਖੋਤ ਰਹੇ ਸਨ । ਕਰਤਾਰ ਸਿੰਘ ਨੇ ਕਿਹਾ ਬਾਬਾ ਤੂੰ ਇਤਨਾ ਬੁੱਢਾ ਹੋ ਗਿਆ ਹੈਂ, ਲਿਆ ਮੈਂ ਖੋਤਦਾ ਹਾਂ । ਬੁੱਢੇ ਨੇ ਪੁੱਛਿਆ, ਤੂੰ ਕੀਹਦਾ ਮੁੰਡਾ ਹੈਂ ਤਾਂ ਉਸ ਨੇ ਉੱਤਰ ਦਿੱਤਾ ਕਿ ਮੈਂ ਸਿਆੜ ਤੋਂ ਹਾਂ । ਇਤਨੇ ਚਿਰ ਵਿਚ ਪੁਲਸ ਪੁੱਜ ਗਈ ਤੇ ਕਰਤਾਰ ਕੱਖਾਂ ਦੀ ਪੰਡ ਚੁੱਕੀ ਜਾਂਦਾ ਸੀ। ਪੁਲਸ ਨੇ ਪੁੱਛਿਆ ਕਿ ਇਧਰ ਕਰਤਾਰ ਸਿੰਘ ਤਾਂ ਨਹੀਂ ਆਇਆ ? ਬੁੱਢੇ ਨੇ ਉੱਤਰ ਦਿੱਤਾ ਕਿ ਅਸੀਂ ਨਹੀਂ ਜਾਣਦੇ ਕਿਸੇ ਕਰਤਾਰ ਨੂੰ । ਕਰਤਾਰ ਸਿੰਘ ਘੇਰੇ ਤੋਂ ਨਿਕਲ ਜਾਣ ਵੇਲੇ ਬਾਬੇ ਨੂੰ ਦੱਸ ਗਿਆ ਕਿ ਮੈਂ ਹੀ ਕਰਤਾਰ ਸਿੰਘ ਹਾਂ । ਇੱਥੋਂ ਫੇਰ ਉਹ ਦੁਰਾਹੇ ਵੱਲ ਚਲਾ ਗਿਆ। ਅਖੀਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲ਼ਾਂ ਵਿੱਚ ਪਾ ਲਏ।


ਸੰਪਰਕ : 65746-44066

# ਲੋਕ ਮਾਨਸਿਕਤਾ ਦਾ ਇੱਕ ਹੋਰ ਉਬਾਲਾ : ਕਾਕਰੋਚ ਜਨਤਾ ਪਾਰਟੀ ਦਾ ਉਭਾਰ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਬਹੁਤ ਸਾਰੇ ਲੋਕਾਂ ਨੂੰ ਉਹ ਦਿਨ ਭੁੱਲੇ ਨਹੀਂ ਹੋਣੇ, ਜਦੋਂ ਮਹਾਰਾਸ਼ਟਰ ਦੇ ਰਾਲੇਗਣ ਸਿੱਧੀ ਪਿੰਡ ਦੇ ਅੰਨਾ ਹਜ਼ਾਰੇ ਨਾਂਅ ਦੇ ਬਜ਼ੁਰਗ ਸਮਾਜ ਸੇਵੀ ਦੀ ਅਗਵਾਈ ਹੇਠ ਭਾਰਤ ਦੇ ਕੋਨੇ-ਕੋਨੇ ਤੋਂ ਆਏ ਲੋਕਾਂ ਨੇ ਏਦਾਂ ਦਾ ਪ੍ਰਦਰਸ਼ਨ ਕੀਤਾ ਕਿ ਉਸ ਵਕਤ ਦੀ ਭਾਰਤ ਸਰਕਾਰ ਵੀ ਕੰਬ ਗਈ ਸੀ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਵੀ। ਇਸ ਪ੍ਰਦਰਸ਼ਨ ਦੌਰਾਨ ਇਸ ਲਹਿਰ ਦੇ ਪੈਰੋਕਾਰਾਂ ਦਾ ਇੱਕ ਸੋਸ਼ਲ ਮੀਡੀਆ ਖਾਤਾ ਚਲਦਾ ਸੀ, ਜਿਸ ਨਾਲ ਲੋਕ ਤੇਜ਼ੀ ਨਾਲ ਜੁੜਦੇ ਜਾਂਦੇ ਅਤੇ ਮਾਣ ਨਾਲ ਦੱਸਦੇ ਸਨ ਕਿ ਉਹ ਇਸ ਦੇ ਮੈਂਬਰ ਹਨ। ਮੈਂ ਓਦੋਂ ਉਸ ਨਾਲ ਨਹੀਂ ਸੀ ਜੁੜਿਆ। ਕਾਕਰੋਚ ਜਨਤਾ ਪਾਰਟੀ ਦੇ ਨਾਂਅ ਨਾਲ ਭਾਰਤ ਦੇ ਰੋਹ ਭਰੇ ਨੌਜਵਾਨਾਂ ਦਾ ਇੱਕ ਹੋਰ ਉਬਾਲ ਉੱਠਿਆ ਹੈ। ਫਿਰ ਬਹੁਤ ਸਾਰੇ ਲੋਕਾਂ ਨੇ ਇਸ ਦੇ ਫਾਲੋਅਰ, ਜਿਨ੍ਹਾਂ ਨੂੰ ਅਸੀਂ ਪੈਰੋਕਾਰ ਜਾਂ ਪ੍ਰਸੰਸਕ ਜਾਂ ਹਮਾਇਤੀ ਕਹਿ ਸਕਦੇ ਹਾਂ, ਬਣਨ ਦਾ ਮਾਣ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ। ਮੈਂ ਇਸ ਵਾਰ ਵੀ ਇਸ ਮੁਹਿੰਮ ਦਾ ਹਿੱਸਾ ਨਹੀਂ ਬਣਿਆ। ਸ਼ਾਇਦ ਮੈਂ ਇਸ ਦਾ ਹਿੱਸਾ ਬਣਨ ਨੂੰ ਤਿਆਰ ਵੀ ਨਹੀਂ ਹੋਵਾਂਗਾ, ਪਰ ਨਾਲ ਨਾ ਜੁੜਨ ਦੇ ਬਾਵਜੂਦ ਜਿੱਦਾਂ ਉਸ ਵਕਤ ਮੈਂ ਦਿਲੋਂ ਸੋਚਦਾ ਸੀ ਕਿ ਭਾਰਤ ਦੇ ਰਾਜ ਪ੍ਰਬੰਧ ਤੇ ਸਮਾਜ ਵਿੱਚ ਆਏ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਕਿਸੇ ਸਿਰੇ ਲੱਗਣੀ ਚਾਹੀਦੀ ਹੈ ਅਤੇ ਲਹਿਰ ਅਜਾਈਂ ਨਹੀਂ ਜਾਣੀ ਚਾਹੀਦੀ, ਇਸ ਵਕਤ ਫਿਰ ਮੇਰੇ ਮਨ ਵਿੱਚ ਐਨ ਉਹੋ ਜਿਹੀ ਭਾਵਨਾ ਹੈ। ਤਾਜ਼ਾ ਲਹਿਰ ਵਿਚ ਭਾਰਤ ਦੇ ਬੇਰੁਜ਼ਗਾਰੀ ਤੋਂ ਤੰਗ ਤੇ ਸੱਟ ਖਾਧੀ ਮਾਨਸਿਕਤਾ ਨਾਲ ਵਿਲ੍ਹਕਦੇ ਨੌਜਵਾਨ ਸ਼ਾਮਲ ਹਨ, ਜਿਨ੍ਹਾਂ ਨੂੰ ਇਨਸਾਫ ਦੀ ਸਰਪ੍ਰਸਤੀ ਕਰਨ ਵਾਲੀ ਸਰਬ ਉੱਚ ਅਦਾਲਤ, ਸੁਪਰੀਮ ਕੋਰਟ ਦੇ ਮੁਖੀ ਜੱਜ ਦੇ ਕੁਰੱਖਤ ਸ਼ਬਦ-ਬਾਣ ਨੇ ਵਿੰਨ੍ਹ ਛੱਡਿਆ ਹੈ। ਉਹ ਜੱਜ ਇਹੋ ਜਿਹੇ ਸ਼ਬਦਾਂ ਦੀ ਵਰਤੋਂ ਕਰਨ ਵੇਲੇ ਮਨੁੱਖੀ ਮਿਆਰਾਂ ਦੀ ਹਰ ਹੱਦ ਟੱਪ ਗਏ ਲੱਗਦੇ ਹਨ। ਬਾਅਦ ਵਿੱਚ ਉਨ੍ਹਾ ਜਿੰਨੀ ਸਫਾਈ ਦਿੱਤੀ, ਉਹ ਵੀ ਸਫਾਈ ਘੱਟ ਤੇ ਆਪਣੇ ਆਖੇ ਸ਼ਬਦਾਂ ਦੀ ਸਾਰਥਿਕਤਾ ਸਮਝਾਉਣ ਦਾ ਯਤਨ ਵੱਧ ਜਾਪਦਾ ਹੈ। ਇਹ ਟਿਪਣੀ ਸਾਰੀ ਉਮਰ ਉਸ ਜੱਜ ਨੂੰ ਟਿਕ ਕੇ ਨਹੀਂ ਬਹਿਣ ਦੇਵੇਗੀ ਤੇ ਇੰਜ ਹੋਣਾ ਵੀ ਚਾਹੀਦਾ ਹੈ।

ਜਿਹੜੇ ਨੌਜਵਾਨ ਮਾਂ-ਬਾਪ ਦੀ ਖੂਨ-ਪਸੀਨੇ ਦੀ ਕਮਾਈ ਖਰਚ ਕਰ ਕੇ ਵੱਡੀਆਂ ਡਿਗਰੀਆਂ ਚੁੱਕੀ ਫਿਰਦੇ ਹੋਣਗੇ ਤੇ ਜਿਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਪਿੱਛੋਂ ਰੋਜ਼ਗਾਰ ਨਹੀਂ ਮਿਲਿਆ ਹੋਵੇਗਾ, ਉਨ੍ਹਾਂ ਨੂੰ ਭਾਰਤ ਦੇ ਚੀਫ ਜਸਟਿਸ ਦੀ ਇਸ ਭੱਦੀ ਟਿਪਣੀ ਨਾਲ ਏਨੀ ਜ਼ਿਆਦਾ ਪੀੜ ਹੋਣੀ ਸੁਭਾਵਕ ਸੀ ਕਿ ਉਹ ਤੜਫ ਉੱਠੇ ਹੋਣਗੇ। ਭਾਰਤ ਦੀ ਨਿਆਂ ਪਾਲਿਕਾ ਦੇ ਮੁਖੀ ਨੂੰ ਉਨ੍ਹਾਂ ਬਾਰੇ ਇਹੋ ਜਿਹੀ ਟਿਪਣੀ ਕਰਦਿਆਂ ਇਹ ਭਾਵੇਂ ਦਿੱਸਿਆ ਹੋਵੇਗਾ ਕਿ ਬੇਰੁਜ਼ਗਾਰੀ ਦੇ ਮਾਰੇ ਕਈ ਨੌਜਵਾਨ ਸੂਚਨਾ ਅਧਿਕਾਰ (ਆਰ ਟੀ ਆਈ) ਵਾਲੇ ਕਾਰਕੁਨ ਬਣਦੇ ਜਾਂ ਸੋਸ਼ਲ ਮੀਡੀਆ ਉੱਤੇ ਕੋਈ ਚੈਨਲ ਚਲਾਉਣ ਵਾਲੇ ਬਣ ਜਾਂਦੇ ਹਨ, ਪਰ ਉਨ੍ਹਾਂ ਦੀ ਤਰਸਯੋਗ ਹਾਲਤ ਦੇ ਸੁਧਾਰ ਦਾ ਖਿਆਲ ਨਹੀਂ ਆਇਆ ਹੋਵੇਗਾ। ਉਸ ਜੱਜ ਨੇ ਇਹ ਨਹੀਂ ਸੋਚਿਆ ਹੋਣਾ ਕਿ ਇਨ੍ਹਾਂ ਨੌਜਵਾਨਾਂ ਨਾਲ ਰੁਜ਼ਗਾਰ ਦੇਣ ਦੇ ਨਾਂਅ ਉੱਤੇ ਹਰ ਦਿਨ ਧੋਖਾ ਹੁੰਦਾ ਰਿਹਾ ਹੈ ਅਤੇ ਬੀਤੇ ਦਿਨੀਂ ਦੇਸ਼ ਪੱਧਰ ਉੱਤੇ ਨੀਟ (ਨੈਸ਼ਨਲ ਇਲੀਜੀਬਿਲਿਟੀ ਐਂਡ ਐਂਟਰੈਂਸ ਟੈੱਸਟ) ਵੇਲੇ ਪੇਪਰ ਲੀਕ ਹੋਣ ਨਾਲ ਫਿਰ ਅੰਤਾਂ ਦੀ ਤਕਲੀਫ ਵਿੱਚੋਂ ਗੁਜ਼ਰਨਾ ਪਿਆ ਹੈ। ਮੁੱਖ ਜੱਜ ਨੇ ਇਹ ਵੀ ਨਹੀਂ ਵੇਖਿਆ ਲੱਗਦਾ ਕਿ ਨੀਟ ਦੇ ਪੇਪਰ ਸੈੱਟ ਕਰਨ ਵਾਲੇ ਖੁਦ ਪ੍ਰਾਈਵੇਟ ਕੋਚਿੰਗ ਏਜੰਸੀਆਂ ਚਲਾਉਂਦੇ ਤੇ ਆਪਣੇ ਸੈੱਟ ਕੀਤੇ ਪੇਪਰ ਸਾਰਿਆਂ ਤੋਂ ਪਹਿਲਾਂ ਆਪਣੇ ਕੋਚਿੰਗ ਸੈਂਟਰਾਂ ਦੇ ਬੱਚਿਆਂ ਨੂੰ ਵੇਚ ਕੇ ਕਮਾਈ ਕਰਦੇ ਹਨ ਅਤੇ ਫਿਰ ਸਾਰੇ ਦੇਸ਼ ਵਿੱਚ ਇਨ੍ਹਾਂ ਦੀ ਸੇਲ ਸ਼ੁਰੂ ਕਰ ਦਿੱਤੀ ਜਾਂਦੀ ਹੈ, ਜਿਸ ਵਿੱਚ ਕਰੋੜਾਂ ਦੀ ਕਮਾਈ ਹਰ ਸਾਲ ਹੋਈ ਜਾਂਦੀ ਹੈ। ਬੇਰੁਜ਼ਗਾਰ ਨੌਜਵਾਨਾਂ ਵਿਰੁੱਧ ਏਦਾਂ ਦੀ ਭੱਦੀ ਟਿਪਣੀ ਕਰਨ ਦੀ ਥਾਂ ਦੇਸ਼ ਦੀ ਨਿਆਂ ਪਾਲਿਕਾ ਦੇ ਮੁਖੀ ਜੱਜ ਨੂੰ ਸਰਕਾਰ ਦੀ ਖਿਚਾਈ ਕਰਨੀ ਤੇ ਕੋਚਿੰਗ ਸੈਂਟਰ ਚਲਾਉਣ ਵਾਲੇ ਠੱਗਾਂ ਵਿਰੁੱਧ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਸੀ, ਪਰ ਉਹ ਪੀੜ ਨਾਲ ਤੜਫਦਿਆਂ ਦੇ ਜ਼ਖਮਾਂ ਉੱਤੇ ਲੂਣ ਧੂੜਨ ਤੁਰ ਪਏ।

ਭਾਰਤ ਦੇ ਮੁਖੀ ਜੱਜ ਦੀ ਇਸ ਬੇਲੋੜੀ ਟਿਪਣੀ ਦੇ ਕਾਰਨ ਰੋਹ ਵਿੱਚ ਆਏ ਹੋਏ ਨੌਜਵਾਨਾਂ ਨੇ ਜਿਹੜੀ ਕਾਕਰੋਚ ਜਨਤਾ ਪਾਰਟੀ ਸ਼ੁਰੂ ਕਰਨ ਦੀ ਪਹਿਲ ਕੀਤੀ, ਦੇਸ਼ ਦੇ ਨੌਜਵਾਨ ਉਨ੍ਹਾਂ ਪਿੱਛੇ ਖੜੇ ਹੋਣ ਲੱਗ ਪਏ। ਦੇਸ਼ ਦੀ ਸਰਕਾਰ ਨੇ ਜਦੋਂ ਇਹ ਵੇਖਿਆ ਕਿ ਉਸ ਦੇ ਪੈਰੋਕਾਰਾਂ ਦੀ ਗਿਣਤੀ ਦੇਸ਼ ਦੀਆਂ ਦੋਵੇਂ ਮੁੱਖ ਧਿਰਾਂ : ਸਰਕਾਰ ਅਤੇ ਵਿਰੋਧ ਦੀ ਧਿਰ ਦੇ ਪੈਰੋਕਾਰਾਂ ਤੋਂ ਵਧਣ ਲੱਗੀ ਹੈ ਤਾਂ ਕਾਕਰੋਚ ਜਨਤਾ ਪਾਰਟੀ ਦਾ ਸੋਸ਼ਲ ਮੀਡੀਆ ਅਕਾਊਂਟ ਬੰਦ ਕਰਵਾ ਦਿੱਤਾ। ਉਨ੍ਹਾਂ ਕੁਝ ਪਲਾਂ ਬਾਅਦ ਆਪਣਾ ਨਵਾਂ ਅਕਾਊਂਟ ਖੋਲ੍ਹਿਆ ਅਤੇ ਨਾਅਰਾ ਲਿਖ ਦਿੱਤਾ ਕਿ ਜਦੋਂ ਹੋਰ ਕਿਤੇ ਕੱਖ ਨਹੀਂ ਬਚਦਾ ਹੁੰਦਾ, ਕਾਕਰੋਚ ਓਦੋਂ ਵੀ ਨਹੀਂ ਮਰਦਾ, ਜ਼ਿੰਦਾ ਰਹਿੰਦਾ ਹੈ। ਜਿੰਨੇ ਵੱਧ ਪੈਰੋਕਾਰ ਵੇਖ ਕੇ ਭਾਰਤ ਸਰਕਾਰ ਨੇ ਉਨ੍ਹਾਂ ਦਾ ਅਕਾਊਂਟ ਬੰਦ ਕਰਾਇਆ ਸੀ, ਚੌਵੀ ਘੰਟਿਆਂ ਵਿੱਚ ਉਨ੍ਹਾਂ ਤੋਂ ਵੱਧ, ਸਿਰਫ ਇੱਕ ਰਾਤ ਦਿਨ ਵਿੱਚ ਦੋ ਕਰੋੜ ਪੈਰੋਕਾਰਾਂ ਦੀ ਗਿਣਤੀ ਨੂੰ ਪਹੁੰਚ ਗਿਆ। ਅੱਗੋਂ ਕੀ ਨਜ਼ਾਰਾ ਪੇਸ਼ ਹੋ ਸਕਦਾ ਹੈ, ਅਸੀਂ ਇਸ ਬਾਰੇ ਕੁਝ ਨਹੀਂ ਕਹਿ ਸਕਦੇ।

ਇਹ ਪਾਰਟੀ ਉੱਠਦੀ ਹੈ ਜਾਂ ਨਹੀਂ ਅਤੇ ਜੇ ਉੱਠੀ ਤਾਂ ਭਾਜੜਾਂ ਕਿਸ ਨੂੰ ਪਾਊਗੀ ਜਾਂ ਰਸਤਾ ਕਿੱਧਰ ਦਾ ਫੜੇਗੀ, ਇਹ ਸਵਾਲ ਅਜੇ ਭਵਿੱਖ ਦੀ ਕੁੱਖ ਵਿੱਚ ਹਨ ਅਤੇ ਇਸ ਬਾਰੇ ਕੋਈ ਨਹੀਂ ਦੱਸ ਸਕਦਾ, ਪਰ ਭਾਰਤ ਦੇ ਜਿਹੜੇ ਜੱਜ ਦੀ ਟਿਪਣੀ ਤੋਂ ਖਿਲਾਰਾ ਪਿਆ ਹੈ, ਉਸ ਜੱਜ ਅਤੇ ਨਿਆਂ ਪਾਲਿਕਾ ਬਾਰੇ ਬਹਿਸ ਚੱਲ ਪਈ ਹੈ। ਆਖਿਆ ਜਾਣ ਲੱਗਾ ਹੈ ਕਿ ਅਦਾਲਤ ਵਿੱਚ ਆਦਮੀ ਓਦੋਂ ਪਹੁੰਚਦਾ ਹੈ, ਜਦੋਂ ਮਜਬੂਰੀ ਬਣ ਜਾਵੇ ਜਾਂ ਉਸ ਨੂੰ ਕਿਸੇ ਤਰ੍ਹਾਂ ਉਲਝਾ ਲਿਆ ਜਾਵੇ ਅਤੇ ਸਿਸਟਮ ਖੁਦ ਉਸ ਨੂੰ ਅਦਾਲਤ ਵਿੱਚ ਖਿੱਚ ਲਿਜਾਵੇ, ਪਰ ਅਦਾਲਤਾਂ ਆਮ ਆਦਮੀ ਦੀ ਭਲਾਈ ਕਰਨ ਦੇ ਮੁੱਦੇ ਚੁੱਕਣ ਅਤੇ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕਰਦੀਆਂ ਜਾਂ ਅੱਧ-ਪਚੱਧੀ ਕਰਦੀਆਂ ਹਨ! ਏਦਾਂ ਦੇ ਕਈ ਮੁੱਦੇ ਗਿਣਵਾਏ ਜਾ ਸਕਦੇ ਹਨ, ਜਿਹੜੇ ਮਿਸਾਲਾਂ ਬਣਦੇ ਗਏ ਕਿ ਸੰਵਿਧਾਨ ਅਤੇ ਇਸ ਦੀ ਵਫਾਦਾਰੀ ਦਾ ਪਰਦਾ ਤਾਣ ਕੇ ਦੇਸ਼ ਦੇ ਲੋਕਾਂ ਖਿਲਾਫ ਗੁਨਾਹ ਅਤੇ ਪਾਪ ਕੀਤੇ ਜਾਂਦੇ ਸਨ ਅਤੇ ਲੋਕ ਹਿੱਤ ਪਟੀਸ਼ਨਾਂ ਜਾਂ ਸੂਚਨਾ ਅਧਿਕਾਰ ਵਾਸਤੇ ਅਰਜ਼ੀ ਦੇਣ ਵਾਲਿਆਂ ਨੇ ਅੰਦਰਲਾ ਸੱਚ ਲੋਕਾਂ ਸਾਹਮਣੇ ਲਿਆਂਦਾ ਤਾਂ ਅਦਾਲਤਾਂ ਨੂੰ ਕਾਰਵਾਈ ਕਰਨੀ ਪਈ ਸੀ। ਇਸ ਨਾਲ ਇਹੋ ਜਿਹੇ ਮੁੱਦੇ ਵੀ ਬਹੁਤ ਸਾਰੇ ਗਿਣਵਾਏ ਜਾ ਸਕਦੇ ਹਨ, ਜਿਹੜੇ ਸੂਚਨਾ ਅਧਿਕਾਰ ਵਾਲੇ ਕਾਰਕੁਨਾਂ ਨੇ ਆਪਣਾ ਜੀਵਨ ਦਾਅ ਉੱਤੇ ਲਾ ਕੇ ਬੇਪਰਦ ਕੀਤੇ, ਕੁਝ ਲੋਕ ਇਹੋ ਜਿਹੇ ਯਤਨਾਂ ਦੌਰਾਨ ਮਾਰੇ ਵੀ ਗਏ, ਪਰ ਅਦਾਲਤਾਂ ਨੇ ਉਨ੍ਹਾਂ ਦੇ ਕੇਸ ਕਿਸੇ ਸਿਰੇ ਤੱਕ ਨਹੀਂ ਪੁਚਾਏ ਅਤੇ ਅੱਧ-ਵਾਟੇ ਛੱਡ ਕੇ ਪਾਪੀ ਮਾਨਸਿਕਤਾ ਵਾਲਿਆਂ ਦੇ ਹੌਸਲੇ ਹੋਰ ਵਧਾ ਛੱਡੇ ਸਨ।

ਇੱਕ ਮੁੱਦਾ ਭਾਰਤ ਦੀ ਨਿਆਂ ਪਾਲਿਕਾ ਦੇ ਮੁਖੀ ਜੱਜ ਨੂੰ ਚੇਤੇ ਕਰਵਾਇਆ ਜਾ ਸਕਦਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਜਦੋਂ ਹੋਣ ਲੱਗੀਆਂ ਤਾਂ ਇਲੈਕਟੋਰਲ ਬਾਂਡ ਨਾਲ ਰਾਜਸੀ ਪਾਰਟੀਆਂ ਨੂੰ ਦਿੱਤੇ ਜਾਂਦੇ ਚੰਦੇ ਬਾਰੇ ਮੁੱਦਾ ਉੱਠਿਆ ਸੀ ਅਤੇ ਇਹ ਚੋਣ ਬਾਂਡ ਸੰਭਾਲਣ ਵਾਲੀ ਸਟੇਟ ਬੈਂਕ ਆਫ ਇੰਡੀਆ ਸੱਚ ਨਹੀਂ ਸੀ ਦੱਸਦੀ ਪਈ। ਸੁਪਰੀਮ ਕੋਰਟ ਨੇ ਉਸ ਵਕਤ ਬੈਂਕ ਨੂੰ ਸਾਰਾ ਸੱਚ ਦੱਸਣ ਅਤੇ ਚੌਵੀ ਘੰਟਿਆਂ ਵਿੱਚ ਦੱਸਣ ਲਈ ਮਜਬੂਰ ਕਰ ਦਿੱਤਾ ਤਾਂ ਬੈਂਕ ਅਧਿਕਾਰੀ ਏਨੇ ਤ੍ਰਹਿਕ ਗਏ ਕਿ ਉਨ੍ਹਾਂ ਨੇ ਚੌਵੀ ਘੰਟੇ ਕੀ, ਕੁਝ ਘੰਟਿਆਂ ਅੰਦਰ ਸ਼ਾਮ ਤੱਕ ਸਾਰਾ ਕੁਝ ਜ਼ਾਹਰ ਕਰ ਦਿੱਤਾ ਸੀ। ਅਦਾਲਤ ਦੇ ਹੁਕਮ ਉੱਤੇ ਜਦੋਂ ਸਭ ਕੁਝ ਜਨਤਾ ਸਾਹਮਣੇ ਆਇਆ ਤਾਂ ਇਹ ਵੱਡਾ ਭੇਦ ਖੁੱਲ੍ਹ ਗਿਆ ਕਿ ਦੇਸ਼ ਦੀ ਸਰਕਾਰ ਜਿਸ ਪਾਰਟੀ ਦੇ ਹੱਥਾਂ ਵਿੱਚ ਸੀ, ਦੇਸ਼ ਦੀਆਂ ਮੁੱਖ ਜਾਂਚ ਏਜੰਸੀਆਂ ਵੱਡੇ ਕਾਰੋਬਾਰੀਆਂ ਨੂੰ ਗ੍ਰਿਫਤਾਰ ਕਰ ਕੇ ਗ੍ਰਿਫਤਾਰੀ ਵਾਲੇ ਸਮੇਂ ਦੌਰਾਨ ਦੇਸ਼ ਦਾ ਰਾਜ ਚਲਾਉਂਦੀ ਉਸ ਪਾਰਟੀ ਦੇ ਲਈ ਕਰੋੜਾਂ ਦੇ ਬਾਂਡ ਚੈੱਕ ਲੈਂਦੀਆਂ ਰਹੀਆਂ ਸਨ। ਸਪੱਸ਼ਟ ਹੋ ਗਿਆ ਕਿ ਦੇਸ਼ ਦੀਆਂ ਕੇਂਦਰੀ ਜਾਂਚ ਏਜੰਸੀਆਂ ਅਸਲ ਵਿੱਚ ਜਾਂਚ ਏਜੰਸੀਆਂ ਨਹੀਂ ਰਹੀਆਂ, ਕੇਂਦਰੀ ਸੱਤਾਧਾਰੀ ਪਾਰਟੀ ਲਈ ਫਿਰੌਤੀਆਂ ਉਗਰਾਹੁਣ ਵਰਗਾ ਧੰਦਾ ਕਰੀ ਜਾਂਦੀਆਂ ਸਨ। ਇਸ ਦੇ ਬਾਅਦ ਅਗਲਾ ਕੰਮ ਸੁਪਰੀਮ ਕੋਰਟ ਨੇ ਕਰਨਾ ਸੀ ਕਿ ਇਸ ਧੱਕੇਸ਼ਾਹੀ ਨਾਲ ਉਗਰਾਹੇ ਪੈਸੇ ਨੂੰ ਸੰਬੰਧਤ ਲੋਕਾਂ ਨੂੰ ਵਾਪਸ ਕਰਵਾਵੇ ਜਾਂ ਦੇਸ਼ ਦੇ ਖਜ਼ਾਨੇ ਦਾ ਹਿੱਸਾ ਬਣਾ ਦੇਣ ਲਈ ਹੁਕਮ ਕਰੇ, ਪਰ ਸੁਪਰੀਮ ਕੋਰਟ ਅਚਾਨਕ ਸਾਰਾ ਕੁਝ ਇੰਜ ਛੱਡ ਬੈਠੀ, ਜਿਵੇਂ ਉਸ ਨੂੰ ਇਸ ਨਾਲ ਮਤਲਬ ਹੀ ਕੋਈ ਨਾ ਹੋਵੇ ਅਤੇ ਫਿਰ ਉਹ ਧੰਦਾ ਅੱਗੇ ਲਈ ਵੀ ਚੱਲਦਾ ਰਹਿਣ ਦਾ ਰਾਹ ਖੁੱਲ੍ਹਾ ਰਹਿ ਗਿਆ ਸੀ। ਸੁਪਰੀਮ ਕੋਰਟ ਨੇ ਓਦੋਂ ਇਸ ਦੇਸ਼ ਅਤੇ ਦੇਸ਼ ਦੇ ਲੋਕਾਂ ਵੱਲ ਬਣਦੀ ਅਗਲੀ ਜ਼ਿੰਮੇਵਾਰੀ ਕਿਉਂ ਨਹੀਂ ਸੀ ਨਿਭਾਈ?

ਸਾਡੇ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਹੀ ਨਹੀਂ, ਸਾਰੇ ਭਾਰਤ ਦੇ ਲੋਕਾਂ ਨੂੰ ਚੰਡੀਗੜ੍ਹ ਦੇ ਮੇਅਰ ਦੀ ਚੋਣ ਵੇਲੇ ਹੁੰਦੀ ਫੜੀ ਗਈ ਧਾਂਦਲੀ ਦਾ ਚੇਤਾ ਕਦੇ ਨਹੀਂ ਭੁੱਲ ਸਕਦਾ। ਭਾਜਪਾ ਦਾ ਜਿਹੜਾ ਆਗੂ ਓਦੋਂ ਚੰਡੀਗੜ੍ਹ ਦੀ ਮਿਉਂਸਪਲ ਕਾਰਪੋਰੇਸ਼ਨ ਦਾ ਪ੍ਰੋ-ਟੈੱਮ ਮੇਅਰ ਬਣਾਇਆ ਗਿਆ ਸੀ, ਉਹ ਜਿੱਤ ਰਹੀ ਧਿਰ ਦੀਆਂ ਵੋਟਾਂ ਉੱਤੇ ਕਾਟੇ ਮਾਰਦਾ ਤੇ ਰੱਦ ਕਰਦਾ ਕੈਮਰਿਆਂ ਵਿੱਚ ਫੜਿਆ ਗਿਆ। ਸਾਰੇ ਦੇਸ਼ ਵਿੱਚ ਰੌਲਾ ਪੈ ਗਿਆ। ਸੁਪਰੀਮ ਕੋਰਟ ਨੇ ਕੇਸ ਆਪਣੇ ਹੱਥ ਲਿਆ ਅਤੇ ਉਸ ਦਿਨ ਵਾਲੀਆਂ ਸਭ ਵੋਟਾਂ ਆਪਣੇ ਕੋਲ ਮੰਗਵਾ ਕੇ ਖੁਦ ਗਿਣਤੀ ਕਰਵਾ ਕੇ ਅਸਲ ਜੇਤੂ ਨੂੰ ਜੇਤੂ ਹੋਣ ਦਾ ਹੱਕ ਦਿਵਾਇਆ, ਪਰ ਜਿਹੜਾ ਪ੍ਰੋ-ਟੈੱਮ ਮੇਅਰ ਏਦਾਂ ਦੀ ਹੇਰਾਫੇਰੀ ਕਰਦਾ ਸੰਨ੍ਹ ਉੱਤੇ ਚੋਰ ਫੜੇ ਜਾਣ ਵਾਂਗ ਫੜਿਆ ਗਿਆ, ਉਸ ਦੇ ਖਿਲਾਫ ਅਗਲਾ ਕਦਮ ਕਿਹੜਾ ਚੁੱਕਿਆ ਗਿਆ, ਇਹ ਲੋਕ ਚੇਤੇ ਨਹੀਂ ਕਰ ਸਕਦੇ। ਅਦਾਲਤ ਦਾ ਕੰਮ ਸਿਰਫ ਹੇਰੀਫੇਰੀ ਨੰਗੀ ਹੋਣ ਪਿੱਛੋਂ ਇਹ ਦੱਸਣ ਤੱਕ ਨਹੀਂ ਸੀ ਕਿ ਹਾਂ ਏਦਾਂ ਹੀ ਹੋਇਆ ਹੈ, ਅੱਗੇ ਵੀ ਕੁਝ ਕਰਨਾ ਸੀ।

ਅਸੀਂ ਏਹੋ ਜਿਹੇ ਕੇਸ ਗਿਣਾਉਣ ਲੱਗ ਪਏ ਤਾਂ ਲੜੀ ਲੰਮੀ ਤੋਂ ਲੰਮੀ ਹੁੰਦੀ ਜਾਵੇਗੀ, ਪਰ ਸਵਾਲ ਫਿਰ ਓਥੇ ਦਾ ਓਥੇ ਖੜਾ ਰਹੇਗਾ ਕਿ ਏਦਾਂ ਹੁੰਦਾ ਕਿਉਂ ਰਿਹਾ ਅਤੇ ਹੋਈ ਕਿਉਂ ਜਾਂਦਾ ਹੈ? ਜਿਹੜੀ ਕਾਕਰੋਚ ਜਨਤਾ ਪਾਰਟੀ ਅਚਾਨਕ ਲੋਕਾਂ ਦੀ ਸੱਥ ਵਿੱਚ ਸਿਰ ਚੁੱਕ ਖੜੋਤੀ ਹੈ, ਉਹ ਇਹ ਆਵਾਜ਼ ਚੁੱਕਦੀ ਹੈ ਕਿ ਭਾਰਤ ਵਿੱਚ ਪਾਬੰਦੀ ਲਾ ਦੇਣੀ ਚਾਹੀਦੀ ਹੈ ਕਿ ਦੇਸ਼ ਦੀ ਉੱਚ ਪੱਧਰੀ ਨਿਆਂ ਪਾਲਿਕਾ ਦਾ ਕੋਈ ਜੱਜ ਰਾਜਨੀਤਕ ਅਹੁਦੇ ਕਦੇ ਨਹੀਂ ਲਵੇਗਾ। ਇਸ ਦਾ ਕਾਰਨ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ। ਬਹੁਤ ਚੰਗੇ ਅਕਸ ਵਾਲੇ ਕਈ ਜੱਜ ਜਦੋਂ ਉੱਚ ਨਿਆਂ ਪਾਲਿਕਾ ਦੇ ਮੁਖੀ ਜਾਂ ਰਥਵਾਨ ਬਣਦੇ ਹਨ ਤਾਂ ਅਚਾਨਕ ਉਨ੍ਹਾਂ ਨੂੰ ਆਮ ਲੋਕ ਕਾਕਰੋਚਾਂ ਵਰਗੇ ਦਿੱਸਣ ਲੱਗ ਜਾਂਦੇ ਹਨ ਅਤੇ ਕੁਝ ਸਮੇਂ ਪਿੱਛੋਂ ਰਿਟਾਇਰ ਹੁੰਦੇ ਸਾਰ ਉਨ੍ਹਾਂ ਵਿੱਚੋਂ ਕੋਈ ਜੱਜ ਕਿਸੇ ਟ੍ਰਿਬਿਊਨਲ ਦਾ ਮੁਖੀ ਜਾਂ ਰਾਜ ਸਭਾ ਦਾ ਮੈਂਬਰ ਬਣ ਗਿਆ ਦਿੱਸਦਾ ਹੈ। ਆਮ ਲੋਕਾਂ ਦਾ ਜਦੋਂ ਰਿਟਾਇਰ ਹੋਣ ਦਾ ਸਮਾਂ ਆਉਂਦਾ ਹੈ, ਦੇਸ਼ ਦੀ ਵੱਡੀ ਅਫਸਰਸ਼ਾਹੀ ਤੇ ਸਿਖਰਲੀ ਨਿਆਂ ਪਾਲਿਕਾ ਵਿਚਲੇ ਕਈ ਲੋਕਾਂ ਨੂੰ ਦੇਸ਼ ਦੇ ਲੋਕਾਂ ਨਾਲ ਇਨਸਾਫ ਕਰਨਾ ਭੁੱਲ ਕੇ ਆਪਣਾ ਅਗਲਾ ਸਮਾਂ ਆਰਾਮ ਨਾਲ ਗੁਜ਼ਾਰਨ ਤੇ ਅਗਲੀ ਪੀੜ੍ਹੀ ਦੇ ਆਪਣੇ ਵਾਰਸਾਂ ਲਈ ਕੁਝ ਨਾ ਕੁਝ ਕਰਨ ਦਾ ਖਿਆਲ ਸੌ ਕੰਮਾਂ ਦਾ ਕੰਮ ਜਾਪਣ ਲੱਗ ਜਾਂਦਾ ਹੈ।

ਇਹੋ ਹਨ ਹਾਲਾਤ, ਜਿਨ੍ਹਾਂ ਵਿੱਚੋਂ ਕਦੇ ਕੋਈ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਉੱਠ ਪੈਂਦੀ ਤੇ ਕਿਸੇ ਯੋਗੀ ਦੇ ਪੈਂਤੜੇ ਦਾ ਸ਼ਿਕਾਰ ਹੋ ਕੇ ਦਮ ਤੋੜਦੀ ਹੈ ਅਤੇ ਕਦੇ ਫਿਰ ਕੋਈ ਕਾਕਰੋਚ ਜਨਤਾ ਪਾਰਟੀ ਉੱਭਰਦੀ ਹੈ। ਕਿਉਂ ਹੁੰਦਾ ਹੈ ਇਸ ਤਰ੍ਹਾਂ? ਇਸ ਲਈ ਕਿ ਆਮ ਲੋਕਾਂ ਨੂੰ ਨਿਆਂ ਦੇਣ ਤੋਂ ਅਸਮਰੱਥ ਇਸ ਸਿਸਟਮ ਵਿਚਲਾ ਕੋਈ ਨਾ ਕੋਈ ਅਧਿਕਾਰੀ ਇਸ ਸਿਸਟਮ ਨੂੰ ਵਰਤਣ ਦੀ ਆਪਣੀ ਮਾਨਸਿਕਤਾ ਦੀ ਕੋਈ ਨਾ ਕੋਈ ਝਲਕ ਜਾਣ-ਬੁੱਝ ਕੇ ਜਾਂ ਸਹਿਜ-ਸੁਭਾਅ ਜ਼ਾਹਰ ਕਰਨ ਲੱਗਾ ਲੋਕ ਮਾਨਸਿਕਤਾ ਨੂੰ ਉਬਾਲਾ ਦੇ ਦੇਂਦਾ ਹੈ। ਉਹ ਇੰਜ ਜਾਣ-ਬੁੱਝ ਕੇ ਕਰਦਾ ਹੈ ਜਾਂ ਗਲਤੀ ਕਰ ਕੇ ਕਦੀ ਪਛਤਾਉਂਦਾ ਵੀ ਹੋਵੇਗਾ, ਅਸੀਂ ਇਹ ਨਹੀਂ ਜਾਣ ਸਕਦੇ, ਪਰ ਭਾਰਤ ਦੇ ਲੋਕਾਂ ਦਾ ਜਿਹੜਾ ਉਬਾਲਾ ਇਸ ਵਾਰੀ ਆਇਆ ਹੈ, ਇਸ ਨਾਲ ਇੱਕ ਵਾਰੀ ਫਿਰ ਸੱਚ ਸੱਥ ਵਿੱਚ ਜ਼ਾਹਰ ਹੋ ਗਿਆ ਹੈ। ਮੈਂ ਖੁਦ ਅੰਨਾ ਹਜ਼ਾਰੇ ਦੀ ਲਹਿਰ ਦਾ ਪੈਰੋਕਾਰ ਕਦੀ ਨਹੀਂ ਸੀ ਬਣਿਆ, ਇਸ ਵਾਰੀ ਕਾਕਰੋਚ ਜਨਤਾ ਪਾਰਟੀ ਦਾ ਪੈਰੋਕਾਰ ਬਣਨ ਦਾ ਇਰਾਦਾ ਵੀ ਕੋਈ ਨਹੀਂ, ਮੈਂ ਆਪਣੇ ਪੱਤਰਕਾਰੀ ਦੇ ਫਰਜ਼ਾਂ ਤੱਕ ਸੀਮਤ ਰਹਿਣ ਦਾ ਯਤਨ ਕਰਦਾ ਹਾਂ, ਪਰ ਦੇਸ਼ ਦੇ ਜਿਹੜੇ ਹਾਲਾਤ ਹਨ, ਇਨ੍ਹਾਂ ਦਾ ਅਸਰ ਮੂੰਹੋਂ ਮੰਨਾਂ ਜਾਂ ਨਾ ਮੰਨਾਂ, ਮੈਂ ਇਨ੍ਹਾਂ ਹਾਲਾਤ ਤੋਂ ਨਿਰਲੇਪ ਹੋ ਕੇ ਕਿਨਾਰੇ ਉੱਤੇ ਖੜਾ ਰਹਿਣ ਦੀ ਹਿੰਮਤ ਕਿਵੇਂ ਕਰ ਸਕਦਾ ਹਾਂ? ਮਨ ਵਿੱਚ ਇੱਕੋ ਗੱਲ ਮੁੜ-ਮੁੜ ਆਉਂਦੀ ਹੈ, ਜਦੋਂ ਬੋਲਣਾ ਨਹੀਂ ਤਾਂ ਬੁੱਤ ਬਣ ਕੇ ਦਿਨ ਕਿਵੇਂ ਕੱਟਦੇ ਰਹਿ ਸਕਦੇ ਹਾਂ? ਇਹ ਚੁੱਪ ਇਨਸਾਨ ਹੋਣ ਦੇ ਸਾਡੇ ਸਾਰਿਆਂ ਦੇ ਅਹਿਸਾਸ ਨੂੰ ਦੱਬ ਕਿੱਦਾਂ ਸਕਦੀ ਹੈ?

# ਪਰਸੋਂਵਾਲ ਦਾ 'ਧਰਮ ਯੁੱਧ' : ਬਾਕੌਲ! ਨਰੰਜਣ ਸੁੰਹ

**ਪਿੰਡ ਵਸਿਆ-77**

**ਵਿਜੇ ਬੰਬੇਲੀ**

ਬਾਕੌਲ, ਨਰੰਜਣ ਸੁੰਹ! ਪਰਸੋਂਵਾਲ, ਚੱਬੇਵਾਲ, ਛੋਟਾ ਜਿਹਾ ਪਿੰਡ ਹੈ, ਉਦੋਂ ਵੀ ਤੇ ਹੁਣ ਵੀ। ਪਿੰਡ ਦੇ ਲਹਿੰਦੇ ਪਾਸੇ ਦਾ ਚੋਅ ਬਰਸਾਤ ਵਿਚ ਦਰਿਆ ਵਾਂਗ ਵਗਦਾ। ਬਾਕੀ ਸਾਰਾ ਸਾਲ ਸੁੱਕਾ ਰਹਿੰਦਾ। ਇੱਕ ਦਿਨ ਸਵੇਰੇ ਹੀ ਚੋਅ ਵਿਚ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਇਲਾਕੇ ਵਿਚ ਇੱਕ-ਦੋ ਸੰਤਾਂ ਦਾ ਬੜਾ ਪ੍ਰਭਾਵ ਸੀ। 'ਸੰਤਾਂ' ਦਾ ਹੁਕਮ ਸੀ, ਮੁਸਲਿਆਂ ਨੂੰ ਪਾਕਿਸਤਾਨ ਧੱਕਣ ਲਈ ਹਰ ਘਰੋਂ ਇੱਕ-ਦੋ ਬੰਦੇ ਚੋਅ ਵਿਚ ਇਕੱਠੇ ਹੋ ਜਾਣ। ਸ਼ਾਹ ਵੇਲੇ ਤੱਕ ਦੋ-ਚਾਰ ਸੌ ਬੰਦਾ 'ਕੱਠਾ ਹੋ ਗਿਆ। ਕਿਸੇ ਕੋਲ ਲਾਠੀ, ਕਿਸੇ ਕੋਲ ਕਿਰਪਾਨ ਤੇ ਕਿਸੇ ਕੋਲ ਕੁੱਝ ਹੋਰ। ਪੰਜਾਂ-ਦਸਾਂ ਕੋਲ ਆਤਸ਼ੀ ਹਥਿਆਰ, ਨਿਹੰਗਾਂ ਵਰਗੇ ਜਾਪਦਿਆਂ ਕੋਲ ਬਰਛੇ। ਕੁੱਝ ਲੋਕਾਂ ਨੇ ਤੱਕੜੀ ਦੇ ਪੱਲੇ ਢਾਲ ਵਾਂਗ ਆਪਣੀ ਛਾਤੀ-ਪਿੱਠ ਉੱਤੇ ਬੰਨ੍ਹੇ ਹੋਏ ਸਨ।

ਉਸ ਦਿਨ ਬਾਪੂ, ਮੇਰੇ ਬਾਬਾ ਜੀ ਨੇ ਇੱਕ 'ਸੰਤ' ਨੂੰ ਘਰ ਪ੍ਰਸ਼ਾਦਾ ਖੁਆਉਣ ਲਈ ਸੱਦਿਆ ਹੋਇਆ ਸੀ। ਸੰਤ ਜੀ ਦੀ ਉਮਰ ਅਜੇ ਥੋੜ੍ਹੀ ਸੀ। ਉਹ ਕਾਹਲੀ-ਕਾਹਲੀ ਪ੍ਰਸ਼ਾਦਾ ਛਕਣ ਲੱਗੇ। ਬਾਪੂ ਬੋਲਿਆ, "ਮਹਾਰਾਜ, ਕਾਹਲੀ ਕਾਹਦੀ, ਸਹਿਜ ਨਾਲ ਛਕੋ।" ਸੰਤ ਦਾ ਜਵਾਬ ਸੀ, "ਨਹੀਂ, ਬਾਬਾ ਜੀ, ਅੱਜ 'ਧਰਮ ਯੁੱਧ' 'ਤੇ ਜਾਣਾ। ਜਥਾ ਤਿਆਰ ਖੜ੍ਹਾ।" ਸੰਤਾਂ ਨੇ ਛੇਤੀ-ਛੇਤੀ ਅਰਦਾਸ ਕੀਤੀ ਤੇ ਔਹ ਗਏ-ਔਹ ਗਏ।

ਕੁੱਝ ਘੋੜਸਵਾਰ ਅਤੇ ਬੰਦੂਕਧਾਰੀ, ਜਥੇ ਦੀ ਅਗਵਾਈ ਕਰ ਰਹੇ ਸਨ। ਜਿਸ ਪਿੰਡ ਉੱਤੇ ਜਥਾ ਚੜ੍ਹਾਈ ਕਰਦਾ, ਪਹਿਲਾਂ ਤੂੜੀ ਦੇ ਕੁੱਪਾਂ ਨੂੰ ਅੱਗ ਲਾ ਦਿੱਤੀ ਜਾਂਦੀ। ਲੋਕ ਡਰਦੇ ਦੌੜ ਜਾਂਦੇ। ਹਮਲਾਵਰ ਘਰਾਂ 'ਚੋਂ ਚੰਗਾ-ਚੰਗਾ ਮਾਲ ਲੁੱਟ ਲੈਂਦੇ। ਸਾਡੇ ਪਿੰਡ ਦੇ ਕੁੱਝ ਹੁੱਕੇ ਦੇ ਸ਼ੌਕੀਨਾਂ ਨੂੰ ਪਹਿਲੇ ਹੀ ਪਿੰਡ ਦੀ ਇੱਕ ਹੱਟੀ ਵਿੱਚੋਂ ਤੰਬਾਕੂ ਦੀਆਂ ਬੋਰੀਆਂ ਹੱਥ ਆ ਗਈਆਂ, ਉਹ ਤੰਬਾਕੂ ਲੁੱਟ ਕੇ ਹੀ ਚੱਲਦੇ ਬਣੇ। ਕੁੱਝ ਮੌਜੀ ਬੰਦਿਆਂ ਨੂੰ ਸੌਗੀਆਂ ਤੇ ਬਾਦਾਮ ਲੱਭ ਗਈਆਂ, ਉਹ ਉਨ੍ਹਾਂ 'ਤੇ ਹੀ ਲੋਟੂ ਹੋ ਗਏ। ਲੜਨ-ਮਰਨ ਵਾਲੇ ਲੋਕ ਥੋੜ੍ਹੇ ਹੀ ਸਨ, ਜੋ ਜਥੇ ਦੇ ਅੱਗੇ ਚੱਲ ਰਹੇ ਸਨ, ਬਹੁਤੇ ਤਮਾਸ਼ਬੀਨ। ਕੁੱਝ ਥਾਂ ਮੁਸਲਮਾਨ ਅੜੇ ਵੀ, ਪਰ ਪੇਸ਼ ਨਾ ਗਈ।

ਧੌਲ ਦਾੜ੍ਹੀਏ ਨਰੰਜਣ ਸੁੰਹ ਨੇ ਹਉਕਾ ਲਿਆ, ਬੋਲਿਆ, "ਜਦੋਂ ਵੀ ਹਜੂਮੀ-ਛਵੀਆਂ ਚੱਲਦੀਆਂ ਹਨ ਤਾਂ ਪਹਿਲਾਂ ਸ਼ਿਕਾਰ ਔਰਤਾਂ ਹੁੰਦੀਆਂ ਹਨ। ਕਈਆਂ ਦੀ ਬੇਪੱਤੀ ਹੁੰਦੀ ਹੈ, ਕੁੱਝ ਨੂੰ ਜੋਰਾਵਰ ਚੁੱਕ ਕੇ ਲੈ ਜਾਂਦੇ ਹਨ।" ਸਾਡੇ ਨਾਲ ਦੇ ਪਿੰਡ ਦੇ ਇੱਕ ਛੜੇ ਨੇ ਇੱਕ ਮੁਸਲਮਾਨ ਤੀਂਵੀਂ ਘੇਰ ਲਈ। ਉਸ ਦੇ ਹੱਥ ਵਿਚ ਨੰਗੀ ਤਲਵਾਰ ਸੀ, ਕਹਿੰਦਾ, "ਮੇਰੇ ਨਾਲ ਚੱਲ।" ਉਹ ਅੜੀ, "ਨਹੀਂ ਜਾਂਦੀ।" ਛੜੇ ਨੇ ਤਲਵਾਰ ਉਲਾਰ ਕੇ ਆਖ਼ਿਆ, "ਨਾ ਤੁਰੀ ਤਾਂ ਵੱਢ ਸੁੱਟੂੰ।" ਜ਼ਨਾਨੀ ਸਿਹਤਮੰਦ ਤੇ ਦਲੇਰ ਸੀ, ਬੋਲੀ- "ਮਾਰ ਕੇ ਦਿਖ਼ਾ।" ਸਵਾਲ ਜਵਾਬ ਕਰਦੇ, ਹੱਥੋਪਾਈ ਹੁੰਦੇ, ਦੋਵੇਂ ਧਰਤੀ 'ਤੇ ਡਿੱਗ ਪਏ। ਕੋਲ ਖ਼ੜੇ ਇੱਕ ਹਮਲਾਵਰ ਨੇ ਜ਼ਨਾਨੀ ਦੇ ਢਿੱਡ ਵਿਚ ਬਰਛਾ ਖੋਭ ਦਿੱਤਾ, ਵਿਚਾਰੀ ਇੱਕ ਪਾਸੇ ਲੁੜਕ ਗਈ। ਲਹੂ ਦੀ ਧਰਾਲ ਵਗ ਤੁਰੀ, ਗੂੜ੍ਹੀ-ਲਾਲ ਰੱਤੀ।

ਹਿੰਦੂ-ਸਿੱਖ 'ਧਰਮੀਆਂ' ਅਤੇ ਮੁਲਾਣਿਆਂ ਨੇ ਲੋਕ ਨਰਦੇਈ ਕਰ ਦਿੱਤੇ। ਉਹ ਮਜਬੂਰ ਤੇ ਦੁਖਿਆਰੇ ਲੋਕਾਂ ਨੂੰ ਵੀ ਲੁੱਟ ਲੈਂਦੇ, ਲਾਚਾਰ ਤੇ ਨਿਰਦੋਸ਼ਾਂ ਨੂੰ ਮਾਰ ਦਿੰਦੇ। ਸਦੀਆਂ ਪੁਰਾਣੇ ਘਰ-ਬਾਰ ਛੱਡਣ ਤੋਂ ਪਹਿਲਾਂ ਮੁਸਲਮਾਨਾਂ ਨੇ ਆਪਣੇ ਪਸ਼ੂ-ਡੰਗਰ ਸਸਤੇ ਭਾਅ ਵੇਚ ਦਿੱਤੇ ਜਾਂ ਵਾਕਫ਼ਾਂ ਹਵਾਲੇ ਕਰ ਦਿੱਤੇ। ਬਕਰੀਦ ਲਈ ਪਾਲੇ ਬੱਕਰੇ-ਭੇਡੂ ਖੁੱਲ੍ਹੇ ਛੱਡ ਦਿੱਤੇ, 'ਸ਼ਾਕਾਹਾਰੀ' ਵੀ ਸਾਬਤਕਦਮੀਂ ਨਾ ਰਹੇ। ਹਾਂ; ਮੁਫ਼ਤ ਦੀ ਤਾਂ ਕਾਜ਼ੀ ਨੇ ਵੀ ਨਹੀਂ ਸੀ ਛੱਡੀ।

ਅਗਸਤ ਦਾ ਸਾਰਾ ਮਹੀਨਾ ਪੰਜਾਬ ਵਿਚ ਲਹੂ ਡੁੱਲ੍ਹਦਾ ਰਿਹਾ। ਮੀਂਹ ਤਾਂ ਨਹੀਂ ਵਰ੍ਹਿਆ, ਪਰ ਨਦੀਆਂ ਦਾ ਰੰਗ ਲਾਲ ਹੋ ਗਿਆ। ਰੇਲਾਂ ਰੰਗੀਆਂ ਗਈਆਂ। ਹੱਸਦੇ-ਵੱਸਦੇ ਘਰ ਖੰਡਰ ਬਣ ਗਏ। ਲਿੱਪੇ-ਪੋਚੇ ਘਰ ਧੁਆਂਖੇ ਗਏ। ਖ਼ੂਹਾਂ, ਖ਼ੱਡਾ, ਜੂਹਾਂ ਤੇ ਜੰਗਲਾਂ-ਬੇਲਿਆਂ ਵਿਚ ਮਾਰੇ ਗਏ ਬੰਦਿਆਂ ਨੂੰ ਸਾਂਭਣ ਵਾਲਾ ਕੋਈ ਨਹੀਂ ਸੀ। ਇਸ ਮਨੁੱਖੀ ਕਹਿਰ ਤੋਂ ਬਾਅਦ ਸਤੰਬਰ ਵਿਚ ਮੀਂਹ ਪੈਣੇ ਸ਼ੁਰੂ ਹੋ ਗਏ, ਬਹੁਤ ਮੀਂਹ ਪਏ। ਨਦੀਆਂ-ਨਾਲਿਆਂ ਵਿਚ ਹੜ੍ਹ ਆ ਗਏ। ਚੋਅ ਚੜ੍ਹ ਜਾਂਦੇ ਤਾਂ ਦੁਆਬੇ ਦੇ ਲੋਕ ਹੜ੍ਹੇ ਜਾਂਦੇ ਨਿੱਕੇ-ਮੋਟੇ ਦਰੱਖ਼ਤ ਬੂਟੇ, ਝਾੜੀਆਂ ਤੇ ਬੂਟੇ ਫ਼ੜ-ਫ਼ੜ ਸਾਲ ਭਰ ਲਈ ਬਾਲਣ ਇਕੱਠਾ ਕਰ ਲੈਂਦੇ ਸਨ। ਸਾਡੇ ਪਿੰਡ ਦੇ ਚੋਅ ਵਿਚ ਹੜ੍ਹ ਆਇਆ ਤਾਂ ਅਸੀਂ ਵੀ ਬਾਲਣ ਇਕੱਠਾ ਕਰਨ ਲਈ ਚੋਅ ਕੰਢੇ ਚਲੇ ਗਏ, ਜਿੰਨਾ ਬਾਲਣ ਹੱਥ ਆਇਆ, ਫੜਿਆ।

ਐਤਕੀਂ ਦੇ ਹੜ੍ਹ ਵਿਚ ਹੋਰ ਵੀ ਕਈ ਕੁੱਝ ਹੜ੍ਹਿਆ ਆ ਰਿਹਾ ਸੀ। ਅੱਧ-ਸੜੀਆਂ ਲੱਕੜਾਂ, ਜੋ ਸ਼ਾਇਦ ਸਿਵਿਆਂ ਦੀਆਂ ਸਨ। ਭਾਂਡੇ-ਟੀਂਡੇ ਜੋ ਸ਼ਾਇਦ ਉੱਜੜੇ ਘਰਾਂ ਵਿੱਚੋਂ ਹੜ੍ਹ ਕੇ ਆ ਗਏ ਸਨ। ਚੋਅ ਵਿੱਚ ਹੜ੍ਹਿਆ ਆ ਰਿਹਾ ਇੱਕ ਵੱਡਾ ਸਾਰਾ ਪਲੰਘ ਵੀ ਸਾਡੇ ਹੱਥ ਲੱਗਾ, ਜਿਸ ਦੇ ਬਾਰੀਕ ਬਾਣ ਉੱਤੇ ਲਹੂ ਦੇ ਅਮਿੱਟ ਦਾਗ ਲੱਗੇ ਹੋਏ ਸਨ। ਪਾਣੀ ਵਿਚ ਖ਼ਲੋਤਿਆਂ ਮੇਰੀਆਂ ਲੱਤਾਂ ਨੂੰ ਕੁੱਝ ਲੱਗਾ, ਚੁੱਕ ਕੇ ਵੇਖਿਆ, ਇਹ ਇਨਸਾਨੀ ਖੋਪੜੀ ਸੀ। ਖੋਪੜੀ ਦਾ ਮੂੰਹ ਖੁੱਲ੍ਹਾ ਸੀ, 'ਜਿਵੇਂ ਕੁੱਝ ਕਹਿਣਾ ਚਾਹੁੰਦੀ ਸੀ।' ਇੱਕ ਦਮ ਮੇਰੇ ਹੱਥੋਂ ਖ਼ੋਪੜੀ ਛੁੱਟ ਗਈ। ਇਹ ਉਨ੍ਹਾਂ ਲੋਕਾਂ ਦੇ ਸਿਰ ਸਨ, ਜਿਨ੍ਹਾਂ ਨੂੰ ਖੱਡਾ-ਖਾਲਿਆਂ ਵਿਚ ਮਾਰ ਕੇ ਸੁੱਟ ਦਿੱਤਾ ਗਿਆ ਸੀ। ਖ਼ੌਰੇ, ਮਾਸ ਤਾਂ ਕਾਂ-ਕੁੱਤੇ ਜਾਂ ਮਿੱਟੀ ਖਾ ਗਈ, ਪਰ ਹੱਡੀਆਂ ਪਾਣੀ ਵਿਚ ਰੁੜ੍ਹੀਆਂ ਆ ਰਹੀਆਂ ਸਨ।

ਲੋਕ ਕਹਿੰਦੇ, "ਚੰਗਾ ਹੋਇਆ, ਭਰਵੇਂ ਮੀਂਹ ਪੈ ਗਏ, ਬੰਦੇ ਦੇ ਪਾਪ ਧੋਤੇ ਗਏ। ਲਾਸ਼ਾਂ ਦੀ ਬਦਬੋ ਨਾਲ ਬਿਮਾਰੀ ਫੈਲ ਜਾਣੀ ਸੀ।" ਦਰ-ਹਕੀਕਤ, ਮਨੁੱਖ਼ ਨੂੰ ਕਈ ਬਿਮਾਰੀਆਂ ਹਨ। ਕਰੀਬ ਹਰ ਬਿਮਾਰੀ ਦਾ ਇਲਾਜ ਲੱਭ ਲਿਆ ਗਿਆ ਹੈ, ਪਰ ਇੱਕ ਬਿਮਾਰੀ ਬੜੀ ਚਿੰਤਾਜਨਕ ਹੈ, ਉਹ ਹੈ ਨਫ਼ਰਤ ਦੀ, ਵੈਰ-ਵਿਰੋਧ ਦੀ। ਇਸ ਬਿਮਾਰੀ ਤੋਂ ਬੰਦਾ ਕਦੋਂ ਮੁਕਤ ਹੋਵੇਗਾ? ਸ਼ਾਇਦ ਇਹ ਸਵਾਲ ਜੈਨਾ ਨੇ ਵੀ ਪਾਇਆ ਹੋਵੇਗਾ। ਜੈਨਾ, ਜੋ ਸਾਡੇ ਲਾਗਲੇ ਪਿੰਡ ਦੀ ਹੀ ਸੀ।

ਲਹਿੰਦੇ ਪੰਜਾਬ ਵਿੱਚੋਂ ਤਾਂ ਮਾਰਚ ਸੰਤਾਲੀ ਤੋਂ ਹੀ ਹਿੰਦੂਆਂ-ਸਿੱਖਾਂ ਨੇ ਨਿਕਲਣਾ ਸ਼ੁਰੂ ਕਰ ਦਿੱਤਾ ਸੀ, ਚੜ੍ਹਦੇ ਵਿੱਚੋਂ ਮੁਸਲਮਾਨਾਂ ਦਾ ਨਿਕਾਸ 15 ਅਗਸਤ ਤੋਂ ਬਾਅਦ ਹੀ ਸ਼ੁਰੂ ਹੋਇਆ। ਜਥੇ ਦੀ ਚੜ੍ਹਾਈ ਤੋਂ ਬਾਅਦ ਜਿਹੜੇ ਮੁਸਲਮਾਨ ਸਾਡੇ ਪਿੰਡਾਂ ਵਿਚ ਰਹਿ ਗਏ, ਉਹ ਕਾਫ਼ਲੇ ਬਣਾ ਕੇ ਪਾਕਿਸਤਾਨ ਨੂੰ ਜਾਣ ਲੱਗ ਪਏ। ਹਾਲਤਾਂ ਦੇ ਝੰਬੇ ਹੋਏ ਮਜਬੂਰ ਲੋਕਾਂ ਦੇ ਲਾਮ-ਡੋਰੇ, ਮੰਜ਼ਲ ਦਾ ਪਤਾ ਨਹੀਂ। ਬਸ ਬੋਝਲ ਪੈਰੀਂ ਤੁਰਨਾ ਹੀ ਉਨ੍ਹਾਂ ਦਾ ਕੰਮ ਸੀ।

ਸਾਡੇ ਨੇੜੇ ਦੇ ਪਿੰਡ ਭੁੱਲੇਵਾਲ ਰਾਠਾਂ, ਮਾਹਿਲਪੁਰ ਵਿਚ ਮੁਸਲਮਾਨ ਤੇਲੀਆਂ ਦਾ ਘਰ ਹੁੰਦਾ ਸੀ। ਜੈਨਾ, ਉਨ੍ਹਾਂ ਵਿੱਚੋਂ ਹੀ ਸੀ। ਸਾਡੇ ਪਿੰਡ ਦੇ ਬਹੁਤੇ ਘਰਾਂ ਵਿਚ ਸਰ੍ਹੋਂ ਦਾ ਖ਼ਾਲਸ ਤੇਲ ਜੈਨਾ ਹੀ ਪਹੁੰਚਾਉਂਦੀ ਸੀ। ਸੁਭਾਅ ਦੀ ਬੜੀ ਚੰਗੀ, ਮਿੱਠ-ਬੋਲੜੀ ਤੇ ਹਰਮਨ ਪਿਆਰੀ। ਲੋਕ ਚਾਹੁੰਦੇ ਸਨ, ਜੈਨਾ ਪਿੰਡ ਛੱਡ ਕੇ ਨਾ ਜਾਵੇ। ਕਿਸੇ ਨੇ ਉਸ ਦੇ ਪਰਵਾਰ ਨੂੰ ਕਾਫ਼ਲੇ ਨਾਲ ਜਾਂਦੇ ਵੇਖ ਲਿਆ, ਪਿੰਡ ਦੀਆਂ ਤ੍ਰੀਮਤਾਂ ਬਿਲਕ ਉੱਠੀਆਂ।...ਜੈਨਾ ਨਾਲ, ਉਹ, ਦੁੱਖ-ਸੁੱਖ ਸਾਂਝਾ ਕਰ ਲੈਂਦੀਆਂ ਸਨ, ਦਿਲ ਦਾ ਭੇਦ ਵੀ। ਉਹ ਜੈਨਾ ਨੂੰ ਅੱਜ ਵੀ ਬੜੇ ਮੋਹ ਨਾਲ ਯਾਦ ਕਰਦੀਆਂ ਹਨ। "ਵਿਚਾਰੀ ਜੈਨਾ, ਉਸ ਨੇ ਕਿਸੇ ਦਾ ਕੀ ਵਿਗਾੜਿਆ ਸੀ। ਉਫ਼, ਉਹ ਵੀ ਚਲੇ ਗਈ", ...ਉਹ ਬੁੜ-ਬੜਾਂਦੀਆਂ।

**ਮੋਬਾ. 94634-39075**

# ਜ਼ਿੰਦਾ ਏਂ ਤਾਂ ਜ਼ਿੰਦਾਬਾਦ ਜ਼ਰੂਰੀ ਹੈ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-67**

**ਸੁਰਜੀਤ ਸੁਮਨ**

ਵਕਤ ਬੀਤਦਿਆਂ ਦੇਰ ਨਈਂ ਲਗਦੀ। ਵਕਤ ਨੇ ਬੀਤ ਈ ਜਾਣਾ ਹੁੰਦੈ ਭਾਅ ਜੀ ! ਇਹ ਕਿੱਥੇ ਖੜ੍ਹਦੈ? ਏਸੇ ਲਈ ਵਕਤ ਵਾਂਗ ਹੌਲ਼ੀ ਹੌਲ਼ੀ ਬੰਦਾ ਵੀ ਬੀਤ ਜਾਂਦਾ ਹੈ। ਵਕਤ, ਬਹੁਤ ਸਾਰੀਆਂ ਖੱਟੀਆਂ-ਮਿੱਠੀਆਂ ਤੇ ਕੌੜੀਆਂ ਯਾਦਾਂ ਪਿੱਛੇ ਛੱਡ ਜਾਂਦਾ ਹੈ। ਰਿਸਦੇ ਜ਼ਖ਼ਮ ਪਿੱਛੇ ਰਹਿ ਜਾਂਦੇ ਹਨ। ਗ਼ਜ਼ਲਗੋ ਐੱਸ. ਨਸੀਮ ਦੀ ਗ਼ਜ਼ਲ ਦੇ ਇਸ ਸ਼ੇਅਰ ਵਾਂਗ ਸਮੇਂ ਦੇ ਦਿੱਤੇ ਪੱਛ, ਮਨੁੱਖੀ ਮਨ ਦੇ ਅੰਬਰ 'ਤੇ ਹਮੇਸ਼ਾ ਤਰੋ-ਤਾਜ਼ਾ ਰਹਿੰਦੇ ਹਨ। ਚਸਕਦੇ ਰਹਿੰਦੇ ਹਨ। ਪਹੁ ਫੁੱਟਣ ਬਾਅਦ ਸਵੇਰ ਵੇਲ਼ੇ ਦੀ ਰੁਮਕਦੀ ਪੌਣ ਵਾਂਗ ਐੱਸ.ਨਸੀਮ ਉਰਫ ਸੁਨੀਲ ਕੁਮਾਰ ਦੀ ਸ਼ਾਇਰੀ ਦਾ ਰੰਗ ਬਾਕੀ ਸ਼ਾਇਰਾਂ ਨਾਲ਼ੋਂ ਉੱਘੜਵਾਂ ਹੈ। ਨਿਰਾ ਗੇਰੂਆ, ਕਿਉਂਕਿ ਉਸ ਦੀ ਸ਼ਾਇਰੀ ਦੇ ਘਰ ਦੇ ਤਿੰਨ ਪਤੇ ਹਨ; ਦਰਦ, ਸਫਰ ਤੇ ਤਨਹਾਈ। ਜਿਨ੍ਹਾਂ ਸ਼ਾਇਰਾਂ ਦੀਆਂ ਧਮਣੀਆਂ ਵਿੱਚ ਹਮੇਸ਼ਾ ਦਰਦ ਤੇ ਤਨਹਾਈ, ਸਫਰ ਕਰਦੇ ਰਹਿੰਦੇ ਹੋਣ, ਅਜਿਹੇ ਸ਼ਾਇਰਾਂ ਦੇ ਮੂੰਹੋਂ ਕਿਰੇ ਬੋਲ ਤੇ ਕਲਮੋਂ ਝੜਦੇ ਸ਼ਬਦ ਸਮਾਂ ਪਾ ਕੇ ਹੀਰੇ ਜ਼ਵਾਹਰਾਤ ਤੇ ਲਾਲਾਂ ਤੋਂ ਵੀ ਬੇਸ਼ਕੀਮਤੀ ਰੁਤਬਾ ਗ੍ਰਹਿਣ ਕਰ ਲੈਂਦੇ ਹਨ। ਜਿਵੇਂ ਸੁਖਮਿੰਦਰ ਰਾਮਪੁਰੀ ਦੀ ਕਲਮੋਂ ਨਿਕਲ਼ੇ ਇਸ ਗੀਤ ਦਾ ਮੁੱਖੜਾ 'ਇਨ੍ਹਾਂ ਜ਼ਖ਼ਮਾਂ ਦਾ ਕੀ ਕਹਿਣਾ/ ਜਿਨ੍ਹਾਂ ਰੋਜ਼ ਹਰੇ ਰਹਿਣਾ' ਆਪਣੀ ਕਹਾਣੀ ਆਪੇ ਹੀ ਬਿਆਨਦਾ ਚਲਾ ਜਾਂਦਾ ਹੈ।

ਘਰ ਵਿੱਚ ਆਏ ਨਵੇਂ ਜੀਅ ਦੋਹਤੇ ਦੇ ਆਉਣ ਦੀ ਖੁਸ਼ੀ ਸਾਂਝੀ ਕਰਨ ਲਈ ਮੈਂ ਜਸਵਿੰਦਰ ਸੱਚਦੇਵਾ ਨੂੰ ਫੋਨ ਮਿਲਾ ਲੈਂਦਾ ਹਾਂ। ਮੈਂ ਉਸਨੂੰ ਛੇੜਦਾ ਹਾਂ, 'ਡੈਂਟਿੰਗ-ਪੇਂਟਿੰਗ ਕਰ ਲਈ ਭਰਾ।' ਮੇਰੇ ਬੋਲ ਸੁਣ, ਉਹ ਨਿਰਛੱਲ ਹਾਸਾ ਹੱਸਦਾ ਹੈ। ਪਤਾ ਨਹੀਂ ਕਿਉਂ ਮੈਨੂੰ ਓਹਦੇ ਹਾਸੇ ਵਿੱਚੋਂ ਓਹਦੀ ਉਹੋ ਪੁਰਾਣੀ ਖਣਕ ਸੁਣਾਈ ਨਾ ਦਿੱਤੀ। ਵਧਾਈਆਂ ਦਾ ਆਦਾਨ-ਪ੍ਰਦਾਨ ਹੋਣ ਬਾਅਦ 'ਹੋਰ ਸੁਣਾ' ਦੇ ਇਵਜ਼ ਵਿੱਚ ਉਸ ਦਿਲ ਦੀ ਵੇਦਨ ਕਹਿ ਸੁਣਾਈ। ਸਰ, ਝੱਖੜ ਨੇ ਬੜਾ ਨੁਕਸਾਨ ਕਰ ਦਿੱਤੈ। ਘਰ ਦੇ ਕਾਰਨਰ 'ਚ ਖੜ੍ਹੀ ਭਾਰੀ-ਭਰਕਮ ਜਾਮਣ, ਸ਼ੈੱਡ 'ਤੇ ਆ ਡਿੱਗੀ। ਸ਼ੈੱਡ ਹੇਠ ਗੱਡੀ ਖੜ੍ਹੀ ਸੀ। ਵਾਹਵਾ ਨੁਕਸਾਨ ਹੋ ਗਿਆ, ਸਰ ਜੀ। ਹੁਣ ਗੱਡੀ ਅਜੰਸੀ 'ਚ ਖੜ੍ਹੀ ਆ। ਸੁਣ ਕੇ ਮੈਨੂੰ ਡਾਹਡਾ ਦੁੱਖ ਹੋਇਆ। ਇਹ ਝੱਖੜ ਜਦੋਂ ਵੀ, ਜਿੱਧਰ ਵੀ ਆਉਂਦੇ ਹਨ, ਬੜਾ ਨੁਕਸਾਨ ਕਰ ਜਾਂਦੇ ਹਨ। ਕਈਆਂ ਨੁਕਸਾਨਾਂ ਦੀ ਭਰਪਾਈ ਵੀ ਔਖੀ ਹੋ ਜਾਂਦੀ ਹੈ। ਚਲੋ ! ਜਾਨ ਬਚੀ ਤੇ ਲਾਖ ਉਪਾਏ। ਜਾਨੀ ਨੁਕਸਾਨ ਤੋਂ ਬਚਾਅ, ਭਾਰੀ ਖੁਸ਼ੀ ਦਾ ਸਬੱਬ ਬਣ ਜਾਂਦੈ। ਫਿਰ ਐੱਸ ਨਸੀਮ ਦੀ ਤਾਜ਼ੀ ਪੁਸਤਕ ਦਾ ਜ਼ਿਕਰ ਕਰਦਿਆਂ ਉਹ ਕੰਠ ਹੋਏ ਪੁਰਾਣੇ ਸ਼ੇਅਰ ਸੁਣਾਉਣ ਲਗ ਪੈਂਦਾ ਹੈ, 'ਉਹ ਕੁੜਮ, ਕਬੀਲੇ, ਤਾਏ-ਚਾਚੇ, ਮਿੱਤਰਚਾਰੇ ਇੱਕ ਇੱਕ ਕਰਕੇ/ ਨਵਯੁੱਗ ਆਇਆ ਹੱਥੋਂ ਕਿਰ ਗਏ ਰਿਸ਼ਤੇ ਸਾਰੇ ਇੱਕ ਇੱਕ ਕਰਕੇ/ ਕੱਲ੍ਹ ਨੂੰ ਇਸ ਜੰਗਲ ਵਿੱਚ ਕੇਵਲ ਆਪਣੀ ਹੀ ਆਵਾਜ਼ ਸੁਣੇਂਗਾ/ ਬੰਦ ਕਰੀ ਜਾਨਾ ਏ ਤੂੰ ਜੋ ਸਭ ਦਰਵਾਜ਼ੇ ਇੱਕ ਇੱਕ ਕਰਕੇ।'

ਮੈਨੂੰ ਚੇਤੇ ਆਉਂਦੇ ਹਨ ਪਚਾਸੀ-ਛਿਆਸੀ ਦੇ ਉਹ ਦਿਨ, ਜਦੋਂ ਮਾਛੀਵਾੜਾ ਦੇ ਗਨੀ ਖਾਂ-ਨਬੀ ਖਾਂ ਗੇਟ ਨੇੜੇ ਇੱਕ ਸੰਸਥਾ ਵਿੱਚ ਮੈਂ ਟਾਈਪ ਸਿੱਖਣ ਜਾਇਆ ਕਰਦਾ ਸੀ। ਉਂਝ ਇਹ ਕਸਬਾ ਸਾਡੀਆਂ ਪਰਿਵਾਰਕ ਰਿਸ਼ਤੇਦਾਰੀਆਂ ਨਾਲ਼ ਭਰਿਆ ਪਿਆ ਹੈ। ਵਕਤ ਬਦਲਣ ਨਾਲ਼, 'ਗੋਤੀਂ-ਸੋਤੀਂ ਭਰਿਆ ਗਰਾਂਅ, ਸੋਟੀ ਰੱਖਣ ਨੂੰ ਕਿਤੇ ਨਾ ਥਾਂ' ਜਿਹੇ ਹਾਲਾਤ ਬਣ ਜਾਂਦੇ ਹਨ ਭਾਊ। ਉਨ੍ਹਾਂ ਸਮਿਆਂ ਦੇ ਲੋਕ ਸੱਚਮੁੱਚ ਬਹੁਤ ਮੋਹਖੋਰੇ ਸਨ। ਅੱਜ ਵਕਤ ਬਦਲ ਗਏ ਹਨ। ਵਕਤ ਬੜਾ ਜ਼ਾਲਮ ਹੁੰਦੈ, ਬਾਈ ਜੀ। ਮਨ ਦੇ ਜੰਗਲ 'ਚੋਂ ਬਹੁਤ ਕੁਝ ਗੂੰਜਿਆ ਹੈ। ਸੋਚਦਾ ਹਾਂ, ਬਹਿਰਾਮਪੁਰ ਬੇਟ ਦੀ ਰਾਮਲੀਲਾ 'ਚੋਂ ਲੰਘਦਾ ਹੋਇਆ ਬਾਲ ਮਨ ਗਭਰੇਟ ਹੁੰਦਿਆਂ ਹੀ ਅਗਾਂਹਵਧੂ ਨਾਟਕਾਂ ਨਾਲ਼ ਜਾ ਜੁੜਿਆ ਸੀ। ਮਨ ਵਿੱਚ ਗੀਤਾਂ ਦੇ ਫੁੱਟਦੇ ਬੋਲ ਕਾਗਜ਼ ਸਾਂਭਣ ਲੱਗੇ ਸਨ। ਸਮਾਂ ਮਿਲ਼ਿਆ ਤਾਂ ਇੱਕ ਐਤਵਾਰ ਮੈਂ ਮਾਛੀਵਾੜਾ ਦੀ ਸਾਹਿਤ ਸਭਾ ਵਿੱਚ ਚਲਾ ਜਾਂਦਾ ਹਾਂ। ਇੱਥੇ ਹੀ ਮਾਸਟਰ ਤਰਲੋਚਨ, ਤੇਲੂ ਰਾਮ ਕੋਹਾੜਾ, ਭਰਤ ਜੀ, ਨਿਰੰਜਣ ਸੂਖਮ, ਟੀ ਲੋਚਨ, ਜਸਦੇਵ ਜੱਸ, ਐੱਸ ਨਸੀਮ, ਹਰਬੰਸ ਮਾਛੀਵਾੜਾ, ਸੁਖਜੀਤ ਤੇ ਸੁਰਜੀਤ ਖੁਰਸ਼ੀਦੀ ਤੇ ਹੋਰ ਵੱਡੇ ਨਾਵਾਂ ਨਾਲ਼ ਦਰਸ਼ਨੀ ਸਾਂਝ ਪੈਂਦੀ ਹੈ।

ਇਹ ਸਭ ਸੋਚਦਿਆਂ ਫਿਰ ਪਤਾ ਨਹੀਂ ਕਿਹੜੇ ਵੇਲ਼ੇ ਮੇਰੀ ਸੁਤਾਅ ਮਾਛੀਵਾੜੇ ਦੇ ਜੰਗਲ਼ਾਂ ਵਿੱਚ ਪੱਜ ਜਾਂਦੀ ਹੈ। ਟਿੰਡ ਦਾ ਸਰ੍ਹਾਣਾ ਲਾਈ, ਜਾਮਾ ਲੀਰੋ-ਲੀਰ, ਹੱਥ ਵਿੱਚ ਨੰਗੀ ਸ਼ਮਸ਼ੀਰ ਫੜੀ ਸੁੱਤੇ ਪਏ ਗੁਰੂ ਗੋਬਿੰਦ ਸਿੰਘ ਦਿਸਦੇ ਹਨ। ਨੀਂਦ ਕਿੱਥੇ? ਸੋਚਦਾ ਹਾਂ, ਐਨ ਓਸ ਵੇਲ਼ੇ ਉਨ੍ਹਾਂ ਦੇ ਮਨ ਵਿੱਚ ਇੱਕ ਕੋਹਰਾਮ ਜਿਹਾ ਮੱਚਿਆ ਹੋਵੇਗਾ, ਓਵੇਂ ਜਿਵੇਂ ਚਮਕੌਰ ਦੀ ਕੱਚੀ ਗੜ੍ਹੀ ਦੁਆਲ਼ੇ ਮੁਗ਼ਲ ਫੌਜਾਂ ਨੇ ਮਚਾਇਆ ਹੋਇਆ ਸੀ। ਸੋਚਾਂ ਦੇ ਇਸ ਭੰਵਰ ਵਿੱਚ ਫਸੇ ਮੇਰੇ ਮਨ ਨੂੰ ਸਰਦਾਰ ਅਲੀ ਦੇ ਇਹ ਬੋਲ, 'ਹਾੜਾ ! ਕੋਈ ਸ਼ੋਰ ਨਾ ਕਰਿਓ ਮੇਰਾ ਮਹਿਮਾਨ ਸੁੱਤਾ ਏ' ਬਾਹਰ ਕੱਢਦੇ ਹਨ। ਮੈਂ ਆਪੇ ਵਿੱਚ ਪਰਤਦਾ ਹਾਂ। ਸੱਚਦੇਵਾ ਜੀ ਇਸ ਧਰਤੀ ਦੀ ਸੱਚੀ-ਸੁੱਚੀ ਗਾਥਾ ਸੁਣਾ ਰਹੇ ਹਨ, 'ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ 'ਤੇ ਦਰਜ ਗਨੀ ਖਾਂ-ਨਬੀ ਖਾਂ ਨੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਉੱਚ ਦੇ ਪੀਰ ਦੇ ਰੂਪ ਵਿੱਚ ਤਤਕਾਲੀ ਜ਼ਾਲਮ ਹਕੂਮਤ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਮੰਜ਼ਲ ਤੱਕ ਪਹੁੰਚਾਉਣ ਵਿੱਚ ਇੱਥੇ ਹੀ ਸਹਾਇਤਾ ਕੀਤੀ ਸੀ। ਇਸੇ ਲਈ ਮਾਛੀਵਾੜਾ ਦੇ ਚੇਤਿਆਂ ਵਿੱਚ ਉਨ੍ਹਾਂ ਦਾ ਨਾਮ ਅੱਜ ਵੀ ਡੂੰਘਾ ਖੁਣਿਆ ਹੋਇਆ ਹੈ। ਏਸ ਮੁਕੱਦਸ ਥਾਂ ਨਾਲ਼ ਦੀਵਾਨ ਟੋਡਰ ਮੱਲ ਦਾ ਨਾਮ ਵੀ ਜੁੜਿਆ ਹੋਇਐ ਸਰ, ਜਿਨ੍ਹਾਂ ਗੁਰੂ ਬਾਲਾਂ ਲਈ ਮੁਗਲ ਹਾਕਮਾਂ ਨਾਲ਼ ਲੋਹਾ ਲੈਂਦਿਆਂ ਸਰਹੰਦੋਂ ਉੱਜੜ ਬਾਕੀ ਦੀ ਉਮਰ ਏਥੇ ਹੀ ਗੁਜ਼ਾਰੀ ਸੀ। ਉਨ੍ਹਾਂ ਦੇ ਬੰਸਜ਼ ਅੱਜ ਵੀ ਏਥੇ ਵਸਦੇ ਹਨ ਸਰ। ਹੋਰ ਪਿੱਛੇ ਜਾਈਏ ਤਾਂ ਕਹਿੰਦੇ ਨੇ ਕਿ ਏਥੇ 1555 ਈਸਵੀ ਵਿੱਚ ਹਮਾਯੂੰ ਤੇ ਅਫਗਾਨ ਸਿਕੰਦਰ ਸੂਰੀ ਦੀਆਂ ਫੌਜਾਂ ਦਰਮਿਆਨ ਗਹਿਗੱਚ ਲੜਾਈ ਵਿੱਚ ਹਮਾਯੂੰ ਜੇਤੂ ਹੋ ਕੇ ਮੁੜ ਦਿੱਲੀ ਸਲਤਨਤ ਹਾਸਲ ਕਰਨ ਵਿੱਚ ਕਾਮਯਾਬ ਹੋਇਆ ਸੀ। ਕੁੰਮਾ ਮਾਸ਼ਕੀ ਨਾਲ਼ ਵੀ ਇਸ ਥਾਂ ਦਾ ਗਹਿਰਾ ਨਾਤਾ ਹੈ, ਜਿਸ ਛੋਟੇ ਬਾਲਾਂ ਤੇ ਮਾਤਾ ਗੁਜਰੀ ਨੂੰ ਸਰਸਾ ਕਿਨਾਰੇ, ਓਸ ਤੂਫਾਨੀ ਰਾਤ ਨੂੰ ਗੁਜ਼ਾਰਨ ਲਈ ਠਿਕਾਣਾ ਦਿੱਤਾ ਸੀ। ਏਥੇ ਹੀ ਗੁਰਾਂ ਗਾਇਆ ਸੀ, 'ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥ ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥'

ਮਨ ਕਿਸੇ ਆਦਿ ਖੁਮਾਰੀ ਵਿੱਚ ਬਾਬਾ ਨਾਨਕ ਦੇ ਚਰਨੀ ਜਾ ਜੁੜਦਾ ਹੈ। ਗੁਰੂ ਬਾਬਾ ਨਾਨਕ ਵੱਲੋਂ ਦਿੱਤੇ ਕਿਰਤ ਦੇ ਹੋਕੇ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਬਰੂਹਾਂ ਚੋਂ ਕਿਸ ਨੇ ਖੁਰਚ ਕੇ ਵਗਾਹ ਮਾਰਿਆ ਹੈ? ਸਮਝ ਆਉਂਦਾ ਹੈ। ਫਿਰ ਵੀ ਇਸ ਸਵਾਲ ਦਾ ਜਵਾਬ ਖੋਜਦਾ ਹੋਇਆ ਸੋਚਦਾ ਮਨ ਕਿਸੇ ਡੂੰਘੀ ਅੰਨ੍ਹੀ ਗੁਫਾ ਵਿੱਚ ਜਾ ਵੜਦਾ ਹੈ। ਐਨ ਓਸੇ ਵੇਲ਼ੇ ਵੱਡੇ ਬਾਈ ਦਲੇਰ ਦੇ ਫੋਨ ਦੀ ਖੜਕਦੀ ਘੰਟੀ, ਮੈਨੂੰ ਆਪੇ ਵਿੱਚ ਲਿਆਉਂਦੀ ਹੈ। ਹੁਣ ਉਹ ਬੋਲ ਰਹੇ ਹਨ, 'ਹੋਰ ਸੁਣਾ ਛੋਟੇ ਭਾਈ ਕਿਵੇਂ ਆ? ਓ ਯਾਰ ਆ ਕਾਕਰੋਚ ਜਨਤਾ ਪਾਰਟੀ ਬਣਾਉਣ ਆਲ਼ੇ ਨੇ ਤਾਂ ਕਮਾਲ ਈ ਕਰਤੀ। ਇਹਨੇ ਤਾਂ ਹਿਲਾ ਕੇ ਰੱਖਤੀਆਂ ਸਰਕਾਰਾਂ, ਸਿਆਸੀ ਪਾਰਟੀਆਂ ਤੇ ਸਾਡੀ ਜੁਡੀਸ਼ਰੀ। ਜੈੱਨ ਜ਼ੀ ਦੀ, ਬੇਰੁਜ਼ਗਾਰ ਪੀੜ ਅਸਹਿ ਹੋ ਗਈ ਆ ਭਰਾਵਾ। ਤੁਸੀਂ ਅੱਜ ਦੀ ਏਆਈ ਜਨਰੇਸ਼ਨ ਨੂੰ ਫੂਹੜ ਕਿਸਮ ਦੀਆਂ ਪੁਰਾਤਨ ਰਹੁ-ਰੀਤਾਂ ਤੇ ਝੂਠੇ ਅਡੰਬਰਾਂ ਨਾਲ਼ ਵਰਗਲ਼ਾ ਨਈਂ ਸਕਦੇ। ਇਸ ਪਾਰਟੀ ਦੇ ਬਾਨੀ ਅਭਿਜੀਤ ਦਿਪਕੇ ਦੇ ਇਸ ਵਿਅੰਗਮਈ ਪੇਜ ਦੇ ਵਾਇਰਲ ਹੋਣ ਨਾਲ਼ ਵੱਡਿਆਂ ਵੱਡਿਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਏ। ਸਾਡੇ ਦੇਸ਼ ਦੇ ਸੱਤਾਧਾਰੀਆਂ ਤੇ ਮਾਣਯੋਗ ਜੁਡੀਸ਼ਰੀ ਨੂੰ ਆਪਣੇ ਮਾਣ-ਸਨਮਾਨ ਦੀ ਰਾਖੀ ਲਈ ਮਾਡਰਨ ਨੌਜਵਾਨੀ ਨੂੰ ਇਗਨੋਰ ਤੇ ਜ਼ਲੀਲ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣ ਦੀ ਲੋੜ ਏ। ਗਹੁ ਨਾਲ਼ ਦੇਖਿਆ ਜਾਵੇ ਤਾਂ ਲਾਅ-ਪਾਅ ਕੇ ਇੱਕ ਜੁਡੀਸ਼ਰੀ ਹੀ ਤਾਂ ਬਚੀ ਏ, ਆਮ ਨਿਆਸਰੇ ਲੋਕਾਂ ਨੂੰ ਇਨਸਾਫ ਦੇਣ ਲਈ? ਜੇ ਮਾਣਯੋਗ ਜੁਡੀਸ਼ਰੀ ਹੀ ਕਹੇ, 'ਕਾਕਰੋਚਾਂ ਵਰਗੇ ਅਜਿਹੇ ਨੌਜਵਾਨ ਹਨ, ਜਿਨ੍ਹਾਂ ਨੂੰ ਕੋਈ ਰੁਜ਼ਗਾਰ ਨਈਂ ਮਿਲ਼ਦਾ ਬਗੈਰਾ ਬਗੈਰਾ।' ਭਰਾ ਇਹ ਤਾਂ ਅੱਜ ਦੀ ਨੌਜਵਾਨੀ ਈ ਜਾਣਦੀ ਹੈ ਕਿ ਕਿੰਝ ਵੱਡੀਆਂ ਵੱਡੀਆਂ ਡਿਗਰੀਆਂ ਦੇ ਬਾਵਜੂਦ ਬੇਰੁਜ਼ਗਾਰੀ ਨੇ ਉਨ੍ਹਾਂ ਦੇ ਸਾਹ ਸੂਤੇ ਹੋਏ ਹਨ। ਮੌਜੂਦਾ ਸਿੱਖਿਆ ਪ੍ਰਣਾਲੀ ਰਾਹੀਂ ਉਨ੍ਹਾਂ ਨੂੰ ਮਿਲ਼ੀਆਂ ਮਹਿੰਗੀਆਂ ਡਿਗਰੀਆਂ ਉਨ੍ਹਾਂ ਦੇ ਕਿਸੇ ਕੰਮ ਨਈਂ ਆ ਰਹੀਆਂ। ਵਕਤ ਬੜਾ ਬਲਵਾਨ ਹੁੰਦੈ ਭਰਾ। ਕੋਈ ਪਤਾ ਨਈਂ ਕਦੋਂ ਕੋਈ ਰੰਕ ਤੋਂ ਰਾਜਾ ਤੇ ਰਾਜਾ ਰੰਕ ਹੋ ਜਾਵੇ। ਕਹਿੰਦੇ, ਰੱਬ ਦੀ ਲਾਠੀ ਵਿੱਚ ਆਵਾਜ਼ ਨਈਂ ਹੁੰਦੀ। ਪਰ ਜਦੋਂ ਇਹ ਵਰ੍ਹਦੀ ਏ ਨਾ ਨੀਲ ਪਾਉਂਦੀ ਚਲੇ ਜਾਂਦੀ ਆ।' ਮੈਨੂੰ ਦੇਸ਼ ਦੀ ਬੇਰੁਜ਼ਗਾਰ ਨੌਜਵਾਨੀ ਦੇ ਦਿਲਾਂ ਦੀ ਆਹਟ ਸੁਣਾਈ ਦੇਣ ਲਗਦੀ ਹੈ। ਜਦੋਂ ਇਹ ਆਪਣੀ ਆਈ ਤੇ ਆ ਜਾਵੇ ਤਾਂ ਯੁੱਗ ਪਲਟਾ ਦੇਂਦੀ ਏ। ਸਚਦੇਵਾ ਦੇ ਮੂੰਹੋਂ, ਐੱਸ ਨਸੀਮ ਦਾ ਇਹ ਸ਼ੇਅਰ ਸੁਣਾਈ ਦੇਣ ਲਗਦਾ ਹੈ, 'ਭਟਕਣ ਉਸ ਦਾ ਸ਼ੌਕ ਨਹੀਂ ਮਜ਼ਬੂਰੀ ਹੈ/ ਸ਼ਾਇਦ ਉਸ ਦੀ ਨਾਭੀ ਵਿੱਚ ਕਸਤੂਰੀ ਹੈ/ ਮੁਰਦਾ ਏਂ ਤਾਂ ਸੀਸ ਨਿਵਾ ਕੇ ਤੁਰਿਆ ਚੱਲ/ ਜ਼ਿੰਦਾ ਏਂ ਤਾਂ ਜ਼ਿੰਦਾਬਾਦ ਜ਼ਰੂਰੀ ਹੈ।'

**ਸੰਪਰਕ : 98144-30874**

# ਕਿਸਾਨਾਂ ਦੇ ਬਾਰਾਂ ਲੇਖ

**ਸੇਬਾਸਟੀਅਨ ਲੰਤਸ਼ੇਰ**

ਸਵਿਟਜ਼ਰਲੈਂਡ ਵਾਂਗ ਹੋਰ ਯੂਰਪੀ ਦੇਸ਼ਾਂ ਵਿਚ ਵੀ ਬਹੁਤੀ ਸੁਤੰਤਰ, ਸਨਮਾਨਤ ਤੇ ਘੱਟ ਪੈਰ-ਕੁਚਲੀ ਜ਼ਿੰਦਗੀ ਜੀਊਣ ਦੀ ਆਸ ਕਿਸਾਨ ਸ਼੍ਰੇਣੀ ਵਿਚ ਫੈਲ ਗਈ। ਜਰਮਨੀ ਵਿਚ ਏਸ ਲੋਚਾ ਨਾਲ ਸੰਬੰਧਤ ਸਭ ਤੋਂ ਤਗੜੇ ਦਸਤਾਵੇਜ਼ ਹਨ ਸਵੈਬੀਅਨ ਸੂਤਰ, ਜੋ ਮੇਮਿਨਜੇਨ ਦੇ ਰਚੇ ਮੰਨੇ ਜਾਂਦੇ ਹਨ। ਉਹਨਾਂ ਦਾ ਲੇਖਕ ਸੇਬਾਸਟੀਅਨ ਲੰਤਸ਼ੇਰ ਨੂੰ ਸਮਝਿਆ ਜਾਂਦਾ ਹੈ, ਜੋ ਲਿਖਣ-ਕਲਾ ਵਿਚ ਨਿਪੁੰਨ ਭਾੜੇ 'ਤੇ ਕੰਮ ਕਰਨ ਵਾਲਾ ਕਲਾਕਾਰ ਸੀ। ਕਹਿੰਦੇ ਹਨ ਕਿ ਕ੍ਰਿਸਟਾਫ਼ ਸ਼ਾਪੇਲੋਰ ਨਾਮੀ ਇੱਕ ਪਾਦਰੀ ਨੇ ਵੀ ਉਹਦੀ ਮਦਦ ਕੀਤੀ। ਇਹਨਾਂ ਸੂਤਰਾਂ ਨੂੰ ਪੜ੍ਹਣ ਤੋਂ ਮਨ ਉਤੇ ਅਜਿਹਾ ਪ੍ਰਭਾਵ ਪੈਂਦਾ ਹੈ, ਜਿਵੇਂ ਖੌਫ਼ਜ਼ਦਾ ਮਾਮੂਲੀ ਲੋਕ ਬੜੇ ਘਬਰਾਏ ਹੋਏ ਕਦੇ ਨਾ ਮੁਕਣ ਵਾਲੀ ਸੋਚ ਵਿਚ ਪਏ ਹੋਏ ਹੋਣ, ਪਰ ਜੋ ਮੌਕਾ ਮਿਲਦਿਆਂ ਹੀ ਇਕੋ ਵਾਰੀ ਉਠ ਖਲੋਤੇ ਹੋਣ। ਇਥੇ ਈਸਾਈ ਸੁਤੰਤਰਤਾ ਦਾ ਵਿਚਾਰ ਬੜੀ ਸੋਹਣੀ ਸਾਦਗੀ ਨਾਲ ਪ੍ਰਗਟ ਹੋਇਆ ਹੈ।

'ਪਹਿਲੀ ਗੱਲ ਇਹ ਕਿ ਇਹ ਸਾਡੀ ਸਨਿਮਰ ਬੇਨਤੀ ਤੇ ਚਾਹ ਹੈ ਤੇ ਨਾਲ ਹੀ ਸਾਡਾ ਸਭ ਦਾ ਸੰਕਲਪ ਤੇ ਰਾਏ ਹੈ ਕਿ ਹੁਣ ਤੋਂ ਸਾਨੂੰ ਇਹ ਤਾਕਤ ਤੇ ਹੱਕ ਹੋਣਾ ਚਾਹੀਦਾ ਹੈ ਕਿ ਕੋਈ ਵੀ ਫ਼ਿਰਕਾ ਆਪਣਾ ਵੱਖਰਾ ਪਾਦਰੀ ਚੁਣ ਸਕੇ ਅਤੇ ਜੇ ਉਹ ਅਯੋਗ ਵਰਤਾਉ ਕਰੇ ਤਾਂ ਉਸ ਨੂੰ ਹਟਾਣ ਦਾ ਹੱਕ ਵੀ ਹੋਵੇ। ਉਹ ਸਾਨੂੰ ਸਿੱਧੇ ਸਾਧੇ ਧਰਮ ਗ੍ਰੰਥ ਦਾ ਉਪਦੇਸ਼ ਦੇਵੇਗਾ, ਜਿਹਦੇ ਵਿਚ ਕਿਸੇ ਮਨੁੱਖ ਦੀ ਜੋੜੀ ਗੱਲ ਜਾਂ ਕਿਸੇ ਆਦਮੀ ਦਾ ਬਣਾਇਆ ਸਿਧਾਂਤ ਜਾਂ ਨਿਯਮ ਨਹੀਂ ਹੋਵੇਗਾ।'

ਤੀਸਰਾ ਇਹ ਕਿ ਹੁਣ ਤੱਕ ਸਾਨੂੰ ਇਕ ਤਰ੍ਹਾਂ ਦੇ ਗੁਲਾਮ ਮੰਨਣ ਦੀ ਰੀਤ ਹੈ। ਇਹ ਦੁਖਦਾਈ ਗੱਲ ਹੈ, ਕਿਉਂਕਿ ਕ੍ਰਾਈਸਟ ਨੇ ਆਪਣਾ ਕੀਮਤੀ ਲਹੂ ਵਹਾ ਕੇ ਹਰ ਇਕ ਨੂੰ, ਮਾਮੂਲੀ ਤੋਂ ਮਾਮੂਲੀ ਚਰਵਾਹੇ ਤੋਂ ਲੈ ਕੇ ਦੇਸ ਦੇ ਵੱਡੇ ਤੋਂ ਵੱਡੇ ਆਦਮੀ ਤੱਕ ਨੂੰ, ਬਿਨਾਂ ਵਿਤਕਰੇ ਤੋਂ ਖੁੱਲ੍ਹ ਦਿਲਿਆਂ ਹੋ ਕੇ ਬਚਾਇਆ ਹੈ। ਇਸ ਤਰ੍ਹਾਂ ਧਰਮ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਅਸੀਂ ਸੁਤੰਤਰ ਹਾਂ ਤੇ ਸਾਨੂੰ ਸੁਤੰਤਰ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਅਸੀਂ ਅੱਖੜ ਹੋ ਕੇ ਹਰ ਸੱਤਾ ਨੂੰ ਮੰਨਣ ਤੋਂ ਇਨਕਾਰ ਕਰਨਾ ਚਾਹੁੰਦੇ ਹਾਂ। ਰੱਬ ਨੇ ਇਹਦਾ ਆਦੇਸ਼ ਨਹੀਂ ਦਿੱਤਾ। ਅਸਾਂ ਰੱਬੀ ਹੁਕਮਾਂ ਦੇ ਅਨੁਸਾਰ ਰਹਿਣਾ ਹੈ, ਸਰੀਰਕ ਸੁੱਖਾਂ ਲਈ ਮਨ ਆਈ ਕਰਨ ਨੂੰ ਨਹੀਂ, ਬਲਕਿ ਰੱਬ ਨੂੰ ਆਪਣਾ ਮਾਲਕ ਮੰਨ ਕੇ ਪਿਆਰ ਕਰਨਾ ਹੈ, ਆਪਣਿਆਂ ਹਮਸਾਇਆਂ ਵਿਚ ਉਹਨੂੰ ਪਛਾਣ ਕੇ ਉਹਨਾਂ ਨਾਲ ਉਹੋ ਜਿਹਾ ਹੀ ਵਰਤਾਓ ਕਰਨਾ ਹੈ, ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਹੋਵੇ। ਰੱਬ ਦਾ ਸਾਡੇ ਲਈ ਇਹੋ ਹੁਕਮ ਹੈ।

ਚੌਥਾ—ਹੁਣ ਤੱਕ ਇਹ ਰੀਤ ਰਹੀ ਹੈ ਕਿ ਕਿਸੇ ਗ਼ਰੀਬ ਆਦਮੀ ਨੂੰ ਪਸ਼ੂ-ਪੰਛੀ ਫੜਣ ਜਾਂ ਵਗਦੇ ਪਾਣੀ ਵਿਚੋਂ ਮੱਛੀਆਂ ਫੜਣ ਦਾ ਅਧਿਕਾਰ ਨਹੀਂ। ਇਹ ਸਾਨੂੰ ਬੜਾ ਅਨਿਆਈ, ਮਤਲਬਪ੍ਰਸਤ ਤੇ ਭਾਈਚਾਰੇ ਤੇ ਰੱਬੀ ਬਚਨਾਂ ਦੇ ਖ਼ਿਲਾਫ਼ ਲਗਦਾ ਹੈ। ਨਾਲ ਹੀ, ਅਧਿਕਾਰੀ ਸਾਨੂੰ ਪਰੇਸ਼ਾਨ ਕਰਨ ਤੇ ਨੁਕਸਾਨ ਪੁਚਾਣ ਲਈ ਸ਼ਿਕਾਰ ਦੇ ਜਾਨਵਰ ਕਿਤੇ ਹੋਰ ਰੱਖ ਦੇਂਦੇ ਹਨ। ਸਾਨੂੰ ਪੈਂਦਾ ਹੈ, ਜਿਹਦੇ ਨਾਲ ਸਾਡੀ ਜਾਇਦਾਦ ਦੀ, ਜਿਹਨੂੰ ਰੱਬ ਖ਼ੁਸ਼ਹਾਲ ਕਰਦਾ ਹੈ, ਬੜੀ ਬਰਬਾਦੀ ਹੁੰਦੀ ਹੈ ਤੇ ਸਾਡਾ ਇਹ ਸਭ ਝੱਲਣਾ ਮਨੁੱਖ ਦੇ ਲਾਹੇ ਲਈ ਨੁਕਸਾਨ ਹੁੰਦਾ ਹੈ।

ਇਸ 'ਤੇ ਸਾਨੂੰ ਜ਼ਬਾਨਬੰਦੀ ਲਈ ਆਖਿਆ ਜਾਂਦਾ ਹੈ, ਜੋ ਰੱਬ ਦੇ ਤੇ ਆਪਣਿਆਂ ਹਮਸਾਇਆਂ ਦੇ ਵਿਰੁੱਧ ਹੈ।

ਪੰਜਵਾਂ—ਸਾਨੂੰ ਲੱਕੜ ਬਾਰੇ ਵੀ ਸ਼ਿਕਾਇਤ ਹੈ, ਕਿਉਂਕਿ ਸਾਡੇ ਜਗੀਰਦਾਰਾਂ ਨੇ ਸਭਨਾਂ ਜੰਗਲਾਂ ਨੂੰ ਆਪਣੇ ਕਬਜ਼ੇ ਵਿਚ ਕੀਤਾ ਹੋਇਆ ਹੈ ਤੇ ਜਦੋਂ ਗ਼ਰੀਬ ਆਦਮੀ ਨੂੰ ਲੱਕੜ ਦੀ ਲੋੜ ਹੁੰਦੀ ਹੈ, ਤਾਂ ਉਸ ਤੋਂ ਦੂਣੀ ਕੀਮਤ ਦੇ ਕੇ ਖ਼ਰੀਦਣੀ ਪੈਂਦੀ ਹੈ। ਸਾਡੀ ਰਾਏ ਹੈ ਕਿ ਪਾਦਰੀਆਂ ਤੇ ਹੋਰਨਾਂ ਦੇ ਕਬਜ਼ੇ ਵਿਚ ਜੋ ਵੀ ਬਿਨ ਖ਼ਰੀਦੇ ਜੰਗਲ ਹੋਣ, ਉਹ ਪੂਰੇ ਭਾਈਚਾਰੇ ਨੂੰ ਮੋੜ ਦਿੱਤੇ ਜਾਣ।

ਛੇਵਾਂ—ਇਹਦੇ ਉਤੇ ਵੀ ਉੱਚਿਤ ਏਨਾ ਬੋਝ ਨਹੀਂ ਪਾਣਾ, ਖ਼ਿਦਮਤਾਂ ਕਾਰਨ ਵੀ ਸਾਨੂੰ ਬੜੀ ਪਰੇਸ਼ਾਨੀ ਹੁੰਦੀ ਹੈ, ਜੋ ਹਰ ਆਏ ਦਿਨ ਵਧਦੀਆਂ ਹੀ ਜਾਂਦੀਆਂ ਹਨ। ਸਾਡੀ ਚਾਹ ਹੈ ਕਿ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਤੇ ਸਾਡੇ ਉਤੇ ਚਾਹੀਦਾ, ਬਲਕਿ ਜਿਸ ਤਰ੍ਹਾਂ ਸਾਡੇ ਵੱਡੇ-ਵਡੇਰਿਆਂ ਰੱਬੀ ਹੁਕਮ ਅਨੁਸਾਰ ਉਹਨੂੰ ਸਾਹਮਣੇ ਰੱਖ ਕੇ ਸਾਡੇ ਲਿਹਾਜ਼ ਵਰਤਿਆ ਜਾਏ ਨੇ ਖ਼ਿਦਮਤ ਕੀਤੀ ਸੀ, ਨਾਲ ਮਿਹਰਬਾਨੀ ਤੇ।

ਸੱਤਵਾਂ—ਅਸੀਂ ਅੱਗੋਂ ਇਹ ਨਹੀਂ ਹੋਣ ਦਿਆਂਗੇ ਕਿ ਕੋਈ ਜਗੀਰਦਾਰ ਸਾਨੂੰ ਪਰੇਸ਼ਾਨ ਕਰੇ। ਬਲਕਿ ਜ਼ਮੀਨ ਉਤੇ ਕਬਜ਼ਾ ਉਹਨਾਂ ਉੱਚਿਤ ਸ਼ਰਤਾਂ ਉਤੇ ਬਣਾਈ ਰੱਖਾਂਗੇ, ਜਿਹਨਾਂ ਉਤੇ ਜਗੀਰਦਾਰ ਨੇ, ਆਪਣੇ ਤੇ ਕਿਸਾਨਾਂ ਵਿਚ ਇਕਰਾਰ ਅਨੁਸਾਰ ਪਟਾ ਦਿੱਤਾ ਹੈ। ਜਗੀਰਦਾਰ ਉਹਨਾਂ ਉਤੇ ਦਬਾਅ ਨਹੀਂ ਪਾ ਸਕੇਗਾ ਤੇ ਨਾ ਮੁਫਤ ਵਿਚ ਖ਼ਿਦਮਤਾਂ ਜਾਂ ਕੋਈ ਹੋਰ ਚੀਜ਼ ਮੰਗੇਗਾ, ਤਾਂ ਕਿ ਕਿਸਾਨ ਆਪਣੀ ਪੱਟੇਦਾਰੀ ਦਾ ਕਿਸੇ ਵੀ ਰੋਕ-ਟੋਕ ਬਿਨਾਂ ਤੇ ਅਮਨ ਚੈਨ ਨਾਲ ਕੁਝ ਲਾਹਾ ਤੇ ਸੁੱਖ ਲੈ ਸਕੇ, ਪਰ ਜੇ ਜਗੀਰਦਾਰ ਨੂੰ ਕੁਝ ਖ਼ਿਦਮਤਾਂ ਦੀ ਲੋੜ ਹੋਵੇ ਤਾਂ ਕਿਸਾਨ ਆਪ ਹੀ ਉਹਦੇ ਲਈ ਖ਼ੁਸ਼ੀ ਨਾਲ ਤਿਆਰ ਰਹੇਗਾ, ਪਰ ਇਹ ਖ਼ਿਦਮਤਾਂ ਅਜਿਹੇ ਵੇਲੇ ਹੋਣ ਕਿ ਜਿਹਦੇ ਨਾਲ ਕਿਸਾਨਾਂ ਦਾ ਨੁਕਸਾਨ ਨਾ ਹੋਵੇ, ਅਤੇ ਉਹ ਵਾਜਬੀ ਮਜ਼ਦੂਰੀ ਉਤੇ ਕੰਮ ਕਰਨ।

ਅੱਠਵਾਂ—ਸਾਨੂੰ ਇਸ ਗੱਲ ਬਹੁਤ ਸਾਰੇ ਹਨ ਕਿ ਇਹ ਜ਼ਮੀਨਾਂ ਦੀ ਸ਼ਿਕਾਇਤ ਹੈ ਅਤੇ ਪੱਟੇਦਾਰਾਂ ਵਿਚੋਂ ਅਜਿਹੇ ਕਰਾਇਆ ਨਹੀਂ ਬਰਦਾਸ਼ਤ ਕਰ ਸਕਦੀਆਂ, ਕਿਸਾਨਾਂ ਦਾ ਹੱਕ ਖ਼ਤਮ ਹੋ ਜਾਂਦਾ ਹੈ ਤੇ ਉਹ ਚਾਹੁੰਦੇ ਹਾਂ ਕਿ ਜਗੀਰਦਾਰ ਕਰਾਇਆ ਤੈਹ ਜਿਹਦੇ ਕਾਰਨ ਉਹਨਾਂ ਜ਼ਮੀਨਾਂ ਤੋਂ ਬਰਬਾਦ ਹੋ ਜਾਂਦੇ ਹਨ। ਅਸੀਂ ਕਰਨ ਲਈ ਈਮਾਨਦਾਰ ਲੋਕਾਂ ਰਾਹੀਂ ਏਹਨਾਂ ਜ਼ਮੀਨਾਂ ਦਾ ਸਰਵੇ ਕਰਵਾਨ, ਤਾਂ ਕਿ ਕਿਸਾਨਾਂ ਦੀ ਮਿਹਨਤ ਬੇਕਾਰ ਨਾ ਜਾਏ, ਕਿਉਂਕਿ ਹਰ ਮੇਹਨਤੀ ਨੂੰ ਆਪਣੀ ਮਿਹਨਤ ਦਾ ਮੁੱਲ ਲੈਣ ਦਾ ਹੱਕ ਹੈ।

ਦਸਵਾਂ—ਸਾਨੂੰ ਏਸ ਗੱਲ ਦੀ ਸ਼ਿਕਾਇਤ ਹੈ ਕਿ ਕੁਝ ਲੋਕਾਂ ਨੇ ਅਜਿਹੇ ਖੇਤਾਂ ਤੇ ਚਰਗਾਹਾਂ ਉਤੇ ਕਬਜ਼ਾ ਕਰ ਲਿਆ ਹੋਇਆ ਹੈ, ਜੋ ਅਸਲ ਵਿਚ ਸਮੁੱਚੇ ਭਾਈਚਾਰੇ ਦੇ ਹਨ। ਜੇ ਇਹ ਕਿਸੇ ਦੇ ਬਕਾਇਦਾ ਖ਼ਰੀਦੇ ਹੋਏ ਨਾ ਹੋਣ, ਤਾਂ ਇਹਨਾਂ ਨੂੰ ਅਸੀਂ ਫੇਰ ਆਪਣੇ-ਆਪਣੇ ਭਾਈਚਾਰੇ ਲਈ ਆਪਣੇ ਹੱਥਾਂ 'ਚ ਲੈ ਲਵਾਂਗੇ, ਪਰ ਹਰ ਮਾਮਲੇ ਵਿਚ ਹਾਲਾਤ ਦੇ ਮੁਤਾਬਿਕ ਵਾਜਬੀ ਤੇ ਭਾਈਚਾਰਕ ਢੰਗ ਨਾਲ ਫ਼ੈਸਲਾ ਕਰਾਂਗੇ।

ਗਿਆਰਵਾਂ—ਮੌਤ-ਕਰ ਨਾਮੀ ਰੀਤ ਨੂੰ ਅਸੀਂ ਇਕੋ ਵਾਰੀ ਖ਼ਤਮ ਕਰ ਦਿਆਂਗੇ ਅਤੇ ਨਾ ਅਸੀਂ ਕਿਸੇ ਨੂੰ ਕਿਸੇ ਵਿਧਵਾ ਤੇ ਅਨਾਥ ਦੀ ਜਾਇਦਾਦ, ਮਜ਼ਹਬ ਤੇ ਸਨਮਾਨ ਦੇ ਵਿਰੁੱਧ ਜ਼ਬਰਦਸਤੀ ਜਾਂ ਚੋਰੀ ਖੋਹਣ ਦਿਆਂਗੇ, ਜਿਵੇਂ ਕਿ ਇੰਜ ਬਹੁਤ ਥਾਵਾਂ 'ਤੇ ਹੁੰਦਾ ਰਿਹਾ ਹੈ।

ਬਾਹਰਵਾਂ—ਇਹ ਸਾਡਾ ਫ਼ੈਸਲਾ ਤੇ ਪੱਕੀ ਰਾਏ ਹੈ ਕਿ ਜੇ ਇਹਨਾਂ ਮੰਗਾਂ ਵਿਚੋਂ ਕੋਈ ਵੀ ਧਰਮ ਵਿਰੁੱਧ ਹੋਵੇ ਤਾਂ ਜਦੋਂ ਵੀ ਉਹਨਾਂ ਨੂੰ ਸਾਡੇ ਸਾਹਮਣੇ ਧਰਮ-ਵਿਰੁੱਧ ਸਾਬਤ ਕਰ ਦਿਤਾ ਜਾਏਗਾ ਤੇ ਸਾਨੂੰ ਧਰਮ ਗ੍ਰੰਥਾਂ ਦੇ ਹਵਾਲੇ ਨਾਲ ਸਮਝਾਇਆ ਜਾਏਗਾ, ਤਾਂ ਅਸੀਂ ਉਸ ਵੇਲੇ ਉਹਨਾਂ ਉਤੇ ਅਮਲ ਕਰਨਾ ਛੱਡ ਦਿਆਂਗੇ। (ਫ਼ਰਵਰੀ-ਮਾਰਚ 1525)

ਇਹਨਾਂ ਵਿਦਰੋਹੀਆਂ ਨੂੰ ਰਾਜਿਆਂ ਨੇ ਖ਼ੂਨੀ ਲੜਾਈਆਂ ਨਾਲ ਕੁਚਲ ਦਿਤਾ। ਇਸ ਤੋਂ ਪਿਛੋਂ ਕਿਸਾਨਾਂ ਦੀ ਹਾਲਤ ਹੋਰ ਵੀ ਮਾੜੀ ਹੋ ਗਈ। ਇਸ ਤਰ੍ਹਾਂ ਧਾਰਮਿਕ ਵਿਵਾਦ, ਸਮਾਜਕ ਤੇ ਰਾਜਨੀਤਕ ਵਿਵਾਦਾਂ ਨਾਲ ਜੁੜ ਗਏ। 1555 ਵਿਚ ਜਰਮਨੀ ਦੀ ਇਹ ਧਾਰਮਿਕ-ਦੁਧਾਰਾ ਕਾਨੂੰਨੀ ਤੌਰ 'ਤੇ ਜਾਇਜ਼ ਮੰਨ ਲਈ ਗਈ, ਪਰ ਇਹਦੇ ਨਾਲ ਰਾਜਨੀਤਕ ਦੁਫੇੜ ਹੋਰ ਤਿੱਖਾ ਹੋ ਗਿਆ। ਇਹ ਤਣਾਅ ਸਾਰੇ ਯੂਰਪ ਵਿਚ ਫੈਲ ਗਿਆ, ਜਿਹਦਾ ਅੰਤ ਤੀਹਾਂ ਵਰ੍ਹਿਆਂ ਦੇ (1618-1648) ਜੰਗ ਨਾਲ ਹੋਇਆ। ਇਸ ਜੰਗ ਵਿਚ ਜਰਮਨੀ ਦੇ ਦੂਰ-ਦੂਰ ਤੱਕ ਦੇ ਖੇਤਰ ਪੂਰੀ ਤਰ੍ਹਾਂ ਬਰਬਾਦ ਹੋ ਗਏ ਤੇ ਉਹਦੀ ਕੋਈ ਇਕ-ਤਿਹਾਈ ਆਬਾਦੀ ਮੌਤ ਦੇ ਮੂੰਹ ਵਿਚ ਪੈ ਗਈ।

ਇਸੇ ਯੁਗ ਵਿਚ ਆਖ਼ਰਕਾਰ ਜਰਮਨ ਭਾਸ਼ਾ ਵਿਚ ਸਾਹਿਤਕ ਪੱਧਰ ਦੀਆਂ ਨਵੀਆਂ ਰਚਨਾਵਾਂ ਆਈਆਂ। ਪਿਛਲੀ ਸੋਹਲਵੀਂ ਸਦੀ ਵਿਚ ਤਾਂ ਲਾਤੀਨੀ ਭਾਸ਼ਾ ਵਿਚ ਧਾਰਮਿਕ ਪੁਸਤਕਾਂ ਤੇ ਮਾਨਵਵਾਦੀ ਸਾਹਿਤ ਤੋਂ ਇਲਾਵਾ, ਕੁਝ ਥੋੜ੍ਹਾ ਜਿਹਾ ਸਰਲ ਸਾਹਿਤ ਹੀ ਰਚਿਆ ਗਿਆ। ਸਤਾਰ੍ਹਵੀਂ ਸਦੀ ਵਿਚ ਜਰਮਨ ਸਾਹਿਤ ਕਦੇ ਏਸ ਦੁਨੀਆ ਤੇ ਕਦੇ ਓਸ ਦੁਨੀਆ ਵੱਲ ਮੁੜਦਾ ਰਿਹਾ। ਜੰਗ ਦੀ ਭਿਆਨਕਤਾ ਨੇ ਨਵੇਂ ਸਿਰੇ ਤੋਂ ਸਭ ਦੁਨਿਆਵੀ ਚੀਜ਼ਾਂ ਦੇ ਮਿਥਿਆ ਹੋਣ ਦਾ ਚੇਤਾ ਕਰਾਇਆ। ਫਿਰ ਵੀ ਲੋਕ ਜ਼ਿੰਦਗੀ ਨਾਲ ਬਾਬਸਤਾ ਰਹੇ। ਪਰਲੋਕ ਉਤੇ ਨਜ਼ਰਾਂ ਲਾਈ ਰੱਖਣ ਵਾਲੀ ਮੱਧ ਯੁਗੀ ਵਿਸ਼ਵਾਸ ਹੁਣ ਸੰਭਵ ਨਹੀਂ। ਭਾਗਾਂ ਦੇ ਉਤਾਰ-ਚੜ੍ਹਾਅ ਨੂੰ ਝੱਲਣ, ਆਪਣੀ ਜ਼ਿੰਦਗੀ ਨੂੰ ਆਪ ਉਸਾਰਨ ਤੇ ਆਪਣੀ ਹਿੰਮਤ ਨਾਲ ਉਹਨੂੰ ਨਜਿੱਠਣ ਦੀ ਇਨਸਾਨੀ ਤਾਕਤ ਨਾਲ ਹੀ ਉਹਦੀ ਮਹਾਨਤਾ ਜ਼ਾਹਿਰ ਤੇ ਕਬੂਲ ਹੋਈ। ਇਹ ਤਮਾਮ ਦਲੀਲਾਂ ਦੇ ਜ਼ੋਰ ਅਠਾਰ੍ਹਵੀਂ ਸਦੀ ਵਿਚ ਜਾ ਕੇ ਹੀ ਪੂਰੀ ਤਰ੍ਹਾਂ ਦੂਰ ਹੋ ਸਕੇ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ਹਿਰੀ ਮੱਧ ਵਰਗੀ ਮਨੁੱਖ ਦੀ ਹੋਣੀ ਦਾ ਬਿਰਤਾਂਤ






ਫੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਸੰਦੀਪ ਰਾਣਾ**

## ਸੁਪਨੇ ਦਾ ਗਵਾਹ ਨਹੀਂ ਹੁੰਦਾ

(ਕਹਾਣੀ-ਸੰਗ੍ਰਹਿ)
ਸੰਦੀਪ ਸਮਰਾਲਾ
ਪੰਨੇ : 112, ਮੁੱਲ : 250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਕਹਾਣੀ ਦੇ ਅਗਲੇ ਦੌਰ ਦੇ ਕਹਾਣੀਕਾਰਾਂ ਦੀ ਫ਼ਹਿਰਿਸਤ ਵਿੱਚ ਸੰਦੀਪ ਸਮਰਾਲਾ ਦਾ ਨਾਂਅ ਵੀ ਸ਼ਾਮਲ ਹੈ। ਇਸ ਫ਼ਹਿਰਿਸਤ ਵਿੱਚ ਬਹੁਤੇ ਕਹਾਣੀਕਾਰਾਂ ਨੇ ਸਾਹਿਤਕ ਰਸਾਲਿਆਂ 'ਚ ਛਪ ਕੇ ਹੀ ਇਸ ਖੇਤਰ ਵਿੱਚ ਆਪਣੇ-ਆਪ ਨੂੰ ਸਥਾਪਤ ਕੀਤਾ ਹੈ ਅਤੇ ਸੰਦੀਪ ਸਮਰਾਲਾ ਵੀ ਇਕ ਅਜਿਹਾ ਹਸਤਾਖ਼ਰ ਹੈ। ਉਸ ਦੀਆਂ ਵਿਲੱਖਣ ਕਥਾ ਜੁਗਤਾਂ ਕਾਰਨ ਉਸ ਦੀ ਮਕਬੂਲੀਅਤ ਵਧੀ ਹੈ ਅਤੇ ਆਪਣੀ ਹਰ ਨਵੀਂ ਕਹਾਣੀ ਨਾਲ ਉਹ ਲਗਾਤਾਰ ਪਾਠਕਾਂ ਦੁਆਰਾ ਪਸੰਦ ਕੀਤਾ ਜਾਂਦਾ ਰਿਹਾ ਹੈ। ਹੁਣ ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਸੁਪਨੇ ਦਾ ਗਵਾਹ ਨਹੀਂ ਹੁੰਦਾ' ਪ੍ਰਕਾਸ਼ਿਤ ਹੋਇਆ ਹੈ ਅਤੇ ਉਸ ਦੇ ਇਸ ਪਲੇਠੇ ਕਹਾਣੀ-ਸੰਗ੍ਰਹਿ ਵਿੱਚ ਅੱਠ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਕਹਾਣੀਆਂ ਵਿੱਚ ਉਸ ਨੇ ਅਜੋਕੇ ਸ਼ਹਿਰੀ ਮੱਧ ਵਰਗੀ ਵਿਅਕਤੀਆਂ ਦੇ ਮਸਲੇ ਪੇਸ਼ ਕੀਤੇ ਹਨ। ਕਥਾਕਾਰ ਇਸ ਦੇ ਨਾਲ ਹੀ ਕਥਾਨਕ ਦੀ ਪੇਸ਼ਕਾਰੀ ਵਿੱਚ ਨਾ ਸਿਰਫ਼ ਮਸਲੇ, ਸਗੋਂ ਉਹਨਾਂ ਦੇ ਹੱਲ ਵੀ ਸੁਝਾਉਂਦਾ ਹੈ। ਇਹ ਕਹਾਣੀਆਂ ਅਜੋਕੇ ਸਮੇਂ ਵਿੱਚ ਪੰਜਾਬੀ ਸ਼ਹਿਰੀ ਵਸੇਬ ਵਿੱਚ ਪ੍ਰਚਲਿਤ ਹੋ ਚੁੱਕੇ ਵਰਤਾਰਿਆਂ ਲਿਵ ਇਨ ਰਿਲੇਸ਼ਨ, ਨੌਕਰੀਆਂ ਵਿੱਚ ਟਾਰਗੇਟ ਪੂਰਤੀ ਅਤੇ ਬੱਚਿਆਂ ਦੀ ਪਰਵਰਿਸ਼ ਆਦਿ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹਨ। ਸਮਰਾਲਾ ਨੇ ਇਹਨਾਂ ਕਹਾਣੀਆਂ ਵਿੱਚ ਪਾਤਰਾਂ ਦੀ ਫ਼ਿਤਰਤ ਸਮਝਣ ਲਈ ਮਨੋ-ਤਕਨੀਕਾਂ ਦੀ ਵਰਤੋਂ ਕੀਤੀ ਹੈ ਅਤੇ ਵਸਤੂਵਾਦੀ ਯੁੱਗ ਵਿੱਚ ਵਿਅਕਤੀ ਦੇ ਅੰਦਰੂਨੀ ਵਿਰੋਧਾਂ, ਡਰਾਂ, ਇੱਛਾਵਾਂ ਅਤੇ ਸੰਘਰਸ਼ਾਂ ਨੂੰ ਬਾਰੀਕੀ ਨਾਲ ਪੇਸ਼ ਕੀਤਾ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਸਮਾਰਟ ਵਰਕ' ਬਹੁ-ਰਾਸ਼ਟਰੀ ਕੰਪਨੀਆਂ ਵਿੱਚ ਕੰਮ ਕਰ ਰਹੇ ਨੌਜਵਾਨਾਂ ਦੀ ਕਹਾਣੀ ਹੈ। ਅੱਜ ਦੇ ਦੌਰ ਵਿੱਚ ਬਹੁਤ ਸਾਰੇ ਨੌਜਵਾਨ ਨੌਕਰੀ ਵਿੱਚ ਟਾਰਗੇਟ ਪੂਰੇ ਕਰਨ ਦੀ ਕੋਸ਼ਿਸ਼ ਵਿੱਚ ਆਪਣੀ ਸਿਹਤ, ਖ਼ੁਸ਼ੀ ਅਤੇ ਕਈ ਵਾਰ ਮਨ ਦਾ ਚੈਨ ਵੀ ਗੁਆ ਬੈਠਦੇ ਹਨ। ਇਹ ਕਹਾਣੀ ਅਜਿਹੇ ਸੰਘਰਸ਼ ਦੀ ਦਾਸਤਾਨ ਹੈ। ਟਾਰਗੇਟ ਦੀ ਦੌੜ ਵਿੱਚ ਨੌਜਵਾਨ ਦੀ ਸਖ਼ਤ ਮਿਹਨਤ ਦੇ ਬਾਵਜੂਦ ਕੰਪਨੀਆਂ ਦੀਆਂ ਉਮੀਦਾਂ ਕਦੇ ਘੱਟ ਨਹੀਂ ਹੁੰਦੀਆਂ। ਹਰ ਮਹੀਨੇ ਟਾਰਗੇਟ ਵਧਦਾ ਜਾਂਦਾ ਹੈ ਤੇ ਥੋੜ੍ਹੀ ਜਿਹੀ ਕੋਤਾਹੀ ਕਾਰਨ ਸਿਸਟਮ ਕਈ ਵਾਰ ਉਸ ਮਿਹਨਤ ਨੂੰ ਅਣਦੇਖਿਆ ਕਰ ਦਿੰਦਾ ਹੈ। ਲਗਾਤਾਰ ਅਜਿਹੀ ਅਸਫ਼ਲਤਾ ਨੌਜਵਾਨ ਨੂੰ ਚਿੰਤਾ ਅਤੇ ਉਦਾਸੀ ਵੱਲ ਲੈ ਜਾਂਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਵਿੱਚ ਅਜਿਹੇ ਹਾਲਾਤ ਨੂੰ ਨਜਿੱਠਣ ਲਈ ਹਾਰਡ ਵਰਕ ਦੀ ਥਾਂ ਸਮਾਰਟ ਵਰਕ ਕਰਨ ਨੂੰ ਤਰਜੀਹ ਦਿੱਤੀ ਹੈ ਪਰ ਇਹਨਾਂ ਹਾਲਤਾਂ ਦੇ ਸਮਾਨਾਂਤਰ ਉਹ ਸੂਰਜ ਵਰਗੇ ਪਾਤਰਾਂ ਦੁਆਰਾ ਕੀਤੀ ਚਲਾਕੀ ਅਤੇ ਓਵਰ ਸਮਾਰਟ ਵਰਕ ਤੋਂ ਵੀ ਮੁਨਕਰ ਹੈ। ਅਗਲੀ ਕਹਾਣੀ 'ਸੰਸਕ੍ਰਿਤੀ ਦੀ ਠੱਕ-ਠੱਕ' ਅੱਜ ਦੇ ਸ਼ਹਿਰੀ ਜੀਵਨ ਦੀਆਂ ਤਿੰਨ ਹਕੀਕਤਾਂ ਨੂੰ ਇੱਕੋ ਧਾਗੇ ਵਿੱਚ ਪਰੋਂਦੀ ਹੈ-ਲਿਵ-ਇਨ ਰਿਸ਼ਤੇ ਦੀ ਆਜ਼ਾਦੀ ਅਤੇ ਉਲਝਣ, ਮਲਟੀਨੈਸ਼ਨਲ ਕੰਪਨੀਆਂ ਦੀ ਚਮਕ-ਦਮਕ ਅਤੇ ਘਰ ਵਿੱਚ ਉਡੀਕ ਕਰਦੇ ਇਕੱਲੇ ਮਾਂ-ਬਾਪ ਦਾ ਦਰਦ। ਕਹਾਣੀਕਾਰ ਨੇ ਲਿਵ-ਇਨ ਸੰਬੰਧਾਂ ਦੀ ਨਾ ਬਹੁਤ ਮਹਿਮਾ ਕੀਤੀ ਹੈ, ਨਾ ਬਹੁਤ ਨਿੰਦਿਆ ਹੈ, ਬੱਸ ਇਕ ਨਵੇਂ ਰੁਝਾਨ ਵਜੋਂ ਪੇਸ਼ ਕੀਤਾ ਹੈ। ਇਸ ਕਹਾਣੀ ਵਿੱਚ ਸੰਦੀਪ ਸਮਰਾਲਾ ਨੇ ਸੰਸਕ੍ਰਿਤੀ ਸ਼ਬਦ ਨੂੰ ਬਹੁ ਅਰਥਾਂ ਵਿੱਚ ਵਰਤਿਆ ਹੈ। ਵੱਖਰੇ ਸੱਭਿਆਚਾਰ ਨਾਲ ਸੰਬੰਧ ਰੱਖਦੀ, ਨਵੇਂ ਬਹੁ-ਰਾਸ਼ਟਰੀ ਸਭਿਆਚਾਰਕ ਸੰਬੰਧਾਂ ਨੂੰ ਅਪਣਾਉਂਦੀ ਲੜਕੀ ਜਿਸ ਦਾ ਨਾਂਅ ਵੀ ਸੰਸਕ੍ਰਿਤੀ ਹੈ ਅਤੇ ਜਿਸ ਨਾਲ ਮੁੱਖ ਪਾਤਰ ਨਕੁਲ ਲਿਵ ਇਨ ਸੰਬੰਧਾਂ ਵਿੱਚ ਰਹਿ ਰਿਹਾ ਹੈ। ਨਕੁਲ ਦੇ ਪਿਤਾ ਕਿਸ਼ਨ ਦੇ ਕੰਨਾਂ ਵਿੱਚ ਉਸ ਕੁੜੀ ਦੇ ਪੈਰਾਂ ਦੀ ਆਵਾਜ਼ ਗੂੰਜਦੀ ਰਹਿੰਦੀ ਹੈ, ਜੋ ਉਸ ਦੇ ਪੁੱਤ ਨੂੰ ਇਕ ਵਾਰ ਫਿਰ ਉਹਨਾਂ ਤੋਂ ਦੂਰ ਲਿਜਾ ਰਹੀ ਹੈ। ਗੱਲ ਇੱਥੇ ਹੀ ਖਤਮ ਨਹੀਂ ਹੁੰਦੀ, ਇਸੇ ਕਹਾਣੀ ਦਾ ਅਗਲਾ ਭਾਗ ਇਸ ਸੰਗ੍ਰਹਿ ਦੀ ਇੱਕ ਹੋਰ ਕਹਾਣੀ ਸਿਰਲੇਖ 'ਨੁਕਸ' ਹੇਠ ਉਸਾਰਿਆ ਗਿਆ ਹੈ। ਉਸ ਕਥਾਨਕ ਵਿੱਚ ਕਹਾਣੀਕਾਰ ਨੇ ਇਸ ਸਾਰੇ ਵਰਤਾਰੇ ਕਾਰਨ ਮੁੱਖ ਪਾਤਰ ਕਿਸ਼ਨ ਦੇ ਮਨੋ ਸੰਤਾਪ ਵਿਚ ਚਿਤਰਤ ਕੀਤਾ ਹੈ। ਕਹਾਣੀ ਦੇ ਅਗਲੇ ਪਾਸਾਰ ਵਿੱਚ ਪਾਤਰ ਕਿਸ਼ਨ ਇਸ ਕਾਰਨ ਤਣਾਅ ਵਿੱਚ ਹੈ ਕਿ ਉਸ ਦਾ ਪੁੱਤਰ ਨਕੁਲ ਜੋ ਸੰਸਕ੍ਰਿਤੀ ਨਾਂਅ ਦੀ ਬੰਗਾਲੀ ਲੜਕੀ ਨਾਲ ਲਿਵ ਇਨ ਸੰਬੰਧਾਂ ਵਿੱਚ ਰਹਿ ਰਿਹਾ ਸੀ, ਉਹ ਮ੍ਰਿਦੂਲਾ ਨਾਂਅ ਦੀ ਲੜਕੀ ਨਾਲ ਸੰਬੰਧਾਂ ਵਿੱਚ ਰਹਿ ਕੇ ਵਿਆਹ ਗਾਇਤਰੀ ਨਾਂਅ ਦੀ ਕੁੜੀ ਨਾਲ ਕਰਵਾ ਰਿਹਾ ਹੈ। ਇਸ ਸੰਬੰਧ ਵਿੱਚ ਕਹਾਣੀ ਦੇ ਸੰਵਾਦ ਵੇਖੇ ਜਾ ਸਕਦੇ ਹਨ।

ਨਕੁਲ ਨੇ ਪੈਰੀਂ ਹੱਥ ਲਾਉਂਦੇ ਨੇ ਕਿਹਾ ਸੀ, 'ਮੰਮੀ, ਇਹ ਗਾਇਤਰੀ ਐ, ਤੁਹਾਡੀ ਨੂੰਹ ਮੈਂ ਸੋਚਿਆ ਸੀ ਕਿ ਮੰਮੀ ਨੂੰ 'ਸਰਪ੍ਰਾਈਜ਼' ਦੇਵਾਂਗਾ, ਤੁਸੀਂ ਟੈਨਸ਼ਨ ਨਾ ਲਵੋ, ਗਾਇਤਰੀ ਨੂੰ ਸਭ ਪਤੈ।'

ਬੜਾ ਸੋਹਣਾ ਨਾਂਅ ਹੈ, ਗਾਇਤਰੀ।

ਸਾਲਾ 'ਸਰਪ੍ਰਾਈਜ਼' ਦਾ ਹੋਇਆ, ਫੋਟੋਆਂ ਤਾਂ ਕੰਜਰਾ ਮ੍ਰਿਦੂਲਾ ਦੀਆਂ ਦਿਖਾਈਆਂ ਸੀ, ਲੈ ਕੋਈ ਹੋਰ ਆਇਆ। ਕਿਸ਼ਨ ਕੁੜਦਾ।

ਰੁਕੋ, ਪਹਿਲਾਂ ਤੇਲ ਤਾਂ ਚੋਅ ਲਵਾਂ, ਬਹੂ ਪਹਿਲੀ ਵਾਰ ਘਰੇ ਆਈ ਐ, ਪਾਣੀ ਤਾਂ ਵਾਰ ਲਵਾਂ।

'ਬਹੂ ਕਿੱਥੋਂ ਆਂ... ਸਾਲਾ ਪਤਾ ਨਹੀਂ ਕਿੱਥੋਂ ਪੀਸ ਛਾਂਟ-ਛਾਂਟ ਕੇ ਲਿਆਉਂਦਾ?' ਕਿਸ਼ਨ ਬੁੜ-ਬੜਾਉਂਦਾ।

'ਮੰਮੀ ਜੀ ਛੋੜੋ, ਕੌਨ ਸੇ ਚੱਕਰੋ ਮੇਂ ਪੜ ਗਏ।' ਪੰਨਾ 61

ਨੌਜਵਾਨ ਬੱਚਿਆਂ ਦੀ ਪਰਵਰਿਸ਼ ਬਾਰੇ ਇਸ ਕਹਾਣੀ-ਸੰਗ੍ਰਹਿ ਦੀ ਇੱਕ ਜ਼ਿਕਰਯੋਗ ਕਹਾਣੀ 'ਬਸ! ਇਤਨੀ ਸੀ ਬਾਤ' ਹੈ। ਬੱਚਿਆਂ ਦੀ ਪਰਵਰਿਸ਼ ਨੂੰ ਲੈ ਕੇ ਮਨੋਵਿਗਿਆਨਕ ਢੰਗ ਨਾਲ ਸਿਰਜੇ ਇਸ ਕਥਾਨਕ ਵਿੱਚ ਇਕ ਮਾਂ ਦੁਆਰਾ ਵਰਤੇ ਜਾਂਦੇ ਤਰਬੀਅਤ ਢੰਗਾਂ ਦੀ ਗੱਲ ਕੀਤੀ ਗਈ ਹੈ, ਜਦੋਂ ਸਖ਼ਤ ਅਸੂਲਾਂ ਕਾਰਨ ਉਸ ਦਾ ਪੁੱਤ ਚੇਤਨ ਮਨੋਰੋਗੀ ਬਣ ਜਾਂਦਾ ਹੈ। ਕਹਾਣੀਕਾਰ ਨੇ ਅੱਜ ਦੇ ਸਮੇਂ ਵਿੱਚ ਬੱਚਿਆਂ ਦੀ ਪਰਵਰਿਸ਼ ਲਈ ਸਮਾਜ ਵਿੱਚ ਪ੍ਰਚਲਿਤ ਢੰਗਾਂ ਨੂੰ ਵਿਸ਼ਾ ਬਣਾ ਕੇ ਸੰਵਾਦੀ ਸ਼ੈਲੀ ਅਪਣਾ ਕੇ ਸਹੀ ਗ਼ਲਤ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਹਾਣੀ ਵਿੱਚੋਂ ਉਹ ਸੰਵਾਦ ਵੇਖੇ ਜਾ ਸਕਦੇ ਹਨ, ਜਦ ਮਾਨਸਿਕ ਰੋਗੀ ਚੇਤਨ ਬਾਰੇ ਸਾਈਕੈਟਰਿਸਟ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

'ਇੰਟਰਨੈੱਟ ਜਾਂ ਕੋਈ ਵੀਡੀਓ ਗੇਮ ਤਾਂ ਜ਼ਿਆਦਾ ਨਹੀਂ ਖੇਡਦਾ? ਇਸ ਕਰਕੇ ਵੀ ਇਹ ਬਿਮਾਰੀ ਹੋ ਜਾਂਦੀ ਏ, ਇਸ ਤਰ੍ਹਾਂ ਦੇ ਵੀ ਕਈ ਕੇਸ ਆ ਰਹੇ ਨੇ, ਇਸ ਨੂੰ 'ਇੰਟਰਨੈੱਟ ਅਡਿਕਸ਼ਨ' ਕਹਿੰਦੇ ਨੇ, ਇਹ ਬਿਮਾਰੀ ਦਾ ਉਦੋਂ ਪਤਾ ਲੱਗਦਾ, ਜਦ ਪਾਣੀ ਸਿਰ ਉਪਰੋਂ ਦੀ ਲੰਘ ਜਾਂਦਾ।'

ਭਾਪੇ ਨੇ ਦੱਸਿਆ, 'ਦਫ਼ਤਰੋਂ ਘਰ ਆ ਕੇ 'ਲੈਪਟਾਪ' ਜਾਂ ਮੋਬਾਈਲ ਹੀ ਚਲਾਉਂਦਾ ਰਹਿੰਦਾ, ਜੇ ਪੁੱਛਣਾ ਤਾਂ ਅਕਸਰ ਕਹਿ ਦਿੰਦਾ ਕਿ ਆਫਿਸ ਦਾ ਕੰਮ ਕਰ ਰਿਹਾ ਹਾਂ, ਹੁਣ ਤਾਂ ਮਹੀਨਾ ਹੋ ਗਿਆ ਕੰਮ 'ਤੇ ਵੀ ਨਹੀਂ ਜਾਂਦਾ, ਨਾ ਹੀ ਮੋਬਾਈਲ ਤੇ 'ਲੈਪਟਾਪਜ ਨੂੰ ਹੱਥ ਲਾਉਂਦਾ।'

'ਇਸ ਦੇ ਕੋਈ ਦੋਸਤ ਮਿੱਤਰ...?'

'ਨਹੀਂ ਡਾਕਟਰ ਸਾਹਿਬ, ਐਸੇ ਝਮੇਲੇ ਮੇਂ ਮੈਨੇਂ ਪੜਨੇ ਹੀ ਨਹੀਂ ਦਿਆ, ਚੇਤਨ ਆਫ਼ਿਸ ਸੇ ਸੀਧਾ ਘਰ ਆਤਾ ਹੈ।'

'ਕੋਈ ਲਵ-ਸ਼ਵ ਜਾਂ ਕੋਈ ਕੁੜੀ ਦਾ ਚੱਕਰ?'

'ਨਹੀਂ... ਨਹੀਂ... ਇਸ ਤਰ੍ਹਾਂ ਦੀ ਵੀ ਕੋਈ ਗੱਲ ਨਹੀਂ ਡਾਕਟਰ ਸਾਹਬ।' ਚਾਚੇ ਨੇ ਕਿਹਾ। ਪੰਨਾ 40

'ਸੁਪਨੇ ਦਾ ਗਵਾਹ ਨਹੀਂ ਹੁੰਦਾ' ਕਹਾਣੀ ਕੋਰੋਨਾ ਮਹਾਂਮਾਰੀ ਦੌਰਾਨ ਇੱਕ ਆਮ ਮੱਧਵਰਗੀ ਪਰਵਾਰ ਦੀ ਆਰਥਿਕ ਤੰਗੀ ਅਤੇ ਮਾਨਸਿਕ ਟੁੱਟ-ਭੱਜ ਨੂੰ ਬਹੁਤ ਸੁਭਾਵਿਕ ਢੰਗ ਨਾਲ ਪੇਸ਼ ਕਰਦੀ ਹੈ। ਨੌਕਰੀ ਦਾ ਖ਼ਤਮ ਹੋ ਜਾਣਾ, ਰੋਜ਼ਾਨਾ ਜੀਵਨ ਦੀਆਂ ਜ਼ਰੂਰਤਾਂ ਲਈ ਕੀਤੀ ਜੱਦੋ-ਜਹਿਦ ਕਾਰਨ ਮਾਨਸਿਕ ਤਣਾਅ ਹੋਣਾ ਇਸ ਸਮੇਂ ਦਾ ਆਮ ਵਰਤਾਰਾ ਰਿਹਾ ਹੈ। ਸਭ ਤੋਂ ਵੱਧ ਇਸ ਸਮੇਂ ਦੌਰਾਨ ਜੋ ਕੋਰੋਨਾ ਹੋ ਜਾਣ ਦਾ ਡਰ ਆਮ ਵਿਅਕਤੀ ਮਹਿਸੂਸ ਕਰ ਰਿਹਾ ਸੀ, ਉਸ ਨੂੰ ਵੀ ਇਹ ਕਹਾਣੀ ਬਾਖ਼ੂਬੀ ਚਿਤਰਦੀ ਹੈ। ਇਹ ਡਰ ਸਿਹਤ ਖ਼ਰਾਬ ਹੋਣ ਤੋਂ ਵੱਧ ਆਰਥਿਕਤਾ ਕਮਜ਼ੋਰ ਹੋਣ ਦਾ ਜ਼ਿਆਦਾ ਹੁੰਦਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਵੀ ਅਜਿਹੇ ਹਾਲਾਤ ਵਿੱਚ ਫਸਿਆ ਹੈ ਕਿ ਪਹਿਲੀ ਨੌਕਰੀ ਚਲੇ ਜਾਣ ਤੋਂ ਬਾਅਦ ਬਹੁਤ ਖੱਜਲ-ਖਵਾਰੀ ਦੇ ਬਾਵਜੂਦ ਉਸ ਨੂੰ ਨੌਕਰੀ ਨਹੀਂ ਮਿਲਦੀ। ਮਜਬੂਰੀਵੱਸ ਉਹ ਇੱਕ ਅਜਿਹੀ ਨੌਕਰੀ ਕਰਨ ਲੱਗਦਾ ਹੈ, ਜਿਸ ਬਾਰੇ ਉਹ ਆਪਣੀ ਪਤਨੀ ਤੋਂ ਵੀ ਪਰਦਾ ਰੱਖਦਾ ਹੈ ਅਤੇ ਇਸੇ ਮਾਨਸਿਕ ਤਣਾਅ ਵਿੱਚ ਕਹਾਣੀ ਆਪਣੇ ਸਿਖਰ ਵੱਲ ਵਧਦੀ ਹੈ ਕਿ ਉਸ ਦੀ ਇਸ ਨੌਕਰੀ ਬਾਰੇ ਉਸ ਦੀ ਪਤਨੀ ਜਾਂ ਬੱਚਿਆਂ ਨੂੰ ਪਤਾ ਨਾ ਲੱਗ ਜਾਵੇ।

ਮੈਂ ਕਿਹਾ, 'ਸਰ ਆਪਾਂ ਕਿਹੜਾ ਕੋਈ ਨਸ਼ਾ ਵੇਚਣਾ...।' ਉਸ ਦਿਨ ਹੀ ਮੇਰੀ 'ਜੁਆਨਿੰਗ' ਹੋ ਗਈ ਸੀ। ਇੱਕ ਦਿਨ ਦੀ ਟਰੇਨਿੰਗ ਐ, ਸੀਨੀਅਰ ਸਾਰਾ ਕੁਝ ਸਮਝਾ ਦੇਵੇਗਾ, ਉਸ ਤੋਂ ਬਾਅਦ ਕੰਮ ਸ਼ੁਰੂ ਕਰ ਦਵੀਂ, ਕੋਈ ਦਿੱਕਤ ਹੋਈ ਤਾਂ ਦੱਸ ਦੇਣਾ। ਛੇ ਸ਼ਹਿਰ ਮੇਰੇ ਹਿੱਸੇ ਆਏ ਸੀ। ਹਰ ਰੋਜ਼ ਇੱਕ ਸ਼ਹਿਰ 'ਚ 'ਮਾਰਕਟਿੰਗ' ਕਰਨੀ ਸੀ।

ਸੰਗੀਤਾ ਨੂੰ ਫੋਨ ਕਰਕੇ ਦੱਸਿਆ ਕਿ ਨੌਕਰੀ ਮਿਲ ਗਈ। ਜਿਵੇਂ ਇਹ ਗੱਲ ਸੁਣ ਉਸ ਨੇ ਸੁੱਖ ਦਾ ਸਾਹ ਲਿਆ ਹੋਵੇ। ਉਸ ਨੇ ਪੁੱਛਿਆ ਸੀ ਕਿ ਕੰਮ ਕੀ ਹੈ? ਮੈਂ ਦੱਸਣਾ ਤਾਂ ਚਾਹੁੰਦਾ ਸੀ ਫਿਰ ਸੋਚਿਆ, ਕਿਤੇ ਉਹ ਦਿਮਾਗ 'ਤੇ ਬੋਝ ਹੀ ਨਾ ਪਾ ਲਵੇ ਕਿ ਮੈਂ ਹੁਣ ਕੰਡੋਮ...। ਪੰਨਾ 84

ਇਸੇ ਤਰ੍ਹਾਂ ਦੀ ਜੀਵਨ ਸੰਘਰਸ਼ ਨੂੰ ਦਰਸਾਉਂਦੀ ਇੱਕ ਹੋਰ ਕਹਾਣੀ 'ਸਰਕਸ' ਹੈ, ਜੋ ਉਹਨਾਂ ਬਿਹਾਰੀ ਮਜ਼ਦੂਰਾਂ ਦੀ ਬਾਤ ਸੁਣਾਉਂਦੀ ਹੈ, ਜੋ ਪੰਜਾਬ ਵਿੱਚ ਕਮਾਈ ਕਰਨ ਦੇ ਮਕਸਦ ਨਾਲ ਆਉਂਦੇ ਹਨ। ਇਹ ਕਹਾਣੀ ਜਗਨ ਨਾਂਅ ਦੇ ਵਿਅਕਤੀ ਦੀ ਕਥਾ ਬਿਆਨ ਕਰਦੀ ਹੈ, ਜੋ ਹੁਣ ਫੈਕਟਰੀ ਦੀ ਮਜ਼ਦੂਰੀ ਲਈ ਵਿੱਚ ਮਿਹਨਤ ਕਰ ਰਿਹਾ ਹੈ ਅਤੇ ਨਾਲ ਹੀ ਫੈਕਟਰੀ ਮਾਲਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਵੀ ਹੋ ਰਿਹਾ ਹੈ। ਉਸ ਦੇ ਨਾਲ ਹੀ ਸਿਕੰਦਰ ਨਾਂਅ ਦੇ ਇਕ ਪੰਜਾਬੀ ਵਿਅਕਤੀ ਦੀ ਕਹਾਣੀ ਵੀ ਇਸ ਦੇ ਸਮਾਂਤਰ ਹੀ ਚੱਲਦੀ ਹੈ, ਜੋ ਇਸ ਵੱਖਰੇ ਨਜ਼ਰੀਏ ਤੋਂ ਆਮ ਬੰਦੇ ਦਾ ਸੰਘਰਸ਼ ਚਿਤਰਤ ਕਰਦੀ ਹੈ। ਕਹਾਣੀਕਾਰ ਨੇ ਯਥਾਰਥਕ ਢੰਗ ਨਾਲ ਇਹਨਾਂ ਪਰਵਾਸੀ ਮਜ਼ਦੂਰਾਂ ਦੀ ਆਰਥਿਕ ਹਾਲਤ,

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਔਰਤ ਦੀ ਖ਼ਾਮੋਸ਼ੀ ਅਤੇ ਹੋਂਦ ਦਾ ਨਾਰੀਵਾਦੀ ਪ੍ਰਵਚਨ

**ਸਾਹਿਤ ਚਿੰਤਨ**

**ਮੱਖਣ ਮਾਨ**

## ਦਿ ਬਲੀਡਿੰਗ ਵੋਮੈਨ

(ਵਾਰਤਿਕ)
ਸਰਬਜੀਤ ਕੌਰ ਸੋਹਲ
ਸਫੇ : 137, ਮੁੱਲ : 295 ਰੁਪਏ
ਲੋਕਗੀਤ ਪ੍ਰਕਾਸ਼ਨ, ਮੋਹਾਲੀ

ਸਰਬਜੀਤ ਕੌਰ ਸੋਹਲ ਪੰਜਾਬੀ ਸਾਹਿਤ ਦੀਆਂ ਉਹਨਾਂ ਸੰਵੇਦਨਸ਼ੀਲ ਅਤੇ ਚੇਤਨਵਾਨ ਲੇਖਿਕਾਵਾਂ ਵਿੱਚੋਂ ਹੈ, ਜਿਨ੍ਹਾਂ ਨੇ ਔਰਤ ਦੇ ਅੰਦਰਲੇ ਹਨੇਰੇ, ਚੁੱਪ, ਦਰਦ ਅਤੇ ਹੋਂਦ ਨੂੰ ਆਪਣੀ ਲਿਖਤ ਦੇ ਕੇਂਦਰ 'ਚ ਰੱਖਿਆ।ਉਹ ਸਿਰਫ਼ ਸ਼ਾਇਰਾ ਜਾਂ ਕਹਾਣੀਕਾਰ ਹੀ ਨਹੀਂ, ਉਹ ਮਨੁੱਖੀ ਪੀੜ ਦੀ ਡੂੰਘੀ ਦਾਰਸ਼ਨਿਕ ਪਾਠਕ ਵੀ ਹੈ। ਉਨ੍ਹਾਂ ਦੀਆਂ ਲਿਖਤਾਂ 'ਚ ਜੀਵਨ ਦੇ ਉਹ ਪੱਖ ਸਾਹਮਣੇ ਆਉਂਦੇ ਹਨ, ਜਿਨ੍ਹਾਂ ਬਾਰੇ ਸਮਾਜ ਅਕਸਰ ਚੁੱਪ ਰਹਿੰਦਾ ਹੈ। ਸਰਬਜੀਤ ਕੌਰ ਸੋਹਲ ਦੀ ਰਚਨਾ-ਦੁਨੀਆ ਵਿੱਚ ਔਰਤ ਕੇਵਲ ਇੱਕ ਪਾਤਰ ਨਹੀਂ ਹੁੰਦੀ, ਉਹ ਇੱਕ ਜਿਊਂਦੀ ਹੋਂਦ, ਸੰਘਰਸ਼ਮਈ ਰੂਹ ਤੇ ਇੱਕ ਅੰਦਰੂਨੀ ਚੀਖ਼ ਵਜੋਂ ਉੱਭਰਦੀ ਹੈ। ਉਸ ਦੀਆਂ ਕਵਿਤਾਵਾਂ ਅਤੇ ਕਥਾ 'ਚ ਔਰਤ ਦੀ ਮਨੋਸਥਿਤੀ, ਉਸ ਦੀ ਇਕੱਲਤਾ, ਉਸ ਦੀ ਸ਼ਰਮ, ਸੰਕੋਚ, ਚੁੱਪ ਅਤੇ ਜੀਵਨ ਦੀ ਸਪੱਸ਼ਟਤਾ, ਮਰਦ ਸਾਥੀ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਨਾਲ ਵੀ ਚਿਤਰਦੀ ਹੈ।

ਉਸ ਦੇ ਸਾਹਿਤ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਹ ਨਾਰੀਵਾਦ ਨੂੰ ਕੇਵਲ ਸਿਧਾਂਤ ਨਹੀਂ ਬਣਾਉਂਦੀ, ਜੀਵਨ ਦੇ ਅਨੁਭਵਾਂ ਵਿੱਚੋਂ ਰਚਦੀ ਹੈ। ਉਹ ਪਿੰਡ ਦੀ ਔਰਤ, ਘਰੇਲੂ ਔਰਤ, ਮਜ਼ਦੂਰ ਔਰਤ ਅਤੇ ਅੰਦਰੋਂ ਟੁੱਟ ਰਹੀ ਔਰਤ-ਸਭ ਨੂੰ ਇੱਕੋ ਜਿਹੀ ਸੰਵੇਦਨਾ ਨਾਲ ਵੇਖਦੀ ਹੈ। ਇਸ ਕਰਕੇ ਉਸ ਦੀ ਲਿਖਤ ਵਿੱਚ ਨਕਲੀਪਨ ਨਹੀਂ, ਜੀਵਨ ਦੀ ਤਪਸ਼ ਮਹਿਸੂਸ ਹੁੰਦੀ ਹੈ।

ਸਰਬਜੀਤ ਕੌਰ ਸੋਹਲ ਦੀ ਭਾਸ਼ਾ ਕਾਵਿਕ ਹੋਣ ਦੇ ਨਾਲ-ਨਾਲ ਬਹੁਤ ਦਾਰਸ਼ਨਿਕ ਵੀ ਹੈ। ਉਹ ਛੋਟੇ-ਛੋਟੇ ਫਿਕਰਿਆਂ 'ਚੋਂ ਵੱਡੇ ਸਵਾਲ ਖੜ੍ਹੇ ਕਰਦੀ ਹੈ। ਉਸ ਦੀ ਲਿਖਤ ਪੜ੍ਹਦਿਆਂ ਲੱਗਦਾ ਹੈ ਕਿ ਉਹ ਸਿਰਫ਼ ਕਹਾਣੀ ਨਹੀਂ ਸੁਣਾ ਰਹੀ, ਸਗੋਂ ਸਮਾਜ ਦੀ ਸੰਵੇਦਨਹੀਣਤਾ ਦਾ ਵਿਖੰਡਨ ਕਰ ਰਹੀ ਹੈ।

ਦਿ ਬਲੀਡਿੰਗ ਵੋਮੈਨ ਉਸ ਦੀ ਅਜਿਹੀ ਹੀ ਮਹੱਤਵਪੂਰਨ ਕਿਤਾਬ ਹੈ, ਜਿਸ ਬਾਰੇ ਆਪਾਂ ਚਰਚਾ ਕਰਨੀ ਹੈ, ਇਹ ਪੁਸਤਕ ਔਰਤ ਦੀ ਦੇਹ, ਮਾਹਵਾਰੀ, ਦਰਦ, ਸਮਾਜਿਕ ਵਰਜਨਾਵਾਂ ਅਤੇ ਪਿੱਤਰੀ ਸੱਤਾ ਦੀ ਸੋਚ ਨੂੰ ਬੇਹੱਦ ਨਿਡਰਤਾ ਨਾਲ ਪੇਸ਼ ਕਰਦੀ ਹੈ। ਇਹ ਪੁਸਤਕ ਔਰਤ ਦੀ ਚੁੱਪ ਨੂੰ ਆਵਾਜ਼ ਦੇਣ ਵਾਲਾ ਦਸਤਾਵੇਜ਼ ਵੀ ਹੈ।

ਸਰਬਜੀਤ ਦੀ ਰਚਨਾ-ਸੰਵੇਦਨਾ ਦੀ ਖ਼ਾਸੀਅਤ ਇਹ ਹੈ ਕਿ ਉਹ ਦਰਦ ਨੂੰ ਕੇਵਲ ਦੁੱਖ ਵਜੋਂ ਨਹੀਂ ਵੇਖਦੀ, ਉਹ ਉਸ ਵਿੱਚੋਂ ਮਨੁੱਖੀ ਚੇਤਨਾ ਦੀ ਰੌਸ਼ਨੀ ਲੱਭਦੀ ਹੈ। ਇਸੇ ਲਈ ਉਸ ਦੀ ਲਿਖਤ ਵਿੱਚ ਕਰੁਣਾ ਵੀ ਹੈ, ਵਿਰੋਧ ਵੀ, ਕਾਵਿਕਤਾ ਵੀ ਹੈ ਅਤੇ ਸੱਚ ਦੀ ਤੀਖਣਤਾ ਵੀ। ਪੰਜਾਬੀ ਸਾਹਿਤ ਵਿੱਚ ਉਸ ਦੀ ਆਵਾਜ਼ ਇੱਕ ਅਜਿਹੀ ਔਰਤ ਦੀ ਆਵਾਜ਼ ਹੈ, ਜੋ ਹੁਣ ਚੁੱਪ ਰਹਿਣ ਲਈ ਤਿਆਰ ਨਹੀਂ।

ਪੰਜਾਬੀ ਸਾਹਿਤ ਵਿੱਚ ਜਦੋਂ ਵੀ ਔਰਤ ਬਾਰੇ ਗੱਲ ਤੁਰਦੀ ਹੈ ਤਾਂ ਅਕਸਰ ਉਸ ਨੂੰ ਮਮਤਾ, ਤਿਆਗ, ਪਵਿੱਤਰਤਾ ਅਤੇ ਸੰਸਕਾਰਾਂ ਦੇ ਚੌਹੱਦੇ 'ਚ ਬੰਨ੍ਹ ਕੇ ਵੇਖਿਆ ਜਾਂਦਾ ਰਿਹਾ ਹੈ, ਪਰ ਦਿ ਬਲੀਡਿੰਗ ਵੋਮੈਨ ਇਸ ਰਵਾਇਤ ਨੂੰ ਤੋੜਦੀ ਹੈ। ਇਹ ਕਿਤਾਬ ਉਸ ਨੂੰ ਦੇਵੀ ਨਹੀਂ ਬਣਾਉਂਦੀ, ਸਗੋਂ ਉਸ ਨੂੰ ਇੱਕ ਰਕਤਸ੍ਰਾਵ ਕਰਦੀ ਮਨੁੱਖੀ ਦੇਹ ਵਜੋਂ ਸਾਹਮਣੇ ਲਿਆਉਂਦੀ ਹੈ, ਇੱਕ ਐਸੀ ਦੇਹ ਜੋ ਦਰਦ ਸਹਿੰਦੀ ਹੈ, ਚੁੱਪ ਰਹਿੰਦੀ ਹੈ, ਸਮਾਜਿਕ ਪਾਬੰਦੀਆਂ ਵਿੱਚ ਘੁੱਟਦੀ ਹੈ ਅਤੇ ਫਿਰ ਵੀ ਜੀਵਨ ਨੂੰ ਜਨਮ ਦਿੰਦੀ ਹੈ।




ਇਸ ਪੁਸਤਕ ਦਾ ਅਧਿਐਨ ਕਰਦਿਆਂ ਮੈਂ ਇਸ ਨੂੰ ਤਿੰਨ ਭਾਗਾਂ 'ਚ ਵੰਡ ਕੇ ਆਪਣੀ ਗੱਲ ਕਰਾਂਗਾ :-

1. ਔਰਤ ਦੇ ਖ਼ੂਨ, ਖ਼ਾਮੋਸ਼ੀ ਅਤੇ ਹੋਂਦ ਦਾ ਨਾਰੀਵਾਦੀ ਪਾਠ।
2. ਸਰੀਰ, ਮਿਥਕ ਅਤੇ ਪਿਤ੍ਰਸੱਤਾ ਦਾ ਦਾਰਸ਼ਨਿਕ ਵਿਖੰਡਨ।
3. ਕਾਵਿਕ ਭਾਸ਼ਾ, ਸੰਵੇਦਨਾ ਅਤੇ ਪੰਜਾਬੀ ਨਾਰੀਵਾਦ ਦੀ ਨਵੀਂ ਦਿਸ਼ਾ।

ਇਹ ਪੁਸਤਕ ਕੇਵਲ ਲੇਖਾਂ ਦਾ ਸੰਗ੍ਰਹਿ ਨਹੀਂ, ਔਰਤ ਦੇ ਸਰੀਰ, ਮਨ ਅਤੇ ਹੋਂਦ ਦੀ ਦਾਰਸ਼ਨਿਕ ਡਾਇਰੀ ਹੈ। ਇਸ ਵਿੱਚ ਔਰਤ ਦੀ ਪੀੜ ਨੂੰ ਵਿਸ਼ਾ ਨਹੀਂ ਬਣਾਇਆ ਗਿਆ, ਬਲਕਿ ਉਸ ਪੀੜ ਦੇ ਅੰਦਰੋਂ ਮਨੁੱਖੀ ਸੱਭਿਆਚਾਰ ਦੀ ਸੰਵੇਦਨਾ ਨੂੰ ਪੜ੍ਹਿਆ ਗਿਆ ਹੈ। ਕਿਤਾਬ ਦੇ ਮੁੱਖ-ਭਾਗ ਵਿੱਚ ਲੇਖਿਕਾ ਲਿਖਦੀ ਹੈ ਕਿ ਸਮਾਜ ਨੇ ਬਹੁਤ ਸਾਰੇ ਵਰਜਣਾ 'ਤੇ ਚੁੱਪਾਂ ਦੇ ਆਲੇ-ਦੁਆਲੇ ਔਰਤ ਦੀ ਜ਼ਿੰਦਗੀ ਬੁਣ ਦਿੱਤੀ ਹੈ। ਇਹ ਚੁੱਪ ਹੀ ਇਸ ਕਿਤਾਬ ਦਾ ਸਭ ਤੋਂ ਵੱਡਾ ਪ੍ਰਤੀਕ ਹੈ। ਸਰਬਜੀਤ ਕੌਰ ਸੋਹਲ ਦੀ ਲਿਖਤ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਨਾਰੀਵਾਦ ਨੂੰ ਪੱਛਮੀ ਸਿਧਾਂਤਾਂ ਦੀ ਨਕਲ ਵਜੋਂ ਪੇਸ਼ ਨਹੀਂ ਕਰਦੀ, ਉਹ ਆਪਣੀ ਧਰਤੀ, ਆਪਣੇ ਪਿੰਡ, ਆਪਣੀ ਮਾਂ, ਆਪਣੇ ਘਰ ਅਤੇ ਪੰਜਾਬੀ ਔਰਤ ਦੇ ਜੀਵਤ ਅਨੁਭਵਾਂ ਵਿੱਚੋਂ ਨਾਰੀਵਾਦ ਦੀ ਭਾਸ਼ਾ ਰਚਦੀ ਹੈ। ਇਸ ਲਈ ਇਹ ਕਿਤਾਬ ਅਕਾਦਮਿਕ ਵਾਦ-ਵਿਵਾਦ ਨਾਲੋਂ ਵੱਧ ਅੰਦਰੂਨੀ ਦਰਦ ਵਾਂਗ ਮਹਿਸੂਸ ਹੁੰਦੀ ਹੈ। ਕਿਤਾਬ ਦਾ ਸਿਰਲੇਖ ਆਪਣੇ ਆਪ 'ਚ ਪ੍ਰਤੀਕ ਹੈ-ਬਲੀਡਿੰਗ ਇਹ ਸਿਰਫ਼ ਮਾਹਵਾਰੀ ਦਾ ਖ਼ੂਨ ਨਹੀਂ; ਇਹ ਇਤਿਹਾਸ ਦਾ ਖ਼ੂਨ ਹੈ, ਸਦੀਆਂ ਦੀ ਚੁੱਪ ਦਾ ਖ਼ੂਨ ਹੈ, ਔਰਤ ਦੇ ਅਪਮਾਨ ਦਾ ਖ਼ੂਨ ਹੈ। ਇਹ ਖ਼ੂਨ ਜੋ ਸਰੀਰ ਵਿੱਚੋਂ ਹੀ ਨਹੀਂ, ਆਤਮਾ ਵਿੱਚੋਂ ਵੀ ਵਹਿੰਦਾ ਹੈ। ਲੇਖਿਕਾ ਲਿਖਦੀ ਹੈ ਕਿ ਔਰਤ ਦੀ ਹੋਂਦ ਨੂੰ ਹੌਲੇ-ਹੌਲੇ ਹਲਾਲ ਕੀਤਾ ਜਾਂਦਾ ਹੈ। ਇਹ ਵਾਕ ਪੰਜਾਬੀ ਕਥਾ 'ਚ ਨਾਰੀ ਪੀੜ ਦੀ ਸਭ ਤੋਂ ਕੌੜੀ ਵਿਆਖਿਆ ਹੈ।

ਇੱਥੇ ਨਾਰੀਵਾਦ ਕੇਵਲ ਮਰਦ ਵਿਰੋਧ ਨਹੀਂ ਹੈ, ਮਨੁੱਖੀ ਚੇਤਨਾ ਹੈ। ਇੱਥੇ ਸਰਬਜੀਤ ਆਖਦੀ ਹੈ ਕਿ ਸਮਾਜ ਦੀ ਸਿਹਤ-ਮੰਦਤਾ ਲਈ ਔਰਤ-ਮਰਦ ਦੋਹਾਂ ਦੇ ਭਾਵਾਤਮਕ ਤੇ ਸਰੀਰਕ ਸੰਬੰਧਾਂ ਬਾਰੇ ਖੁੱਲ੍ਹ ਕੇ ਸੰਵਾਦ ਛੇੜਨ ਦੀ ਲੋੜ ਹੈ। ਇਸ ਤਰ੍ਹਾਂ ਇਹ ਕਿਤਾਬ ਸੰਵਾਦ-ਹੀਣਤਾ ਨੂੰ ਪਿਤਰੀ-ਸੱਤਾ ਦੀ ਜੜ੍ਹ ਮੰਨਦੀ ਹੈ। ਪੰਜਾਬੀ ਸਮਾਜ ਵਿੱਚ ਮਾਹਵਾਰੀ ਬਾਰੇ ਜਿਹੜੀ ਚੁੱਪ ਹੈ, ਲੇਖਿਕਾ ਉਸ ਨੂੰ ਬੇਹੱਦ ਸੰਵੇਦਨਸ਼ੀਲਤਾ ਨਾਲ ਤੋੜਦੀ ਹੈ।

'ਇੰਜ ਕਰ ਹੋਵੇ ਜੀਵਣਾ' ਲੇਖ ਵਿੱਚ ਇੱਕ ਸਕੂਲੀ ਕੁੜੀ ਦੇ ਪਹਿਲੇ ਪੀਰੀਅਡ ਦਾ ਵਰਣਨ ਸਿਰਫ਼ ਜੈਵਿਕ ਘਟਨਾ ਨਹੀਂ ਰਹਿੰਦਾ, ਸਗੋਂ ਡਰ, ਗੁਨਾਹ ਅਤੇ ਸ਼ਰਮ ਦੀ ਸਮਾਜਿਕ ਰਚਨਾ ਬਣ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਇਸ ਤਰ੍ਹਾਂ ਦੀ ਸਰੀਰ-ਸਚੇਤ ਲਿਖਤ ਘੱਟ ਮਿਲਦੀ ਹੈ। ਇਸ ਲਿਖਤ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਕਾਵਿਕਤਾ ਹੈ। ਕਥਾ ਹੋਣ ਦੇ ਬਾਵਜੂਦ ਇਸ ਵਿੱਚ ਕਵਿਤਾ ਦੀ ਰੂਹ ਹੈ। ਜਿਵੇਂ ਲੇਖਿਕਾ ਲਿਖਦੀ ਹੈ ਕਿ ਔਰਤ ਹੋਣਾ ਦੁਆ ਵੀ ਹੈ ਤੇ ਅਜ਼ਾਬ ਵੀ। ਇਹ ਕੇਵਲ ਇੱਕ ਪੰਗਤੀ ਨਹੀਂ, ਸਗੋਂ ਪੂਰੇ ਨਾਰੀ ਅਨੁਭਵ ਦਾ ਦਾਰਸ਼ਨਿਕ ਨਿਚੋੜ ਹੈ।

ਇੱਥੇ ਔਰਤ ਨੂੰ ਦੇਹ ਬਣਾ ਕੇ ਨਹੀਂ ਵੇਖਿਆ ਗਿਆ, ਉਸ ਦੀ ਦੇਹ ਨੂੰ ਇਤਿਹਾਸ, ਧਰਮ, ਪਰਵਾਰ ਅਤੇ ਸੰਸਕਾਰਾਂ ਦੇ ਰਾਜਨੀਤਕ ਮੈਦਾਨ ਵਜੋਂ ਪੜ੍ਹਿਆ ਗਿਆ ਹੈ। ਇਸ ਕਿਤਾਬ ਵਿੱਚ ਵੀ ਔਰਤ ਜਨਮ ਤੋਂ ਨਹੀਂ, ਸਮਾਜਿਕ ਸਿੱਖਿਆ ਰਾਹੀਂ ਔਰਤ ਬਣਾਈ ਜਾਂਦੀ ਹੈ। ਮਾਂ ਉਸ ਨੂੰ ਚੁੱਪ ਰਹਿਣਾ ਸਿਖਾਉਂਦੀ ਹੈ, ਸਮਾਜ ਉਸ ਨੂੰ ਲੁਕਣਾ ਸਿਖਾਉਂਦਾ ਹੈ ਅਤੇ ਧਰਮ ਉਸ ਨੂੰ ਅਪਵਿਤਰ ਹੋਣ ਦਾ ਅਹਿਸਾਸ ਦਿੰਦਾ ਹੈ।

ਲੇਖਿਕਾ ਜਦੋਂ ਲਿਖਦੀ ਹੈ ਕਿ ਮਾਹਵਾਰੀ ਦੇ ਦਿਨਾਂ ਵਿੱਚ ਔਰਤ ਨੂੰ ਮੰਦਰ ਜਾਂ ਰਸੋਈ ਤੋਂ ਦੂਰ ਰੱਖਿਆ ਜਾਂਦਾ ਹੈ, ਤਾਂ ਉਹ ਕੇਵਲ ਇੱਕ ਰਸਮ ਦੀ ਗੱਲ ਨਹੀਂ ਕਰ ਰਹੀ, ਉਹ ਉਸ ਧਾਰਮਿਕ ਸੰਰਚਨਾ ਨੂੰ ਉਘਾੜ ਰਹੀ ਹੈ, ਜਿਸ ਨੇ ਔਰਤ ਦੀ ਦੇਹ ਨੂੰ ਪਾਪ ਵਿੱਚ ਤਬਦੀਲ ਕਰ ਦਿੱਤਾ। ਇਸ ਕਿਤਾਬ ਦੀ ਭਾਸ਼ਾ ਵਿੱਚ ਗਹਿਰੀ ਲੋਕ-ਸੰਵੇਦਨਾ ਹੈ। ਇਹ ਅਕਾਦਮਿਕ ਜ਼ੁਬਾਨ ਦੀ ਥਾਂ ਲੋਕ-ਜੀਵਨ ਦਾ ਮੁਹਾਵਰਾ ਵਰਤਦੀ ਹੈ। ਔਰਤ ਨੂੰ ਹਲਾਲ ਕੀਤਾ ਜਾਂਦਾ ਹੈ, ਵਰਗੀ ਭਾਸ਼ਾ ਪੜ੍ਹਦੇ ਹੋਏ ਲੱਗਦਾ ਹੈ ਕਿ ਲੇਖਿਕਾ ਸ਼ਬਦ ਨਹੀਂ ਲਿਖ ਰਹੀ, ਆਪਣੀ ਚਮੜੀ ਉਤਾਰ ਰਹੀ ਹੈ। ਇਸ ਕਿਤਾਬ ਨੂੰ ਸਿਰਫ਼ ਪੜ੍ਹਿਆ ਹੀ ਨਹੀਂ, ਮਹਿਸੂਸ ਕੀਤਾ ਜਾ ਸਕਦਾ। ਪੰਜਾਬੀ ਨਾਰੀਵਾਦੀ ਚਿੰਤਨ 'ਚ ਦੋ ਧਾਰਾਵਾਂ ਰਹੀਆਂ ਹਨ-ਇੱਕ ਉਹ ਜੋ ਸਮਾਜਿਕ ਸੰਰਚਨਾ ਦੀ ਆਲੋਚਨਾ ਕਰਦੀ ਹੈ, ਦੂਜੀ ਉਹ, ਜੋ ਔਰਤ ਦੇ ਅੰਦਰੂਨੀ ਮਨੋਵਿਗਿਆਨ ਨੂੰ ਪੜ੍ਹਦੀ ਹੈ। ਦਿ ਬਲੀਡਿੰਗ ਵੂਮੈਨ ਦੋਹਾਂ ਧਾਰਾਵਾਂ ਨੂੰ ਜੋੜਦੀ ਹੈ। ਇਹ ਕਿਤਾਬ ਇੱਕ ਪਾਸੇ ਪਿਤਰਸੱਤਾ ਦੀ ਕਠੋਰਤਾ ਦਾ ਵਿਸ਼ਲੇਸ਼ਣ ਕਰਦੀ ਹੈ, ਦੂਜਾ ਔਰਤ ਦੇ ਅੰਦਰਲੀ ਟੁੱਟ-ਭੱਜ, ਸ਼ਰਮ, ਸੰਕੋਚ, ਡਰ, ਇਕੱਲੇਪਨ ਨੂੰ ਬਿਆਨ ਕਰਦੀ ਹੈ। ਇਸ ਕਿਤਾਬ ਦਾ ਇੱਕ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਹ ਸਰੀਰ ਨੂੰ ਨਾਰੀਵਾਦੀ ਵਿਰੋਧ ਦਾ ਕੇਂਦਰ ਬਣਾਉਂਦੀ ਹੈ। ਪੱਛਮੀ ਨਾਰੀਵਾਦ ਵਿੱਚ ਦੇਹ ਦੀ ਰਾਜਨੀਤੀ ਦੀ ਜੋ ਧਾਰਨਾ ਹੈ, ਉਹ ਇੱਥੇ ਪੰਜਾਬੀ ਜੀਵਨ ਦੇ ਅਨੁਭਵਾਂ ਵਿੱਚੋਂ ਉੱਭਰਦੀ ਹੈ। ਮਾਹਵਾਰੀ, ਜਣਨ, ਦਰਦ, ਖ਼ੂਨ, ਬੱਚੇਦਾਨੀ-ਇਹ ਸਾਰੇ ਸ਼ਬਦ ਪੰਜਾਬੀ ਮੱਧਵਰਗੀ ਸੰਸਕਾਰਾਂ ਵਿੱਚ ਜਿਨ੍ਹਾਂ ਨੂੰ ਲੁਕੋਇਆ ਜਾਂਦਾ ਰਿਹਾ, ਲੇਖਿਕਾ ਉਨ੍ਹਾਂ ਨੂੰ ਸਾਹਿਤ ਦੇ ਕੇਂਦਰ ਵਿੱਚ ਲਿਆਉਂਦੀ ਹੈ।

ਦਿ ਬਲੀਡਿੰਗ ਵੂਮੈਨ ਨੂੰ ਪੜ੍ਹਦਿਆਂ ਸਾਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਕਿ ਔਰਤ ਦੀ ਸਭ ਤੋਂ ਵੱਡੀ ਤ੍ਰਾਸਦੀ ਕੇਵਲ ਮਰਦ ਨਹੀਂ, ਉਸ ਦੀ ਸਮਾਜਿਕ ਬਣਤਰ ਹੈ, ਜੋ ਔਰਤ ਨੂੰ ਖ਼ੁਦ ਆਪਣੇ ਦਰਦ ਤੋਂ ਵੀ ਸ਼ਰਮਿੰਦਗੀ ਮਹਿਸੂਸ ਕਰਾਉਂਦੀ ਹੈ। ਇੱਕ ਛੋਟੀ ਕੁੜੀ ਦਾ ਪਹਿਲੀ ਵਾਰ ਖ਼ੂਨ ਦੇਖ ਕੇ ਡਰ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਾਡਾ ਸਮਾਜ ਔਰਤ ਦੇ ਸਰੀਰ ਬਾਰੇ ਕਿੰਨਾ ਅਣਜਾਣ ਅਤੇ ਅਸੰਵੇਦਨਸ਼ੀਲ ਹੈ। ਦਿ ਬਲੀਡਿੰਗ ਵੋਮੈਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਔਰਤ ਨੂੰ ਤਰਸ ਦੀ ਪਾਤਰ ਨਹੀਂ ਬਣਾਉਂਦੀ। ਇੱਥੇ ਔਰਤ ਟੁੱਟਦੀ ਹੈ, ਰੋਂਦੀ ਹੈ, ਲੁਕਦੀ ਹੈ-ਪਰ ਫਿਰ ਵੀ ਜੀਊਂਦੀ ਹੈ, ਮੁਸ਼ਕਲਾਂ, ਦੁੱਖਾਂ ਜਾਂ ਸੰਘਰਸ਼ਾਂ ਦੇ ਬਾਵਜੂਦ ਹੌਸਲੇ ਨਾਲ ਜਿਉਂਦੀ ਹੈ। ਇਹ ਪੁਸਤਕ ਦਰਅਸਲ ਪੰਜਾਬੀ ਸਮਾਜ ਦੀ ਮਨੋਵਿਗਿਆਨਕ ਐਕਸ-ਰੇ ਹੈ। ਇਸ ਵਿੱਚੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਸੱਭਿਆਚਾਰਕ ਨੈਤਿਕਤਾ ਦਾ ਵੱਡਾ ਹਿੱਸਾ ਔਰਤ ਦੀ ਦੇਹ ਨੂੰ ਕੰਟਰੋਲ ਕਰਨ ਉੱਤੇ ਖੜ੍ਹਾ ਹੈ। ਇਸ ਲਈ ਦਿ ਬਲੀਡਿੰਗ ਵੋਮੈਨ ਨੂੰ ਸਿਰਫ਼ ਨਾਰੀਵਾਦੀ ਕਿਤਾਬ ਕਹਿਣਾ ਘੱਟ ਹੋਵੇਗਾ। ਇਹ ਮਨੁੱਖੀ ਸੰਵੇਦਨਾ ਦਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਇੰਤਹਾ

(ਕਹਾਣੀ ਸੰਗ੍ਰਹਿ)
ਰਾਜਵੰਤ ਕੌਰ ਬਾਜਵਾ
ਪੰਨੇ-121, ਮੁੱਲ-250 ਰੁਪਏ
ਡੀ ਪੀ ਪਬਲਿਸ਼ਰਜ਼ ਐਂਡ ਮੀਡੀਆ ਹਾਊਸ

ਰਾਜਵੰਤ ਬਾਜਵਾ ਜੋ ਕਿ ਵੱਖ-ਵੱਖ ਵਿਸ਼ਿਆਂ 'ਤੇ ਪਹਿਲਾਂ ਵੀ ਤਿੰਨ ਕਿਤਾਬਾਂ ਲਿਖ ਚੁੱਕੀ ਹੈ, ਉਹਨਾਂ ਦੀ ਹਥਲੀ ਪੁਸਤਕ 'ਇੰਤਹਾ' ਵਿੱਚ ਅੱਠ ਖ਼ੂਬਸੂਰਤ ਕਹਾਣੀਆਂ ਹਨ, ਜਿਹਨਾਂ ਵਿੱਚ ਉਹਨਾਂ ਨੇ ਔਰਤ ਦੀ ਦਰਦਨਾਕ ਸਥਿਤੀ ਅਤੇ ਆਰਥਿਕ ਦੌੜ ਵਿੱਚ ਟੁੱਟ ਰਹੇ ਰਿਸ਼ਤਿਆਂ ਦੀ ਬਾਤ ਪਾਈ ਹੈ। 'ਗੰਗਾ' ਕਹਾਣੀ ਵਿੱਚ ਨਸੀਬਾ ਨਾਂਅ ਦਾ ਪਾਤਰ ਜੋ ਕਿ ਬਹੁਤ ਗਰੀਬ ਹੈ, ਕਿਸਾਨਾਂ ਦੇ ਘਰਾਂ 'ਚ ਕੰਮ ਕਰਕੇ ਮੁਸ਼ਕਲ ਨਾਲ ਰੋਟੀ ਦਾ ਜੁਗਾੜ ਕਰਦਾ ਹੈ।ਉਸ ਦੀ ਪਤਨੀ ਚੰਨੋ ਜੋ ਕਿ ਬਹੁਤ ਹੀ ਖ਼ੂਬਸੂਰਤ ਹੈ, ਜਣੇਪੇ ਵੇਲੇ ਇਲਾਜ ਜੋਗੇ ਪੈਸੇ ਨਾ ਹੋਣ ਕਰਕੇ ਮੌਤ ਦੇ ਮੂੰਹ ਜਾ ਪੈਂਦੀ ਹੈ ਅਤੇ ਛੋਟੀ ਬੱਚੀ ਗੰਗਾ ਨੂੰ ਨਸੀਬਾ ਆਪਣੀ ਹਿੱਕ ਨਾਲ ਲਾ ਕੇ ਪਾਲਦਾ ਹੈ।ਜਦੋਂ ਬੱਚੀ ਜਵਾਨ ਹੋ ਜਾਂਦੀ ਹੈ ਅਤੇ ਬਹੁਤ ਖ਼ੂਬਸੂਰਤ ਨਿਕਲਦੀ ਹੈ ਤਾਂ ਗਰੀਬੀ ਦੀ ਮਾਰ ਫਿਰ ਉਹਨਾਂ 'ਤੇ ਪੈਂਦੀ ਹੈ, ਕਿਉਂਕਿ ਕੋਈ ਵੀ ਚੰਗਾ ਰਿਸ਼ਤਾ ਇਸ ਕਰਕੇ ਨਹੀਂ ਮਿਲ ਰਿਹਾ ਕਿ ਨਸੀਬਾ ਦਹੇਜ ਨਹੀਂ ਦੇ ਸਕਦਾ। ਵਿਚੋਲਣ ਦੇ ਕਹਿਣ 'ਤੇ ਗੰਗਾ ਦਾ ਚੁੰਨੀ ਚੜ੍ਹਾਵਾ ਕਰ ਦਿੱਤਾ ਜਾਂਦਾ ਹੈ।




'ਕਹਾਣੀ ਨੀਂ' ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਖ਼ੂਨ ਦੇ ਰਿਸ਼ਤਿਆਂ ਨਾਲੋਂ ਪਿਆਰ ਦੇ ਰਿਸ਼ਤੇ ਜ਼ਿਆਦਾ ਮਜ਼ਬੂਤ ਹੁੰਦੇ ਹਨ। ਮਾਸੀ ਗੁਰਮੀਤ ਨਾਂਅ ਦੀ ਪਾਤਰ ਆਪਣੀ ਸਹੇਲੀ ਦੀ ਧੀ ਨੂੰ ਬਹੁਤ ਪਿਆਰ ਕਰਦੀ ਹੈ ਅਤੇ ਨੀਂ ਕਹਿ ਕੇ ਹੀ ਬੁਲਾਉਂਦੀ ਹੈ। ਜਿਸ 'ਤੇ ਉਹ ਬੱਚੀ ਬਹੁਤ ਨਰਾਜ਼ ਹੁੰਦੀ ਹੈ, ਪਰੰਤੂ ਮਾਸੀ ਨੀਂ ਕਹਿਣਾ ਨਹੀਂ ਛੱਡਦੀ। ਗੁਰਮੀਤ ਮਾਸੀ ਦੇ ਕੰਨਾਂ ਵਿੱਚ ਡੰਡੀ ਝੁਮਕੀ ਹੈ ਜੋ ਉਹ ਕਦੀ ਵੀ ਨਹੀਂ ਉਤਾਰਦੀ, ਕਿਉਂਕਿ ਇਹ ਉਸ ਦੀ ਮਾਂ ਅਤੇ ਨਾਨੀ ਦੀ ਨਿਸ਼ਾਨੀ ਹੈ ਅੰਤ ਵਿੱਚ ਜਦੋਂ ਗੁਰਮੀਤ ਹਸਪਤਾਲ ਵਿੱਚ ਪਈ ਹੁੰਦੀ ਹੈ ਤਾਂ ਉਹ ਬੱਚੀ ਮਿਲਣ ਆਉਂਦੀ ਹੈ ਤਾਂ ਕਹਿੰਦੀ ਹੈ ਮਾਸੀ ਤੂੰ ਮੈਨੂੰ ਨੀਂ ਕਿਹਾ ਕਰ, ਮੈਂ ਤੇਰੇ ਨਾਲ ਬੋਲਿਆ ਕਰਾਂਗੀ।

'ਤ੍ਰਿਸ਼ਨਾ' ਨਾਂਅ ਦੀ ਕਹਾਣੀ ਵਿਚ ਮੈਡਮ ਬਾਜਵਾ ਨੇ ਔਰਤ ਦੀ ਬੇਲਗਾਮ ਆਜ਼ਾਦੀ ਦੀ ਗੱਲ ਕੀਤੀ ਹੈ ਜਦੋਂ ਔਰਤ ਆਪਣੀ ਆਜ਼ਾਦੀ ਦਾ ਗਲਤ ਫਾਇਦਾ ਉਠਾਉਂਦੀ ਹੈ ਤਾਂ ਉਹ ਤਬਾਹੀ ਦੇ ਰਸਤੇ 'ਤੇ ਜਾ ਰਹੀ ਹੁੰਦੀ ਹੈ। ਰੂਬੀ ਜੋ ਕਿ ਬਹੁਤ ਹੀ ਖ਼ੂਬਸੂਰਤ ਹੈ ਅਤੇ ਉਸ ਦੀ ਖ਼ੂਬਸੂਰਤੀ 'ਤੇ ਫਿਦਾ ਹੋ ਕੇ ਇੱਕ ਮਸ਼ਹੂਰ ਡਾਕਟਰ ਉਸ ਨਾਲ ਵਿਆਹ ਕਰਵਾ ਲੈਂਦਾ ਹੈ, ਪਰੰਤੂ ਰੂਬੀ ਦੀ ਤ੍ਰਿਸ਼ਨਾ ਅਤੇ ਲਾਲਚ ਖਤਮ ਨਹੀਂ ਹੁੰਦਾ।ਉਹ ਡਾਕਟਰ ਦੇ ਦੋਸਤ ਨਾਲ ਪਿਆਰ ਕਰਕੇ ਵਿਦੇਸ਼ਾਂ ਵਿੱਚ ਚਲੀ ਜਾਂਦੀ ਹੈ।ਉਥੋਂ ਇਹ ਅੱਗੇ-ਅੱਗੇ ਹੋਰ ਕਈ ਲੋਕਾਂ ਕੋਲ ਜਾਂਦੀ ਹੈ ਅਤੇ ਅੰਤ ਵਿੱਚ ਉਸ ਨੂੰ ਸਮਝ ਆਉਂਦਾ ਹੈ ਇਹ ਸਾਰੇ ਮਰਦ ਮੇਰੀ ਖ਼ੂਬਸੂਰਤੀ ਦਾ ਹੀ ਆਨੰਦ ਮਾਨਣਾ ਚਾਹੁੰਦੇ ਸੀ।

'ਭੁਲੇਖੇ' ਕਹਾਣੀ ਵਿੱਚ ਲੀਲਾਵਤੀ ਜੋ ਕਿ ਤਿੰਨ ਪੁੱਤਰਾਂ ਦੀ ਮਾਂ ਹੈ, ਪਤੀ ਦੀ ਮੌਤ ਬਾਅਦ ਬਿਲਕੁਲ ਲਾਵਾਰਸ ਹੋ ਜਾਂਦੀ ਹੈ। ਉਸ ਦੇ ਵੱਡੇ ਦੋਵੇਂ ਪੁੱਤਰ ਉਸ ਨੂੰ ਗੱਡੀ 'ਤੇ ਚੜ੍ਹਾ ਕੇ ਦਿੱਲੀ ਭੇਜ ਦਿੰਦੇ ਹਨ ਕਿ ਉੱਥੇ ਛੋਟਾ ਪੁੱਤਰ ਤੈਨੂੰ ਆ ਕੇ ਲੈ ਜਾਵੇਗਾ। ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਹੀ ਇੱਕ ਲੜਕੀ ਉਸ ਔਰਤ ਨੂੰ ਮਿਲਦੀ ਹੈ, ਜਿਸ ਨਾਲ ਉਸ ਦੀ ਕਾਫੀ ਸਾਂਝ ਬਣ ਜਾਂਦੀ ਹੈ ਅਤੇ ਉਹ ਲੜਕੀ ਸਟੇਸ਼ਨ 'ਤੇ ਔਰਤ ਨੂੰ ਇਕੱਲਿਆਂ ਛੱਡ ਕੇ ਨਹੀਂ ਜਾਂਦੀ।ਬਹੁਤ ਉਡੀਕਣ ਤੋਂ ਬਾਅਦ ਵੀ ਜਦੋਂ ਪੁੱਤਰ ਨਹੀਂ ਆਉਂਦਾ ਤਾਂ ਉਹ ਲੜਕੀ ਲੀਲਾਵਤੀ ਨੂੰ ਆਪਣੇ ਰਿਸ਼ਤੇਦਾਰਾਂ ਦੇ ਘਰ ਲੈ ਜਾਂਦੀ ਹੈ।

'ਫਰਕ' ਕਹਾਣੀ ਵਿੱਚ ਲੇਖਿਕਾ ਦੋ ਔਰਤਾਂ ਦਾ ਮੁਕਾਬਲਾ ਕਰਦੀ ਹੈ। ਸਿਮਰਨ ਨਾਂਅ ਦੀ ਲੜਕੀ ਜੋ ਕਿ ਬਹੁਤ ਹੀ ਅਮੀਰ ਬਾਪ ਦੀ ਧੀ ਹੈ ਅਤੇ ਡਾਕਟਰ ਹੈ, ਉਸ ਦਾ ਵਿਆਹ ਬਹੁਤ ਅਮੀਰ ਪਰਵਾਰ ਵਿੱਚ ਹੋ ਜਾਂਦਾ ਹੈ, ਪਰੰਤੂ ਉਸ ਦਾ ਪਤੀ ਉਸ 'ਤੇ ਬਹੁਤ ਤਸ਼ੱਦਦ ਕਰਦਾ ਹੈ। ਉਸ ਦੀ ਕੁੱਟਮਾਰ ਕਰਦਾ ਹੈ। ਕਹਾਣੀ ਦੇ ਅੰਤ ਵਿੱਚ ਦੱਸਿਆ ਜਾਂਦਾ ਹੈ ਕਿ ਉਸ ਦੇ ਘਰ ਕੰਮ ਕਰਨ ਵਾਲੀ ਨੌਕਰਾਣੀ ਦੀ ਵੀ ਉਸ ਦਾ ਪਤੀ ਬਹੁਤ ਕੁੱਟਮਾਰ ਕਰਦਾ ਹੈ।

'ਸਰਘੀ ਵੇਲਾ' ਕਹਾਣੀ ਵਿੱਚ ਹੰਸੋ ਨਾਂਅ ਦੀ ਔਰਤ ਆਪਣੀ ਦੂਜੀ ਬੇਟੀ ਪੈਦਾ ਹੋਣ 'ਤੇ ਬਹੁਤ ਦੁਖੀ ਹੁੰਦੀ ਹੈ ਅਤੇ ਉਹ ਚਾਹੁੰਦੀ ਹੈ ਕਿ ਇਸ ਬੱਚੀ ਨੂੰ ਮਾਰ ਦਿੱਤਾ ਜਾਵੇ।ਬੱਚੀ ਦੀ ਦਾਦੀ ਬੱਚੀ ਦੀ ਥੋੜ੍ਹੀ-ਬਹੁਤ ਦੇਖਭਾਲ ਕਰਦੀ ਹੈ, ਪਰੰਤੂ ਬੱਚੀ ਦੀ ਠੀਕ ਸੰਭਾਲ ਨਾ ਹੋਣ ਕਰਕੇ ਉਸ ਨੂੰ ਠੰਢ ਲੱਗ ਜਾਂਦੀ ਹੈ ਅਤੇ ਸਵੇਰ ਤੱਕ ਉਹ ਬੱਚੀ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਂਦੀ ਹੈ। ਅੱਜ ਜਦੋਂ ਔਰਤ ਹਰ ਖੇਤਰ ਵਿੱਚ ਮੱਲਾਂ ਮਾਰ ਰਹੀ ਹੈ ਤਾਂ ਵੀ ਅਜੇ ਔਰਤ ਦਾ ਪੈਦਾ ਹੋਣਾ ਗੁਨਾਹ ਸਮਝਿਆ ਜਾਂਦਾ ਹੈ।

'ਲਾਲ ਚੂੜੀ' ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਮਨੁੱਖ ਅੱਜ ਦੀ ਦੌੜ-ਭੱਜ ਵਾਲੀ ਜ਼ਿੰਦਗੀ ਵਿੱਚ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਪਿਸ ਰਿਹਾ ਹੈ।ਰਾਧੇ ਸ਼ਿਆਮ ਨਾਂਅ ਦਾ ਲੜਕਾ ਜੋ ਕਿ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ ਅਤੇ ਸਾਧਨਾ ਦੀ ਘਾਟ ਕਰਕੇ ਉਸ ਵਾਸਤੇ ਉੱਚ ਵਿੱਦਿਆ ਹਾਸਲ ਕਰਨੀ ਮੁਸ਼ਕਲ ਸੀ।ਇਸ ਕਰਕੇ ਉਸ ਨੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਲਈ ਅਰਜ਼ੀ ਦਿੱਤੀ ਅਤੇ ਹੈੱਡਮਾਸਟਰ ਨੇ ਉਸ ਦੇ ਮਿਹਨਤੀ ਸੁਭਾਅ ਨੂੰ ਵੇਖ ਕੇ ਉਸ ਨੂੰ ਹਿੰਦੀ ਟੀਚਰ ਦੀ ਨਿਯੁਕਤੀ ਦੇ ਦਿੱਤੀ।ਭਾਵੇਂ ਕਿ ਅਜੇ ਉਹ ਇਸ ਦੇ ਕਾਬਲ ਨਹੀਂ ਸੀ।ਨੌਕਰੀ ਲੱਗਣ ਤੋਂ ਬਾਅਦ ਉਸ ਨੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਸਰਕਾਰੀ ਨੌਕਰੀ 'ਚ ਲੱਗ ਗਿਆ। ਜ਼ਬਰਦਸਤੀ ਮਾਲਤੀ ਨਾਂਅ ਦੀ ਲੜਕੀ ਨਾਲ ਉਸ ਦਾ ਵਿਆਹ ਕਰ ਦਿੱਤਾ ਗਿਆ, ਪਰੰਤੂ ਉਸ ਨੇ ਆਪਣੀ ਪਤਨੀ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ ਤਰ੍ਹਾਂ ਇੱਕ ਸੰਸਕਾਰੀ ਲੜਕੀ ਘਰ ਨੂੰ ਸਵਰਗ ਬਣਾ ਦਿੰਦੀ ਹੈ।

'ਡੋਲੀ ਦੀ ਲੁੱਟ' ਕਹਾਣੀ ਵਿੱਚ ਰਾਜਸਥਾਨ ਦਾ ਪੁਰਾਣੇ ਸਮੇਂ ਦਾ ਪਿੰਡ ਦਿਖਾਇਆ ਗਿਆ ਹੈ, ਜਿੱਥੇ ਕਿ ਆਉਣ-ਜਾਣ ਦੇ ਕੋਈ ਸਾਧਨ ਨਹੀਂ ਹਨ।ਇਕ ਚੰਗੇ ਜ਼ਿਮੀਦਾਰਾ ਪਰਵਾਰ ਦੀ ਲੜਕੀ ਫੂਲ ਕੰਵਰ ਜੋ ਕਿ ਬਹੁਤ ਹੀ ਖ਼ੂਬਸੂਰਤ ਅਤੇ ਸੁਸ਼ੀਲ ਹੈ, ਦਾ ਰਿਸ਼ਤਾ ਇੱਕ ਸ਼ਹਿਰ ਦੇ ਅਮੀਰ ਪਰਵਾਰ ਵਿੱਚ ਹੋ ਜਾਂਦਾ ਹੈ, ਪ੍ਰੰਤੂ ਰਸਤੇ ਵਿੱਚ ਡੋਲੀ ਨੂੰ ਡਾਕੂ ਲੁੱਟ ਕੇ ਲੈ ਜਾਂਦੇ ਹਨ।ਲੜਕੇ ਵਾਲੇ ਪਰਵਾਰ ਦੇ ਬਹੁਤ ਮੈਂਬਰ ਮਾਰੇ ਜਾਂਦੇ ਹਨ ਅਤੇ ਫੂਲ ਕੰਵਰ ਵੀ ਨਹੀਂ ਲਭਦੀ।ਉਸ ਦੀ ਕਹਾਣੀ ਸੁਣ ਕੇ ਸਾਰਾ ਪਰਵਾਰ ਬਹੁਤ ਪਿਘਲ ਜਾਂਦਾ ਹੈ ਅਤੇ ਫੂਲ ਕੰਵਰ ਨੂੰ ਸਵੀਕਾਰ ਕਰ ਲੈਂਦਾ ਹੈ।ਇਹ ਇਕ ਦਰਿਆ-ਦਿਲ ਪਰਵਾਰ ਦੀ ਨਿਸ਼ਾਨੀ ਹੈ, ਕਿਉਂਕਿ ਉਸ ਸਮੇਂ ਕਦੇ ਵੀ ਇਦਾਂ ਚੁੱਕੀ ਗਈ ਬੱਚੀ ਨੂੰ ਕੋਈ ਨਹੀਂ ਸੀ ਅਪਣਾਉਂਦਾ, ਸੋ ਕਹਾਣੀ ਦਾ ਅੰਤ ਬਹੁਤ ਸੁਖਦ ਹੈ।

ਲੇਖਕਾ ਨੇ ਇਸ ਕਹਾਣੀ ਸੰਗ੍ਰਹਿ ਨੂੰ ਕਹਾਣੀ ਵਿਚਲੀਆਂ ਕਹਾਣੀਆਂ ਨੂੰ ਬੜੇ ਸੁੰਦਰ ਲਫ਼ਜ਼ਾਂ ਵਿੱਚ ਪਰੋਇਆ ਹੈ ਅਤੇ ਕਹਾਣੀ ਰਸ ਐਨਾ ਹੈ ਕਿ ਇੱਕ ਵਾਰੀ ਕਹਾਣੀ ਸ਼ੁਰੂ ਕਰ ਲਓ ਤਾਂ ਖਤਮ ਕੀਤੇ ਬਿਨਾਂ ਛੱਡੀ ਨਹੀਂ ਜਾਂਦੀ।ਦੂਸਰੀ ਗੱਲ, ਉਸ ਦੀਆਂ ਸਾਰੀਆਂ ਕਹਾਣੀਆਂ ਸਮਾਜ ਨੂੰ ਸੇਧ ਦੇਣ ਵਾਲੀਆਂ ਹਨ।

**—ਰਜਿੰਦਰ ਪਾਲ ਕੌਰ**
ਮੋਬਾ. 99881-76811

# ਪੁਸਤਕ ਰੀਵਿਊ

## ਤਾਈ ਮੋਰਨੀ

(ਵਾਰਤਕ)
ਰਮੇਸ਼ ਕੁਮਾਰ
ਪੰਨੇ : 156, ਮੁੱਲ : 295 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਪੁਸਤਕ ਦਾ ਨਾਂਅ ਹੈ 'ਤਾਈ ਮੋਰਨੀ' ਅਤੇ ਲੇਖਕ ਰਮੇਸ਼ ਕੁਮਾਰ ਹੈ। ਉਸ ਦੇ ਬਚਪਨ ਵਿੱਚ ਵਿਚਰਦੇ ਪਾਤਰ ਮਾਂ ਨੰਦ ਕੁਰ, ਤਾਈ ਮੋਰਨੀ, ਚਾਚੀ ਰਾਧੀ, ਦੀਪੂ ਵਾਗੀ ਤੇ ਚਾਚਾ ਚੰਡਕਾ ਪ੍ਰਸਾਦ ਵਰਗੇ ਪਾਤਰਾਂ ਦੇ ਰੇਖਾ-ਚਿੱਤਰ ਇਸ ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ। ਇਸ ਪੁਸਤਕ ਦੇ ਦੋ ਹਿੱਸੇ ਹਨ-ਪਹਿਲਾ ਧੁੰਦਲੇ ਪਰਛਾਵਿਆਂ ਵਾਲੇ ਲੋਕ ਤੇ ਦੂਜਾ ਅਰਥ ਆਕਾਰ ਹੈ। ਇਹਨਾਂ ਸ਼ਬਦ-ਚਿੱਤਰਾਂ ਦੀ ਮਦਦ ਨਾਲ ਲੇਖਕ ਨੇ ਜਿੱਥੇ ਇਹਨਾਂ ਪਾਤਰਾਂ ਨਾਲ ਜਾਣ-ਪਹਿਚਾਣ ਕਰਵਾਈ ਹੈ, ਉੱਥੇ ਪੇਂਡੂ ਰਹਿਤਲ ਅਤੇ ਸੱਭਿਆਚਾਰ ਦੇ ਦਰਸ਼ਨ ਵੀ ਕਰਵਾਏ ਹਨ। ਨਾਲ ਹੀ ਲੇਖਕ ਨੇ ਇਹਨਾਂ ਰਚਨਾਵਾਂ ਦੇ ਵਿਸਥਾਰਤ ਕੈਨਵਸ ਵਿੱਚ ਪੇਂਡੂ ਸਮਾਜ ਵਿਚਲੇ ਮਸਲਿਆਂ ਨੂੰ ਵੀ ਪੇਸ਼ ਕੀਤਾ ਹੈ। ਇਸ ਪੁਸਤਕ ਵਿਚਲਾ ਕੋਈ ਰੇਖਾ ਚਿੱਤਰ ਬਾਲ ਵਿਧਵਾ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਪ੍ਰਗਟ ਕਰਦਾ ਹੈ, ਕੋਈ ਛੋਟੀ ਜਾਤ ਦੇ ਲੋਕਾਂ ਦੇ ਔਖੇ ਜੀਵਨ ਦੀ ਗੱਲ ਸੁਣਾਉਂਦਾ ਹੈ ਤੇ ਕੋਈ ਹੋਰ ਪਿੰਡ ਦੇ ਮਰਦ ਔਰਤਾਂ ਦੇ ਜ਼ਿੰਦਗੀ ਵਿਚਲੇ ਮਸਲਿਆਂ ਨੂੰ ਦੱਸਦਾ ਹੈ। ਪਹਿਲਾ ਸ਼ਬਦ-ਚਿੱਤਰ ਤਾਈ ਮੋਰਨੀ ਨਾਮਕ ਔਰਤ ਦੇ ਜੀਵਨ ਅਤੇ ਸੁਭਾਅ ਬਾਰੇ ਹੈ, ਜੋ ਤਾਏ ਮੋਰ ਦੀ ਪਤਨੀ ਸੀ। ਉਹ ਦੋਵੇਂ ਨਿਸੰਤਾਨ ਸਨ, ਇਸ ਲਈ ਦੋਵੇਂ ਜੀਅ ਇਕੱਲੇ ਰਹਿੰਦੇ ਸਨ। ਉਹ ਨਿਮਨ ਜਾਤੀ ਨਾਲ ਸੰਬੰਧਤ ਸੀ, ਜਿਸ ਕਾਰਨ ਮੁਹੱਲੇ ਦੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਉਹਦੇ ਘਰੋਂ ਕੁਝ ਵੀ ਖਾਣ-ਪੀਣ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ, ਪਰ ਲੇਖਕ ਇਸ ਮਨਾਹੀ ਦੀ ਪਰਵਾਹ ਨਾ ਕਰਦੇ ਹੋਏ ਤਾਈ ਮੋਰਨੀ ਦੇ ਘਰੋਂ ਆਮ ਹੀ ਖਾਂਦਾ-ਪੀਂਦਾ ਸੀ। ਇਹ ਜਾਤ-ਪਾਤ ਵਿਰੁੱਧ ਉਸ ਦੀ ਸੁਭਾਵਿਕ ਬਗ਼ਾਵਤ ਸੀ। ਸਾਰੇ ਬੱਚੇ ਤਾਈ ਦੇ ਘਰ ਹੀ ਖੇਡਣਾ ਪਸੰਦ ਕਰਦੇ ਸਨ। ਤਾਈ ਮੋਰਨੀ ਨੇ ਆਪਣੀ ਨਿਸੰਤਾਨਤਾ ਦੇ ਦਰਦ ਨੂੰ ਦੂਰ ਕਰਨ ਲਈ ਇੱਕ ਬੱਚਾ ਗੋਦ ਲਿਆ। ਚਾਚੀ ਰਾਧੀ ਇੱਕ ਦੁਖਿਆਰੀ ਬਾਲ ਵਿਧਵਾ ਸੀ ਅਤੇ ਮਾਂ ਨੰਦ ਕੁਰ ਇਕ ਸੁਆਣੀ ਸਿਆਣੀ ਔਰਤ ਸੀ। ਉਹ ਫ਼ਰੀਦਕੋਟ ਦੇ ਬਲਬੀਰ ਸਰਕਾਰੀ ਸਕੂਲ ਵਿੱਚ ਪੜ੍ਹਾਉਂਦੇ ਦੋ ਮਾਸਟਰਾਂ ਦੇ ਸ਼ਬਦ ਚਿੱਤਰ ਇਸ ਪੁਸਤਕ ਵਿੱਚ ਸ਼ਾਮਲ ਕਰਦਾ ਹੈ, ਉਹ ਮਾਸਟਰ ਕਸਤੂਰ ਚੰਦ ਅਤੇ ਮਾਸਟਰ ਮੌਂਗਾ ਬਾਰੇ ਪਰਵਾਰਕ ਅਤੇ ਅਕਾਦਮਿਕ ਜਾਣਕਾਰੀ ਸ਼ਾਮਲ ਕਰਦਾ ਹੈ। ਇੱਕ ਰੇਖਾ ਚਿੱਤਰ ਵਿੱਚ ਉਹ ਨਾਨਾ ਨੇਤ ਰਾਮ ਬਾਰੇ ਲਿਖਦਾ ਹੈ ਜੋ ਉਸ ਦਾ ਸਕਾ ਨਾਨਾ ਨਾ ਹੋ ਕੇ ਉਸ ਦੀ ਤਾਈ ਦਾ ਮਾਮਾ ਸੀ, ਪਰ ਪਰਵਾਰ ਵਿੱਚ ਸਾਰੇ ਉਸ ਨੂੰ ਨਾਨੇ ਵਾਂਗ ਹੀ ਆਦਰ ਦਿੰਦੇ ਸਨ। ਇਹਨਾਂ ਰੇਖਾ ਚਿੱਤਰਾਂ ਵਿੱਚ ਹੀ ਆਪਣੇ ਸ਼ਹਿਰ ਦੇ ਹੋਰ ਲੋਕਾਂ ਬਾਰੇ ਵੀ ਸ਼ਬਦ-ਚਿੱਤਰ ਲਿਖਦਾ ਹੈ। ਉਹ ਨਿਹਾਲੇ ਨਾਈ ਦੀ ਗੱਲ ਕਰਦਾ ਹੈ, ਗਿਆਨੇ ਕੰਵਲੇ ਬਾਰੇ ਦੱਸਦਾ ਹੈ, ਦੀਪੂ ਵਾਗੀ, ਸੰਤਾ ਸਿੰਘ ਕੰਟੀਨ ਵਾਲਾ ਅਤੇ ਸ਼ੇਖਰ ਚੰਦਰ ਆਦਿ ਦੀ ਸ਼ਖ਼ਸੀਅਤਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਇੱਥੋਂ ਤੱਕ ਕਿ ਉਹ ਇੱਕ ਸ਼ਬਦ-ਚਿੱਤਰ ਪਹਾੜੀ ਢੱਟੇ ਬਾਰੇ ਵੀ ਲਿਖਦਾ ਹੈ। ਇੱਕ ਹੋਰ ਲੇਖ ਵਿੱਚ ਉਹ ਆਪਣੇ ਸਕੂਲ ਬਾਰੇ ਸਾਰੀ ਜਾਣਕਾਰੀ ਦਿੰਦਾ ਹੈ ਜਿਸ ਨੂੰ ਉਹ ਟਾਟ ਕੈਨਵਟ ਕਹਿੰਦਾ ਹੈ। ਇਸ ਤੋਂ ਇਲਾਵਾ ਚਾਚਾ ਚੰਡਕਾ ਪ੍ਰਸਾਦ, ਭਗਵਾਨ ਤਾਇਆ ਬ੍ਰਿਜ ਲਾਲ, ਪ੍ਰੋ. ਕੁਲਦੀਪ ਸਿੰਘ ਧੀਰ, ਬੀਬੀ ਸਰਧੀ, ਸੁਰਸਤੀ ਬਾਮ੍ਹਣੀ ਅਤੇ ਬਾਬਾ ਗਰਧਾਰਾ ਸਿੰਘ ਦੇ ਸ਼ਬਦ ਚਿੱਤਰ ਵੀ ਜ਼ਿਕਰਯੋਗ ਹਨ।




ਇਸ ਪੁਸਤਕ ਦੇ ਦੂਸਰੇ ਭਾਗ ਅਰਥ ਆਕਾਰ ਵਿੱਚ ਲੇਖਕ ਨੇ ਕੁਝ ਸਾਹਿਤਕ ਆਕਾਰ, ਕੁਝ ਗੱਲਾਂ ਤੇ ਕੁਝ ਘਟਨਾਵਾਂ ਸ਼ਾਮਲ ਕੀਤੀਆਂ ਹਨ। ਲੇਖਕ ਅਨੁਸਾਰ ਇਹਨਾਂ ਘਟਨਾਵਾਂ ਦੀ ਛਾਵੇਂ ਬਹਿੰਦਿਆਂ ਇਹਨਾਂ ਵਿੱਚੋਂ ਲੰਘਦਿਆਂ ਉਸ ਦੇ ਅਰਥਾਂ ਨੇ ਆਕਾਰ ਲਿਆ। ਇਹਨਾਂ ਲੇਖਾਂ ਵਿੱਚ ਉਹ ਆਪਣੀ ਪਹਿਲੀ ਕਵਿਤਾ ਬਾਰੇ ਦੱਸਦਾ ਹੈ, ਆਪਣੇ ਅਧਿਆਪਕਾਂ ਬਾਰੇ ਜਾਣਕਾਰੀ ਦਿੰਦਾ ਹੈ, ਜਿਨ੍ਹਾਂ ਨੂੰ ਉਸ ਨੇ ਗੁਰੂ ਧਾਰਿਆ ਅਤੇ ਨਾਲ ਹੀ ਉਹ ਸਾਰੀਆਂ ਘਟਨਾਵਾਂ ਵੀ ਪਾਠਕਾਂ ਨਾਲ ਸਾਂਝੀਆਂ ਕਰਦਾ ਹੈ, ਜਿਸ ਕਾਰਨ ਉਸ ਨੂੰ ਸਾਰੇ ਕਾਲਜ ਵਿੱਚ ਪ੍ਰੈੱਸ ਵਾਲਾ ਮੁੰਡਾ ਕਹਿਣ ਲੱਗ ਪਏ। ਅਗਲੇ ਲੇਖਾਂ ਵਿੱਚ ਉਹ ਆਪਣੇ ਨੌਕਰੀ ਸਮੇਂ ਦੇ ਕਾਲਜਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ ਅਤੇ ਆਪਣੇ ਘਰ ਪਰਵਾਰ ਅਤੇ ਸਕੇ-ਸੰਬੰਧੀਆਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਇਸ ਢੰਗ ਨਾਲ ਇਸ ਪੁਸਤਕ ਵਿੱਚ ਲੇਖਕ ਨੇ ਵਾਰਤਕ ਵਿਧਾਵਾਂ ਦੇ ਕਈ ਵਿਧਾ-ਰੂਪਾਂ ਨੂੰ ਸ਼ਾਮਲ ਕੀਤਾ ਹੈ। ਉਹ ਰੇਖਾ ਚਿੱਤਰ, ਲੇਖ, ਵਿਚਾਰ ਚਰਚਾਵਾਂ ਅਤੇ ਯਾਦਾਂ ਆਦਿ ਸਾਹਿਤਕ ਰੂਪਾਂ ਨੂੰ ਇਸ ਇੱਕ ਪੁਸਤਕ ਵਿੱਚ ਸ਼ਾਮਲ ਕਰਕੇ ਪਾਠਕਾਂ ਨੂੰ ਵੱਡਾ ਤੋਹਫਾ ਪ੍ਰਦਾਨ ਕਰ ਰਿਹਾ ਹੈ।

**— ਡਾ. ਸੰਦੀਪ ਰਾਣਾ**

## ਮਿਰਾਕੀ

(ਕਾਵਿ ਸੰਗ੍ਰਹਿ)
ਰੂਪ ਕੌਰ ਕੂੰਨਰ
ਪੰਨੇ-139, ਮੁੱਲ-325 ਰੁਪਏ
ਚੇਤਨਾ ਪ੍ਰਕਾਸ਼ਨ ਲੁਧਿਆਣਾ

ਰੂਪ ਕੌਰ ਕੂੰਨਰ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਹਾਲ ਹੀ ਵਿਚ ਉਸ ਦਾ ਕਾਵਿ ਸੰਗ੍ਰਹਿ 'ਮਿਰਾਕੀ' ਪ੍ਰਕਾਸ਼ਿਤ ਹੋਇਆ ਹੈ। ਇਸ ਸੰਗ੍ਰਹਿ ਵਿੱਚ ਉਸ ਨੇ 84 ਰਚਨਾਵਾਂ ਸ਼ਾਮਲ ਕੀਤੀਆਂ ਹਨ। ਇਨ੍ਹਾਂ ਰਚਨਾਵਾਂ ਵਿੱਚ ਗੀਤ, ਸ਼ੇਅਰ ਅਤੇ ਨਜ਼ਮਾਂ ਸ਼ਾਮਲ ਹਨ। ਗਾਇਕੀ ਦੀ ਰਵਾਇਤ ਵਾਂਗ ਉਸ ਨੇ ਇਸ ਸੰਗ੍ਰਹਿ ਦੀ ਸ਼ੁਰੂਆਤ ਵੀ ਧਾਰਮਿਕ ਗੀਤ ਨਾਲ ਹੀ ਕੀਤੀ ਹੈ। ਸਮੁੱਚੀਆਂ ਰਚਨਾਵਾਂ ਨੂੰ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ।ਕਵਿੱਤਰੀ ਕੋਲ ਆਪਣੇ ਭਾਵਾਂ ਨੂੰ ਵਿਅਕਤ ਕਰਨ ਲਈ ਖ਼ੂਬਸੂਰਤ ਸ਼ੈਲੀ ਹੈ, ਜੋ ਉਸ ਦੀ ਕਾਵਿ ਰਚਨਾ ਦੇ ਰੰਗ ਨੂੰ ਹੋਰ ਗੂੜ੍ਹਾ ਕਰਦੀ ਹੈ। ਕਵਿਤਰੀ ਕੋਲ ਰਿਸ਼ਤਿਆਂ ਦੀਆਂ ਗੁੰਝਲਾਂ, ਸਮਾਜਿਕ ਮਸਲਿਆਂ ਨੂੰ ਸਮਝਣ ਦੀ ਚੇਤਨਾ ਹੈ। ਮਨੁੱਖੀ ਮਨ ਦੀ ਸਥਿਤੀ, ਉਸ ਦੇ ਸੋਚਣ ਦੇ ਤਰੀਕੇ, ਉਸ ਦੀ ਨਿਰਾਸ਼ਾ, ਉਸ ਦੀ ਉਮੀਦ ਇਹ ਸਭ ਕੁਝ ਉਸ ਦੀ ਚੇਤਨਾ ਦਾ ਹਿੱਸਾ ਹਨ। ਇਸ ਚੇਤਨਾ ਨਾਲ ਹੀ ਉਸ ਨੇ ਮਨੁੱਖੀ ਵਸਤੂਆਂ, ਵਿਸ਼ਿਆਂ ਤੇ ਵਿਵਹਾਰਾਂ ਦਾ ਗਿਆਨ ਹਾਸਲ ਕੀਤਾ ਹੈ। ਚੇਤਨਾ ਦੇ ਨਿਰਮਾਣ ਲਈ ਸਾਰੀ ਪ੍ਰਕਿਰਿਆ 'ਵੇਦਨਾ' ਭਾਵ ਇੰਦਰੀਆਂ ਦੇ ਉਤੇਜਕ ਤੱਤ ਤੋਂ ਸ਼ੁਰੂ ਹੋ ਕੇ ਸੰਵੇਦਨਾ ਦੇ ਧਰਾਤਲ 'ਤੇ ਸੰਪੂਰਨ ਹੁੰਦੀ ਹੈ, ਜਿਸ ਦਾ ਵਿਕਾਸ ਸੋਚਣ ਦੀ ਸ਼ਕਤੀ, ਦ੍ਰਿਸ਼ਟੀ ਅਤੇ ਚੇਸਟਾ ਤੋਂ ਹੁੰਦਾ ਹੋਇਆ ਚੇਤਨਾ ਤੱਕ ਪਹੁੰਚ ਕੇ ਪੂਰਨਤਾ ਪ੍ਰਾਪਤ ਕਰਦਾ ਹੈ। ਕਵਿਤਰੀ ਨੇ ਸਮਾਜ ਵਿੱਚ ਰਹਿੰਦਿਆਂ ਜੋ ਕੁਝ ਗ੍ਰਹਿਣ ਕੀਤਾ, ਉਸ ਨੂੰ ਆਪਣੀ ਸੰਵੇਦਨਾ, ਅਨੁਭਵ, ਗਿਆਨ ਤੇ ਸਿਰਜਨਾਤਮਕ ਸ਼ਕਤੀ ਰਾਹੀਂ ਸਮਾਜ ਨੂੰ ਨਿਵੇਕਲੇ ਰੂਪ ਵਿੱਚ ਵਾਪਸ ਕੀਤਾ ਹੈ। ਇਨ੍ਹਾਂ ਰਚਨਾਵਾਂ ਵਿੱਚ ਰਿਸ਼ਤਿਆਂ ਦੀ ਦਾਸਤਾਨ ਹੈ, ਆਪਣਿਆਂ ਨਾਲ ਮਲਾਲ ਹੈ, ਅਧੂਰੇ ਪਿਆਰ, ਅਧੂਰੇ ਸੁਪਨਿਆਂ ਦੀ ਪੂਰਤੀ ਦੀ ਚਾਹਤ ਹੈ। ਖ਼ੂਬਸੂਰਤ ਕਾਵਿ ਸਿਰਜਨਾ ਲਈ ਰੂਪ ਕੌਰ ਕੂੰਨਰ ਨੂੰ ਮੁਬਾਰਕਬਾਦ ਤੇ ਇਸ ਕਾਵਿ ਸੰਗ੍ਰਹਿ ਦਾ ਸਵਾਗਤ ਹੈ।




**— ਰਾਮਪਾਲ ਸ਼ਾਹਪੁਰੀ (ਡਾ.)**

# 'ਵਰਤਮਾਨ ਸਮਿਆਂ 'ਚ ਭਵਿੱਖੀ ਚੁਣੌਤੀਆਂ ਤੇ ਲੇਖਕ ਦੀ ਭੂਮਿਕਾ' 'ਤੇ ਸਮਾਗਮ

## ਲੇਖਕ ਸਮਾਜ ਦਾ ਬਦਲ ਨਹੀਂ ਸਿਰਜ ਸਕਦਾ, ਉਹ ਕੇਵਲ ਸਥਿਤੀਆਂ ਦਾ ਅਹਿਸਾਸ ਕਰਵਾ ਸਕਦਾ : ਡਾ. ਸਿਰਸਾ

**ਜਲੰਧਰ** : ਬੀਤੇ ਦਿਨੀ ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਵੱਲੋਂ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਰਨਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਦਾ ਦੇਸ਼ ਭਗਤ ਯਾਦਗਾਰ ਹਾਲ ਵਿਖੇ ਮੁੱਖ ਭਾਸ਼ਣ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਕੁਲਦੀਪ ਸਿੰਘ ਦੀਪ, ਬਦਲੇਵ ਸਿੰਘ ਬੱਲੀ, ਪ੍ਰਿੰਸੀ. ਜਸਪਾਲ ਸਿੰਘ ਰੰਧਾਵਾ, ਸੁਰਜੀਤ ਜੱਜ ਤੇ ਗੁਰਮੀਤ ਨੇ ਕੀਤੀ। ਹਾਲ ਵਿੱਚ ਪਹੁੰਚੇ ਲੇਖਕਾਂ ਤੇ ਵਿਦਵਾਨਾਂ ਨੂੰ ਜੀ ਆਇਆ ਕਹਿਣ ਉਪਰੰਤ ਸੰਘ ਦੇ ਪ੍ਰਧਾਨ ਡਾ. ਜਸਪਾਲ ਰੰਧਾਵਾ ਨੇ ਕਿਹਾ ਕਿ ਭਾਰਤ ਦਾ ਅਰਥਚਾਰਾ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਇਹ ਦੁੱਖ ਦੀ ਗੱਲ ਹੈ ਕਿ ਸਾਡੀਆਂ ਰਾਜਨੀਤਿਕ ਪਾਰਟੀਆਂ ਵੋਟ ਬਟੋਰਨ ਦੇ ਏਜੰਡੇ ਤੋਂ ਇਲਾਵਾ ਕੋਈ ਵੀ ਸਮਕਾਲੀ ਮੁੱਦਿਆਂ ਨੂੰ ਨਹੀਂ ਉਭਾਰ ਰਹੀਆਂ । ਉਨ੍ਹਾਂ ਅੱਗੇ ਕਿਹਾ ਕਿ ਇਸ ਨਾਜ਼ੁਕ ਸਮੇਂ ਵਿੱਚ ਬੁੱਧੀਜੀਵੀਆਂ ਨੂੰ ਅੱਗੇ ਆਉਣ ਤੇ ਸਿਰ ਜੋੜ ਕੇ ਚਿੰਤਨ ਮੰਥਨ ਕਰਨ ਦੀ ਲੋੜ ਹੈ । ਸਟੇਜ ਸੰਚਾਲਨ ਕਰ ਰਹੇ ਮੱਖਣ ਮਾਨ ਨੇ ਵਰਤਮਾਨ ਸਮਿਆਂ ਦੀਆਂ ਚਣੌਤੀਆਂ ਤੇ ਭਾਸ਼ਣ ਦੇਣ ਲਈ ਡਾ. ਸੁਖਦੇਵ ਸਿੰਘ ਸਿਰਸਾ ਨੂੰ ਸੱਦਾ ਦਿੱਤਾ ।



ਖਚਾ-ਖਚਾ ਭਰੇ ਹਾਲ ਵਿੱਚ ਡਾ. ਸਿਰਸਾ ਨੇ ਇਕ ਘੰਟੇ ਤੋਂ ਵੱਧ ਸਮੇਂ ਦਿੱਤੇ ਭਾਸ਼ਣ ਵਿੱਚ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੁਝ ਮੁੱਦੇ ਸਾਨੂੰ ਹੀ ਨਹੀਂ ਸੱਤਾਧਾਰੀ ਨੇਤਾਵਾਂ ਨੂੰ ਮੁੜ ਕੇ ਪ੍ਰਭਾਸ਼ਿਤ ਕਰਨੇ ਪੈ ਰਹੇ ਹਨ । ਉਨ੍ਹਾਂ 'ਭਾਰਤ ਵਿਸ਼ਵ ਗੁਰੂ', 'ਸਵਦੇਸੀ', ਤੇ 'ਰਾਸ਼ਟਰਵਾਦ' ਵਰਗੀਆਂ ਟਰਮਾਂ ਦੇ ਨਵੇਂ ਅਰਥ ਕੱਢੇ ਜਾਣ 'ਤੇ ਕਿੰਤੂ ਕਰਦਿਆਂ ਕਿਹਾ ਕਿ ਸਮਕਾਲ 'ਚ ਇਨ੍ਹਾਂ ਬਾਰੇ ਉਲਟੇ ਬਿਰਤਾਂਤ ਸਿਰਜੇ ਜਾ ਰਹੇ ਹਨ । ਅੱਜ ਜਿਸ ਰਾਸ਼ਟਰਵਾਦ ਦੀ ਗੱਲ ਹੋ ਰਹੀ ਉਹ ਸਾਡੀ ਉਸ ਪ੍ਰੰਪਰਾ ਨਾਲ ਮੇਲ ਨਹੀਂ ਖਾਂਦਾ ਜਿਹੜੀ ਪ੍ਰੰਪਰਾ ਦੇਸ਼ ਦੀ ਆਜ਼ਾਦੀ ਵੇਲੇ ਸੀ । ਉਨ੍ਹਾਂ ਅੱਗੇ ਕਿਹਾ ਕਿ ਭਾਰਤ ਦੇ ਇਕ ਸੈਕਸ਼ਨ ਦੀ ਨਾਗਰਿਕਤਾ ਤੇ ਜਿਸ ਤਰ੍ਹਾਂ ਸਵਾਲ ਚੁੱਕੇ ਜਾ ਰਹੇ ਹਨ ਸਾਨੂੰ ਇਸ ਦੇ ਖਿਲਾਫ਼ ਖੜਨ ਦੀ ਵੀ ਲੋੜ ਹੈ । ਜਾਂਗਲੀ, ਆਦਿਵਾਸੀ, ਜਨਜਾਤੀਆਂ ਬਾਰੇ ਅੱਜ ਮਾੜੇ ਸ਼ਬਦ ਵਰਤੇ ਜਾ ਰਹੇ ਹਨ ਜਿਨ੍ਹਾਂ ਨੂੰ ਹੁਣ ਤੱਕ ਮਨੁੱਖੀ ਅਧਿਕਾਰ ਹੀ ਨਹੀਂ ਦਿੱਤੇ ਗਏ ਜਾਂ ਉਨ੍ਹਾਂ ਨੂੰ ਸਿਵਲ ਸੁਸਾਇਟੀ ਦਾ ਅੰਗ ਹੀ ਨਹੀਂ ਬਣਾਇਆ ਗਿਆ ।

ਗਲੋਬਲ ਪੱਧਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੂਜੇ ਦੇਸ਼ਾਂ ਨੂੰ ਹਥਿਆਰ ਨਾਲ ਕਾਬੂ ਨਹੀਂ ਕੀਤਾ ਜਾਂਦਾ ਬਲਕਿ ਉਸ ਦੇਸ਼ ਦੇ ਅਰਥਚਾਰੇ ਨੂੰ ਕਾਬੂ ਕੀਤਾ ਜਾਂਦਾ ਹੈ। ਦੇਸ਼ ਅੱਜ ਆਪਣੀ ਪ੍ਰੋਡਕਸ਼ਨ ਨਹੀਂ ਬਲਕਿ ਤਕਨੀਕ ਵੇਚ ਰਿਹਾ ਹੈ । ਉਨ੍ਹਾਂ ਇਸ ਗੱਲ ਤੇ ਜੋਰ ਦਿੱਤਾ ਕਿ ਪੂਰੇ ਭਾਰਤ ਤੇ ਪੰਜਾਬ ਦਾ ਇਕ ਸਮਕਾਲ ਨਹੀਂ ਹੋ ਸਕਦਾ। ਇਸ ਪਾਸੇ ਹਾਈਟੈਕ ਸਮਾਜ ਹੈ ਦੂਜੇ ਪਾਸੇ ਉਹ ਜਨ ਜਾਤੀਆਂ ਹਨ ਜਿਨ੍ਹਾਂ ਕੋਲ ਪੀਣ ਲਈ ਪਾਣੀ ਤੇ ਖਾਣ ਲਈ ਅੰਨ ਨਹੀਂ । ਏਥੋਂ ਤੱਕ ਪੰਜਾਬੀਆਂ ਦਾ ਇਕ ਸਮਕਾਲ ਵੀ ਨਹੀਂ । ਉਹ ਵੀ ਅਨੇਕਾਂ ਵਰਗਾਂ, ਜਮਾਤਾਂ, ਜਾਤਾਂ ਵਿੱਚ ਵਿਚਰਦੇ ਹਨ। ਅੱਗੇ ਨਿਮਨ ਜਾਤੀਆਂ ਵਿਚੋਂ ਨਿਕਲੀ ਕ੍ਰੀਮੀ ਲੇਅਰ 'ਚ ਪੁੱਜੇ ਲੋਕਾਂ ਦਾ ਆਪਣੀ ਤਰ੍ਹਾਂ ਦਾ ਸਮਕਾਲ ਹੈ । ਉਨ੍ਹਾਂ ਕਿਹਾ ਕਿ ਅੱਜ ਭਾਰਤ ਦੇ ਭਿੰਨ ਭਿੰਨ ਰੰਗਾਂ, ਵੱਖਰਤਾਵਾਂ ਨੂੰ ਖਤਮ ਕਰਕੇ ਇਕ ਰੰਗਾ ਰਾਸ਼ਟਰਵਾਦ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ ਕਿ ਸਭ ਦੀ ਇਕ ਭਾਸ਼ਾ, ਪਹਿਰਾਵਾ, ਧਰਮ ਹੋਵੇ । ਲੇਖਕ ਦੀ ਭੂਮਿਕਾ ਦੀ ਗੱਲ ਕਰਦਿਆਂ ਉਨ੍ਹਾਂ ਅੰਤ ਵਿੱਚ ਕਿਹਾ ਕਿ ਲੇਖਕ ਕਦੇ ਵੀ ਸਮਾਜ ਨਾਲੋਂ ਟੁੱਟ ਕੇ ਸਵੈ ਕੇਂਦਰਤ ਹੋ ਕੇ ਆਪਣੀ ਸੁਤੰਸ਼ਟੀ ਜਾਂ ਸੋਹਜ ਸਵਾਦ ਲਈ ਨਹੀਂ ਲਿਖਦਾ । ਕਾਰਲ ਮਾਰਕਸ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਪੂੰਜੀਵਾਦੀ ਵਿਵਸਥਾ ਕਲਾ ਲਈ ਜ਼ਰਖੇਜ਼ ਹੁੰਦੀ ਹੈ । ਲੇਖਕ ਸਮਾਜ ਦਾ ਬਦਲ ਨਹੀਂ ਸਿਰਜ ਸਕਦਾ ਉਹ ਕੇਵਲ ਸਥਿਤੀਆਂ ਦਾ ਅਹਿਸਾਸ ਕਰਵਾ ਸਕਦਾ ਹੈ।

ਸੂਬਾ ਜਰਨਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਬਹਿਸ ਦਾ ਆਗਾਜ਼ ਕੀਤਾ । ਉਨ੍ਹਾਂ ਕਿਹਾ ਕਿ ਆਪਣੀ ਆਪਣੀ ਬੇਸਮੈਂਟ ਵਿੱਚ ਬੈਠੇ ਭਾਰਤ ਦੇ ਲੇਖਕਾਂ ਤੇ ਲੋਕਾਂ ਨੂੰ ਸੁਚੇਤ ਕੀਤਾ ਜੋ ਭਾਰਤ ਦੇ ਸਮਕਾਲੀ ਵਰਤਾਰਿਆਂ ਤੋਂ ਅਣਜਾਣ ਤੇ ਅੱਖਾਂ ਮੀਟੀ ਬੈਠੇ ਹਨ । ਜਦੋਂ ਆਲੇ ਦੁਆਲੇ ਬਹੁਤ ਕੁਝ ਅਣ ਕਿਆਸਾ ਵਾਪਰ ਰਿਹਾ ਹੋਵੇ ਤਾਂ ਉਸ ਦੌਰ 'ਚ ਲੇਖਕ ਚੁੱਪ ਕਿਉਂ ਬੈਠਾ ਰਹਿੰਦਾ ਹੈ। ਬੁੱਧੀਜੀਵੀ ਸਤਨਾਮ ਚਾਨਾ ਨੇ ਭਾਰਤ ਦੀ ਮੌਜੂਦਾ ਸਥਿਤੀ ਉੱਤੇ ਚਿੰਤਾ ਜ਼ਾਹਰ ਕੀਤੀ। ਡਾ. ਸ਼ੈਲਸ਼ ਨੇ ਪੂਰੇ ਭਾਰਤ 'ਚ ਲੋਕ ਚੇਤਨਾ ਦੀ ਲਹਿਰ ਕਿਵੇਂ ਤਬਾਹ ਹੋ ਰਹੀ ਹੈ ਤੇ ਸੱਚੇ ਪੱਖੀ ਲਹਿਰ ਕਿਵੇਂ ਪੂਰੇ ਭਾਰਤ ਵਿੱਚ ਫੈਲ ਰਹੀ ਹੈ ਤੇ ਚਿੰਤਾ ਜ਼ਾਹਰ ਕੀਤੀ। ਤਸਕੀਨ ਨੇ ਲੇਖਕ ਦੀ ਲਿਖਤ ਤੇ ਵਿਹਾਰ ਵਿੱਚਲੇ ਅੰਤਰ ਦੀ ਗੱਲ ਕੀਤੀ। ਅੱਜ ਦਾ ਲੇਖਕ ਫਕੀਰ ਨਹੀਂ ਬਣਨਾ ਚਾਹੁੰਦਾ ਉਹ ਪਾਵਰ ਵਿੱਚ ਰਹਿਣਾ ਚਾਹੁੰਦਾ ਹੈ । ਅੱਜ ਸਥਿਤੀ ਇਹ ਬਣ ਗਈ ਹੈ ਕਿ ਬੰਦੇ ਦੀ ਸ਼ਕਲ ਓਨੀ ਆਪਣੇ ਬਾਪ ਨਾਲ ਨਹੀਂ ਮਿਲਦੀ ਜਿਨੀ ਸਮੇਂ ਨਾਲ ਮਿਲਦੀ ਹੈ । ਅੱਜ ਲੇਖਕ ਦੀ ਸ਼ਕਲ ਵੀ ਸਮੇਂ ਨਾਲ ਬਹੁਤ ਮਿਲ ਰਹੀ ਹੈ। ਕਿਉਂਕਿ ਉਹ ਸਿਸਟਮ ਦਾ ਹਿੱਸਾ ਬਣ ਕੇ ਉਹਦੇ ਵਰਗਾ ਹੋ ਰਿਹਾ ਹੈ। ਹਰਵਿੰਦਰ ਭੰਡਾਲ ਨੇ ਕਿਹਾ ਕਿ ਅੱਜ ਇਹ ਸਮਝਣ ਦੀ ਲੋੜ ਹੈ ਕਿ ਸਮੇਂ ਨੇ ਵਿਅਕਤੀਆਂ ਜਾਂ ਲੇਖਕਾਂ ਨੂੰ ਆਪਣੇ ਵਰਗਾ ਕਿਵੇਂ ਬਣਾ ਲਿਆ ਹੈ। ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਸਾਨੂੰ ਸੱਤਾਂ ਵਿੱਚ ਬੈਠੇ ਵਰਗਾ ਦੀ ਪੜਚੋਲ ਕਰਨ ਦੀ ਲੋੜ ਹੈ। ਇਨ੍ਹਾਂ ਤੋਂ ਇਲਾਵਾ ਪ੍ਰੋ. ਗੋਪਾਲ ਸਿੰਘ ਬੁੱਟਰ, ਗੁਰਮੀਤ, ਡਾ. ਜਗਜੀਤ ਸਿੰਘ ਚੀਮਾ, ਨਵਤੇਜ ਗੜ੍ਹਦੀਵਾਲ ਤੇ ਹੋਰਨਾਂ ਨੇ ਬਹਿਸ਼ ਵਿੱਚ ਹਿੱਸਾ ਲਿਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸੂਬਾ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਸਾਨੂੰ ਸਮਕਾਲੀ ਰਾਜਸੀ ਅਤੇ ਸਮਾਜਿਕ ਵਰਤਾਰਿਆਂ ਨੂੰ ਗੰਭੀਰਤਾ ਨਾਲ ਗੱਲ ਕਰਨ ਦੀ ਲੋੜ ਹੈ। ਇਸ ਕਾਰਜ ਲਈ ਸਾਡਾ ਪ੍ਰਗਤੀਸ਼ੀਲ ਲੇਖਕ ਸੰਘ ਪਹਿਲਾਂ ਵੀ ਤੇ ਹੁਣ ਵੀ ਇਹ ਕਾਰਜ ਬੜੀ ਦਲੇਰੀ ਨਾਲ ਕਰ ਰਿਹਾ ਤੇ ਕਰਦਾ ਰਹੇਗਾ। ਅੰਤ ਵਿੱਚ ਜਲੰਧਰ ਇਕਾਈ ਦੇ ਜਰਨਲ ਸਕੱਤਰ ਭਗਵੰਤ ਰਸੂਲਪੁਰੀ ਨੇ ਉਪਰੋਕਤ ਮਸਲੇ ਤੇ ਭਰਪੂਰ ਸੰਵਾਦ ਕਰਨ ਉੱਤੇ ਸਾਰੇ ਵਿਦਵਾਨਾਂ ਤੇ ਲੇਖਕਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਕੁਲਦੀਪ ਸਿੰਘ ਬੇਦੀ, ਬਲਬੀਰ ਪਰਵਾਨਾ, ਡਾ. ਕੁਲਵੰਤ ਸਿੰਘ ਸੰਧੂ, ਜੋਗਿੰਦਰ ਸੰਧੂ, ਕਾ. ਅਮੋਲਕ ਸਿੰਘ, ਹਰਮੇਸ਼ ਮਾਲੜੀ, ਰਕੇਸ਼ ਆਨੰਦ, ਸਰੋਜ, ਬਲਵਿੰਦਰ ਭੱਟੀ, ਬਿੰਦਰ ਬਸਰਾ,ਪ੍ਰੋ. ਲਾਲ ਬਹਾਦਰ, ਵਿਜੈ ਬੰਬੇਲੀ, ਅਜਮੇਰ ਸਿੰਘ, ਜਗਦੀਸ਼ ਰਾਣਾ, ਰਮੇਸ਼ ਚੋਹਕਾ, ਨਰਿੰਦਰਪਾਲ ਕੰਗ, ਕੇਸਰ, ਸੁਰਿੰਦਰ ਕੁਮਾਰੀ ਕੋਛੜ, ਬਲਜੀਤ ਕੌਰ ਬੱਲ, ਕੁਲਵਿੰਦਰ ਅਤੇ ਹੋਰ ਬਹੁਤ ਸਾਰੇ ਲੇਖਕ ਸਾਥੀ ਹਾਜ਼ਰ ਸਨ।

# ਕਲਮ ਪੁਰਸਕਾਰਾਂ ਦਾ ਐਲਾਨ



**ਜਲੰਧਰ** : ਕੌਮਾਂਤਰੀ ਲੇਖਕ ਮੰਚ (ਕਲਮ) ਵੱਲੋਂ 21ਵੇਂ 'ਕਲਮ' ਪੁਰਸਕਾਰਾਂ ਦਾ ਐਲਾਨ ਕਰਦਿਆਂ 'ਕਲਮ' ਦੇ ਜਨਰਲ ਸਕੱਤਰ ਸਰਜੀਤ ਜੱਜ ਨੇ ਦੱਸਿਆ ਕਿ 'ਕਲਮ' ਦੇ ਚੇਅਰਮੈਨ ਸੁਖਵਿੰਦਰ ਕੰਬੋਜ, ਕੋ-ਚੇਅਰਮੈਨ ਸ਼ਾਇਰ ਕੁਲਵਿੰਦਰ ਤੇ ਪ੍ਰਧਾਨ ਲਖਵਿੰਦਰ ਜੌਹਲ ਦੀ ਅਗਵਾਈ ਵਿੱਚ ਚੋਣ ਕਮੇਟੀ ਵੱਲੋਂ ਤਹਿ ਕੀਤੇ ਅਨੁਸਾਰ ਬਾਪੂ ਜਾਗੀਰ ਸਿੰਘ ਕੰਬੋਜ ਯਾਦਗਾਰੀ ਕਿਰਤ-ਕੁੰਭ 'ਕਲਮ' ਪੁਰਸਕਾਰ ਬਹੁ-ਵਿਧਾਈ ਲੇਖਕ ਨਿਰਮਲ ਅਰਪਨ, ਤਲਵਿੰਦਰ ਦੀ ਤਰੰਗ 'ਕਲਮ' ਪੁਰਸਕਾਰ ਵੱਡੇ ਕਹਾਣੀਕਾਰ ਮੁਖਤਾਰ ਗਿੱਲ, ਡਾ. ਕੇਸਰ ਸਿੰਘ ਕੇਸਰ ਯਾਦਗਾਰੀ 'ਇਲਮੇ-ਅੱਵਲ ਕਲਮ ਪੁਰਸਕਾਰ, ਸਤਨਾਮ ਚਾਨਾ ਤੇ 'ਰਿਸ਼ੀ-ਰਮਨ ਦੀ ਰੌ ਕਲਮ ਪੁਰਸਕਾਰ' ਸ਼ਾਇਰ ਵਿਸ਼ਾਲ ਨੂੰ ਭੇਟ ਕੀਤਾ ਜਾਵੇਗਾ। ਇਹ ਪੁਰਸਕਾਰ 'ਕੌਮਾਂਤਰੀ ਲੇਖਕ ਮੰਚ (ਕਲਮ) ਵੱਲੋਂ ਫੋਕਲੋਰ ਰੀਸਰਚ ਅਕੈਡਮੀ, ਅੰਮ੍ਰਿਤਸਰ ਦੇ ਸਹਿਯੋਗ ਨਾਲ ਅਕੈਡਮੀ ਦੇ ਪ੍ਰਧਾਨ ਰਮੇਸ਼ ਯਾਦਵ ਤੇ ਉਨ੍ਹਾਂ ਦੀ ਟੀਮ ਦੀ ਦੇਖ-ਰੇਖ ਵਿੱਚ 15 ਜੂਨ 2026 ਨੂੰ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ ਸਮਾਗਮ ਦੌਰਾਨ ਭੇਟ ਕੀਤੇ ਜਾਣਗੇ ।

# ਸਤਨਾਮ ਸਿੰਘ ਢਾਅ ਦੀ ਪੁਸਤਕ 'ਪੰਜਾਬ ਦੇ ਅਨਮੋਲ ਹੀਰੇ' ਲੋਕ-ਅਰਪਣ

**ਕੈਲਗਰੀ** : ਅਰਪਨ ਲਿਖਾਰੀ ਸਭਾ ਸਤਨਾਮ ਢਾਅ ਦੀ ਮੁਲਾਕਾਤਾਂ ਦੀ ਪੁਸਤਕ 'ਪੰਜਾਬ ਦੇ ਅਨਮੋਲ ਹੀਰੇ' ਰਿਲੀਜ਼ ਕੀਤੀ ਗਈ। ਇਹ ਮੁਲਾਕਾਤਾਂ ਪੰਜਾਬ ਦੀਆਂ ਚਾਰ ਉੱਘੀਆਂ ਹਸਤੀਆਂ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ਼ ਤੇ ਡਾ. ਗੁਰਦੇਵ ਸਿੰਘ ਘਣਗਸ, ਜੀਵ ਵਿਗਿਆਨੀ ਡਾ. ਪੁਸ਼ਪਿੰਦਰ ਜੈਰੂਪ ਅਤੇ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨਾਲ ਕੀਤੀਆਂ ਹਨ। ਜਗਦੇਵ ਸਿੱਧੂ ਨੇ ਇਸ ਕਿਤਾਬ ਬਾਰੇ ਪਰਚਾ ਪੜ੍ਹਦਿਆਂ ਸਤਨਾਮ ਢਾਅ ਦੇ ਮੁਲਾਕਾਤੀ ਹੁਨਰ ਦੀ ਸ਼ਲਾਘਾ ਕੀਤੀ ਅਤੇ ਕਿਤਾਬ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਪ੍ਰੇਰਨਾਦਾਇਕ ਦੱਸਿਆ। ਰਿਸ਼ੀ ਨਾਗਰ ਨੇ ਕਿਤਾਬ ਦੀ ਸਾਰਥਕਤਾ ਬਾਰੇ ਬੋਲਦਿਆਂ ਸਤਨਾਮ ਢਾਅ ਨੂੰ ਵਧਾਈ ਦਿੱਤੀ। ਸਤਨਾਮ ਢਾਅ ਨੇ ਮੁਲਾਕਾਤਾਂ ਕਰਨ ਦੇ ਪਿਛੋਕੜ ਅਤੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਮੁਖਿੰਦਰਪਾਲ ਸਿੰਘ, ਸੁਰਿੰਦਰ ਗੀਤ, ਜਸਵੰਤ ਰਾਏ, ਚਰਨਦੀਪ ਕੌਰ, ਦਰਸ਼ਨ ਬਰਾੜ, ਅਮਰੀਕ ਸਿੰਘ ਮਾਂਗਟ, ਸੁਭਾਸ਼ ਸ਼ਰਮਾ, ਸੁਖਵਿੰਦਰ ਤੂਰ, ਤਰਲੋਕ ਚੁੱਘ, ਸਰੂਪ ਸਿੰਘ ਮੰਡੇਰ ਨੇ ਆਪਣੀਆਂ-ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।



ਸਵਰਨ ਸਿੰਘ ਧਾਲੀਵਾਲ, ਬਲਦੇਵ ਸਿੰਘ ਦੁੱਲਟ, ਪ੍ਰਕਾਸ਼ ਕੌਰ ਅਤੇ ਮਾਸਟਰ ਹਰਭਜਨ ਸਿੰਘ ਨੇ ਵਿਭਿੰਨ ਵਿਸ਼ਿਆਂ 'ਤੇ ਵਿਚਾਰ ਰੱਖੇ। ਅਖੀਰ ਵਿਚ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਪ੍ਰਿੰ. ਦੇਸ਼ ਬੀਰ ਦੀ ਚੌਥੀ ਪੁਸਤਕ 'ਹੋਂਦ ਦੀ ਪ੍ਰਿਜ਼ਮ' ਲੋਕ ਅਰਪਨ

**ਹੁਸ਼ਿਆਰਪੁਰ** : ਗੌਰਮਿੰਟ ਕਾਲਜ ਰੀਟਾਇਰਡ ਟੀਚਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਸਥਾਨਕ ਇਕਾਈ ਵੱਲੋਂ ਬੀਤੇ ਦਿਨੀਂ ਆਪਣੀ ਸਮਾਗਮ-ਨੁਮਾ ਮਾਸਿਕ ਇਕੱਤਰਤਾ ਵਿਚ ਪ੍ਰਿੰ. ਦੇਸ਼ ਬੀਰ ਦੀ ਚੌਥੀ ਪੁਸਤਕ 'ਹੋਂਦ ਦੀ ਪ੍ਰਿਜ਼ਮ' ਨੂੰ ਮੈਂਬਰਾਂ ਤੇ ਅਹੁਦੇਦਾਰਾਂ ਦੇ ਬੇਹੱਦ ਉਤਸ਼ਾਹ ਅਤੇ ਭਰਪੂਰ ਸ਼ਮੂਲੀਅਤ ਦੌਰਾਨ ਲੋਕ ਅਰਪਨ ਕੀਤਾ ਗਿਆ। ਪ੍ਰਿੰ. ਦੇਸ਼ ਬੀਰ ਨੇ ਦੱਸਿਆ ਕਿ ਇਸ ਪੁਸਤਕ ਵਿਚ ਸ਼ਾਮਲ ਨਿਬੰਧ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੇ ਗਏ ਸਨ, ਜੋ ਸਮੇਂ-ਸਮੇਂ ਪ੍ਰਮੁੱਖ ਅਖਬਾਰਾਂ ਵਿਚ ਮਿਡਲ ਵਜੋਂ ਜਾਂ ਨੁਮਾਇਆ ਸਥਾਨ 'ਤੇ ਛਪਦੇ ਰਹੇ ਹਨ । ਇਨ੍ਹਾਂ ਨਿਬੰਧਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਕਠਿਨ ਪਰ ਅਹਿਮ ਜ਼ਿੰਮੇਵਾਰੀ ਨੂੰ ਪ੍ਰਿੰ. ਰਜਿੰਦਰ ਕੌਰ ਨੇ ਬੜੀ ਕਾਬਲੀਅਤ ਨਾਲ ਅੰਜਾਮ ਦਿੱਤਾ ਹੈ। ਮਦਨ ਵੀਰਾ ਨੇ ਪੁਸਤਕ ਦੀ ਪੜ੍ਹਤ ਬਾਰੇ, ਪੁਸਤਕ ਦੇ ਸਿਰਲੇਖ ਦੀਆਂ ਵਿਭਿੰਨ ਪਰਤਾਂ ਬਾਰੇ, ਪੁਸਤਕ ਵਿਚ ਸ਼ਾਮਲ ਨਿਬੰਧਾਂ ਦੇ ਥੀਮਕ ਸਰੋਕਾਰਾਂ ਬਾਰੇ, ਲੇਖਕ ਦੀ ਵਾਰਤਕ ਕਲਾ ਬਾਰੇ ਤੇ ਨਿਬੰਧਾਂ ਦੇ ਰਚਨਾ ਵਿਧਾਨ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਪ੍ਰਿੰ. ਰਜਿੰਦਰ ਕੌਰ ਨੇ ਪੁਸਤਕ ਵਿਚ ਸ਼ਾਮਲ ਨਿਬੰਧਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦੇ ਆਪਣੇ ਦਿਲਚਸਪ ਅਮਲ ਦੇ ਤਜਰਬਿਆਂ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ।



ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ 'ਹੋਂਦ ਦੀ ਪ੍ਰਿਜ਼ਮ' ਪੁਸਤਕ ਵਿਚਲੇ ਨਿਬੰਧਾਂ ਵਿਚਲੇ ਰਚਨਾ ਸੰਸਾਰ ਬਾਰੇ, ਨਿਬੰਧਾਂ ਦੇ ਥੀਮਕ ਪੈਟਰਨਾਂ ਨਾਲ ਜੁੜਦੇ ਕੁਝ ਪਹਿਲੂਆਂ ਬਾਰੇ, ਉਨ੍ਹਾਂ ਦੀ ਬਹੁ-ਪਰਤੀ ਪ੍ਰਸੰਗਿਕਤਾ ਬਾਰੇ, ਉਨ੍ਹਾਂ ਦੇ ਸੁਝਾਊਪੂਰਵਕ ਤੇ ਪ੍ਰੇਰਨਾਦਾਇਕ ਹੋਣ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਿੰ. ਐੱਸ.ਪੀ. ਧੀਰ ਨੇ ਪ੍ਰਿੰ. ਦੇਸ਼ ਬੀਰ ਦੀ ਪੰਜਾਬੀ ਵਿੱਚ ਰਚੀ ਪਹਿਲੀ ਪੁਸਤਕ ਦਾ ਕੁਝ ਭਾਗ ਪੜ੍ਹਨ ਤੇ ਉਸ ਵਿਚ ਬਣੀ ਆਪਣੀ ਦਿਲਚਸਪੀ ਦਾ ਜ਼ਿਕਰ ਕਰਦਿਆਂ ਲੇਖਕ ਨੂੰ ਮੁਬਾਰਕਬਾਦ ਭੇਟ ਕੀਤੀ। ਪ੍ਰੋਗਰਾਮ ਦਾ ਸੰਚਾਲਨ ਡਾ. ਬਲਬੀਰ ਸਿੰਘ ਨੇ ਕੀਤਾ।

# ਅਨੀਤਾ 'ਨਵ' ਵਸ਼ਿਸ਼ਟ ਦਾ ਪਲੇਠਾ ਕਾਵਿ ਸੰਗ੍ਰਹਿ 'ਕਦੇ ਜਾਪੇ' ਲੋਕ ਅਰਪਣ



**ਗੜ੍ਹਸ਼ੰਕਰ** : ਦੋਆਬਾ ਸਾਹਿਤ ਸਭਾ (ਰਜਿ.) ਗੜ੍ਹਸ਼ੰਕਰ ਵੱਲੋਂ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਪ੍ਰਿੰ. ਬਿੱਕਰ ਸਿੰਘ ਦੇ ਸੁਆਗਤੀ ਭਾਸ਼ਣ ਨਾਲ ਹੋਈ। ਸਮਾਗਮ ਵਿੱਚ ਅਨੀਤਾ 'ਨਵ' ਵਸ਼ਿਸ਼ਟ ਦਾ ਕਾਵਿ ਸੰਗ੍ਰਹਿ 'ਕਦੇ ਜਾਪੇ' ਨੂੰ ਲੋਕ ਅਰਪਣ ਕਰਨ ਉਪਰੰਤ ਡਾ. ਸੋਮਾ ਸਬਲੋਕ, ਪ੍ਰੋ. ਸੰਧੂ ਵਰਿਆਣਵੀ, ਪ੍ਰੋ. ਬਲਦੇਵ ਸਿੰਘ ਬੱਲੀ, ਨਵਤੇਜ ਗੜ੍ਹਦੀਵਾਲਾ ਅਤੇ ਲੋਕ ਸ਼ਾਇਰ ਜਗਦੀਸ਼ ਰਾਣਾ ਵੱਲੋਂ ਕਵਿੱਤਰੀ ਅਨੀਤਾ 'ਨਵ' ਵਸ਼ਿਸ਼ਟ ਦੀ ਸਾਹਿਤ ਸਿਰਜਣਾ ਅਤੇ ਸ਼ਖ਼ਸੀਅਤ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ।

ਇਸ ਉਪਰੰਤ ਹੋਏ ਕਵੀ ਦਰਬਾਰ 'ਚ ਗੁਰਦੀਪ ਸੈਣੀ, ਦੀਪ ਜਗਤਪੁਰੀ, ਸਿਤਾਰਾ ਸਿੰਘ ਗਿੱਲ, ਗੁਰਦੀਪ ਗਿੱਲ, ਤਾਰਾ ਸਿੰਘ ਚੇੜਾ, ਜੋਗਾ ਸਿੰਘ ਭੰਮੀਆਂ, ਮਨੋਜ ਫਗਵਾੜਵੀ, ਸੁੱਚਾ ਰਾਮ ਜਾਡਲਾ, ਸੁਖਵਿੰਦਰ ਲੰਗੇਰੀ, ਹਰੀਸ਼ ਭੰਡਾਰੀ, ਜਸਵਿੰਦਰ ਸਿੰਘ ਜੱਸੀ, ਰਣਜੀਤ ਪੋਸ਼ੀ, ਸ਼ਾਮ ਸੁੰਦਰ, ਸੋਹਣ ਸਿੰਘ ਸੂਨੀ, ਦੇਸ ਰਾਜ ਬਾਲੀ, ਨਵਤੇਜ ਗੜ੍ਹਦੀਵਾਲਾ, ਜਗਦੀਸ਼ ਰਾਣਾ, ਪ੍ਰੋ. ਬਲਦੇਵ ਸਿੰਘ ਬੱਲੀ, ਕੇ. ਸਾਧੂ ਸਿੰਘ, ਪਵਨ ਭੰਮੀਆਂ, ਅਮਰੀਕ ਹਮਰਾਜ, ਬਲਵੀਰ ਖਾਨਪੁਰੀ, ਸਰਵਣ ਸਿੱਧੂ, ਅਨੀਤਾ 'ਨਵ' ਵਸ਼ਿਸ਼ਟ ਅਤੇ ਕਾਮਰੇਡ ਦਰਸ਼ਨ ਸਿੰਘ ਮੱਟੂ ਆਦਿ ਨੇ ਆਪਣੀਆਂ ਰਚਨਾਵਾਂ ਤੇ ਵਿਚਾਰਾਂ ਰਾਹੀਂ ਹਾਜ਼ਰੀ ਲਗਵਾਈ ।ਅਮਰੀਕ ਹਮਰਾਜ ਨੇ ਸਭ ਦਾ ਧੰਨਵਾਦ ਕੀਤਾ।

# 'ਹਰਿਆਣੇ ਦਾ ਪੰਜਾਬੀ ਸਾਹਿਤ : ਨਵੇਂ ਰੁਝਾਨ' ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ

**ਕੁਰੂਕਸ਼ੇਤਰ** : ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਅਤੇ ਹਰਿਆਣਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਂਝੇ ਸਹਿਯੋਗ ਨਾਲ ਅੱਜ ਇੱਥੇ ਯੂਨੀਵਰਸਿਟੀ ਵਿਖੇ 'ਹਰਿਆਣੇ ਦਾ ਪੰਜਾਬੀ ਸਾਹਿਤ : ਨਵੇਂ ਰੁਝਾਨ' ਵਿਸ਼ੇ 'ਤੇ ਇੱਕ-ਰੋਜ਼ਾ ਰਾਸ਼ਟਰੀ ਸੈਮੀਨਾਰ ਅਤੇ ਕਵੀ ਦਰਬਾਰ ਦਾ ਸਫਲ ਆਯੋਜਨ ਕੀਤਾ ਗਿਆ। ਹਰਿਆਣਾ ਦੇ ਪੰਜਾਬੀ ਸਾਹਿਤ ਦੇ ਮੌਜੂਦਾ ਦੌਰ, ਵੱਖ-ਵੱਖ ਵਿਧਾਵਾਂ, ਬਦਲਦੇ ਸਰੂਪ ਅਤੇ ਭਵਿੱਖ ਦੀਆਂ ਸੰਭਾਵਨਾਵਾਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ। ਉਦਘਾਟਨੀ ਸੈਸ਼ਨ ਦੀ ਰਸਮੀ ਸ਼ੁਰੂਆਤ ਦੌਰਾਨ ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ ਨੇ ਸੈਮੀਨਾਰ ਦੀ ਭੂਮਿਕਾ ਬੰਨ੍ਹਦਿਆਂ ਸਾਰੇ ਆਏ ਹੋਏ ਅਕਾਦਮਿਕ ਸੱਜਣਾਂ ਦਾ ਸ਼ਬਦੀ ਸਵਾਗਤ ਕੀਤਾ। ਮੁੱਖ ਸੁਰ ਭਾਸ਼ਣ ਪੇਸ਼ ਕਰਦਿਆਂ ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਹਰਿਆਣੇ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਨਵੇਂ ਰੁਝਾਨਾਂ ਅਤੇ ਵਿਸ਼ੇਗਤ ਵਿਭਿੰਨਤਾ 'ਤੇ ਇੱਕ ਬਹੁਤ ਹੀ ਖੋਜ ਭਰਪੂਰ ਅਤੇ ਵਿਸਥਾਰਤ ਭਾਸ਼ਣ ਪੇਸ਼ ਕੀਤਾ। ਉਨ੍ਹਾਂ ਤੱਥਾਂ ਸਹਿਤ ਸਾਬਤ ਕੀਤਾ ਕਿ ਹਰਿਆਣੇ ਦਾ ਪੰਜਾਬੀ ਸਾਹਿਤ ਹੁਣ ਮੁੱਖ ਧਾਰਾ ਦੇ ਸਾਹਿਤ ਦਾ ਪਰਛਾਵਾਂ ਨਹੀਂ ਰਿਹਾ, ਬਲਕਿ ਇਸ ਨੇ ਇੱਥੋਂ ਦੇ ਸਥਾਨਕ ਲੋਕ-ਰੰਗ, ਸਮਾਜਿਕ ਤਾਣੇ-ਬਾਣੇ, ਵੰਡ ਦੇ ਦਰਦ ਅਤੇ ਕਿਸਾਨੀ ਜੀਵਨ ਦੇ ਸਰੋਕਾਰਾਂ ਨੂੰ ਸਮੇਟ ਕੇ ਆਪਣੀ ਇੱਕ ਨਿਵੇਕਲੀ ਅਤੇ ਮੌਲਿਕ ਪਛਾਣ ਸਥਾਪਤ ਕਰ ਲਈ ਹੈ। ਪ੍ਰੋ. ਸੁਦਰਸ਼ਨ ਗਾਸੋ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਅਤੇ ਮੌਜੂਦਾ ਦੌਰ ਵਿੱਚ ਜਦੋਂ ਮਨੁੱਖੀ ਕਦਰਾਂ-ਕੀਮਤਾਂ ਵਿੱਚ ਤਬਦੀਲੀ ਆ ਰਹੀ ਹੈ, ਉਦੋਂ ਹਰਿਆਣੇ ਦੇ ਪੰਜਾਬੀ ਲੇਖਕ ਬਹੁਤ ਹੀ ਜ਼ਿੰਮੇਵਾਰੀ ਨਾਲ ਆਪਣੀ ਕਲਮ ਚਲਾ ਰਹੇ ਹਨ। ਸੈਸ਼ਨ ਦਾ ਮੰਚ ਸੰਚਾਲਨ ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ ਨੇ ਸੁਚੱਜੇ ਢੰਗ ਨਾਲ ਨਿਭਾਇਆ।



ਸਮਾਗਮ ਵਿੱਚ ਤਰਲੋਚਨ ਸਿੰਘ ਮੀਰ ਦੀ ਪੁਸਤਕ 'ਅਸ਼ਵਮੇਧ', ਨਿਸ਼ਾਨ ਸਿੰਘ ਰਾਠੌਰ ਦੀ ਪੁਸਤਕ 'ਕਾਫ਼ਲਿਆਂ 'ਚ ਗੁਆਚੇ ਲੋਕ' ਅਤੇ ਡਾ. ਬਲਵਾਨ ਸਿੰਘ ਔਜਲਾ ਦੀ ਪੁਸਤਕ 'ਅਹਿਦਨਾਮਾ ਪੁਆਧ' ਲੋਕ ਅਰਪਣ ਕੀਤੀਆਂ ਗਈਆਂ।

ਦੂਜੇ ਸੈਸ਼ਨ 'ਚ ਛੇ ਪ੍ਰਮੁੱਖ ਪੁਸਤਕਾਂ 'ਤੇ ਗੰਭੀਰ ਅਕਾਦਮਿਕ ਬਹਿਸ ਹੋਈ। ਗੁੱਡੋ (ਨਾਵਲ) ਕੇਸਰਾ ਰਾਮ ਬਾਰੇ ਬੋਲਦਿਆਂ ਡਾ. ਸਿਮਰਜੀਤ ਕੌਰ ਨੇ ਇਸ ਪੁਸਤਕ ਰਾਹੀਂ ਸਮਾਜਿਕ ਯਥਾਰਥ ਅਤੇ ਮਨੁੱਖੀ ਰਿਸ਼ਤਿਆਂ ਦੇ ਬਦਲਦੇ ਰੂਪਾਂ 'ਤੇ ਗੱਲ ਕੀਤੀ ਤੇ ਉਨ੍ਹਾਂ ਨੇ ਅਹਿਦਨਾਮਾ ਪੁਆਧ (ਪੁਆਧੀ ਕਵਿਤਾ) ਡਾ. ਬਲਵਾਨ ਔਜਲਾ ਦੀ ਪੁਸਤਕ ਦੀ ਸਾਹਿਤਕ ਮਹੱਤਤਾ ਅਤੇ ਦਾਰਸ਼ਨਿਕ ਪੱਖ ਨੂੰ ਫਰੋਲਿਆ ਅਤੇ ਡਾ. ਬਲਵਾਨ ਸਿੰਘ ਔਜਲਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪੁਸਤਕ ਹਰਿਆਣੇ ਵਿੱਚ ਲਿਖੇ ਜਾ ਰਹੇ ਪੁਆਧੀ ਸਾਹਿਤ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗੀ। ਡਾ. ਬੀਰਬਲ ਸਿੰਘ ਨੇ ਬੰਦੂਕ ਤੋਂ ਕਲਮ ਤੱਕ ਗੁਰਨਾਮ ਬਾਵਾ ਦੇ ਨਾਵਲ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਨਾਵਲ ਪੰਜਾਬ ਅਤੇ ਪੰਜਾਬੀ ਮਨੁੱਖ ਦੇ ਸੰਕਟਾਂ ਦਾ ਦਸਤਾਵੇਜ਼ ਹੈ। ਪ੍ਰੋ. ਸੁਦਰਸ਼ਨ ਗਾਸੋ ਨੇ ਅਸ਼ਵਮੇਧ (ਕਵਿਤਾ ਸੰਗ੍ਰਹਿ) ਤਰਲੋਚਨ ਮੀਰ ਬਾਰੇ ਬੋਲਦਿਆਂ ਕਿਹਾ ਕਿ ਇਹ ਪੁਸਤਕ ਸਮਕਾਲੀ ਰਾਜਸੀ ਅਤੇ ਸਮਾਜਿਕ ਚੇਤਨਾ ਪਾਠਕ ਦੇ ਮਨ ਨੂੰ ਟੁੰਬਣ ਵਾਲੀ ਹੈ। ਖੋਜਾਰਥੀ ਰਾਣੀ ਦੇਵੀ ਨੇ ਨਸ਼ਤੂਰ (ਕਵਿਤਾ) ਅਨਿਲ ਖਿਆਲ ਬਾਰੇ ਬੋਲਦਿਆਂ ਕਿਹਾ ਕਿ ਇਸ ਰਚਨਾ ਵਿਚਲੇ ਮਾਨਵੀ ਸਰੋਕਾਰ ਮਨੁੱਖੀ ਮਨ ਦੀਆਂ ਵਲਗਣਾਂ ਨੂੰ ਸਮਝਣ ਤੇ ਸਮਝਾਉਣ ਵਾਲੇ ਹਨ। ਡਾ. ਬਲਵਾਨ ਸਿੰਘ ਔਜਲਾ ਨੇ ਕਾਫ਼ਲਿਆਂ 'ਚ ਗੁਆਚੇ ਲੋਕ (ਵਾਰਤਕ) ਨਿਸ਼ਾਨ ਸਿੰਘ ਰਾਠੌਰ ਬਾਰੇ ਕਿਹਾ ਕਿ ਇਹ ਪੁਸਤਕ ਹਰਿਆਣਾ ਦੇ ਪੰਜਾਬੀ ਸਾਹਿਤ ਵਿੱਚ ਪਲੇਠੀ ਸੰਸਕਰਣਾਂ ਦੀ ਪੁਸਤਕ ਹੈ। ਇਸ ਵਿਚਲੇ ਪ੍ਰਵਾਸ, ਫੌਜੀ ਜੀਵਨ ਦੀਆਂ ਯਾਦਾਂ, 1947 ਸਮੇਂ ਦੀ ਤ੍ਰਾਸਦੀ ਅਤੇ ਸੱਭਿਆਚਾਰਕ ਸੰਕਟ ਜਿਹੇ ਵਿਸ਼ਿਆਂ 'ਤੇ ਵਿਸਥਾਰਤ ਗੱਲਬਾਤ ਕੀਤੀ।

# ਪਾਠਕਾਂ ਦੇ ਝਰੋਖੇ 'ਚੋਂ

## ਦਿਲਚਸਪ ਯਾਤਰਾ ਬਿਰਤਾਂਤ

'ਨਵਾਂ ਜ਼ਮਾਨਾਂ ਐਤਵਾਰਤਾ' ਅੰਕ ਕਾਫੀ ਦੇਰ ਤੋਂ ਪੜ੍ਹਦਾ ਆ ਰਿਹਾ ਹਾਂ। ਇਸ ਵਿੱਚ ਛਪਦੀ ਸਮੱਗਰੀ ਪੜ੍ਹਨ ਵਾਲੀ ਤੇ ਜਾਣਕਾਰੀ ਭਰਪੂਰ ਹੁੰਦੀ ਹੈ। ਖਾਸ ਕਰਕੇ ਭੁਪਿੰਦਰ ਮਾਨ ਦੇ ਸਫ਼ਰਨਾਮਾ ਦੀ ਤਿੰਨ ਕਿਸ਼ਤਾਂ ਪੜ੍ਹਨ ਨੂੰ ਮਿਲੀਆਂ ਹਨ। ਉਸ ਨੇ ਵਿਸਥਾਰ ਨਾਲ ਸਾਨੂੰ ਆਪਣੇ ਸਫ਼ਰ ਦੀ ਜਾਣਕਾਰੀ ਦਿੱਤੀ। 17 ਮਈ ਦੇ ਅੰਕ ਵਿੱਚ ਬੁੰਦੇਲਖੰਡੀ ਇਮਾਰਤ ਕਲਾ ਦੇ ਖ਼ੂਬਸੂਰਤ ਦਰਸ਼ਨ ਕਰਵਾਏ ਹਨ। ਉਸ ਦੀ ਯਾਤਰਾ ਐਨੀ ਦਿਲਚਸਪ ਹੈ। ਯਾਤਰਾਂ ਨਾਲ ਤੁਹਾਨੂੰ ਗਿਆਨ ਮਿਲਦਾ ਹੈ। ਬਾਕੀ ਸਮੱਗਰੀ ਵੀ ਚੰਗੀ ਲੱਗੀ।

**- ਤੇਜਬੀਰ ਕੌਰ, ਲੁਧਿਆਣਾ**

## ਬੰਗਾਲ 26 ਰਾਹੀਂ ਪੰਜਾਬ 27 ਨੂੰ ਤੱਕਦਿਆਂ

ਨਵਾਂ ਜ਼ਮਾਨਾ ਦੇ 17 ਮਈ ਦੇ ਅੰਕ ਵਿੱਚ ਡਾ. ਜਸਬੀਰ ਸਿੰਘ ਔਲਖ ਦਾ ਲੇਖ ਬਹੁਤ ਪਸੰਦ ਆਇਆ। ਉਸ ਨੇ ਹਿੰਦੋਸਤਾਨੀ ਸਿਆਸਤ ਵਿੱਚ ਆ ਰਹੇ ਨਵੇਂ ਬਦਲ ਦੀ ਪੇਸ਼ਕਾਰੀ ਤੱਥਾਂ ਦੇ ਅਧਾਰ ਉੱਤੇ ਕੀਤੀ। ਬੰਗਾਲ ਵਿੱਚ ਜੋ ਸਿਆਸਤ ਬਦਲੀ ਅਤੇ ਪੰਜਾਬ ਦਾ ਕੀ ਬਣੇਗਾ। ਇਸ ਦੀ ਤਸਵੀਰ ਸਾਨੂੰ ਦਿਖਾ ਦਿੱਤੀ। ਇਸ ਦੇ ਨਾਲ ਹੀ ਜਤਿੰਦਰ ਪਨੂੰ ਹੁਰਾਂ ਨੇ 'ਕਹਾਂ ਹੈਂ, ਕਹਾਂ ਹੈਂ, ਜਿਨਹੇਂ ਨਾਜ਼ ਹੈ ਹਿੰਦ ਪਰ...' ਬਹੁਤ ਗੰਭੀਰ ਸਿਆਸੀ ਵਿਸ਼ਲੇਸ਼ਣ ਹੈ। ਉਨ੍ਹਾਂ ਦੀ ਪੰਜਾਬ ਦੀ ਸਿਆਸਤ ਉੱਤੇ ਪਕੜ ਵੇਖਿਆ ਹੀ ਪਤਾ ਲੱਗਦੀ ਹੈ। ਉਹ ਲੁਕਵੇ ਇਸ਼ਾਰਿਆਂ ਨਾਲ ਬਹੁਤ ਕੁਝ ਕਹਿ ਜਾਂਦੇ ਹਨ। ਇਸ ਦੇ ਨਾਲ ਸੁਰਜੀਤ ਸੁਮਨ ਦਾ ਕਾਲਮ 'ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ' ਹਰ ਵਾਲ ਰੌਚਕ ਹੁੰਦਾ ਹੈ। ਉਹਦੇ ਕੋਲ ਭਾਸ਼ਾ ਦਾ ਭੰਡਾਰ ਤਾਂ ਹੈ ਗੱਲ ਨੂੰ ਗਲਪ ਦਾ ਰੰਗ ਦੇਣ ਦਾ ਗੁਣ ਵੀ ਹੈ। ਬਾਕੀ ਕਿਤਾਬਾਂ ਦੇ ਰੀਵਿਊ ਹਰ ਵਾਰ ਜਾਣਕਾਰੀ ਵਿੱਚ ਵਾਧਾ ਕਰਦੇ ਹਨ। ਸਮਕਾਲ ਪੰਜਾਬੀ ਰਸਾਲਿਆਂ ਦਾ ਸੋਹਣੀ ਜਾਣਕਾਰੀ ਦੇ ਜਾਂਦਾ ਹੈ।

**- ਡਾ. ਰਵੀ ਪਾਲ, ਜਲੰਧਰ**

## ਸੁਰਜੀਤ ਸੁਮਨ ਦੇ ਕਾਲਮ

17 ਮਈ ਦੇ 'ਐਤਵਾਰਤਾ' ਵਿਚ ਡਾ. ਜਸਬੀਰ ਸਿੰਘ ਔਲਖ ਨੇ ਬੰਗਾਲ—26 ਰਾਹੀਂ ਪੰਜਾਬ 27 ਨੂੰ ਤੱਕਦਿਆਂ ਵਿਚ ਭਾਜਪਾ ਦੀ ਕੁਝ ਉੱਭਰੀ ਸਥਿਤੀ ਦਾ ਜ਼ਿਕਰ ਹੈ, ਪਰ ਪੰਜਾਬ ਦੇ ਲੋਕਾਂ ਨੂੰ ਇਹ ਅਜੇ ਨ੍ਹੀ ਭੁੱਲਿਆ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਦੇ ਵਿਰੋਧ ਵਿਚ ਚਲੇ ਕਿਸਾਨ ਅੰਦੋਲਨ ਦਾ ਵੱਡਾ ਕਾਰਨ ਵੀ ਭਾਜਪਾ ਸੀ ਤੇ ਭਾਜਪਾ ਨੇ ਪੰਜਾਬ ਨੂੰ ਬਣਦੇ ਹੱਕ ਅੱਜ ਤੱਕ ਨਹੀਂ ਦਿੱਤੇ ।ਇਕੋ-ਇਕ ਪੰਜਾਬ ਹੈ ਜਿਸ ਦੀ ਆਪਣੀ ਰਾਜਧਾਨੀ ਵੀ ਸੂਬੇ ਕੋਲ ਨਹੀਂ ਹੈ।ਕੌਣ ਹੈ ਜ਼ਿੰਮੇਵਾਰ? ਇਸ ਲਈ ਪੰਜਾਬ ਦਾ ਤਖ਼ਤ ਭਾਜਪਾ ਲਈ ਦਿੱਲੀ ਦੂਰ ਵਾਲੀ ਗੱਲ ਹੈ। ਲੇਖਕ ਨੇ ਕੁਝ ਮਿਸਾਲਾਂ ਦਿੱਤੀਆਂ ਹਨ, ਪਰ ਇਹ ਵੀ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਸੂਝਵਾਨ ਵੋਟਰ ਬੰਗਾਲ ਦੇ ਵੋਟਰਾਂ ਜਿਹੇ ਨਹੀਂ ਹਨ। ਬੰਗਾਲ ਵਿਚ ਤਾਂ ਗਰੀਬੀ ਹੈ।ਗਰੀਬ ਨੂੰ ਸਹੂਲਤਾਂ ਦੇ ਕੇ ਜੇ ਭਾਜਪਾ ਅੱਗੇ ਆ ਵੀ ਗਈ ਹੈ ਤਾਂ ਇਹ ਮੇਲਾ ਲੁੱਟਣ ਵਾਲੀ ਗੱਲ ਹੈ। ਕੁਝ ਚਮਤਕਾਰ ਐੱਸ ਆਈ ਆਰ (ਵੋਟਾਂ ਦੀ ਸੁਧਾਈ) ਦਾ ਵੀ ਹੈ। ਖੈਰ ਇਹ ਸਮਾਂ ਦੱਸੇਗਾ ਕਿ ਪੰਜਾਬ ਦੇ ਤਖਤ 'ਤੇ ਕੌਣ ਕਾਬਜ਼ ਹੁੰਦਾ ਹੈ ।ਕਾਰਲ ਮਾਰਕਸ ਦੇ ਸਿਧਾਂਤ ਦੀ ਇਸ ਵੇਲੇ ਸਾਡੇ ਦੇਸ਼ ਨੂੰ ਬਹੁਤ ਵੱਡੀ ਜ਼ਰੂਰਤ ਹੈ, ਖਾਸ ਕਰਕੇ ਆਰਥਿਕ ਖੇਤਰ ਵਿਚ ਡਾ. ਅਰੁਣ ਮਿਤਰਾ ਦਾ ਲੇਖ ਚੰਗਾ ਹੈ। ਭੁਪਿੰਦਰ ਸਿੰਘ ਮਾਨ ਦੀ ਯਾਤਰਾ ਬਹੁਤ ਵੱਡੀ ਹੋ ਗਈ ਹੈ। ਇਸ ਤੀਸਰੀ ਕਿਸ਼ਤ ਵਿਚ ਵੇਖੇ ਗਏ ਕੁਝ ਪ੍ਰਸਿੱਧ ਮੰਦਰਾਂ ਦਾ ਝਾਂਸੀ ਦਾ ਤੇ ਹੋਰ ਕਈ ਇਮਾਰਤਾ ਦਾ ਵੇਰਵਾ ਹੈ ।ਰਸਤੇ ਵਿਚ ਆਈਆਂ ਦੁਸ਼ਵਾਰੀਆਂ ਦਾ ਵੀ ਲੇਖਕ ਨੇ ਜ਼ਿਕਰ ਕੀਤਾ ਹੈ। ਮਹਿੰਦਰ ਸਿੰਘ ਮਾਨ ਦੀਆਂ ਕਹਾਣੀਆਂ ਚੰਗੀਆਂ ਹਨ। ਖਾਸ ਕਰਕੇ ਫਿਕਰਾਂ ਦੀ ਪੰਡ 'ਤੇ ਵਧਾਈ। ਸੁਰਜੀਤ ਸੁਮਨ ਦੇ ਕਾਲਮ ਵਿਚ ਜੋ ਕੁਝ ਸਮਾਜ ਵਿਚ ਗਲਤ ਹੋ ਰਿਹਾ ਹੈ, ਉਸ ਦਾ ਸਪੱਸ਼ਟ ਤੇ ਰਸਦਾਇਕ ਜ਼ਿਕਰ ਹੈ । ਸਮਾਜ ਦਾ ਵਰਤਾਰਾ ਕੋਈ ਚੰਗਾ ਨ੍ਹੀ ਹੈ । 'ਦ੍ਰਿਸ਼ਟੀਕੋਣ' ਨੇ ਭਾਜਪਾ ਦਾ ਤੇ ਹੋਰ ਪਾਰਟੀਆਂ ਦੀ ਤਿੜਕਣ ਦਾ ਜ਼ਿਕਰ ਕੀਤਾ ਹੈ । ਕਿਤਾਬ ਸਮੀਖਿਆ ਚੰਗੀ ਲੱਗੀ, ਖਾਸ ਕਰਕੇ ਪਾਤਰ ਸਾਹਿਬ ਦੀ ਕਿਤਾਬ ਨੂੰ ਛਾਪਣ ਦਾ ਵਧੀਆ ਉਪਰਾਲਾ ਹੈ । ਸਾਹਿਤਕ ਸਰਗਰਮੀਆਂ ਰੀਝ ਨਾਲ ਪੜ੍ਹੀਆਂ।

**— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸਾਡੇ ਸਮਿਆਂ ਦਾ ਉਮਰ ਖ਼ਾਲਿਦ : ਡਾ. ਜਸਬੀਰ ਸਿੰਘ ਔਲਖ**

**ਵਿਵਸਥਾ ਨੂੰ ਵੰਗਾਰਨ ਵਾਲਾ ਸ਼ਾਇਰ : ਅਜੈ ਤਨਵੀਰ**

**'ਅਹਿਲਿਆ' : ਡਾ. ਨਵਦੀਪ ਕੌਰ (ਫੋਕਸ) ਡਾ. ਰਾਮਪਾਲ ਸ਼ਾਹਪੁਰੀ**

**ਗੁਰਨਾਮ ਢਿੱਲੋਂ ਤੇ ਕੰਚਨ ਮਹਿਤਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਪ੍ਰਵਚਨ : ਪੰਜਾਬੀ ਨਾਵਲ ਵਿਸ਼ੇਸ਼ ਅੰਕ



ਪ੍ਰਵਚਨ ਦਾ ਜਨਵਰੀ-ਮਾਰਚ, 2026 ਵਾਂ ਅੰਕ ਪੰਜਾਬੀ ਨਾਵਲ ਆਲੋਚਨਾ ਅੰਕ ਹੈ। ਪਰਚੇ ਦੇ ਸੰਪਾਦਕ ਡਾ. ਕੁਲਵੰਤ ਸਿੰਘ (ਸੰਧੂ) ਹਨ ਤੇ ਹੱਥਲੇ ਅੰਕ ਦਾ ਮੁੱਲ : 100 ਰੁਪਏ ਤੇ ਸਫ਼ੇ : 104 ਹਨ। ਸੰਪਾਦਕੀ 'ਪੰਜਾਬੀ ਨਾਵਲਕਾਰੀ ਦਾ ਉਭਰਦਾ ਦ੍ਰਿਸ਼' ਵਿੱਚ ਪੰਜਾਬੀ ਨਾਵਲ ਦੀ ਸਮੁੱਚੀ ਧਾਰਾ ਦਾ ਵਿਸ਼ਲੇਸ਼ਣ ਕਰਦਿਆਂ, ਫ਼ਿਕਰਮੰਦੀ ਦਾ ਇਜ਼ਹਾਰ ਕੀਤਾ ਗਿਆ ਹੈ ਕਿ ਸਮਾਜਕ, ਆਰਥਿਕ ਤੇ ਰਾਜਨੀਤਿਕ ਮਸਲੇ ਦਾ ਫੈਲਾਓ ਸਿਰਫ਼ ਪੇਸ਼ਕਾਰੀ ਤੱਕ ਹੈ, ਜਿਸ ਕਰਕੇ ਰਚਨਾਵਾਂ ਚਿਰ ਸਥਾਈ ਪ੍ਰਭਾਵ ਸਿਰਜ ਸਕਣ ਵਿਚ ਅਸਮਰਥ ਹਨ। ਡਾ. ਮਹਿਲ ਸਿੰਘ ਦਾ 'ਅਜੋਕਾ ਪੰਜਾਬੀ ਨਾਵਲ ਦਿੱਖ ਤੇ ਦਿਸ਼ਾ' ਨਾਵਲ ਦੇ ਮਹੱਤਵਪੂਰਨ ਮੁੱਦੇ ਉਭਾਰਦਾ ਹੈ। ਉਹ ਸਮਕਾਲੀ ਨਾਵਲਾਂ ਨੂੰ ਤਰਕ ਨਾਲ ਸਵਾਲਾਂ ਦੇ ਘੇਰੇ ਵਿੱਚ ਲੈ ਕੇ ਆਉਂਦਾ ਹੈ। ਅੱਗੇ 'ਇਤਿਹਾਸਕ ਨਾਵਲ ਦਾ ਬਿਰਤਾਂਤ ਸ਼ਾਸਤਰ:ਸਿਧਾਂਤਕ ਪਰਿਪੇਖ (ਗੁਰਵਿੰਦਰ ਸਿੰਘ), ਪੰਜਾਬੀ ਨਾਵਲ ਵਿਚ ਔਰਤ ਦਾ ਬਿੰਬਕਾਰੀ ਵਸਤੂ ਤੋਂ ਸਬਜੈਕਟ ਤੱਕ' (ਡਾ. ਸੁਖਮਨਪ੍ਰੀਤ ਕੌਰ), ਸੁਰਖ ਸਾਜ਼:ਪਰਵਾਸ, ਪਛਾਣ ਤੇ ਜੀਵਨ ਦੀ ਤਰਲ ਦਾਰਸ਼ਨਿਕਤਾ (ਡਾ. ਗੁਰਮੁਖ ਸਿੰਘ, ਡਾ. ਗੁਰਪ੍ਰੀਤ ਕੌਰ), ਰੌਲ਼ਿਆ ਵੇਲੇ: ਹਿਜਰਤ ਤੋਂ ਪਰਵਾਸ (ਕੁਲਵੰਤ ਸਿੰਘ), ਜਸਬੀਰ ਮੰਡ ਰਚਿਤ ਨਾਵਲ ਚੁਰਾਸੀ ਲੱਕ ਯਾਦਾਂ ਦੇ ਆਰ-ਪਾਰ (ਡਾ. ਪਰਦੀਪ ਕੌਰ), ਮੰਡੀ ਹਰੀਮ ਖਾਂ: ਅਬਾਦ ਤੋਂ ਉਜਾੜੇ ਦਾ ਬਿਰਤਾਂਤ (ਡਾ. ਕਾਰਜ ਸਿੰਘ), ਅਵਤਾਰ ਸਿੰਘ ਬਿਲਿੰਗ ਰਚਿਤ ਹੋਇਆ ਦੇਸ ਪਰਇਆ:ਇਕ ਪੜ੍ਹਤ (ਡਾ. ਸ਼ਰਨਜੀਤ ਕੌਰ), ਚਸ਼ਮਿ ਬੁਲਬੁਲ : ਕਾਨੀ ਕਲਾ ਅਤੇ ਜਮਾਤੀ ਸੰਘਰਸ਼ ਦਾ ਬਿਰਤਾਂਤ (ਡਾ. ਰਮਨਜੀਤ ਕੌਰ) ਆਦਿ ਕੁਝ ਚੋਣਵੇਂ ਨਾਵਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਅੰਤ ਵਿੱਚ ਸਮਕਾਲੀ ਸਾਹਿਤ ਨੂੰ ਵਾਚਿਆ ਹੈ ਕੁਲਵੰਤ ਸੰਧੂ ਹੁਰਾਂ। ਸਥਾਪਤ ਤੇ ਅਸਲੋਂ ਨਵੇਂ ਗਲਪ ਆਲੋਚਕਾ ਦੇ ਲਿਖੇ ਲੇਖ ਵਾਚਦਿਆਂ ਇਹ ਗੱਲ ਸਹਿਜੇ ਕਹੀ ਜਾ ਸਕਦੀ ਹੈ ਕਿ 'ਪ੍ਰਵਚਨ' ਨਾਵਲ ਸਮੀਖਿਆਂ ਤੇ ਚਿੰਤਨ ਦੀ ਗੰਭੀਰਤਾ ਨਾਲ ਗੱਲ ਕਰ ਰਿਹਾ ਹੈ। ਪ੍ਰਵਚਨ ਮੰਗਵਾਉਣ ਲਈ ਡਾ. ਕੁਲਵੰਤ ਸੰਧੂ (98722-44885) ਤੇ ਪਾਠਕ ਸੰਪਰਕ ਕਰ ਸਕਦੇ ਹਨ।

## ਪ੍ਰਾਇਮਰੀ ਸਿੱਖਿਆ : ਮਈ, 2026



ਪ੍ਰਾਇਮਰੀ ਸਿੱਖਿਆ ਦੇ ਨਵੇਂ ਅੰਕ ਵਿੱਚ ਅਨਮੋਲ ਰਤਨ (ਵਿਜੈ ਕੁਮਾਰ), ਗ਼ਲਤੀ ਦਾ ਅਹਿਸਾਸ (ਯਸ਼ਿਤਾ ਸੂਦ), ਨਿੰਬੂ ਵਾਲਾ ਘਰ (ਨਵ ਸੰਗੀਤ ਸਿੰਘ),ਅੰਨਪਾਣੀ (ਬਲਜਿੰਦਰ ਕੌਰ ਸ਼ੇਰਗਿੱਲ), ਵਿਸ਼ਵਾਸ (ਗੁਰਦੀਪ ਘੋਲੀਆ) ਕਹਾਣੀਆਂ ਤੋਂ ਇਲਾਵਾ ਕੁਝ ਲੇਖ ਤੇ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਲੇਖਾਂ ਦਾ ਪੱਧਰ ਬਹੁਤ ਨਿਮਨ ਦਰਜੇ ਦਾ ਹੈ। ਇਸ ਅੰਕ ਦੇ ਸਫ਼ੇ : 36, ਮੁੱਲ: 20 ਰੁਪਏ ਹੈ। 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395.

## ਪੰਖੜੀਆਂ : ਮਈ, 2026



ਪੰਖੜੀਆਂ ਦੇ ਇਸ ਅੰਕ ਵਿੱਚ ਸਕੂਲੀ ਪਾਠ ਕ੍ਰਮ (ਡਾ. ਸੁਰਿੰਦਰਪਾਲ ਸਿੰਘ), ਦਿਲੋਂ ਨਿਕਲੀ ਆਵਾਜ਼ (ਕਰਮਵੀਰ ਸਿੰਘ ਸੂਰੀ), ਨੇਕੀ ਦਾ ਬਦਲਾ (ਮੁਹੰਮਦ ਇਕਬਾਲ ਤਹੀਮ), ਗੁਣਕਾਰੀ ਪੌਦੇ (ਅਨੂ), ਜੀਵਨ ਦਾ ਭੇਤ (ਡਾ. ਹਰਨੇਕ ਸਿੰਘ ਕਲੇਰ), ਖ਼ੂਬਸੂਰਤ ਜ਼ਿੰਦਗੀ (ਸੰਜੀਵ ਸਿੰਘ ਸੈਣੀ) ਆਦਿ ਲੇਖ ਤੇ ਕਹਾਣੀਆਂ ਮਿਆਰੀ ਤੇ ਪੜ੍ਹਨਯੋਗ ਹਨ। ਇਨ੍ਹਾਂ ਤੋਂ ਇਲਾਵਾਂ ਹੋਰ ਰਚਨਾਵਾਂ ਵੀ ਅੰਕ ਵਿੱਚ ਛਪੀਆਂ ਹਨ। ਇਸ ਅੰਕ ਦੇ ਸਫ਼ੇ : 40, ਮੁੱਲ: 20 ਰੁਪਏ ਹੈ। 'ਪੰਖੜੀਆਂ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395,

## ਸੰਗਰਾਮੀ ਲਹਿਰ : ਮਈ, 2026



ਸੰਗਰਾਮੀ ਲਹਿਰ ਮੰਗਤ ਰਾਮ ਪਾਸਲਾ ਦੀ ਸੰਪਾਦਨਾ ਹੇਠ ਛਪ ਰਿਹਾ ਹੈ। ਇਸ ਅੰਕ ਦਾ ਮੁੱਲ : 20 ਤੇ ਸਫ਼ੇ : 44 ਹਨ। ਸੰਪਾਦਕੀ ਜਮਾਤੀ ਲੋਟੂਆਂ ਤੋਂ ਸੁਚੇਤ ਕਰਦੀ ਹੈ। ਮਜ਼ਦੂਰ ਦਿਹਾੜੇ, ਕਿਰਤ ਕਾਨੂੰਨ ਉੱਤੇ ਮਹੀਪਾਲ, ਰਵੀ ਕੰਵਰ , ਪ੍ਰੋ. ਜੈਪਾਲ ਸਿੰਘ ਦੇ ਗੰਭੀਰ ਲੇਖ ਹਨ। ਮੰਗਤ ਰਾਮ ਪਾਸਲਾ ਆਪਣੇ ਲੇਖ 'ਚ ਕਮਿਊਨਿਸਟਾਂ ਦੀ ਹੋਂਦ ਮਿਟਾਉਣ ਦੇ ਇਰਾਦੇ ਨੂੰ ਨੰਗਾ ਕਰਦਾ ਹੈ। ਟੈਕਸਾਂ ਬਾਰੇ ਪਰਗਟ ਸਿੰਘ ਜਾਮਾਰਾਏ, ਯੁੱਧ ਨਸ਼ਿਆਂ ਵਿਰੁੱਧ ਦੀ ਹਕੀਕਤ ਤੇ ਸਰਬਜੀਤ ਗਿੱਲ, ਡਾ ਅੰਬੇਡਕਰ ਤੇ ਪ੍ਰੋ. ਕੇ. ਕਲਿਆਣੀ ਦੀਆਂ ਲਿਖਤਾਂ ਹਨ। ਅਫ਼ਰਾ ਬੁਖ਼ਾਰੀ ਦੀ ਕਹਾਣੀ 'ਛੀਂਟ ਦੀ ਰਜਾਈ' ਤੇ ਕੌਮਾਂਤਰੀ ਪਿੜ ਤੇ ਜਨਤਕ ਲਾਮਬੰਦੀ ਤਹਿਤ ਲਿਖਤਾਂ ਪ੍ਰਕਾਸ਼ਤ ਕੀਤੀਆਂ ਹਨ। ਸੰਗਰਾਮੀ ਲਹਿਰ ਨੂੰ ਮੰਗਵਾਉਣ ਲਈ ਸੰਪਰਕ (ਰਾਮ ਕਿਸ਼ਨ 98720-68620)

## ਲਾਲ ਪਰਚਮ : ਮਈ, 2026



ਲਾਲ ਪਰਚਮ ਮੁਖਤਿਆਰ ਪੂਹਲਾ ਦੀ ਸੰਪਾਦਨਾ ਹੇਠ ਰਾਮਪੁਰਾ ਫੂਲ ਤੋਂ ਪ੍ਰਕਾਸ਼ਤ ਹੁੰਦਾ ਰਸਾਲਾ ਹੈ। ਹੱਥਲੇ ਨਵੇਂ ਅੰਕ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ (ਪ੍ਰਿਤਪਾਲ ਮੰਡੀਕਲਾਂ), ਪੰਜਾਬ ਵਿੱਚ ਗੜੇਮਾਰੀ , ਅਧਿਆਪਕ ਯੋਗਤਾ ਪ੍ਰੀਖਿਆ, ਪ੍ਰੈਸ ਦੀ ਆਜ਼ਾਦੀ, ਵੋਟਰ ਸੂਚੀ ਦੀ ਸੁਧਾਈ ਮੁਹਿੰਮ, ਸਾਬਰੀਮਾਲਾ ਮੰਦਰ, ਖੇਤੀ ਅਰਥਚਾਰੇ ਦਾ ਗੰਭੀਰ ਸੰਕਟ, ਇਰਾਨ ਜੰਗ, ਚੀਨ ਦੀ ਖਾੜੀ ਜੰਗ ਵਿੱਚ ਭੂਮਿਕਾ, ਹੰਗਰੀ ਵਿੱਚ ਓਰਬਾਨ ਦੇ ਸਾਮਰਾਜ ਦਾ ਪਤਨ, ਆਲਮੀ ਚੁਣੌਤੀ ਬਣਿਆ ਊਰਜਾ ਸੰਕਟ ਆਦਿ ਮੁੱਦਿਆਂ ਤੇ ਵਿਚਾਰ ਉਤੇਜਿਤ ਲਿਖਤਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੰਤਲੇ ਸਫ਼ਿਆਂ ਉੱਤੇ ਸੱਤਾਂ ਦੇ ਅਨਿਆਂ ਵਿਰੁੱਧ ਆਮ ਲੋਕਾਂ ਦੀ ਲਾਮਬੰਦੀ ਨਾਲ ਸਬੰਧਤ ਰੀਪੋਰਟਿੰਗ ਛਪੀ ਹੈ। ਪਰਚਾ ਮੰਗਵਾਉਣ ਲਈ ਪਾਠਕ 96460-10770 ਤੇ ਸੰਪਰਕ ਕਰ ਸਕਦੇ ਹਨ।

## ਤਨੀਸ਼ਾ : ਮਈ, 2026



ਤਨੀਸ਼ਾ ਬਾਲ ਸਾਹਿਤ ਦਾ ਰਸਾਲਾ ਹੈ। ਜਿਸ ਦੇ ਸੰਪਾਦਕ ਸਾਬੀ ਈਸਪੁਰੀ ਹਨ। ਰਸਾਲੇ ਦੇ ਪੰਨੇ : 50 ਤੇ ਮੁੱਲ : 75 ਰੁਪਏ ਹੈ। ਸੰਪਾਦਕੀ ਵਿੱਚ ਬਾਲਾਂ ਦੇ ਸੋਹਜ ਸੁਵਾਦ ਦੀ ਗੱਲ ਕੀਤੀ ਗਈ ਹੈ। ਰਸਾਲੇ ਵਿੱਚ ਵੱਖ ਵੱਖ ਲੇਖਕਾਂ ਦੀਆਂ ਬਾਲਾਂ ਨਾਲ ਸਬੰਧਤ ਕਵਿਤਾਵਾਂ ਅਤੇ ਉਨ੍ਹਾਂ ਦੇ ਵਿਸ਼ੇ ਨਾਲ ਸਬੰਧਤ ਚਿੱਤਰ ਵੀ ਛਾਪੇ ਗਏ ਹਨ। ਹੱਥਲੇ ਅੰਕ ਵਿੱਚ ਮਹਿੰਦਰ ਸਿੰਘ ਮੁਸਾਫਰ, ਬਲਜਿੰਦਰ ਮਾਨ, ਭੁਪਿੰਦਰ ਸਿੰਘ ਆਸ਼ਟ, ਭੁਪਿੰਦਰ ਸਿੰਘ ਮਾਨ, ਅਵਤਾਰ ਈਸ਼ਪੁਰੀ, ਸਤਪਾਲ ਭੀਖੀ, ਦਵਿੰਦਰ ਦਿਲਰੂਪ, ਸੁਖਮਨ, ਰਘੁਬੀਰ ਸਿੰਘ ਕਲੋਆ, ਰਾਮ ਲਾਲ ਭਗਤ, ਮਨਪ੍ਰੀਤ ਕੌਰ ਭਾਟੀਆ ਅਤੇ ਹੋਰ ਇਕ ਦਰਜਨ ਲੇਖਕਾਂ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਰਸਾਲੇ ਸੁੰਦਰ ਦਿੱਖ ਵਾਲਾ ਹੈ। ਰਸਾਲਾ ਸਾਬੀ ਈਸਪੁਰੀ (94171-16476) ਤੇ ਸੰਪਰਕ ਕਰਕੇ ਮੰਗਵਾਇਆ ਜਾ ਸਕਦਾ ਹੈ।

## ਲੋਹਮਣੀ : ਅਪ੍ਰੈਲ-ਜੂਨ, 2026



ਲੋਹਮਣੀ ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਇਸ ਦੇ ਸਫ਼ੇ : 68 ਤੇ ਮੁੱਲ : 40 ਰੁਪਏ ਹੈ। ਪਰਚੇ ਦਾ ਕਾਫੀ ਵੱਡਾ ਸੰਪਾਦਕੀ ਮੰਡਲ ਹੈ। ਹੱਥਲੇ ਅੰਕ ਵਿੱਚ ਅਮਰੀਕਾ ਈਰਾਨ ਜੰਗ ਬਾਰੇ ਗੁਰਮੇਲ ਸਿੰਘ ਬੌਡੇ, ਮਾਓ ਜੇ ਤੁੰਗ ਦੀ ਜੀਵਨੀ, ਪਿੱਤਰੀ ਸੱਤਾ ਬਾਰੇ ਮਨਪ੍ਰੀਤ ਮਹਿਨਾਜ਼, ਲਾਸ਼ਾਂ ਦੇ ਢੇਰ ਤੇ ਉਸਰਿਆ ਯੂਰਪ (ਆਂਦਰੇ ਵੀਖੋਕ), ਪਾਸ਼ ਦੀ ਕਵਿਤਾ ਦਾ ਸੁਹਜ (ਡਾ. ਟੀ. ਆਰ ਵਿਨੋਦ), ਭਗਤ ਸਿੰਘ (ਬਲਦੇਵ ਸਿੰਘ) ਲਿਖਤਾਂ ਛਪੀਆਂ ਹਨ। ਵੰਡ ਵੰਡਾਰਾ (ਬੀ ਐੱਸ ਬੀਰ), ਨੱਬੇ ਦਿਨ (ਮਨਮੋਹਨ ਕੌਰ), ਪਹਾੜ (ਆਰਨੈੱਸਟ ਹੈਮਿਗਵੇ), ਮੱਥੇ 'ਚੋਂ ਉੱਗਿਆ ਸੂਰਜ (ਚਰਨਜੀਤ ਸਮਾਲਸਰ), ਲੀਵ ਆਊਟ (ਅੰਮ੍ਰਿਤਪਾਲ ਕਲੇਰ) ਆਦਿ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆ ਹਨ। ਕੇ. ਸਾਧੂ ਸਿੰਘ, ਡਾ. ਰਾਮਪਾਲ ਸ਼ਾਹਪੁਰੀ, ਮਨਜੀਤ ਕਾਦਰ ਤੇ ਹੋਰ ਇਕ ਦਰਜਨ ਦੀ ਸ਼ਾਇਰੀ ਛਪੀ ਹੈ। ਲੋਹਮਣੀ, ਡਾ. ਸੁਰਜੀਤ ਬਰਾੜ (98553-711313) ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।



ਦੀਪਕ ਧਲੇਵਾਂ, ਪੰਜਾਬੀ ਗ਼ਜ਼ਲ ਜਗਤ ਵਿੱਚ ਜਾਣਿਆ-ਪਛਾਣਿਆ ਨਾਂਅ ਹੈ। ਉਸ ਦੀ ਸ਼ਖ਼ਸੀਅਤ ਸਹਿਜ, ਸੰਜੀਦਗੀ ਤੇ ਸੂਝ ਦਾ ਸੁਮੇਲ ਹੈ। ਉਸ ਨੇ ਆਪਣੇ ਅੰਦਰਲੀ ਸ਼ਾਇਰੀ ਦੀ ਚਿਣਗ ਨੂੰ ਲਗਾਤਾਰ ਮਘਦੀ ਰੱਖਿਆ ਹੈ। ਜਵਾਨੀ ਪਹਿਰੇ ਤੋਂ ਅੱਜ ਤੱਕ, ਲਗਨ ਸਾਧਨਾ ਤੇ ਸ਼ਬਦ ਸਾਧਕਾਂ ਦੇ ਦਾਇਰਿਆਂ ਵਿੱਚ ਵਿਚਰਨ ਕਰਕੇ ਉਹਦੀ ਗ਼ਜ਼ਲਕਾਰੀ ਵਿੱਚ ਹੁਨਰ ਅਤੇ ਵਿਚਾਰਧਾਰਕ ਪੱਖ ਤੋਂ ਨਿਖਾਰ ਆਉਂਦਾ ਰਿਹਾ ਹੈ। ਉਹ ਆਪਣੇ ਸ਼ਿਅਰਾਂ ਵਿੱਚ ਮਿੱਥਾਂ, ਵਿਸ਼ਵਾਸਾਂ ਨੂੰ ਅੱਜ ਦੇ ਸੰਦਰਭ ਨਾਲ ਜੋੜ ਕੇ ਖੂਬਸੂਰਤ ਰੰਗ ਭਰਦਾ ਹੈ। ਤਕਨਾਲੋਜੀ ਦੇ ਬੇਮੁਹਾਰੇ ਵਿਕਾਸ ਕਾਰਨ ਅਲਹਿਦਗੀ ਦਾ ਸ਼ਿਕਾਰ ਹੋਈ ਮਾਨਵਤਾ ਦੀ ਪੀੜ ਤੇ ਬੇਬੱਸੀ ਉਹਦੀ ਕਾਵਿ-ਧਾਰਾ ਦੇ ਕੇਂਦਰ ਵਿੱਚ ਹੈ। ਮਨੁੱਖ ਆਪਣੀ ਖੰਡਿਤ ਮਾਨਸਿਕਤਾ ਨੂੰ ਗਹਿਰਾਈ ਤੋਂ ਜਾਨਣ ਵਿੱਚ ਹੀ ਸਕੂਨ ਲੱਭਦਾ ਹੈ। ਦੀਪਕ ਦੀ ਸ਼ਾਇਰੀ ਏਸੇ ਤਲਾਸ਼ ਦਾ ਵਿਸਥਾਰ ਹੈ। ਵਿਵਸਥਾ ਦੀ ਚੱਕੀ ਵਿੱਚ ਪਿਸਦੀ ਮੁਹੱਬਤ ਤੇ ਸੀਨਿਆਂ 'ਚ ਹੀ ਦਮ ਤੋੜਦੀ ਬਗਾਵਤ ਦੇ ਅਹਿਸਾਸ ਉਸ ਦੇ ਕਲਾਮ ਵਿੱਚ ਕਈ ਰੰਗਾਂ ਵਿੱਚ ਪੇਸ਼ ਹੁੰਦੇ ਹਨ। ਦੀਪਕ ਧਲੇਵਾਂ ਦੀਆਂ ਹਥਲੀਆਂ ਗ਼ਜ਼ਲਾਂ ਉਸ ਦੀ ਅਨੁਭਵੀ ਕਾਵਿ-ਸੰਵੇਦਨਾ ਦੀ ਗਵਾਹੀ ਭਰਦੀਆਂ ਹਨ। - **ਜਸਵਿੰਦਰ**

# ਦੀਪਕ ਧਲੇਵਾਂ ਦੀਆਂ ਨਵੀਆਂ .ਗ਼ਜ਼ਲਾਂ

(1)

ਇਹ ਨੰਗੀਆਂ ਟਾਹਣੀਆਂ ਨੂੰ ਪੱਤੀਆਂ ਪਹਿਨਣ ਨਹੀਂ ਦਿੰਦਾ
ਕਿਉਂ ਚੇਤਰ ਸਭ ਨੂੰ ਇੱਕੋ ਵਾਂਗਰਾਂ ਮੌਲਣ ਨਹੀਂ ਦਿੰਦਾ

ਨਜ਼ਰ ਸਭ ਵੇਖ ਕੇ ਪਹਿਲਾਂ ਤਰਾਂ ਸੁਪਨੇ ਨਹੀਂ ਬੁਣਦੀ
ਅਤੇ ਮੈਂ ਦਿਲ ਵੀ ਹੁਣ ਪਹਿਲਾਂ ਤਰਾਂ ਧੜਕਣ ਨਹੀਂ ਦਿੰਦਾ

ਇਹਨਾਂ ਨੇ ਮੌਸਮਾਂ ਨੂੰ ਸਾਂਭਿਆ ਤੇ ਪਾਲ਼ਿਆ ਵੀ ਹੈ
ਜ਼ਮਾਨਾ ਫੇਰ ਵੀ ਕਲੀਆਂ ਨੂੰ ਕਿਉਂ ਮਹਿਕਣ ਨਹੀਂ ਦਿੰਦਾ

ਮੈਂ ਉਸ ਨੂੰ ਅਲਵਿਦਾ ਕਹਿ ਪਰਤ ਆਈ ਹਾਂ ਕਦੋਂ ਦੀ ਪਰ
ਉਹ ਬੀਤੇ ਵਕਤ ਨੂੰ ਖ਼ਬਰੇ ਕਿਉਂ ਗੁਜ਼ਰਨ ਨਹੀਂ ਦਿੰਦਾ

ਉਹਦੀ ਦਹਿਲੀਜ਼ ਨੇ ਹੁੱਬ ਕੇ ਕਦੇ ਆਵਾਜ਼ ਨਾ ਮਾਰੀ
ਮੇਰਾ ਦਿਲ ਸ਼ਹਿਰ ਉਸ ਦੇ ਨੂੰ ਕਦੇ ਲੰਘਣ ਨਹੀਂ ਦਿੰਦਾ

(2)

ਮੇਰੀ ਆਵਾਜ਼ ਦਾ ਟੁਕੜਾ ਸੁਣਾਈ ਕਿਉਂ ਨਹੀਂ ਦਿੰਦਾ
ਜੋ ਕੁਝ ਮਹਿਸੂਸ ਹੁੰਦਾ ਹੈ ਦਿਖਾਈ ਕਿਉਂ ਨਹੀਂ ਦਿੰਦਾ

ਮੇਰੀ ਰਗ-ਰਗ 'ਚ ਰਚ ਕੇ ਜੋ ਮੇਰੇ 'ਚੋਂ ਹੋ ਗਿਆ ਮਨਫ਼ੀ
ਮੇਰਾ ਆਪਾ ਅਜੇ ਉਸ ਨੂੰ ਵਿਦਾਈ ਕਿਉਂ ਨਹੀਂ ਦਿੰਦਾ

ਮੇਰੀ ਜਾਇਦਾਦ 'ਚੋਂ ਪੁੱਤਰ ਨੇ ਜਦ ਹਿੱਸਾ ਵੰਡਾ ਲੈਣਾ
ਮੈਂ ਅਪਣੀ ਧੀ ਨੂੰ ਫਿਰ ਅੱਧੀ ਕਮਾਈ ਕਿਉਂ ਨਹੀਂ ਦਿੰਦਾ

ਤੂੰ ਉਸ ਦੀ ਚੁੱਪ ਨਾ ਸਮਝੇਂ ਤਦੇ ਤਾਂ ਸੋਚਦੈਂ ਏਦਾਂ
ਕਿ ਉਹ ਨਿਰਦੋਸ਼ ਹੋ ਕੇ ਵੀ ਸਫ਼ਾਈ ਕਿਉਂ ਨਹੀਂ ਦਿੰਦਾ

ਉਡੀਕਾਂ ਦੇਰ ਤੋਂ ਤੈਨੂੰ ਤੇ ਅੰਦਰ ਪੀੜ ਜਨਮਾਂ ਦੀ
ਮੈਂ ਤੈਨੂੰ ਮਿਲਣ ਦੀ ਫਿਰ ਵੀ ਦੁਹਾਈ ਕਿਉਂ ਨਹੀਂ ਦਿੰਦਾ

(3)

ਮੈਂ ਘਰ ਪਹੁੰਚਣ ਤੋਂ ਪਹਿਲਾਂ ਫੇਰ ਬੇਘਰ ਹੋਣ ਵਾਲਾ ਹਾਂ
ਨਵੀਂ ਮੰਜ਼ਿਲ ਲਈ ਫਿਰ ਤੋਂ ਮੁਸਾਫ਼ਿਰ ਹੋਣ ਵਾਲਾ ਹਾਂ

ਮੁਹੱਬਤ ਬਣ ਕੇ ਤੇਰਾ ਮੇਰੀਆਂ ਅੱਖਾਂ 'ਚ ਆ ਜਾਣਾ
ਮੈਂ ਕਿੰਨਿਆਂ ਦੀ ਹੀ ਨਫ਼ਰਤ ਦਾ ਵੀ ਪਾਤਰ ਹੋਣ ਵਾਲਾ ਹਾਂ

ਮੈਂ ਜੋ ਹੋਣਾ ਸੀ ਉਹ ਹਾਲੇ ਤਾਂ ਪਰਲੇ ਪਾਰ ਦਾ ਸੁਪਨਾ
ਮੈਂ ਜੋ ਹੋਣਾ ਨਹੀਂ ਚਾਹੁੰਦਾ ਸੀ ਆਖ਼ਰ ਹੋਣ ਵਾਲਾ ਹਾਂ

ਇਹ ਕੇਹਾ ਮੋੜ ਹੈ, ਕੇਹਾ ਗੁਨਾਹ, ਕੇਹੀ ਸਜ਼ਾ ਮੇਰੀ
ਮੈਂ ਰੂਹ ਦੇ ਰਾਜ਼ਦਾਰਾਂ ਦਾ ਹੀ ਮੁਖ਼ਬਰ ਹੋਣ ਵਾਲਾ ਹਾਂ

ਅਖ਼ੀਰੀ ਰਹਿ ਗਏ ਪੜ੍ਹਨੇ ਤੇਰੀ ਗੀਤਾ ਦੇ ਅਧਿਆਇ
ਮੈਂ ਅਪਣੀ ਹੋਂਦ ਦੀ ਹਉਮੈਂ ਤੋਂ ਮੁਨਕਰ ਹੋਣ ਵਾਲਾ ਹਾਂ

(4)

ਤੇਰੇ ਗ਼ਮ ਨੂੰ ਵਿਦਾ ਸੀਨੇ 'ਚੋਂ ਕਰ ਦੇਵਾਂ ਕਿਵੇਂ ਦਸ
ਮੈਂ ਇਸ ਵਿਚ ਹੋਰ ਗਹਿਰਾ ਬਹੁਤ ਗਹਿਰਾ ਡੁੱਬਣਾ ਹੈ

ਮੈਂ ਚਾਹੁੰਦਾ ਹਾਂ ਸਿਖ਼ਰ ਦੀ ਪੀੜ ਨੂੰ ਮਹਿਸੂਸ ਕਰਨਾ
ਤੇ ਇਸਨੂੰ ਅੰਤਲੇ ਬਿੰਦੂ 'ਤੇ ਜਾਂਦੇ ਵੇਖਣਾ ਹੈ

ਮੇਰੇ ਅੰਦਰ ਗੰਧਾਰੀ ਦਾ ਸੁਹੱਪਣ ਬਲ ਰਿਹਾ ਹੈ
ਜੋ ਉਸਦੀ ਬੇਵਸੀ ਦੇ ਹੰਝੂਆਂ ਵਿਚ ਢਲ ਰਿਹਾ ਹੈ

ਅਜੇ ਤਾਂ ਜਿਸਮ 'ਤੇ ਆਈਆਂ ਤਰੇੜਾਂ ਓਸਦੇ ਬਸ
ਅਜੇ ਰੂਹ ਤੀਕ ਟੁੱਟਣਾ ਟੁੱਟ ਕੇ ਫਿਰ ਬਿਖਰਨਾ ਹੈ

ਮੇਰੇ ਛੱਡ ਜਾਣ 'ਤੇ ਕਾਹਦੀ ਉਦਾਸੀ ਗ਼ਮ ਕਿਉਂ ਹੈ
ਸਮੇਂ ਨੇ ਬਦਲਣਾ ਹੁੰਦੈ ਕਦੋਂ ਜਿਉਂ ਦਾ ਤਿਉਂ ਹੈ
ਤੂੰ ਸ਼ਾਇਰ ਹੋ ਗਿਆ ਲਫ਼ਜ਼ਾਂ ਨੂੰ ਸੈਆਂ ਰੰਗ ਦਿੱਤੇ
ਤੇਰੇ ਬਾਰੇ ਮੈਂ ਹਾਲੇ ਹੋਰ ਬਿਹਤਰ ਸੋਚਣਾ ਹੈ

ਜਦੋਂ ਵੀ ਦਫ਼ਨ ਹੋਣੇ ਓਸ ਦੇ ਸੀਨੇ 'ਚ ਸੁਫ਼ਨੇ
ਜਗਾਉਣਾ ਓਸਨੇ ਫਿਰ ਰੁੱਤ ਵਿਧਵਾ ਨੂੰ ਉਨੀਂਦੇ

ਜਦੋਂ ਖ਼ਾਬਾਂ ਦੇ ਅੰਦਰ ਤੇਜ਼-ਤਰ ਛੁਰੀਆਂ ਨੇ ਨੱਚਣਾ
ਮੈਂ ਉਸ ਨੂੰ ਓਸ ਵੇਲੇ ਹੱਥ ਅੱਡ ਕੇ ਮੰਗਣਾ ਹੈ

ਕਥਾ ਡੁੱਬ ਕੇ ਲਹੂ ਵਿਚ ਅੰਤ ਉੱਤੇ ਆ ਗਈ ਹੈ
ਅਠਾਰਾਂ ਖੂਹਣੀਆਂ, ਰਿਸ਼ਤੇ ਹਜ਼ਾਰਾਂ ਖਾ ਗਈ ਹੈ

ਤੇ ਮੇਰੀ ਕਸ਼ਮਕਸ਼ ਮੇਰੀ ਬੇਚੈਨੀ ਸਿਖ਼ਰ 'ਤੇ ਮੈਂ
ਇਹਦੇ 'ਚੋਂ ਗੁਜ਼ਰ ਕੇ ਫਿਰ ਆਦਿ ਉੱਤੇ ਪਹੁੰਚਣਾ ਹੈ

ਨਹੀਂ ਗੋਕੁਲ 'ਚ ਜੀਅ ਲਗਦਾ ਨਾ ਰਾਧਾ ਯਾਦ ਆਵੇ
ਤੇ ਨਾ ਹੁਣ ਰਾਜਗੱਦੀ ਦਾ ਹੀ ਕੋਈ ਮੋਹ ਸਤਾਵੇ

ਬੜੇ ਚਿਰ ਬਾਅਦ ਖੁੱਲ੍ਹੀ ਅੱਖ ਤੇ ਹੁਣ ਦੌੜ ਕੇ ਬਸ
ਅੰਞਾਣੇ ਬਾਲ ਵਾਂਗੂੰ ਰੁਕਮਣੀ ਗਲ ਲੱਗਣਾ ਹੈ

(5)

ਕਾਸ਼ਨੀ ਧੁੱਪ ਨੇ, ਹਵਾ ਨੇ ਤੇਰੇ ਬਾਰੇ ਪੁੱਛਿਆ
ਮੈਂ ਜਦੋਂ ਕਾਲਜ ਦੇ ਕੌਰੀਡੋਰ ਵਿੱਚੋਂ ਲੰਘਿਆ

ਪੈੜ ਪਰਛਾਵੇਂ ਦੀ ਕਦ ਹੁੰਦੀ ਸਮੇਂ ਦੀ ਹਿੱਕ 'ਤੇ
ਝੜ ਰਹੇ ਪੱਤੇ ਜਿਵੇਂ ਇਹ ਕਰ ਰਹੇ ਸਨ ਭਾਖਿਆ

ਘਾਹ ਦੀਆਂ ਸਨ ਚਾਦਰਾਂ ਜਿੱਥੇ, ਉਹ ਥਾਵਾਂ ਗੁੰਮ ਸਨ
ਰੇਤ ਖ਼ਾਬਾਂ ਦੀ ਮੈਂ ਲੈ ਕੇ ਸ਼ਾਮ ਨੂੰ ਘਰ ਪਰਤਿਆ

ਮੈਂ ਹਮੇਸ਼ਾ ਸੋਚਦਾ ਸੀ ਜੋ, ਕਦੇ ਹੋਇਆ ਨਹੀਂ,
ਜੋ ਕਦੇ ਨਾ ਸੋਚਿਆ ਸੀ ਕਿਸ ਤਰਾਂ ਉਹ ਹੋ ਗਿਆ

ਮੁੜਨ ਵੇਲੇ ਹੋਸਟਲ ਨੂੰ ਦੇਖਿਆ ਅੱਖ ਭਰ ਕੇ ਮੈਂ
ਇਸ ਦਫ਼ਾ ਵੀ ਉਸਨੂੰ ਪਰ ਮੈਂ ਅਲਵਿਦਾ ਨਾ ਆਖਿਆ

(6)

ਖ਼ਬਰੇ ਦਿਲ ਕਿਉਂ ਇਕਦਮ ਕੰਬਣ ਲਗਦਾ ਹੈ
ਜਦ ਕੋਈ ਤੇਰੇ ਬਾਰੇ ਪੁੱਛਣ ਲਗਦਾ ਹੈ

ਉਹ ਜਿਸ ਦੇ ਵੀ ਸਿਰ ਉੱਤੇ ਹੱਥ ਰੱਖ ਦੇਵੇ
ਓਹੀ ਬੰਦਾ ਅੰਦਰੋਂ ਤਿੜਕਣ ਲਗਦਾ ਹੈ

ਬੀਤੇ ਦੀ ਛਿਲਤਰ ਚੇਤੇ ਵਿਚ ਖੁਭਦੀ ਹੈ
ਉਹ ਜਦ ਵਕਤ ਦਾ ਪੰਨਾ ਪਰਤਣ ਲਗਦਾ ਹੈ

ਲੱਖ ਇਤਰਾਂ, ਫੁੱਲਾਂ, ਮਹਿੰਦੀ ਦੇ ਹੁੰਦੇ ਵੀ
ਸਾਹਾਂ ਅੰਦਰ ਓਹੀ ਮਹਿਕਣ ਲਗਦਾ ਹੈ

ਝਾਂਜਰ ਛਣਕੇ ਜਾਂ ਬੱਚੇ ਦੀ ਚੀਕ ਸੁਣੇ
ਮੇਰੇ ਯੁਗ ਦਾ ਗੌਤਮ ਸੋਚਣ ਲਗਦਾ ਹੈ

ਜਾਂ ਤਾਂ ਔੜ 'ਚ ਲੋਕ ਪਿਆਸੇ ਮਰ ਜਾਂਦੇ
ਜਾਂ ਛੱਤਾਂ 'ਚੋਂ ਪਾਣੀ ਟਪਕਣ ਲਗਦਾ ਹੈ

(7)

ਮੈਂ ਤੈਥੋਂ ਵਿੱਛੜ ਕੇ ਖ਼ੁਦ ਨੂੰ ਕਦੇ ਹੈਰਾਨ ਕਰ ਦੇਣਾ
ਤੇ ਅਪਣੀ ਹੋਂਦ ਨੂੰ ਕੁਝ ਇਸ ਤਰਾਂ ਆਸਾਨ ਕਰ ਦੇਣਾ

ਮੈਂ ਇਸ ਦੀਵਾਰ 'ਤੇ ਤਸਵੀਰ ਲਾ ਦੇਣੀ ਸਰੋਵਰ ਦੀ
ਤੇ ਅਪਣੀ ਪਿਆਸ ਨੂੰ ਕੁਝ ਇਸ ਤਰਾਂ ਪਰੇਸ਼ਾਨ ਕਰ ਦੇਣਾ

ਕਥਾ ਪਹੁੰਚੇ ਨਾ ਐਸੇ ਮੋੜ 'ਤੇ, ਨਾ ਚਾਹੁੰਦਿਆਂ ਫਿਰ ਤੋਂ
ਮੈਂ ਕੁੰਡਲ ਕਵਚ ਜਿੱਥੇ ਪਾਂਡਵਾਂ ਲਈ ਦਾਨ ਕਰਨਾ ਹੈ

ਨਮੀ ਨੈਣਾਂ ਦੀ ਜ਼ਾਹਿਰ ਹੋਣ ਨਾ ਦੇਣੀ ਕਿਸੇ ਅੱਗੇ
ਤੇ ਅਪਣੀ ਹੋਂਦ ਦਾ ਵੀ ਖੁੱਲ੍ਹ ਕੇ ਐਲਾਨ ਕਰ ਦੇਣਾ

ਢਲ਼ੇ ਜਦ ਸ਼ਾਮ ਤੈਨੂੰ ਯਾਦ ਕਰਕੇ ਬਾਲ਼ਦਾਂ ਦੀਵੇ
ਅਵੱਲਾ ਸ਼ੌਕ ਵੀ, ਫਿਰ ਪੌਣ ਨੂੰ ਤੂਫ਼ਾਨ ਕਰ ਦੇਣਾ

*ਮੋਬਾ. 95172-44006*

# ਭੁੱਲਣ ਦੀ ਬਿਮਾਰੀ (ਡਿਮੈਂਸ਼ੀਆ) ਬਾਰੇ ਵਿਚਾਰ-ਚਰਚਾ



**ਰੈਡਿੰਗ (ਇੰਗਲੈਂਡ)** : ਇੱਥੋਂ ਦੀ ਇੰਡੀਅਨ ਕਮਿਊਨਿਟੀ ਸੈਂਟਰ ਸੰਸਥਾ ਹਰ ਭਾਰਤੀ ਰਾਜ ਤੇ ਹਰ ਭਾਸ਼ਾ ਦੇ ਭਾਰਤੀਆਂ ਨੂੰ ਇੱਕਮੁੱਠ ਸਰਗਰਮੀਆਂ ਰਾਹੀਂ ਭਾਰਤੀ ਅਤੇ ਰਾਜਾਂ ਦੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਉਸਾਰੂ ਸਰਗਰਮੀਆਂ ਕਰਦੀ ਰਹਿੰਦੀ ਹੈ। ਉਹ ਇੱਥੋਂ ਦੇ ਭਾਰਤੀ ਨਾਗਰਿਕਾਂ ਨੂੰ ਅਤੇ ਆਉਂਦੇ ਭਾਰਤੀ ਸੈਲਾਨੀਆਂ ਨੂੰ ਇਸ ਦੇਸ਼ ਇੰਗਲੈਂਡ ਦੇ ਕਾਨੂੰਨਾਂ ਅਤੇ ਸੱਭਿਆਚਾਰ ਦੀ ਪਾਲਣਾ ਲਈ ਵੀ ਉਤਸ਼ਾਹਤ ਕਰਦੀ ਹੈ।

ਇੰਡੀਅਨ ਕਮਿਊਨਿਟੀ ਸੈਂਟਰ ਰੈਡਿੰਗ ਦੀ ਅਗਵਾਈ ਸ੍ਰੀ ਅਸ਼ਵਨੀ ਗੁਪਤਾ ਸਕੱਤਰ, ਸ੍ਰੀ ਨਿਰਵੈਰ ਸਿੰਘ ਚਕਲ, ਸ੍ਰੀਮਤੀ ਵੀਰਾਂ ਗੁਪਤਾ, ਸ੍ਰੀਮਤੀ ਗੁਰਵਿੰਦਰ ਕੌਰ ਆਦਿ ਦੀ ਸੁਚੱਜੀ ਟੀਮ ਕਰਦੀ ਹੈ ਅਤੇ ਸਾਰੇ ਫਿਰਕਿਆਂ ਨੂੰ ਏਕਤਾਬੱਧ ਕਰਕੇ ਆਪਸੀ ਸਾਂਝ ਅਤੇ ਮੁਹੱਬਤ ਦਾ ਸੁਨੇਹਾ ਦਿੰਦੀ ਹੈ। ਉਹ ਖਾਸ ਕਰਕੇ ਵੱਡੀ ਉਮਰ ਦੇ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ ਰੱਖਦੀ ਹੈ।

ਇਹ ਟੀਮ ਪਿਛਲੇ ਸਮੇਂ ਤੋਂ ਰੈਗੂਲਰ ਇੱਕ ਮਾਸਿਕ ਮੀਟਿੰਗ ਵਿੱਚ ਉਹਨਾਂ ਵਿਅਕਤੀਆਂ, ਜਿਨ੍ਹਾਂ ਨੂੰ ਭੁੱਲਣ ਦੀ ਬਿਮਾਰੀ ਡਿਮੈਂਸ਼ੀਆ ਲੱਗ ਗਈ ਹੈ ਜਾਂ ਸ਼ੁਰੂ ਹੋਣ ਦੇ ਲੱਛਣ ਹਨ, ਦੀ ਦੇਖਭਾਲ ਲਈ ਤੇ ਰੋਕਥਾਮ ਲਈ ਮਾਹਿਰਾਂ ਦੇ ਪ੍ਰੋਗਰਾਮ ਕਰਵਾਉਂਦੀ ਆ ਰਹੀ ਹੈ।ਇਹ ਪ੍ਰੋਗਰਾਮ ਇੰਗਲੈਂਡ ਦੀ ਸੰਸਥਾ ਵਾਈ ਪੀ ਡਬਲਯੂ ਡੀ (YPWD) ਅਰਥਾਤ ਯੰਗ ਪੀਪਲ ਵਿਦ ਡਿਮੈਂਸ਼ੀਆ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਹਨ।

ਇਸ ਵਾਰ ਪ੍ਰੋਫੈਸਰ ਨੀਵ ਹੈਰੀਸਨ ਨੇ ਇਸ ਬਿਮਾਰੀ ਦੇ ਲੱਛਣਾਂ ਅਤੇ ਰੋਕਥਾਮ ਲਈ ਉਪਾਅ ਬੋਰਡ ਉਤੇ ਡਿਜੀਟਲ ਪੇਸ਼ਕਾਰੀ ਰਾਹੀਂ ਸਮਝ ਆਉਣ ਵਾਲੇ ਤਰੀਕੇ ਨਾਲ ਵਰਣਨ ਕੀਤੇ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਉਹਨਾਂ ਕਿਹਾ ਕਿ ਯਾਦਾਸ਼ਤ, ਸੋਚਣੀ, ਵਰਤਾਓ ਤੇ ਸ਼ਖਸੀਅਤ ਵਿੱਚ ਤਬਦੀਲੀ ਡਿਮੈਂਸ਼ੀਆ ਦਾ ਸੰਕੇਤ ਹੁੰਦੀ ਹੈ। ਇਹ ਦਿਮਾਗੀ ਸੈਲਾਂ 'ਤੇ ਅਸਰ ਪਾਉਂਦੀ ਹੈ। ਅਲਜ਼ਾਈਮਰ ਡਿਮੈਂਸ਼ੀਆ ਦੀ ਇੱਕ ਕਿਸਮ ਹੈ। ਜ਼ਿਆਦਾ ਅਲਕੋਹਲ ਦਿਮਾਗ 'ਤੇ ਬੁਰਾ ਅਸਰ ਪਾ ਸਕਦੀ ਹੈ, ਜਿਸ ਨਾਲ ਸਾਫ-ਸਾਫ ਸੋਚਣ ਉੱਤੇ ਦੁਰਪ੍ਰਭਾਵ ਪੈਂਦਾ ਹੈ। ਸ਼ਰਾਬ ਜ਼ਿਆਦਾ ਮਾਤਰਾ ਵਿੱਚ ਪੀਣਾ ਜਾਂ ਗੈਰ ਸਰਗਰਮ ਰਹਿਣਾ ਕੇਵਲ ਕੁਝ ਕਾਰਨ ਹਨ, ਪਰ ਡਿਮੈਂਸ਼ੀਆ ਹੋ ਵੀ ਜਾਵੇ ਤਾਂ ਇਸ ਦਾ ਇਲਾਜ ਹੋ ਸਕਦਾ ਹੈ ਖਾਸ ਕਰਕੇ ਪਹਿਲਾਂ ਤੋਂ ਹੀ ਰੋਕਥਾਮ ਕਰਨੀ ਚਾਹੀਦੀ ਹੈ ਤੇ ਹੋ ਸਕਦੀ ਹੈ। ਇਸੇ ਵਾਸਤੇ ਹੀ ਇਹ ਸੰਸਥਾ ਅਜਿਹੇ ਪ੍ਰੋਗਰਾਮ ਕਰਦੀ ਰਹਿੰਦੀ ਹੈ ਤੇ ਖਾਸ ਕਰਕੇ ਡਿਮੈਂਸ਼ੀਆ ਦੇ ਮਰੀਜ਼ ਲੋਕਾਂ ਦੇ ਪਰਵਾਰਾਂ ਨੂੰ ਸੁਝਾਅ ਦਿੰਦੀ ਹੈ ਕਿ ਕਿਵੇਂ ਇਹਨਾਂ ਮਰੀਜ਼ਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਅੱਜਕੱਲ੍ਹ ਇੱਥੇ 'ਭੁੱਲਣ ਦੀ ਬਿਮਾਰੀ ਬਾਰੇ ਜਾਗਰੂਕਤਾ ਮਾਹ' ਚੱਲ ਰਿਹਾ ਹੈ। ਇਸ ਬਿਮਾਰੀ ਨਾਲ ਸੰਬੰਧਤ ਵਿਸ਼ੇ ਉਤੇ ਪ੍ਰੋਫੈਸਰ ਨੀਵ ਨੇ ਆਪਣਾ ਗਿਆਨ ਵਰਧਕ ਲੈਕਚਰ ਦਿੱਤਾ। ਉਹਨਾਂ ਨੇ ਸਵਾਲ ਤੁਹਾਨੂੰ ਖੁਸ਼ੀ ਕਿਸ ਚੀਜ਼ ਨਾਲ ਮਿਲਦੀ ਹੈ, ਦਾ ਜਵਾਬ ਲਿਖਣ ਵਾਸਤੇ ਸਤਰਾਂ ਲਿਖਣ ਲਈ ਕਾਗਜ਼ ਵੰਡੇ, ਜਿਸ ਦੇ ਜਵਾਬ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਆਪਣੇ ਜਵਾਬ ਲਿਖ ਕੇ ਉਹਨਾਂ ਨੂੰ ਦਿੱਤੇ। ਨਿਰਵੈਰ ਸਿੰਘ ਚਕਲ ਅਤੇ ਗੁਰਨਾਮ ਕੰਵਰ ਨੇ ਇਸ ਬਾਰੇ ਮੌਕੇ 'ਤੇ ਹੀ ਕਵਿਤਾ ਲਿਖ ਕੇ ਸੁਣਾਈ ਅਤੇ ਵਾਹ-ਵਾਹ ਖੱਟੀ।

ਅਸ਼ਵਨੀ ਗੁਪਤਾ ਨੇ ਆਪਣੇ ਤਜਰਬੇ ਵਿੱਚੋਂ ਮਿਸਾਲ ਦੇ ਕੇ ਦੱਸਿਆ ਕਿ ਆਰੰਭ ਹੋ ਰਹੀ ਬਿਮਾਰੀ ਨੂੰ ਛੁਪਾਉਣਾ ਕਿ ਪਰਵਾਰ ਉਤੇ ਕਲੰਕ ਲੱਗ ਜਾਵੇਗਾ, ਹਾਨੀਕਾਰਕ ਸੋਚ ਹੈ। ਸ਼ੁਰੂ ਵਿੱਚ ਹੀ ਡਿਮੈਂਸ਼ੀਆ ਬਾਰੇ ਡਾਕਟਰਾਂ ਦੀ ਸਲਾਹ ਲੈਣੀ ਲਾਭਦਾਇਕ ਹੋ ਸਕਦੀ ਹੈ।

ਮੈਡਮ ਨੀਵ ਨੇ ਲੈਕਚਰ ਦੇ ਅਖੀਰ ਉੱਤੇ ਸਵਾਲਾਂ-ਜਵਾਬਾਂ ਦਾ ਬਹੁਤ ਸੋਹਣਾ ਪ੍ਰੋਗਰਾਮ ਕੀਤਾ, ਜਿਸ ਵਿੱਚ ਉਹਨਾਂ ਨੇ ਤਸੱਲੀਬਖਸ਼ ਜਵਾਬ ਦਿੱਤੇ।

ਸੱਭਿਆਚਾਰਕ ਪ੍ਰੋਗਰਾਮ ਵਿੱਚ ਸਕੱਤਰ ਅਸ਼ਵਨੀ ਗੁਪਤਾ ਨੇ ਬਾਕਮਾਲ ਮੰਚ ਸੰਚਾਲਨ ਦੇ ਨਾਲ-ਨਾਲ ਅਤੇ ਦੀਪਕ ਨੇ ਹਿੰਦੀ ਫਿਲਮਾਂ ਦੇ ਗੀਤ ਸੁਣਾ ਕੇ ਖੂਬ ਤਾੜੀਆਂ ਬਟੋਰੀਆਂ। ਅਨੀਸ਼ਾ ਗੁਪਤਾ ਨੇ ਗੀਤ ਸੁਣਾ ਕੇ ਮਨ ਮੋਹ ਲਿਆ।

ਬਜ਼ੁਰਗ ਮਾਂ-ਬਾਪ ਦੀ ਬੇਟੀਆਂ ਵੱਲੋਂ ਖਾਸ ਸੰਭਾਲ ਦੀ ਵੀ ਪ੍ਰਸ਼ੰਸਾ ਕੀਤੀ ਗਈ ਅਤੇ ਸਕੱਤਰ ਨੇ ਪ੍ਰਸਿੱਧ ਫਿਲਮੀ ਸੰਗੀਤਕਾਰ ਦੀ ਜ਼ਿੰਦਗੀ ਵਿੱਚੋਂ ਭਾਵੁਕ ਮਿਸਾਲ ਵੀ ਦਿੱਤੀ।

ਸ੍ਰੀਮਤੀ ਤੇ ਸ੍ਰੀ ਦੇਸ਼ ਪਾਂਡੇ ਦੀ 64ਵੀਂ ਵਰੇਗੰਢ ਉੱਤੇ ਕੇਕ ਕੱਟ ਕੇ ਮੁਬਾਰਕਾਂ ਤੇ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ ਤੇ ਸਭਨਾਂ ਵੱਲੋਂ ਲਿਖਿਆ ਵਧਾਈ ਕਾਰਡ ਵੀ ਭੇਟ ਕੀਤਾ ਗਿਆ।

ਪ੍ਰੋਗਰਾਮ ਦੇ ਆਰੰਭ ਵਿੱਚ ਕਮਿਊਨਿਟੀ ਸੈਂਟਰ ਦੀ ਲੰਮੇ ਸਮੇਂ ਤੋਂ ਮੈਂਬਰ ਰਹੀ ਅਤੇ ਬਹੁਤ ਸਾਰੇ ਸਾਲਾਂ ਤੋਂ ਡਿਮੈਂਸ਼ੀਆ ਦੀ ਪੀੜਤ ਰਹੀ ਸ੍ਰੀਮਤੀ ਇੱਛਾ ਦੇ ਇਸੇ ਹਫਤੇ ਹੋਏ ਦੇਹਾਂਤ ਉੱਤੇ ਸ਼ਰਧਾਂਜਲੀ ਦਿੱਤੀ ਗਈ। ਸੋਗ ਮਤਾ ਸੈਂਟਰ ਦੀ ਸਰਗਰਮ ਕਾਰਕੁਨ ਗੁਰਵਿੰਦਰ ਕੌਰ ਨੇ ਪੇਸ਼ ਕੀਤਾ। ਸ੍ਰੀਮਤੀ ਵੀਰਾਂ ਗੁਪਤਾ ਅਤੇ ਗੁਰਵਿੰਦਰ ਕੌਰ ਦੀ ਟੀਮ ਨੇ ਸਦਾ ਦੀ ਤਰ੍ਹਾਂ ਬਹੁਤ ਮਿਹਨਤ ਕਰਕੇ ਵਧੀਆ ਪ੍ਰਬੰਧ ਕੀਤਾ ਅਤੇ ਵਧੀਆ ਲੰਗਰ ਵੀ ਸਾਰਿਆਂ ਦੇ ਸਹਿਯੋਗ ਨਾਲ ਮੈਂਬਰਾਂ ਨੂੰ ਪਰੋਸਿਆ।

ਇਸ ਪ੍ਰੋਗਰਾਮ ਵਿੱਚ ਉਪਰ ਜ਼ਿਕਰ ਹੋਇਆਂ ਤੋਂ ਇਲਾਵਾ ਨਿਰਵੈਰ ਸਿੰਘ ਚਕਲ, ਗੁਰਨਾਮ ਕੰਵਰ, ਰਮੇਸ਼, ਸੋਨਾ, ਸ਼ਮਿਤਾ, ਸ਼ਾਂਤਾ, ਨੀਲਮ, ਬਲਬੀਰ ਕੌਰ ਵਿੱਗ, ਬਲਬੀਰ ਸਿੰਘ ਵਿੱਗ, ਜਗਦੀਸ਼ ਧਰਮਪਾਲ, ਨਰਿੰਦਰ ਬਲ, ਪੱਪੀ, ਸਰਬਜੀਤ ਤਿਵਾੜੀ, ਨਾਮਵਰ ਕਵੀ ਮਾਸਟਰ ਤਰਸੇਮ ਲਾਲ, ਨਰੰਜਣ ਸਿੰਘ ਹਰਿਗੁਣ, ਧਰਮਪਾਲ ਗੁਪਤਾ, ਰਜਿੰਦਰ ਗੁਪਤਾ, ਦਿਨੇਸ਼ ਚੌਧਰੀ, ਸੁਨੀਲ, ਅਨੀਤਾ, ਸ੍ਰੀ ਕੁਕਰੇਜਾ ਆਦਿ ਹਾਜ਼ਰ ਸਨ।

**— ਗੁਰਨਾਮ ਕੰਵਰ**

## ਤਾਜ਼ ਵਿੱਚ ਜੜਿਆ ਨਕਲੀ ਹੀਰਾ

ਬਾਹਰੋਂ ਭਾਵੇਂ ਬੜਕਾਂ ਮਾਰੇ,
ਅੰਦਰੋਂ ਬਹੁਤ ਡਰਿਆ ਹੋਇਆ।
ਨ੍ਹੇਰੇ ਵਿੱਚ ਭਰਮ ਸੀ ਉਹਦਾ,
ਸੱਪ ਸੀ ਭਾਵੇਂ ਮਰਿਆ ਹੋਇਆ।
ਅੱਖ ਉਹਦੀ ਪੜ੍ਹ ਨਾ ਸਕਿਆ,
ਸਮਝੇ ਆਪ ਨੂੰ ਪੜ੍ਹਿਆ ਹੋਇਆ।
ਥੱਲੇ ਆਉਣਾ ਭੁੱਲ ਗਿਆ ਉਹ,
ਉੱਚਾ ਜਿੰਨਾ, ਚੜ੍ਹਿਆ ਹੋਇਆ।
ਮਲਾਈ ਦੁੱਧ 'ਤੇ ਆਉਣੋਂ ਹਟ ਗਈ,
ਭਾਵੇਂ ਪੂਰਾ ਕੜ੍ਹਿਆ ਹੋਇਆ।
ਹੀਰਾ ਵੀ ਇਹ ਨਕਲੀ ਲੱਗਦਾ,
ਬੇਸ਼ੱਕ ਤਾਜ 'ਚ ਜੜਿਆ ਹੋਇਆ।
ਕੱਚ ਦੀ ਤਰ੍ਹਾਂ ਟੁੱਟ ਜਾਵੇ ਸੱਚ ਅੱਗੇ,
ਝੂਠ ਭਾਵੇਂ ਸੋਨੇ 'ਚ ਮੜ੍ਹਿਆ ਹੋਇਆ।
ਵੇਲਾ ਆਇਆ ਪਤਾ ਲੱਗ ਜਾਂਦਾ,
ਕੌਣ ਹੈ ਅੰਦਰੋਂ ਖਰਿਆ ਹੋਇਆ।

(2)

ਮੈਂ ਤਾਂ ਮਰਦਾ ਏ ਦੁੱਖ ਦੇ ਨਾਲ,
ਦੁੱਖ ਦੱਸ ਸੱਜਣਾ ਸੁੱਖ ਦੇ ਨਾਲ।
ਜਨਮ ਤੋਂ ਪਹਿਲਾਂ ਮਰ ਜਾਣਾ ਸੀ,
ਜੇ ਦੁੱਖ ਹੁੰਦਾ ਕੁੱਖ ਦੇ ਨਾਲ।
ਬੰਦੇ ਦੀਆਂ ਸੋਚਾਂ ਹੋਈਆਂ ਕਾਲੀਆਂ,
ਹੋਰ ਕੀ ਦੁੱਖ ਮਨੁੱਖ ਦੇ ਨਾਲ।
ਬੰਬ ਮਿਜ਼ਾਈਲਾਂ ਚਲਦੀਆਂ ਰੋਜ਼,
ਤੀਰ ਨਹੀਂ ਚਲਦੇ ਧਨੁਸ਼ ਦੇ ਨਾਲ।
ਹੰਕਾਰ ਦਾ ਫਤੂਰ ਚੜ੍ਹਿਆ ਹੋਇਆ,
ਵੈਰ ਹੀ ਵੱਸਦਾ ਮਨੁੱਖ ਦੇ ਨਾਲ।
ਜ਼ਿੰਦਗੀ ਦੀ ਕੀਮਤ ਕੋਈ ਨਾ ਜਾਣੇ,
ਚਾਰ ਦਿਨ ਕੱਟ ਲੈ ਸੁੱਖ ਦੇ ਨਾਲ।
ਬੰਬ ਨਾਲ ਉੱਡ ਗਏ ਸਕੂਲੀ ਬੱਚੇ,
ਕੁਲਵਿੰਦਰ ਲਿਖਿਆ ਬੜੇ ਦੁੱਖ ਦੇ ਨਾਲ।
ਕੋਈ ਨਹੀਂ ਸੁਣਦਾ ਦੁੱਖ ਕਿਸੇ ਦਾ,
ਦੁੱਖ ਸਾਂਝਾ ਕਰਦਾਂ ਸੁੱਖ ਦੇ ਨਾਲ।

**- ਕੁਲਵਿੰਦਰ ਬੈਂਸ**



ਸਫ਼ਾ 3 ਦੀ ਬਾਕੀ

## ਸ਼ਹਿਰੀ ਮੱਧ ਵਰਗੀ ਮਨੁੱਖ ਦੀ ਹੋਣੀ ਦਾ ਬਿਰਤਾਂਤ...

ਸੱਭਿਆਚਾਰਕ ਤਣਾਅ ਅਤੇ ਮਾਨਸਿਕ ਕਸ਼ਮਕਸ਼ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ।

ਮਾਲਕ ਕੈਮਰਿਆਂ ਰਾਹੀਂ ਸਭ ਦੀ ਨਿਗਰਾਨੀ ਰੱਖਦੇ। ਕੈਮਰੇ ਦੇਖ ਸਿਕੰਦਰ ਕਈ ਵਾਰੀ ਕਹਿੰਦਾ, 'ਭਈਆ ਮੈਨੂੰ ਐਂ ਲੱਗਦਾ, ਇਹ ਕੈਮਰੇ ਨੀਂ, ਬੰਦੂਕਾਂ... ਨੇ ਬੰਦੂਕਾਂ... ਦੇਖ ਕਿਵੇਂ ਦੇਖਦੀਆਂ ਨੇ ਮੇਰੇ ਸਾਲੇ ਦੀਆਂ, ਮੇਰਾ ਜੀ ਕਰਦਾ ਕਦੇ-ਕਦੇ ਕਿ ਇੱਟ ਮਾਰ ਕੇ ਭੰਨ ਦਿਆਂ ਇਨ੍ਹਾਂ ਨੂੰ, ਨਾ ਅਸੀਂ ਕਿਤੇ ਚੋਰ ਆਂ...?'

ਇੱਕ ਦਿਨ ਫੈਕਟਰੀ 'ਚ ਲੱਡੂ ਵੰਡੇ ਗਏ। ਪਤਾ ਲੱਗਿਆ ਸੀ ਕਿ ਮਾਲਕ 60 ਲੱਖ ਵਾਲੀ ਗੱਡੀ ਲਿਆਏ। ਲੱਡੂ ਸਿਕੰਦਰ ਦੇ ਜਿਵੇਂ ਸੰਘ 'ਚ ਫਸ ਗਿਆ ਹੋਵੇ, ਸਾਥੋਂ ਤਾਂ ਸਾਲਾ ਫੈਕਟਰੀ 'ਚ ਕੰਮ ਕਰਦਿਆਂ ਨਵਾਂ ਸਾਈਕਲ ਨ੍ਹੀ ਲੈ ਹੋਇਆ, ਇਹ ਨਿੱਤ ਨਵੀਆਂ ਗੱਡੀਆਂ ਕਿਉਂ ਜਗਨਿਆਂ ਮੈਂ ਝੂਠ ਬੋਲਦਾਂ...?'

'ਸਰਦਾਰਾ ਐਵੇਂ ਗੁੱਸਾ ਨਾ ਚੜ੍ਹਾਅ, ਨੀਲੀ ਛਤਰੀ ਵਾਲਾ ਸਭ ਦੇਖਤਾ ਹੈ।

'ਕਿਹੜਾ ਨੀਲੀ ਛੱਤ ਆਲਾ? ਪਤਾ ਨੀ ਤੇਰੀ ਨੀਲੀ ਛੱਤ ਆਲੇ ਦੇ ਕਿਹੜੇ ਮਾਂਹ ਮਾਰੇ ਨੇ ਆਪਾਂ।' ਸਿਕੰਦਰ ਲੋਹਾ-ਲਾਖਾ ਹੋਇਆ ਪਿਆ ਸੀ। ਪੰਨਾ 95

ਇਸ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਘੜੇ ਜਿੱਡਾ ਮੋਤੀ' ਵੀ ਜੀਵਨ ਦੇ ਅਜਿਹੇ ਸੰਘਰਸ਼ਾਂ ਨੂੰ ਹੀ ਚਿਤਰਮਾਨ ਕਰਦੀ ਹੈ। ਇਸ ਕਹਾਣੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਘੱਟ ਪੜ੍ਹੇ-ਲਿਖੇ ਨੂੰ ਬੁਰਾ ਨਹੀਂ ਦੱਸਦੀ, ਸਗੋਂ ਇਹ ਦੱਸਦੀ ਹੈ ਕਿ ਗਿਆਨ ਦੀ ਘਾਟ ਕਾਰਨ ਇਨਸਾਨ ਸ਼ੋਸ਼ਣ ਦਾ ਸ਼ਿਕਾਰ ਬਣਦਾ ਹੈ। ਇਸ ਦੇ ਨਾਲ ਹੀ ਇਸ ਕਹਾਣੀ ਵਿੱਚ ਪੰਜਾਬੀਆਂ ਦੀ ਰਹਿਤਲ 'ਤੇ ਪਰਵਾਸ ਦੀ ਲੋੜ ਨੂੰ ਵੀ ਚਿਤਰਤ ਕੀਤਾ ਗਿਆ ਹੈ ਅਤੇ ਪਰਵਾਸੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਵੀ ਵਿਸ਼ਾ ਬਣਾਇਆ ਹੈ।

'ਜੁਆਕ ਪੜ੍ਹਨ 'ਚ ਤਾਂ ਹੁਸ਼ਿਆਰ ਨੇ।' ਹੀਰੇ ਨੇ ਦੱਸਿਆ ਸੀ।

'ਅੱਜਕੱਲ੍ਹ ਤਾਂ ਜੰਮਦੇ ਹੀ ਹੁਸ਼ਿਆਰ ਨੇ, ਹੋਰ ਸੁਣਾ ਫੇਰ ਖੇਡਦੀ ਐ ਕਾਟੋ ਫੁੱਲਾਂ 'ਤੇ?' ਮੈਂ ਪੁੱਛਿਆ।

'ਕਾਟੋ ਤਾਂ ਭਰਾਵਾ ਤੇਰੀ ਖੇਡਦੀ ਐ ਫੁੱਲਾਂ 'ਤੇ, ਅਸੀਂ ਤਾਂ ਘਰੋਂ ਫੈਕਟਰੀ ਤੇ ਫੈਕਟਰੀਓਂ ਸਿੱਧਾ ਘਰੇ।'

ਸਾਡਾ ਵੀ ਕੈਨੇਡਾ ਇਹੀ ਹਾਲ ਐ, ਸਿਰ ਖੁਰਕਣ ਦੀ ਵਿਹਲ ਨ੍ਹੀ, ਓਥੇ ਮੈਂ ਤਾਂ ਤੇਰੇ ਭਤੀਜਿਆਂ ਨੂੰ ਕਈ ਵਾਰੀ ਸੁੱਤਾ ਪਿਆ ਹੀ ਦੇਖਦਾਂ।' ਪੰਨਾ 106

ਇਸ ਸੰਗ੍ਰਹਿ ਦੀ ਇੱਕ ਕਹਾਣੀ ਗਤੀ, ਭਗਤ ਸਿੰਘ ਦੇ ਸੁਪਨਿਆਂ ਦੇ ਆਦਰਸ਼ਵਾਦੀ ਸਮਾਜ ਨਾ ਸਿਰਜੇ ਜਾਣ ਦੀ ਗੱਲ ਕਰਦੀ ਹੈ। ਇਸ ਕਹਾਣੀ ਦਾ ਮੈਂ ਪਾਤਰ ਆਪਣੇ ਅਵਚੇਤਨ ਵਿੱਚ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਨਾ ਸਿਰਜੇ ਜਾਣ ਦਾ ਦੋਸ਼ੀ ਸਾਰੇ ਸਮਾਜ ਨੂੰ ਸਮਝਦਾ। ਇਸ ਸੰਬੰਧੀ ਉਹ ਭਗਤ ਸਿੰਘ ਨਾਲ ਸੰਵਾਦ ਰਚਾਉਂਦਾ ਹੈ। ਉਹ ਲਿਖਦਾ ਹੈ, ਜੇਲ੍ਹ 'ਚ ਜਦ ਵੀ ਮੈਂ 'ਕੱਲਾ ਮਹਿਸੂਸ ਕਰਦਾ, ਮੈਂ ਨਾਅਰਾ ਮਾਰਦਾ। ਨਾਅਰੇ ਦਾ ਜੁਆਬ ਦਿੰਦਾ ਭਗਤ ਸਿੰਘ ਮੇਰੇ ਕੋਲ ਆ ਖੜ੍ਹਾ ਹੁੰਦਾ ਤੇ ਫੇਰ ਮੈਂ ਭਗਤ ਸਿੰਘ ਨਾਲ ਮਿਹਣੋ-ਮਿਹਣੀ ਹੁੰਦਾ ...। ਪੰਨਾ 44। ਇਸ ਸੰਵਾਦ ਵਿੱਚ ਮੈਂ ਪਾਤਰ ਅਤੇ ਭਗਤ ਸਿੰਘ ਇਸ ਦੇਸ਼ ਵਿੱਚ ਪੁਲਸ ਦੀ ਮਾੜੀ ਕਾਰਗੁਜ਼ਾਰੀ ਬਾਰੇ ਗੱਲ ਕਰਦੇ ਹਨ, ਭਗਤ ਸਿੰਘ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ ਨੂੰ ਮਨਾਉਣ ਸਮੇਂ ਭਗਤ ਸਿੰਘ ਬਾਰੇ ਖੇਡੇ ਜਾਣ ਵਾਲੇ ਨਾਟਕਾਂ ਅਤੇ ਉਸ ਸਮੇਂ ਸਥਾਪਤ ਕੀਤੇ ਜਾਣ ਵਾਲੇ ਉਸ ਦੇ ਬੁੱਤਾਂ ਆਦਿ ਦੀ ਹੋ ਰਹੀ ਬੇਹੁਰਮਤੀ ਤੋਂ ਦੁਖੀ ਹੁੰਦੇ ਹਨ, ਭਗਤ ਸਿੰਘ ਬਿਰਤਾਂਤਕਾਰ ਦੇ ਤਸੱਵਰ ਵਿੱਚ ਨਾਸਿਕਤਾ ਦੇ ਅਸਲ ਮਾਇਨੇ ਸਮਝਾਉਂਦਾ ਹੈ, ਨਸ਼ਿਆਂ ਕਾਰਨ ਮਰ ਰਹੇ ਨੌਜਵਾਨਾਂ ਦੇ ਕਾਰਨ ਲੱਭਦਾ ਹੈ, ਸੜਕਾਂ 'ਤੇ ਹੋ ਰਹੇ ਐਕਸੀਡੈਂਟ ਜਾਂ ਵਧ ਰਹੇ ਰੇਪ ਕੇਸ ਜਾਂ ਵਧ ਰਹੇ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਗੱਲ ਕਰਦਾ ਹੈ। ਇਸ ਕਹਾਣੀ ਦੇ ਬਿਰਤਾਂਤ ਵਿੱਚ ਕਹਾਣੀਕਾਰਾ ਇਸ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਵਾਤਾਵਰਣ ਨੂੰ ਆਪਣੇ ਕੈਨਵਸ ਵਿੱਚ ਸਮੇਟਦੀ ਹੈ।

ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਨੇ ਠੇਠ ਇਲਾਕਾਈ ਬੋਲੀ ਦੀ ਵਰਤੋਂ ਕੀਤੀ ਹੈ। ਮੁਹਾਵਰੇਦਾਰ ਭਾਸ਼ਾ ਹੋਣ ਕਾਰਨ ਕਹਾਣੀ ਦੀ ਰਵਾਨੀ ਵੀ ਅੰਤ ਤੱਕ ਕਾਇਮ ਰਹਿੰਦੀ ਹੈ। ਕਹਾਣੀਕਾਰ ਵੱਲੋਂ ਬਿਆਨੀਆ ਸ਼ੈਲੀ, ਪਿਛਲਝਾਤ ਸ਼ੈਲੀ ਅਤੇ ਆਤਮ ਚਿੰਤਨ ਢੰਗ ਵਰਤ ਕੇ ਬਿਰਤਾਂਤ ਸਿਰਜਿਆ ਗਿਆ ਹੈ ਅਤੇ ਲੋੜ ਅਨੁਸਾਰ ਵਰਣਨਾਤਮਕ ਅਤੇ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਸ ਢੰਗ ਨਾਲ ਕਹਾਣੀਕਾਰ ਇਸ ਪਹਿਲੇ ਕਹਾਣੀ-ਸੰਗ੍ਰਹਿ ਨਾਲ ਹੀ ਕਹਾਣੀ ਦੇ ਖੇਤਰ ਵਿੱਚ ਆਪਣੀ ਹੋਂਦ ਸਥਾਪਤ ਕਰਦਾ ਹੈ।

**ਸੰਪਰਕ : 98728-87551**

ਸਫ਼ਾ 3 ਦੀ ਬਾਕੀ

## ਔਰਤ ਦੀ ਖ਼ਾਮੋਸ਼ੀ ਅਤੇ ਹੋਂਦ ...

ਦਸਤਾਵੇਜ਼ ਹੈ-ਇੱਕ ਐਸਾ ਦਸਤਾਵੇਜ਼, ਜਿਸ ਵਿੱਚ ਖ਼ੂਨ ਸਿਰਫ਼ ਸਰੀਰ ਵਿੱਚੋਂ ਹੀ ਨਹੀਂ, ਇਸ ਕਿਤਾਬ ਦੇ ਸ਼ਬਦਾਂ ਵਿੱਚੋਂ ਵੀ ਵਗਦਾ ਹੈ।

**2. ਸਰੀਰ, ਮਿਥਕ ਅਤੇ ਪਿਤਰਸੱਤਾ ਦਾ ਦਾਰਸ਼ਨਿਕ ਵਿਖੰਡਨ**

ਦਿ ਬਲੀਡਿੰਗ ਵੂਮੈਨ ਦਾ ਦਾਰਸ਼ਨਿਕ ਪੱਖ, ਸਰੀਰ-ਰਾਜਨੀਤੀ, ਧਰਮ, ਮਿਥਕ ਅਤੇ ਮਰਦ ਪ੍ਰਧਾਨ ਸਮਾਜ ਦੀ ਸੰਰਚਨਾ ਦੀ ਡੂੰਘੀ ਰਚਨਾ ਹੈ, ਇਸ ਨੂੰ ਪੜ੍ਹਦੇ ਹੋਏ ਅਹਿਸਾਸ ਹੁੰਦਾ ਹੈ ਕਿ ਇਹ ਕਿਤਾਬ ਕੇਵਲ ਔਰਤ ਦੇ ਜੀਵਨ ਦੀ ਕਹਾਣੀ ਨਹੀਂ, ਸਗੋਂ ਮਨੁੱਖੀ ਸੱਭਿਆਚਾਰ ਦੇ ਉਸ ਹਨੇਰੇ ਪਾਸੇ ਦਾ ਖੁਲਾਸਾ ਹੈ, ਜਿਸ ਨੇ ਸਦੀਆਂ ਤੋਂ ਔਰਤ ਦੇ ਸਰੀਰ ਨੂੰ ਡਰ, ਪਾਪ ਅਤੇ ਚੁੱਪ ਨਾਲ ਜੋੜ ਕੇ ਵੇਖਿਆ ਹੈ। ਇਹ ਪੁਸਤਕ ਉਸ ਸਾਰੀ ਸੰਸਕਾਰਕ ਬਣਤਰ ਦਾ ਵਿਖੰਡਨ ਕਰਦੀ ਹੈ, ਜਿਸ ਨੇ ਔਰਤ ਨੂੰ ਮਨੁੱਖ ਘੱਟ ਅਤੇ ਵਿਵਸਥਾ ਦਾ ਹਿੱਸਾ ਵੱਧ ਬਣਾਇਆ। ਸਰਬਜੀਤ ਕੌਰ ਸੋਹਲ ਦੀ ਲਿਖਤ ਵਿੱਚ ਸਭ ਤੋਂ ਵੱਧ ਜੋ ਗੱਲ ਪ੍ਰਭਾਵਿਤ ਕਰਦੀ ਹੈ, ਉਹ ਇਹ ਹੈ ਕਿ ਉਹ ਔਰਤ ਦੇ ਦਰਦ ਨੂੰ ਰੋਮਾਂਟਿਕ ਨਹੀਂ ਬਣਾਉਂਦੀ। ਉਹ ਉਸ ਨੂੰ ਸਿੱਧਾ, ਨੰਗਾ ਅਤੇ ਅਸਹਿਣ ਤਰੀਕੇ ਨਾਲ ਸਾਹਮਣੇ ਲਿਆਉਂਦੀ ਹੈ। ਇਹੀ ਇਸ ਕਿਤਾਬ ਦਾ ਨਾਰੀਵਾਦੀ ਸਾਹਸ ਹੈ।ਪਿਤਰਸੱਤਾ ਦਾ ਸਭ ਤੋਂ ਵੱਡਾ ਹਥਿਆਰ ਕੇਵਲ ਸ਼ਕਤੀ ਨਹੀਂ ਹੁੰਦਾ; ਉਹ ਸੰਸਕਾਰ ਹੁੰਦੇ ਹਨ। ਔਰਤ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਚੁੱਪ ਰਹਿਣਾ ਹੀ ਉਸ ਦੀ ਮਰਿਆਦਾ ਹੈ। ਉਹ ਆਪਣੇ ਹੀ ਸਰੀਰ ਤੋਂ ਡਰਨਾ ਸਿੱਖਦੀ ਹੈ। ਕਿਤਾਬ ਵਿੱਚ ਇੱਕ ਕੁੜੀ ਦੇ ਪਹਿਲੇ ਮਾਹਵਾਰੀ-ਅਨੁਭਵ ਨੂੰ ਜਿਹੜੇ ਤਰੀਕੇ ਨਾਲ ਦਰਸਾਇਆ ਗਿਆ ਹੈ, ਉਹ ਅਸਲ ਵਿੱਚ ਸਮਾਜਿਕ ਮਨੋਵਿਗਿਆਨ ਦਾ ਪਾਠ ਹੈ। ਕੁੜੀ ਨੂੰ ਲੱਗਦਾ ਹੈ ਜਿਵੇਂ ਉਸ ਤੋਂ ਕੋਈ ਗੁਨਾਹ ਹੋ ਗਿਆ ਹੋਵੇ।

ਇੱਥੇ ਲੇਖਿਕਾ ਇੱਕ ਮਹੱਤਵਪੂਰਨ ਨਾਰੀਵਾਦੀ ਸਵਾਲ ਖੜ੍ਹਾ ਕਰਦੀ ਹੈ-ਕੀ ਔਰਤ ਦਾ ਸਰੀਰ ਉਸ ਦਾ ਆਪਣਾ ਹੈ ਵੀ ਜਾਂ ਨਹੀਂ?

ਕਿਉਂਕਿ ਜਨਮ ਤੋਂ ਹੀ ਉਸ ਦੀ ਦੇਹ ਉੱਤੇ ਪਰਵਾਰ, ਧਰਮ, ਸਮਾਜ ਅਤੇ ਪਰੰਪਰਾਵਾਂ ਦਾ ਕਬਜ਼ਾ ਹੋ ਜਾਂਦਾ ਹੈ। ਉਸ ਨੇ ਕਿਵੇਂ ਬੈਠਣਾ ਹੈ, ਕਿਵੇਂ ਤੁਰਨਾ ਹੈ, ਕਿਵੇਂ ਹੱਸਣਾ ਹੈ, ਕਿਵੇਂ ਲੁਕਣਾ ਹੈ-ਸਭ ਕੁਝ ਨਿਰਧਾਰਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਔਰਤ ਆਪਣੀ ਜ਼ਿੰਦਗੀ ਨਹੀਂ ਜੀਉਂਦੀ, ਸਗੋਂ ਦਿੱਤੀ ਹੋਈ ਜ਼ਿੰਦਗੀ ਜੀਉਂਦੀ ਹੈ।

ਇਸ ਪੁਸਤਕ ਵਿੱਚ ਵਾਰ-ਵਾਰ ਲੁਕਾਉਣ ਦਾ ਰੂਪਕ ਆਉਂਦਾ ਹੈ-ਖ਼ੂਨ ਲੁਕਾਉਣਾ, ਦਰਦ ਲੁਕਾਉਣਾ, ਸਰੀਰ ਲੁਕਾਉਣਾ, ਇੱਛਾਵਾਂ ਲੁਕਾਉਣਾ। ਇਹ ਲੁਕਾਉਣਾ ਦਰਅਸਲ ਪਿਤਰਸੱਤਾ ਦੀ ਸੰਸਕਾਰਕ ਰਾਜਨੀਤੀ ਹੈ।

ਲੇਖਿਕਾ ਦੀ ਇੱਕ ਬਹੁਤ ਡੂੰਘੀ ਪੰਗਤੀ ਹੈ ਕਿ ਔਰਤ ਹੋਣਾ ਦੁਆ ਵੀ ਹੈ ਤੇ ਅਜ਼ਾਬ ਵੀ। ਇਸ ਵਿੱਚ ਨਾਰੀ ਅਸਤਿਤਵ ਦੀ ਪੂਰੀ ਦਵੈਧਤਾ ਸਮਾਈ ਹੋਈ ਹੈ। ਔਰਤ ਹੀ ਜਨਮ ਦਿੰਦੀ ਹੈ, ਪਾਲਦੀ ਹੈ, ਸੰਸਾਰ ਨੂੰ ਸੰਵੇਦਨਾ ਦਿੰਦੀ ਹੈ, ਪਰ ਉਸ ਨੂੰ ਅਪਵਿੱਤ੍ਰ, ਕਮਜ਼ੋਰ ਅਤੇ ਦੂਸਰੇ ਦਰਜੇ ਦਾ ਜੀਵ ਸਮਝਿਆ ਜਾਂਦਾ ਹੈ।

ਇਸ ਤਰ੍ਹਾਂ ਇਹ ਕਿਤਾਬ ਮਿਥਕਾਂ ਅਤੇ ਧਾਰਮਿਕ ਸੰਰਚਨਾਵਾਂ ਦੀ ਵੀ ਆਲੋਚਨਾ ਕਰਦੀ ਹੈ। ਧਰਮ ਔਰਤ ਨੂੰ ਇੱਕ ਪਾਸੇ ਦੇਵੀ ਬਣਾਉਂਦਾ ਹੈ, ਦੂਜੇ ਪਾਸੇ ਉਸ ਨੂੰ ਅਸ਼ੁੱਧ ਘੋਸ਼ਿਤ ਕਰਦਾ ਹੈ, ਮਾਹਵਾਰੀ ਦੇ ਦਿਨਾਂ ਵਿੱਚ ਮੰਦਰ ਜਾਂ ਰਸੋਈ ਵਿੱਚ ਨਾ ਜਾਣ ਦੇ ਰਿਵਾਜ ਇਸ ਗੱਲ ਦਾ ਪ੍ਰਮਾਣ ਹਨ। ਇਹ ਸਿਰਫ਼ ਧਾਰਮਿਕ ਵਿਸ਼ਵਾਸ ਨਹੀਂ, ਇਹ ਸਮਾਜਿਕ ਨਿਯੰਤਰਣ ਹੈ। ਪਿਤ੍ਰਸੱਤਾ ਚਾਹੁੰਦੀ ਹੈ ਕਿ ਔਰਤ ਆਪਣੇ ਹੀ ਸਰੀਰ ਤੋਂ ਅਸਹਿਜ ਰਹੇ, ਕਿਉਂਕਿ ਜੋ ਮਨੁੱਖ ਆਪਣੇ ਸਰੀਰ ਨਾਲ ਸੁਖੀ ਹੋਵੇ, ਉਹ ਕਦੇ ਗੁਲਾਮ ਨਹੀਂ ਬਣ ਸਕਦਾ।

ਇਸ ਪੁਸਤਕ ਵਿੱਚ ਜਦੋਂ ਮਜ਼ਦੂਰ ਔਰਤਾਂ ਦੀ ਗੱਲ ਆਉਂਦੀ ਹੈ, ਤਾਂ ਇਹ ਨਾਰੀਵਾਦ ਨੂੰ ਵਰਗ-ਚੇਤਨਾ ਨਾਲ ਵੀ ਜੋੜਦੀ ਹੈ। ਲੇਖਿਕਾ ਲਿਖਦੀ ਹੈ ਕਿ ਕੁਝ ਮਜ਼ਦੂਰ ਔਰਤਾਂ ਮਜ਼ਦੂਰੀ ਨਾ ਛੁੱਟੇ, ਇਸ ਲਈ ਆਪਣੀ ਬੱਚੇਦਾਨੀ ਤੱਕ ਕਢਵਾ ਦਿੰਦੀਆਂ ਹਨ। ਇਹ ਸਿਰਫ਼ ਇੱਕ ਘਟਨਾ ਨਹੀਂ, ਇਹ ਪੂੰਜੀਵਾਦ ਅਤੇ ਪਿਤਰਸੱਤਾ ਦੇ ਮਿਲੇ-ਜੁਲੇ ਸ਼ੋਸ਼ਣ ਦਾ ਸਭ ਤੋਂ ਭਿਆਨਕ ਚਿਹਰਾ ਹੈ। ਇੱਥੇ ਨਾਰੀਵਾਦ ਮੱਧਵਰਗੀ ਸੁਵਿਧਾ ਨਹੀਂ ਰਹਿੰਦਾ, ਇਹ ਮਜਬੂਰ ਔਰਤ ਦੀ ਚੀਖ਼ ਬਣ ਜਾਂਦਾ ਹੈ।

ਇਸ ਪੁਸਤਕ ਦੀ ਭਾਸ਼ਾ ਵਿੱਚ ਇੱਕ ਅਜੀਬ ਜਿਹੀ ਕਾਵਿਕ ਕਠੋਰਤਾ ਹੈ। ਇਹ ਕਥਾ ਹੋਣ ਦੇ ਬਾਵਜੂਦ ਕਵਿਤਾ ਲੱਗਦੀ ਹੈ। ਜਿਵੇਂ ਲੇਖਿਕਾ ਲਿਖਦੀ ਹੈ ਕਿ ਔਰਤ ਦੀ ਹੋਂਦ ਨੂੰ ਹੌਲੇ-ਹੌਲੇ ਹਲਾਲ ਕੀਤਾ ਜਾਂਦਾ ਹੈ। ਇਹ ਸਿਰਫ਼ ਰੂਪਕ ਨਹੀਂ, ਇਹ ਪਿਤਰਸੱਤਾ ਦੀ ਮਨੋਵਿਗਿਆਨਕ ਹਿੰਸਾ ਦੀ ਪੂਰੀ ਵਿਆਖਿਆ ਹੈ।

ਪੰਜਾਬੀ ਸਮਾਜ ਵਿੱਚ ਔਰਤ ਦੀ ਪੀੜ ਨੂੰ ਅਕਸਰ ਕਿਸਮਤ ਕਹਿ ਕੇ ਸਵੀਕਾਰ ਕਰ ਲਿਆ ਜਾਂਦਾ ਹੈ, ਪਰ ਇਹ ਕਿਤਾਬ ਉਸ ਕਿਸਮਤ ਨੂੰ ਇਤਿਹਾਸਕ ਅਤੇ ਰਾਜਨੀਤਿਕ ਸੰਦਰਭਾਂ ਵਿੱਚ ਵੇਖਦੀ ਹੈ। ਇਹ ਕਹਿੰਦੀ ਹੈ ਕਿ ਔਰਤ ਦੀ ਹਾਲਤ ਕੁਦਰਤੀ ਨਹੀਂ, ਬਣਾਈ ਹੋਈ ਹੈ। ਇਹੀ ਨਾਰੀਵਾਦ ਦਾ ਕੇਂਦਰੀ ਵਿਚਾਰ ਵੀ ਹੈ। ਲੇਖਿਕਾ ਦਾ ਦਾਰਸ਼ਨਿਕ ਪੱਖ ਇੱਥੇ ਬਹੁਤ ਮਜ਼ਬੂਤ ਹੋ ਜਾਂਦਾ ਹੈ। ਉਹ ਔਰਤ ਦੇ ਸਰੀਰ ਨੂੰ ਕੇਵਲ ਜੈਵਿਕ ਇਕਾਈ ਨਹੀਂ ਮੰਨਦੀ, ਉਹ ਉਸ ਨੂੰ ਸੰਸਕਾਰਾਂ ਦਾ ਯੁੱਧ-ਮੈਦਾਨ ਬਣਾ ਕੇ ਵੇਖਦੀ ਹੈ।

ਇਸ ਪੁਸਤਕ ਵਿੱਚ ਇੱਕ ਹੋਰ ਗੱਲ ਮਹੱਤਵਪੂਰਨ ਹੈ-ਇਹ ਮਰਦ ਨੂੰ ਇੱਕੋ ਰੰਗ ਵਿੱਚ ਨਹੀਂ ਵੇਖਦੀ। ਲੇਖਿਕਾ ਇਹ ਵੀ ਮੰਨਦੀ ਹੈ ਕਿ ਸੰਵੇਦਨਸ਼ੀਲ ਮਰਦ ਵੀ ਇਸ ਸੰਘਰਸ਼ ਦਾ ਹਿੱਸਾ ਹੋ ਸਕਦੇ ਹਨ। ਇਸ ਲਈ ਇਹ ਕਿਤਾਬ ਘ੍ਰਿਣਾ-ਕੇਂਦਰਤ ਨਾਰੀਵਾਦ ਦੀ ਥਾਂ ਮਨੁੱਖੀ ਮੁਕਤੀ ਵਾਲੇ ਨਾਰੀਵਾਦ ਵੱਲ ਵਧਦੀ ਹੈ। ਇਹ ਪੁਸਤਕ ਸਾਨੂੰ ਵਾਰ-ਵਾਰ ਸੋਚਣ ਲਈ ਮਜਬੂਰ ਕਰਦੀ ਹੈ ਕਿ ਇੱਕ ਔਰਤ ਦੀ ਜ਼ਿੰਦਗੀ ਕਿੰਨੀ ਅੰਦਰੂਨੀ ਥਕਾਵਟ ਨਾਲ ਭਰੀ ਹੋਈ ਹੈ। ਉਹ ਘਰ ਵਿੱਚ ਵੀ ਕੰਮ ਕਰਦੀ ਹੈ, ਬਾਹਰ ਵੀ, ਦਰਦ ਵਿੱਚ ਵੀ ਕੰਮ ਕਰਦੀ ਹੈ, ਬਿਮਾਰੀ ਵਿੱਚ ਵੀ, ਪਰ ਉਸ ਦੀ ਪੀੜ ਨੂੰ ਕਦੇ ਸਮਾਜਿਕ ਮਾਨਤਾ ਨਹੀਂ ਮਿਲੀ। ਇਹ ਪੁਸਤਕ ਅਸਲ ਵਿੱਚ ਔਰਤ ਦੀ ਅਦਿਸ਼ ਮਿਹਨਤ ਦਾ ਦਸਤਾਵੇਜ਼ ਵੀ ਹੈ।

ਨਾਰੀਵਾਦੀ ਆਲੋਚਨਾ ਦੇ ਪੱਧਰ 'ਤੇ ਵੇਖੀਏ ਤਾਂ ਦਿ ਬਲੀਡਿੰਗ ਵੋਮੈਨ ਪੰਜਾਬੀ ਸਾਹਿਤ ਵਿੱਚ body-writing ਦੀ ਇੱਕ ਮਹੱਤਵਪੂਰਨ ਮਿਸਾਲ ਹੈ। ਇਹ ਔਰਤ ਦੇ ਸਰੀਰ ਨੂੰ ਕੇਂਦਰ ਵਿੱਚ ਲਿਆ ਕੇ ਉਸ ਨਾਲ ਜੁੜੀਆਂ ਵਰਜਨਾਵਾਂ, ਚੁੱਪਾਂ ਅਤੇ ਸੱਤਾ-ਸੰਰਚਨਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਪੁਸਤਕ ਦੀ ਖ਼ਾਸ ਗੱਲ ਇਹ ਵੀ ਹੈ ਕਿ ਇਹ ਪਾਠਕ ਨੂੰ ਬੇਚੈਨ ਕਰਦੀ ਹੈ। ਇਹ ਆਰਾਮ ਨਹੀਂ ਦਿੰਦੀ। ਇਸ ਨੂੰ ਪੜ੍ਹਦਿਆਂ ਅਸੀਂ ਆਪਣੇ ਹੀ ਸਮਾਜ ਦੇ ਦੋਸ਼ੀ ਮਹਿਸੂਸ ਹੋਣ ਲੱਗਦੇ ਹਾਂ। ਦਿ ਬਲੀਡਿੰਗ ਵੋਮੈਨ ਇਸ ਮਾਇਨੇ ਵਿੱਚ ਪੰਜਾਬੀ ਸਾਹਿਤ ਦੀ ਇੱਕ ਮਹੱਤਵਪੂਰਨ ਨਾਰੀਵਾਦੀ ਪੁਸਤਕ ਹੈ ਕਿ ਇਹ ਔਰਤ ਨੂੰ ਤਰਸ ਦੀ ਵਸਤੂ ਨਹੀਂ ਬਣਾਉਂਦੀ, ਉਹ ਉਸ ਨੂੰ ਇਤਿਹਾਸ ਦੇ ਕੇਂਦਰ ਵਿੱਚ ਲਿਆ ਕੇ ਖੜ੍ਹਾ ਕਰਦੀ ਹੈ। ਇਹ ਪੁਸਤਕ ਬਿਆਨ ਕਰਦੀ ਹੈ ਕਿ ਔਰਤ ਦਾ ਖ਼ੂਨ ਕੇਵਲ ਜੀਵ-ਵਿਗਿਆਨ ਨਹੀਂ, ਉਹ ਸੱਭਿਆਚਾਰ ਦਾ ਸੱਚ ਹੈ।

**3. ਕਾਵਿਕ ਭਾਸ਼ਾ, ਸੰਵੇਦਨਾ ਅਤੇ ਪੰਜਾਬੀ ਨਾਰੀਵਾਦ ਦੀ ਨਵੀਂ ਦਿਸ਼ਾ**

ਦੀ ਬਲੀਡਿੰਗ ਵੋਮੈਨ ਨੂੰ ਪੂਰੀ ਤਰ੍ਹਾਂ ਪੜ੍ਹਨ ਤੋਂ ਬਾਅਦ ਇਹ ਅਹਿਸਾਸ ਗਹਿਰਾ ਹੋ ਜਾਂਦਾ ਹੈ ਕਿ ਇਹ ਕਿਤਾਬ ਸਿਰਫ਼ ਨਾਰੀ ਜੀਵਨ ਦੇ ਦੁੱਖਾਂ ਦੀ ਦਰਜਾਬੰਦੀ ਨਹੀਂ, ਇਹ ਪੰਜਾਬੀ ਸਮਾਜ ਦੀ ਸੰਵੇਦਨਹੀਣਤਾ ਦੇ ਵਿਰੁੱਧ ਇੱਕ ਸੰਸਕ੍ਰਿਤਕ ਬਗਾਵਤ ਹੈ। ਸਰਬਜੀਤ ਕੌਰ ਸੋਹਲ ਨੇ ਇਸ ਪੁਸਤਕ ਵਿੱਚ ਔਰਤ ਦੇ ਅਨੁਭਵਾਂ ਨੂੰ ਕੇਵਲ ਦਰਦ ਦੀ ਭਾਸ਼ਾ ਵਿੱਚ ਨਹੀਂ, ਸਗੋਂ ਕਾਵਿਕ ਤੇ ਦਾਰਸ਼ਨਿਕ ਚੇਤਨਾ ਵਜੋਂ ਪੇਸ਼ ਕੀਤਾ ਹੈ।

ਇਸ ਪੁਸਤਕ ਦੀ ਸਭ ਤੋਂ ਵੱਡੀ ਕਲਾ-ਸਫ਼ਲਤਾ ਇਸ ਦੀ ਭਾਸ਼ਾ ਹੈ। ਇਹ ਭਾਸ਼ਾ ਰਵਾਇਤੀ ਕਥਾ ਦੀ ਸਿੱਧੀ ਸਪਾਟ ਬਣਤਰ, ਕਾਵਿਕਤਾ ਦੀ ਤਰਲਤਾ ਹੈ, ਰੂਪਕਾਂ ਦੀ ਗਹਿਰਾਈ ਹੈ, ਲੋਕ-ਬੋਲੀ ਦੀ ਮਿੱਟੀ ਹੈ, ਜੋ ਅੰਦਰੋਂ ਉੱਠਦੀ, ਚੁੱਪ ਦੀ ਚੀਖ਼ ਵਾਂਗ ਫੈਲ ਜਾਂਦੀ ਹੈ। ਇਸ ਪੁਸਤਕ ਦੀ ਕਾਵਿਕਤਾ ਇਸ ਗੱਲ ਵਿੱਚ ਨਹੀਂ ਕਿ ਇਹ ਸੁੰਦਰ ਸ਼ਬਦ ਵਰਤਦੀ ਹੈ, ਬਲਕਿ ਕਾਵਿਕਤਾ ਇਸ ਦੀ ਸੰਵੇਦਨਾ ਵਿੱਚ ਹੈ। ਇਹ ਦਰਦ ਨੂੰ ਇਵੇਂ ਬਿਆਨ ਕਰਦੀ ਹੈ ਕਿ ਪਾਠਕ ਦੇ ਅੰਦਰ ਇੱਕ ਨੈਤਿਕ ਬੇਚੈਨੀ ਜਨਮ ਲੈਂਦੀ ਹੈ।

ਸਰਬਜੀਤ ਕੌਰ ਸੋਹਲ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਦੇਹ ਨੂੰ ਕੇਵਲ ਜੈਵਿਕ ਸੰਰਚਨਾ ਨਹੀਂ ਮੰਨਦੀ, ਉਹ ਉਸ ਦੀ ਯਾਦ ਨੂੰ ਇਤਿਹਾਸ ਅਤੇ ਸਮਾਜਿਕ ਦਬਾਅ ਦਾ ਅਰਕਾਈਵ ਬਣਾਉਂਦੀ ਹੈ। ਔਰਤ ਦਾ ਸਰੀਰ ਇੱਥੇ ਲਿਖਤ ਨਹੀਂ, ਉਹ ਸਮਾਜ ਹੈ, ਜਿਸ ਨੇ ਆਪਣੇ ਨਿਯਮ, ਡਰ ਅਤੇ ਪਾਬੰਦੀਆਂ ਘੜੀਆਂ ਹਨ।

ਪੁਸਤਕ ਵਿੱਚ ਮਾਹਵਾਰੀ ਦਾ ਵਰਨਣ ਦਰਅਸਲ ਸਰੀਰ ਦੀ ਰਾਜਨੀਤੀ ਦਾ ਵਰਨਣ ਹੈ। ਪੰਜਾਬੀ ਸਮਾਜ ਵਿੱਚ ਜਿਸ ਵਿਸ਼ੇ ਨੂੰ ਲਾਜ ਅਤੇ ਚੁੱਪ ਦੇ ਘੇਰੇ ਵਿੱਚ ਰੱਖਿਆ ਗਿਆ, ਲੇਖਿਕਾ ਉਸ ਨੂੰ ਸਾਹਿਤ ਦੇ ਕੇਂਦਰ ਵਿੱਚ ਲਿਆਉਂਦੀ ਹੈ। ਇਹ ਕਦਮ ਆਪਣੇ ਆਪ ਵਿੱਚ ਇੱਕ ਸਾਹਿਤਕ ਵਿਰੋਧ ਹੈ।

ਇੱਥੇ ਮਹੱਤਵਪੂਰਨ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਵਿੱਚ ਔਰਤ ਦੀ ਦੇਹ ਬਾਰੇ ਬਹੁਤ ਕੁਝ ਲਿਖਿਆ ਗਿਆ, ਜ਼ਿਆਦਾਤਰ ਮਰਦ-ਦ੍ਰਿਸ਼ਟੀ ਨਾਲ ਔਰਤ ਨੂੰ ਇੱਛਾ ਦੀ ਵਸਤੂ, ਸੁੰਦਰਤਾ ਦੇ ਪ੍ਰਤੀਕ ਜਾਂ ਮਮਤਾ ਦੀ ਮੂਰਤੀ ਵਜੋਂ ਪੇਸ਼ ਕੀਤਾ ਗਿਆ। ਦਿ ਬਲੀਡਿੰਗ ਵੂਮੈਨ ਇਸ ਦ੍ਰਿਸ਼ਟੀ ਦੇ ਆਪਣੀ ਗੱਲ ਠੋਕ-ਵਜਾ ਕੇ ਰੱਖਦੀ ਹੈ। ਇੱਥੇ ਔਰਤ ਆਪ ਬੋਲਦੀ ਹੈ-ਆਪਣੇ ਖ਼ੂਨ, ਆਪਣੇ ਦਰਦ ਅਤੇ ਆਪਣੇ ਅੰਦਰਲੇ ਹਨੇਰੇ ਬਾਰੇ।

ਇਹ ਫੀਮੇਲ ਵਾਇਸ ਦੀ ਸਥਾਪਨਾ ਹੈ।

ਲੇਖਿਕਾ ਦੀ ਦਾਰਸ਼ਨਿਕ ਸਮਝ ਇਸ ਗੱਲ ਵਿੱਚ ਨਜ਼ਰ ਆਉਂਦੀ ਹੈ ਕਿ ਉਹ ਦਰਦ ਨੂੰ ਕੇਵਲ ਨਿੱਜੀ ਨਹੀਂ ਰਹਿਣ ਦਿੰਦੀ। ਉਹ ਉਸ ਨੂੰ ਸਮਾਜਿਕ ਅਤੇ ਇਤਿਹਾਸਕ ਸੰਦਰਭਾਂ ਵਿੱਚ ਪੜ੍ਹਦੀ ਹੈ। ਇੱਕ ਕੁੜੀ ਦਾ ਪਹਿਲਾ ਡਰ, ਇੱਕ ਮਾਂ ਦੀ ਚਿੰਤਾ, ਇੱਕ ਮਜ਼ਦੂਰ ਔਰਤ ਦੀ ਬੱਚੇਦਾਨੀ, ਇੱਕ ਘਰੇਲੂ ਔਰਤ ਦੀ ਚੁੱਪ-ਇਹ ਸਾਰੇ ਅਲੱਗ-ਅਲੱਗ ਅਨੁਭਵ ਨਹੀਂ, ਸਗੋਂ ਇੱਕੋ ਸੰਰਚਨਾ ਦੇ ਵੱਖ-ਵੱਖ ਚਿਹਰੇ ਹਨ। ਏਸੇ ਲਈ ਇਹ ਪੁਸਤਕ ਸਿਰਫ਼ ਭਾਵੁਕ ਲਿਖਤ ਨਹੀਂ ਬਣਦੀ, ਨਾਰੀਵਾਦੀ ਚਿੰਤਨ-ਪਾਠ ਹੋ ਜਾਂਦੀ ਹੈ।

ਇਸ ਪੁਸਤਕ 'ਚ ਵਰਤੇ ਗਏ ਰੂਪਕ ਬੇਹੱਦ ਪ੍ਰਭਾਵਸ਼ਾਲੀ ਹਨ। ਖ਼ੂਨ, ਚੁੱਪ, ਲੁਕਾਉਣਾ, ਦਰਦ, ਹਲਾਲ, ਅਜ਼ਾਬ-ਇਹ ਸਾਰੇ ਪ੍ਰਤੀਕ ਇਕੱਠੇ ਹੋ ਕੇ ਇੱਕ ਅਜਿਹੀ ਸੰਸਾਰ-ਰਚਨਾ ਬਣਦੇ ਹਨ, ਜਿੱਥੇ ਔਰਤ ਦੀ ਜ਼ਿੰਦਗੀ ਲੰਬੀ ਮਨੋਵਿਗਿਆਨਕ ਕੈਦ ਵਾਂਗ ਲੱਗਦੀ ਹੈ। ਏਸੇ ਕਰਕੇ ਇਹ ਪੁਸਤਕ ਨਿਰਾਸ਼ਾ 'ਚ ਡੁੱਬਦੀ ਨਹੀਂ। ਵਿਰੋਧ ਦੀ ਇੱਕ ਅੰਦਰੂਨੀ ਲਹਿਰ ਖੜ੍ਹੀ ਕਰਦੀ ਹੈ। ਲੇਖਿਕਾ ਵਾਰ-ਵਾਰ ਸੰਵਾਦ 'ਤੇ ਜ਼ੋਰ ਦਿੰਦੀ ਹੈ। ਉਸ ਦਾ ਮੰਨਣਾ ਹੈ, ਚੁੱਪ ਸਭ ਤੋਂ ਵੱਡਾ ਜ਼ੁਲਮ ਹੁੰਦੀ ਤੇ ਬੋਲਣਾ ਸਭ ਤੋਂ ਵੱਡੀ ਪ੍ਰਾਪਤੀ। ਇਹੀ ਇਸ ਪੁਸਤਕ ਦਾ ਨਾਰੀਵਾਦੀ ਆਤਮ-ਵਿਸ਼ਵਾਸ ਹੈ।

ਪੰਜਾਬੀ ਨਾਰੀਵਾਦੀ ਸਾਹਿਤ ਦੀ ਪਰੰਪਰਾ ਵਿੱਚ ਵੇਖੀਏ ਤਾਂ ਇਹ ਪੁਸਤਕ ਇੱਕ ਨਵੀਂ ਸੰਵੇਦਨਾਤਮਕ ਦਿਸ਼ਾ ਖੋਲ੍ਹਦੀ ਹੈ। ਜੇ ਅੰਮ੍ਰਿਤਾ ਪ੍ਰੀਤਮ ਨੇ ਔਰਤ ਦੇ ਮਨ ਦੀ ਤੜਪ ਨੂੰ ਕਾਵਿਕ ਰੂਪ ਦਿੱਤਾ ਸੀ, ਤਾਂ ਸਰਬਜੀਤ ਨੇ ਔਰਤ ਦੇ ਸਰੀਰ ਦੀ ਚੁੱਪ ਨੂੰ ਸ਼ਬਦ ਦਿੱਤੇ, ਨਵਾਂ ਵਿਸਥਾਰ ਦਿੱਤਾ ਹੈ।

ਇਹ ਕਿਤਾਬ ਪਿੰਡ, ਮੱਧਵਰਗ, ਮਜ਼ਦੂਰ ਵਰਗ ਅਤੇ ਘਰੇਲੂ ਔਰਤਾਂ ਦੇ ਤਜਰਬਿਆਂ ਨੂੰ ਜੋੜਦੀ ਹੈ। ਇਸ ਲਈ ਇਹ ਕਿਸੇ ਇੱਕ ਵਰਗ ਦਾ ਨਾਰੀਵਾਦ ਨਹੀਂ, ਇਹ ਲੋਕ-ਨਾਰੀਵਾਦ ਹੈ। ਇਸ ਦੀ ਭਾਸ਼ਾ ਵਿੱਚ ਲੋਕ-ਜੀਵਨ ਦੀ ਮਿੱਟੀ ਹੈ। ਕਿਤੇ ਇਹ ਮਾਂ ਦੀ ਬੋਲੀ ਵਾਂਗ ਲੱਗਦੀ ਹੈ, ਕਿਤੇ ਇੱਕ ਸਹੇਲੀ ਦੀ ਗੁਫ਼ਤਗੂ ਵਾਂਗ, ਤੇ ਕਿਤੇ ਇੱਕ ਜ਼ਖ਼ਮੀ ਔਰਤ ਦੀ ਚੀਖ਼ ਵਾਂਗ। ਇਸ ਦੀ ਬਹੁਪੱਖਤਾ ਇਸ ਕਿਤਾਬ ਨੂੰ ਗਹਿਰਾਈ ਦਿੰਦੀ ਹੈ। ਇਸ ਕਿਤਾਬ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਹ ਹੈ ਕਿ ਇਹ ਪਾਠਕ ਨੂੰ ਕੇਵਲ ਜਾਣਕਾਰੀ ਨਹੀਂ ਦਿੰਦੀ, ਇਹ ਉਸ ਦੀ ਚੇਤਨਾ ਨੂੰ ਬਦਲਣ ਦੀ ਕੋਸ਼ਿਸ਼ ਵੀ ਕਰਦੀ ਹੈ। ਇਹ ਸਾਨੂੰ ਆਪਣੇ ਘਰਾਂ, ਰਸਮਾਂ ਅਤੇ ਧਾਰਮਿਕ ਧਾਰਨਾਵਾਂ ਤੇ ਪੁਨਰ ਵਿਚਾਰ ਕਰਨ ਲਈ ਮਜਬੂਰ ਕਰਦੀ ਹੈ। ਅਸਲ ਵਿੱਚ ਇਹ ਕਿਤਾਬ ਇੱਕ ਸੰਵੇਦਨਾਤਮਕ ਕ੍ਰਾਂਤੀ ਦੀ ਮੰਗ ਕਰਦੀ ਹੈ।

ਸਰਬਜੀਤ ਕੌਰ ਸੋਹਲ ਦੀ ਇਹ ਪੁਸਤਕ ਇੱਕ ਅੰਦਰੂਨੀ ਨੈਤਿਕ ਤਾਪ ਹੈ, ਜੋ ਕੇਵਲ ਸਾਹਿਤ ਨਹੀਂ ਰਚ ਰਹੀ, ਉਹ ਸਮਾਜ ਨਾਲ ਡਾਇਲਾਗ ਕਰ ਰਹੀ ਹੈ, ਏਸੇ ਕਰਕੇ ਇਹ ਕਿਤੇ ਡਾਕੂਮੈਂਟਰੀ ਲੱਗਦੀ ਹੈ, ਕਿਤੇ ਦਾਰਸ਼ਨਿਕ ਨਿਬੰਧ, ਕਿਤੇ ਲੰਬੀ ਵਾਰਤਕਨੁਮਾ ਕਵਿਤਾ ਲੱਗਦੀ ਹੈ। ਇਹੀ ਇਸ ਪੁਸਤਕ ਦੀ ਵਿਲੱਖਣਤਾ ਹੈ।

ਦਿ ਬਲੀਡਿੰਗ ਵੋਮੈਨ ਪੁਸਤਕ ਪੰਜਾਬੀ ਸਾਹਿਤ ਵਿੱਚ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਇਹ ਔਰਤ ਦੇ ਸਰੀਰ ਨੂੰ ਲੱਜਿਆ ਨਹੀਂ, ਗਿਆਨ ਦਾ ਸਰੋਤ ਬਣਾਉਂਦੀ ਹੈ। ਇਹ ਕਹਿੰਦੀ ਹੈ ਕਿ ਔਰਤ ਦਾ ਦਰਦ ਕੋਈ ਨਿੱਜੀ ਗੁਪਤ ਘਟਨਾ ਨਹੀਂ, ਇਹ ਸਮਾਜ ਦੀ ਨੈਤਿਕ ਅਸਫਲਤਾ ਹੈ। ਇਸ ਪੁਸਤਕ ਦਾ ਪਾਠ ਕਰਦਿਆਂ ਐਸੀ ਦੁਨੀਆ ਵਿੱਚ ਪਹੁੰਚ ਜਾਂਦੇ ਹਾਂ, ਜਿੱਥੇ ਔਰਤਾਂ ਸਿਰਫ਼ ਜੀਵਨ ਨਹੀਂ ਜਿਉਂਦੀਆਂ, ਆਪਣੀ ਰੋਜ਼ਮਰ੍ਹਾ ਜ਼ਿੰਦਗੀ 'ਚ ਆਪਣੇ ਅੰਦਰਲੇ ਖ਼ੂਨ ਨਾਲ ਸਮਾਜ ਦੀ ਸੰਵੇਦਨਾ ਨੂੰ ਜਨਮ ਦਿੰਦੀਆਂ ਹਨ, ਏਸੇ ਲਈ ਦਿ ਬਲੀਡਿੰਗ ਵੋਮੈਨ ਨੂੰ ਕੇਵਲ ਪੁਸਤਕ ਕਹਿਣਾ ਕਾਫ਼ੀ ਨਹੀਂ ਹੋਵੇਗਾ, ਇਹ ਪੰਜਾਬੀ ਔਰਤ ਦੀ ਸਦੀਆਂ ਪੁਰਾਣੀ ਚੁੱਪ ਨੂੰ ਤੋੜਨ ਦਾ ਜ਼ਰੀਆ ਵੀ ਹੋਵੇਗਾ, ਸਰਬਜੀਤ ਕੌਰ ਸੋਹਲ ਦੀ ਇਸ ਪੁਸਤਕ ਨੂੰ ਜੀ ਆਇਆਂ ਆਖਦਾ ਹੋਇਆ ਕਹਿ ਸਕਦਾ ਹਾਂ ਇਹ ਪੁਸਤਕ ਔਰਤ ਦੀ ਸਦੀਆਂ ਦੀ ਚੁੱਪ ਨੂੰ ਤੋੜਨ ਦੀ ਚਾਬੀ ਹੈ।

*ਸੰਪਰਕ : 94172-07627*

# ਅਵਤਾਰ ਉੱਪਲ ਫਿਰ ਆਉਣਾ !

ਆਪਣੇ ਜੀਵਨ ਦਾ ਕਾਫੀ ਸਮਾਂ ਬਰਤਾਨੀਆ ਦੀਆਂ ਪ੍ਰਗਤੀਸ਼ੀਲ ਸਫਾਂ ਵਿੱਚ ਸਰਗਰਮ ਰਹਿ ਕੇ ਉਹ ਉਥੇ ਹੀ ਸਮਾਅ ਗਿਆ ਹੈ ਅਵਤਾਰ ਉੱਪਲ। ਸਹਿਜ ਤੇ ਸੰਜਮ ਭਰੀਆਂ ਲਿਖਤਾਂ ਲਿਖੀ ਗਿਆ। ਉਹ ਡੂੰਘੀ ਸੰਗੀਤਕ ਸੋਝੀ ਦਾ ਮਾਲਕ ਸੀ ਤੇ ਹਮੇਸ਼ਾ ਕੋਈ ਪਿਆਰਾ ਜਿਹਾ ਨਗਮਾ ਗੁਣਗੁਣਾਉਂਦਾ ਰਹਿੰਦਾ। ਮਿਲਾਪੜਾ ਸੱਜਣ ਸੀ ਤੇ ਹਸਮੁਖਾ ਬੰਦਾ ਸੀ। ਕਈਆਂ ਨੂੰ ਖੁਸ਼ਕ ਲਗਦਾ ਸੀ ਪਰ ਨੇੜਿਓਂ ਜਾਨਣ ਵਾਲਿਆਂ ਲਈ 'ਨਾਰੀਅਲ ਦੀ ਗਿਰੀ' ਵਰਗਾ ਸੀ। ਉਸਦੇ ਤੁਰ ਜਾਣ ਦੀ ਸੂਚਨਾ ਨੇ ਕਾਲਜੇ ਨੂੰ ਧੂਹਿਆ ਹੈ। ਮੈਂ ਉਸਦੇ ਤੇ ਉਹਦੀ ਪਤਨੀ ਸੱਤਿਆ (ਸਤਵਿੰਦਰ) ਦੇ ਬੜਾ ਨੇੜੇ ਰਿਹਾ,ਉਹ ਮੈਨੂੰ 'ਘੁਗਿਆਣਵੀ' ਦੀ ਥਾਂ 'ਘੁੱਗੀ' ਆਖ ਕੇ ਬੁਲਾਉਂਦੀ ਰਹੀ। ਇਨਾਂ ਦਾ ਛੋਟਾ ਮੁੰਡਾ ਬੌਬ ਮੇਰਾ ਚੰਗਾ ਦੋਸਤ ਬਣ ਗਿਆ ਸੀ। ਉੱਪਲਾਂ ਨਾਲ ਬਿਤਾਇਆ ਸਮਾਂ ਰਮਣੀਕ ਤੇ ਯਾਦਗਾਰੀ ਹੈ। ਉਸ ਸਭ ਕਾਸੇ ਨੂੰ ਚੇਤੇ ਕਰਦਿਆਂ ਅੱਜ ਹਉਕਾ ਜਿਹਾ ਨਿਕਲਦਾ ਹੈ।

ਅਵਤਾਰ ਉੱਪਲ ਨੇ ਜੋ ਵੀ ਲਿਖਿਆ, ਉਹ ਸਭ ਕੁਝ ਸਮੇਂ ਸਮੇਂ ਸਿਰ 'ਨਵਾਂ ਜਮਾਨਾ' ਵਿਚ ਐਤਵਾਰੀ ਅੰਕਾਂ ਵਿਚ ਛਪਦਾ ਰਿਹਾ। ਕਦੇ ਉਹ ਲੇਖ ਲਿਖਦਾ। ਕਦੇ ਕਹਾਣੀ। ਕਦੀ ਵਾਰਤਕ ਦੀ ਟੁਕੜੀ। ਕਦੇ ਡਾਇਰੀ ਦਾ ਪੰਨਾ। ਮੇਰੇ ਸਾਹਮਣੇ ਉਸਦੀ ਖੂਬਸੂਰਤ ਵਾਰਤਕ ਦੀ ਪੁਸਤਕ ਪਈ ਹੈ, 'ਆਪਣੀ ਮੰਜ਼ਿਲ ਆਪਣੇ ਰਾਹ।' ਇਸ ਕਿਤਾਬ ਵਿਚ ਉਸਦੀਆਂ ਤਿੰਨ

## ਸ਼ਬਦ ਚਿੱਤਰ

### ਨਿੰਦਰ ਘੁਗਿਆਣਵੀ

ਕਹਾਣੀਆਂ ਵੀ ਸ਼ਾਮਲ ਹਨ।'ਸ਼ਿਵਰੰਜਨੀ ਨਾ ਰੁਕੀ' ਜਦ ਛਪੀ ਸੀ, ਤਾਂ ਬੜੀ ਚਰਚਾ ਹੋਈ ਸੀ।'ਬਿਨ ਅਰਦਾਸੋਂ ਅਰਥੀ' ਕਹਾਣੀ ਨੇ ਵੀ ਪਾਠਕਾਂ ਦਾ ਧਿਆਨ ਮੱਲਿਆ ਸੀ।'ਝਿੜੀ ਵਾਲਾ ਬੋਹੜ' ਪੜ ਕੇ ਵੱਡੇ ਵੱਡੇ ਲੇਖਕਾਂ ਨੇ ਉਪਲ ਜੀ ਨੂੰ ਖੂਬ ਵਡਿਆਇਆ ਸੀ।ਉਸ ਨੇ ਨਾਵਲ ਵੀ ਲਿਖਿਆ 'ਧੁੰਦ ਤੇ ਪ੍ਰਭਾਤ।' ਉਸਨੂੰ ਸ਼ਬਦਾਂ ਨਾਲ ਖੇਡਣਾ ਤੇ ਖਿਡਾਉਣਾ ਆਉਂਦਾ ਸੀ। ਉਸਦਾ ਵਾਰਤਕ ਲੇਖ 'ਸੁਰ ਤੇ ਜ਼ਿੰਦਗੀ' ਉਸਦੀ ਮਨੁੱਖੀ ਜੀਵਨ ਤੇ ਸੰਗੀਤ ਪ੍ਰਤੀ ਪਰਪੱਕ ਸੂਝ, ਕੋਮਲ ਮਨ ਤੇ ਸੱਚੀ ਨਿਸ਼ਠਾ ਦਾ ਪਰਗਟਾਵਾ ਕਰਦਾ ਹੈ, ਉਹਨੇ ਲਿਖਿਆ ਹੈ, 'ਸਵੇਰੇ ਸਵੇਰੇ ਪੰਛੀਆਂ ਦੀ ਚਹਿਚਾਹਟ, ਕੂਲਾਂ ਝਰਨਿਆਂ 'ਚ ਵਹਿੰਦੇ ਪਾਣੀਆਂ ਦੀ ਵੱਜ ਰਹੀ ਸਰੋਦ, ਦਿਨ ਦੇ ਚੜ੍ਹਾਅ ਨਾਲ ਦਰਿਆਵਾਂ-ਝੀਲਾਂ 'ਚ ਬੇੜੀਆਂ ਠੇਲਦੇ ਮਲਾਹਾਂ ਦੇ ਚੱਪੂਆਂ ਦੀ ਟਿਪ-ਤਾਲ ਤੇ ਸੂਈਆਂ-ਗਧੂੰਈਆਂ ਤੇ ਚਰਮਖਾਂ ਵੇਚਣ ਵਾਲੀਆਂ ਦੀਆਂ ਮਧੁਰ ਆਵਾਜ਼ਾਂ ਮਨ ਨੂੰ ਹੁਲਾਰਾ ਦੇਂਦੀਆਂ ਹਨ।' ਸੰਨ 2003 ਦੇ ਜੁਲਾਈ ਮਹੀਨੇ ਵਿਚ ਲਿਖਿਆ ਉਸਦਾ ਨਿਬੰਧ 'ਦਾਦੀ ਮਾਂ ਤੇ ਦੀਵਾ' ਉਸਦੀ ਉਤਮ ਵਾਰਤਕ ਰਚਨਾ ਹੈ, ਜੋ ਉਸਨੇ ਆਪਣੇ ਬਚਪਨੀ ਦਿਨਾਂ ਬਾਬਤ ਲਿਖੀ ਹੈ। ਦਾਦੀ ਤੇ ਮਾਂ ਨੂੰ ਯਾਦ ਕਰਦਿਆਂ ਉਹ ਭਾਵੁਕ ਹੋ ਜਾਂਦਾ ਹੈ।

ਉਹ ਸਾਹਿਤਕ ਰਚਨਾਵਾਂ ਗਾਉਂਦਾ, ਤਾਂ ਹਰਮੋਨੀਅਮ ਉਤੇ ਉਸਦੀਆਂ ਉਂਗਲਾਂ ਪੈਲਾਂ ਪਾਉਂਦੀਆਂ ਜਾਪਦੀਆਂ। ਮਹਿਫਲਾਂ ਵਿਚ ਰੰਗ ਬੱਝ ਜਾਂਦਾ। ਉਹ ਰਾਗਾਂ ਵਿੱਚ ਹੀ ਗਾਉਂਦਾ ਸੀ। ਬੇ-ਰਾਗਾ ਬਿਲਕੁਲ ਨਹੀਂ ਸੀ। ਉੱਪਲ ਲਿਖਦਾ ਗਾਉਂਦਾ, ਬੋਲਦਾ, ਤੁਰਿਆ ਫਿਰਦਾ ਅਜੀਬ ਜਿਹੀ ਤੜਫਣ ਵਿਚ ਜਾਪਦਾ ਸੀ। ਹੱਸਦਾ ਤਾਂ ਤਵੇ ਉਤੇ ਫੁੱਲੇ ਫੁਲਕੇ ਵਾਂਗ ਫੁੱਲਿਆ ਫੁੱਲਿਆ ਹਾਸਾ ਹਸਦਾ। ਜਦ ਉਦਾਸ ਹੁੰਦਾ ਤਾਂ ਹਟਕੋਰੇ ਨਾ ਭਰਦਾ, ਬਸ... ਚੁੱਪੀ ਧਾਰ ਲੈਂਦਾ ਪਰ ਜਦ ਗੁੱਸੇ ਦਾ ਦੌਰਾ ਪੈਂਦਾ, ਫਿਰ ਉਹ ਦੇਖਿਆ ਨਹੀਂ ਸੀ ਜਾਂਦਾ। ਕੁਝ ਵੀ ਹੈ, ਉਹ ਇਕ ਸੰਵੇਦਨਸ਼ੀਲ ਵਿਅਕਤੀਤਵ ਦਾ ਮਾਲਕ ਸੀ। ਜੇ ਆਪਣੇ ਪਿੰਡ ਬਿਆਸ (ਆਦਮਪੁਰ ਜਿਲਾ ਜਲੰਧਰ) ਰਹੀ ਜਾਂਦਾ, ਵਲੈਤ ਨੂੰ ਵਹੀਰ ਨਾ ਘੱਤਦਾ, ਤਾਂ ਸ਼ਾਇਦ ਗੱਲਾਂ ਹੋਰ ਈ ਹੁੰਦੀਆਂ। ਬੜਾ ਕੁਝ ਹੋਣਾ ਸੀ ਉਹਦੇ ਕੋਲ ਤੇ ਉਹ ਆਪਣੇ ਪਿੰਡ ਦਾ ਸਰਦਾਰ ਅਵਤਾਰ ਸਿੰਘ ਉੱਪਲ ਹੁੰਦਾ, ਆਪਣੀ ਨੇਕ ਸੋਚ ਸਦਕਾ ਸ਼ਾਇਦ 'ਸਰਪੰਚ' ਵੀ ਬਣ ਜਾਂਦਾ, ਕਿਉਂਕ ਸਮਾਜ ਸੇਵਾ ਦਾ ਜਜਬਾ ਉਹਦੇ ਵਿਚੋਂ ਗੁਆਚਿਆ ਨਹੀਂ ਸੀ। ਅਵਤਾਰ ਉੱਪਲ ਇੰਗਲੈਂਡ ਜਾ ਕੇ ਵੀ ਲੋਕ ਪੱਖੀ ਰਿਹਾ। ਲੋਕਾਂ ਲਈ ਖੜਦਾ ਰਿਹਾ। ਲੋਕ ਹਿਤੂ ਜਥੇਬੰਦੀਆਂ ਵਿਚ ਜਾਂਦਾ।ਪੰਜਾਬ ਨੂੰ ਝੂਰਦਾ ਰਿਹਾ ਤੇ ਆਪਣੀਆਂ ਲਿਖਤਾਂ ਵਿਚ ਉਹ ਪਾੜਾ ਪਾਉਣਿਆਂ ਨੂੰ ਘੂਰਦਾ ਰਿਹਾ ਪਰ ਵਲੈਤ ਜਾ ਕੇ ਵੀ ਉਸ ਕੋਲ 'ਕੱਖ' ਨਾ ਬਚਿਆ।

ਹੁਣ ਮੈਂ ਉਹਦੇ ਨਾਲ ਜੁੜੀਆਂ ਯਾਦਾਂ ਸ਼ਬਦਾਂ ਵਿਚ ਜੜ ਲਵਾਂ ? ਤੇ ਪੜ੍ਹੋ।

* * *

ਇਹ ਸਮਾਂ 1999 ਦਾ ਹੋਵੇਗਾ। ਮੈਂ ਉਦੋਂ ਕੁ ਜਿਹੇ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਚ ਰਹਿੰਦਾ ਸਾਂ। ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਗੰਧਰਵ ਸੈਨ ਕੋਛੜ, ਕਾ ਗੁਰਮੀਤ, ਬਾਬਾ ਚੂਹੜ ਸਿੰਘ ਬੱਜੋਂ, ਕਾਮਰੇਡ ਢੱਡਾ, ਛੀਨਾ ਜੀ, ਅਮੋਲਕ ਭਾਜੀ, ਬਾਬਾ ਰਮੇਸ਼ਵਰ ਸਿੰਘ ਚਮਿਆਰੀ ਆਦਿ ਦੀ ਸੰਗਤ ਦਾ ਲਾਹਾ ਲੈਂਦਾ ਰਹਿੰਦਾ। ਇਥੇ ਹੀ ਇਨਾਂ ਸਭਨਾਂ ਨੂੰ ਮਿਲਣ ਆਇਆ ਬੈਠਾ ਸੀ ਅਵਤਾਰ ਉੱਪਲ, ਜੋ ਪਹਿਲੀ ਵਾਰ ਦੇਖਿਆ।ਨਾਂ ਜਾਣਿਆ- ਪਛਾਣਿਆ ਸੀ।ਬਾਬਿਆਂ ਨੇ ਮੇਰੀ ਜਾਣ ਪਛਾਣ ਕਰਵਾਈ ਤਾਂ ਉਹਨੇ ਹੱਸ ਕੇ ਆਖਿਆ, 'ਏਹਨੂੰ ਤਾਂ ਮਿਲਣ ਦੀ ਬੜੀ ਚਾਹਤ ਸੀ ਮੇਰੀ, ਅੱਜ ਖੂਬਸੂਰਤ ਥਾਵੇਂ ਪੂਰੀ ਹੋ ਗਈ ਆ।' ਜਾਣ ਲੱਗੇ ਨੇ ਆਪਣਾ ਈਮੇਲ ਲਿਖਵਾ ਦਿੱਤਾ, ਤੇ ਮੇਰਾ ਆਪਣੀ ਡਾਇਰੀ ਉਤੇ ਲਿਖ ਲਿਆ। ਫਿਰ ਭੁਲ ਭੁਲਾਉਣ ਵਾਂਗ ਹੀ ਸਮਝੋ।ਇਕ ਦਿਨ ਈਮੇਲ ਖੋਲ੍ਹੀ, ਦੇਖਿਆ ਤਾਂ ਉਹਨਾਂ ਨਵਾਂ ਜਮਾਨਾ ਵਿਚ ਛਪੇ ਗਿਆਨੀ ਕੇਸਰ ਸਿੰਘ ਬਾਰੇ ਮੇਰੇ ਸ਼ਬਦ ਚਿੱਤਰ ਦੀ ਸਿਫਤ ਕੀਤੀ ਹੋਈ ਸੀ। ਇਹ ਵੀ ਲਿਖਿਆ ਸੀ ਕਿ ਅਗਲੇ ਦਿਨੀਂ ਉਹ ਇੰਗਲੈਂਡ ਤੋਂ ਜਲੰਧਰ ਆ ਰਿਹਾ ਹੈ, ਦੇਸ਼ ਭਗਤ ਯਾਦਗਾਰ ਹਾਲ ਵਿਚ ਮੁਲਾਕਾਤ ਕਰਾਂਗੇ ਤੇ ਉਹ ਆਪਣੇ ਕਾਮਰੇਡ ਦੋਸਤ ਸਿੰਘ ਪਾਸ ਠਹਿਰੇਗਾ। ਉਦੋਂ ਤਕ ਮੈਂ ਜਲੰਧਰ ਛੱਡ ਕੇ ਆਪਣੇ ਪਿੰਡ ਆ ਰਹਿਣ ਲੱਗਿਆ ਸਾਂ।ਮੁਲਾਕਾਤ ਕਾਹਦੀ ਹੋਣੀ ਸੀ ਫਿਰ। ਈਮੇਲ ਕਰਕੇ ਨਾ ਮਿਲ ਸਕਣ ਦੀ ਮੁਆਫੀ ਮੰਗੀ। 2010 ਵਿਚ ਇੰਗਲੈਂਡ ਜਾਣ ਦਾ ਸਬੱਬ ਬਣ ਗਿਆ। ਉਪਲ ਜੀ ਨੂੰ ਫੋਨ ਕੀਤਾ। ਉਹ ਚਹਿਕ ਰਹੇ ਸਨ ਖੁਸ਼ੀ ਨਾਲ। ਆਖਣ ਲੱਗੇ ਕਿ ਅਜ ਸ਼ਾਮ ਨੂੰ ਹਰਜੀਤ ਅਟਵਾਲ ਦੇ ਘਰ ਇਕ ਸਾਹਿਤਕ ਮਹਿਫਲ ਹੈ, ਮੈਂ ਉਥੇ ਜਾਣਾ ਹੈ, ਜੇ ਤੂੰ ਵੀ ਆ ਜਾਵੇਂਗਾ ਤਾਂ ਉਥੋਂ ਮੈਂ ਤੈਨੂੰ ਆਪਣੇ ਨਾਲ ਘਰ ਲੈ ਆਵਾਂਗਾ। ਗੁਰਪਾਲ ਸਿੰਘ ਨਾਲ ਪ੍ਰੋਗਰਾਮ ਤੈਅ ਹੋਇਆ ਕਿ ਉਹ ਅਟਵਾਲ ਦੇ ਘਰ ਲਿਆਉਣਗੇ। ਮਹਿਫਲ ਭਰੀ ਹੋਈ ਸੀ। ਜਿੰਦਰ ਵੀ ਇੰਡੀਆ ਤੋਂ ਆਇਆ ਹੋਇਆ ਸੀ। ਮੈਨੂੰ ਤੂੰਬੀ ਟੁਣਕਾਉਣ ਲਈ ਆਖਿਆ ਗਿਆ।ਰੰਗ ਬੱਝਿਆ, ਇਨਾਮ ਵਜੋਂ ਪੌਂਡ ਵੀ ਜੇਬ ਵਿਚ ਪਾਏ। ਰਾਤ ਪਈ ਤੋਂ ਮੈਂ ਉਨਾਂ ਨਾਲ ਘਰ ਆ ਗਿਆ। ਸੱਤਿਆ ਆਂਟੀ ਮਿਲੇ। ਤੇ ਬਸ, ਦੋ ਮਹੀਨੇ ਦੇ ਲਗਪਗ ਰਹਿਣਾ ਸੀ ਇੰਗਲੈਂਡ, ਇਨਾਂ ਦੋਵਾਂ ਜੀਆਂ ਦਾ ਹੁਕਮ ਸੀ ਕਿ ਇਹ ਘਰ ਤੇਰਾ ਘਰ ਹੈ, ਜਿਥੇ ਮਰਜੀ ਜਾਹ, ਪਰ ਰਾਤੀਂ ਘਰ ਮੁੜਨਾ ਹੈ। ਜਿਸ ਨੇ ਤੈਨੂੰ ਮਿਲਣਾ ਹੋਵੇ, ਉਹ ਨਿਝੱਕ ਹੋ ਕੇ ਇਥੇ ਆਵੇ। ਤੇ ਦੋਸਤ ਮਿੱਤਰ ਪਾਠਕ ਆ ਆ ਮਿਲਣ ਲੱਗੇ। ਜਿਥੇ ਮੇਰਾ ਪ੍ਰੋਗਰਾਮ ਹੁੰਦਾ ਅੰਕਲ ਆਂਟੀ ਨਾਲ ਜਾਂਦੇ। ਦੂਰ ਹੁੰਦਾ, ਤਾਂ ਉੱਪਲ ਅੰਕਲ ਜਾਂਦੇ। ਹੌਲੀ-ਹੌਲੀ ਪਤਾ ਲੱਗਣ ਲੱਗਿਆ ਕਿ ਉੱਪਲ ਅੰਕਲ ਤਾਂ 'ਮਲਟੀਟੇਲੇਂਟਿਡ ਬੰਦਾ' ਹੈ। ਜੇ ਕਿਸੇ ਦੀ ਨਕਲ ਲਾਹੁੰਦਾ, ਤਾਂ ਕਮਾਲਾਂ ਈ ਕਰੀ ਜਾਂਦਾ। ਹੱਸ ਹੱਸ ਢਿੱਡੀਂ ਪੀੜਾਂ ਪਾਈ ਜਾਂਦਾ। ਇਸ 'ਮਹਾਨ ਕਾਰਜ' ਵਿਚ ਮੈਂ ਵੀ ਅੰਕਲ ਦਾ ਸਾਥ ਦੇਣ ਲੱਗ ਪਿਆ। ਦਿਨ ਵਿਚ ਕਈ ਵਾਰ ਅਸੀਂ ਹਰਭਜਨ ਹੁੰਦਲ ਤੇ ਕੈਲਾਸ਼ਪੁਰੀ ਦੀਆਂ ਸਾਗਾਂ ਲਾਹੁੰਦੇ ਤੇ ਖੂਬ ਖੜਮਸਤੀ ਕਰਦੇ। ਉਦੋਂ ਵਿਦਵਾਨ ਅਵਤਾਰ ਉੱਪਲ ਮੈਨੂੰ ਮੇਰਾ ਹਾਣੀ ਦੋਸਤ ਲੱਗਣ ਲਗਦਾ। ਬੜਾ ਮਨ ਲੱਗਿਆ ਮੇਰਾ ਇਨਾਂ ਕੋਲ।



ਉਪਲ ਜੀ ਨੇ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਤੋਰੀ ਦੀ ਵੇਲ' ਪੜੀ ਹੋਈ ਸੀ ਤੇ ਉਹਦਾ ਦਿਲ ਕਰਦਾ ਸੀ ਭੁੱਲਰ ਨਾਲ ਗੱਲ ਕਰਨ ਨੂੰ। ਜਦ ਮੈਂ ਉਪਲ ਅੰਕਲ ਦਾ ਕੰਪਿਊਟਰ ਵਰਤਦਾ, ਤਾਂ ਉਹ ਲਾਗੇ ਈ ਬੈਠਾ ਹੁੰਦਾ, ਭੁੱਲਰ ਜੀ ਨੂੰ ਈਮੇਲ ਕਰਨ, ਤੇ ਉਨਾਂ ਦੀ ਹਾਸੇ ਬਿਖੇਰਦੀ ਈਮੇਲ ਆਈ ਹੋਣ ਬਾਰੇ ਦਸਦਾ।ਉੱਪਲ ਜੀ ਤੇ ਭੁੱਲਰ ਜੀ ਦੀ ਈਮੇਲ ਸਾਂਝੀ ਹੋਈ। ਥੋੜੇ ਦਿਨਾਂ ਬਾਅਦ ਉਪਲ ਜੀ ਨੇ ਛੋਟਾ ਜਿਹਾ ਪੀਸ ਲਿਖਿਆ, 'ਤੋਰੀ ਦੀ ਵੇਲ ਵਾਲਾ ਭੁੱਲਰ', ਜੋ ਨਵਾਂ ਜਮਾਨਾ ਵਿਚ ਐਤਵਾਰ ਨੂੰ ਪਰਵਾਨੇ ਨੇ ਛਾਪਿਆ। ਉਹਨੀਂ ਦਿਨੀਂ ਜਰਮਨ ਤੋਂ ਕੇਹਰ ਸ਼ਰੀਫ ਇੰਗਲੈਂਡ ਆਇਆ। ਉਪਲ ਅੰਕਲ ਦਾ ਘਰ ਭਰ ਗਿਆ। ਕਾ ਹਰਸੇਵ ਬੈਂਸ, ਰਣਜੀਤ ਧੀਰ, ਦੂਹੜਾ ਜੀ, ਕਾਫੀ ਸਾਰੇ ਸੱਜਣ। ਮਹਿਫਲਾਂ ਜੁੜਨ ਲੱਗੀਆਂ। ਸੱਤਿਆ ਆਂਟੀ ਦਾ ਪੈਰ ਭੁੰਜੇ ਨਾ ਲਗਦਾ। ਖੂਬ ਖਾਤਰਦਾਰੀ ਕਰਦੀ।

ਮੈਂ ਮਹਿਸੂਸ ਕਰਦਾ ਕਿ ਦੋਵੇਂ ਜੀਅ ਲੋਕਾਂ ਪਾਸੋਂ ਖੂਬ ਮੋਹ-ਤਿਹੁ ਲੈਂਦੇ-ਦਿੰਦੇ ਨੇ ਪਰ ਇਨਾਂ ਦੇ ਅੰਦਰ ਕੁਝ ਟੁੱਟ -ਭੱਜ ਵੀ ਹੈ, ਜੋ ਇਹ ਕਿਸੇ ਖਾਸ ਕੋਲ ਹੀ ਜਾਹਰ ਕਰਦੇ ਹੋਣਗੇ। ਮੈਂ ਵਲੈਤ ਵਿਚ ਖੂਬ ਘੁੰਮਦਾ ਫਿਰਦਾ ਰਿਹਾ। ਇਨਾਂ ਦਾ ਬੌਬ ਬੇਟਾ ਵੀ ਨਾਲ ਹੀ ਰਹਿੰਦਾ ਸੀ ਉਦੋਂ। ਉਹ ਵੀ ਮੇਰੇ ਨਾਲ ਜਾਂਦਾ। ਆਪਣੇ ਕੈਮਰੇ ਨਾਲ ਫੋਟੋਆਂ ਖਿੱਚਦਾ ਤੇ ਘਰ ਆਣ ਕੇ ਈਮੇਲ ਕਰਦਾ। ਇਕ ਦਿਨ ਮੈਂ ਲੇਟ ਉੱਠਿਆ। ਅੰਕਲ ਆਂਟੀ ਤਿਆਰ ਹੋਏ ਬੈਠੇ ਸਨ ਜਿਵੇਂ ਕਿਤੇ ਜਾਣਾ ਹੋਵੇ! ਮੇਜ ਉਤੇ ਫੁੱਲਾਂ ਦਾ ਛੋਟਾ ਜਿਹਾ ਗੁਲਦਸਤਾ ਪਿਆ ਸੀ ਤੇ ਇਕ ਲਿਫਾਫਾ ਵੀ। ਪੁੱਛਦਾ ਹਾਂ ਕਿ ਕਿਥੇ ਦੀ ਤਿਆਰੀ ਐ ? ਆਂਟੀ ਦੱਸਣ ਲੱਗੀ ਹੈ,



ਅਵਤਾਰ ਉੱਪਲ ਦਾ ਸਾਦਿਕ ਵਿਖੇ ਸਨਮਾਨ ਕਰਦੇ ਪਤਵੰਤੇ.

'ਘਰ ਹੀ ਆਂ, ਕਿਤੇ ਨੀ ਜਾਣਾ, ਅੱਜ ਵੱਡੇ ਨੇ ਆਉਣਾ ਏਂ ਅੱਜ ਉਹਦਾ ਬਰਥਡੇ ਐ, ਪਿਛਲੀ ਵਾਰ ਉਹਤੋਂ ਆਇਆ ਨਹੀਂ ਸੀ ਗਿਆ, ਅੱਜ ਆਏਗਾ, ਬਸ ਆਉਣ ਈ ਵਾਲਾ ਏ, ਦੋ ਚਾਰ ਮਿੰਟ ਰੁਕੇਗਾ, ਓਹ ਏਨਾ ਕੁ ਚਿਰ ਈ ਰੁਕਦਾ ਹੁੰਦਾ, ਬਸ... ਉਹਦੀ ਆਪਣੀ ਦੁਨੀਆਂ, ਸਾਡੀ ਆਪਣੀ...ਪਤਾ ਨੀ ਸਾਡਾ ਕੀ ਕਸੂਰ ਸੀ।' ਆਂਟੀ ਰੋ ਪਈ।ਮੈਂ ਹੌਸਲਾ ਦੇਣ ਲੱਗਿਆ। ਅੰਕਲ ਉਠਕੇ ਕਮਰੇ ਵਿੱਚ ਚਲਾ ਗਿਆ। ਮੇਰਾ ਮਨ ਵੀ ਭਰ ਆਇਆ। ਕੋਈ ਬੋਲ ਨਹੀਂ ਸੀ ਰਿਹਾ। ਮੈਂ ਨਹਾਉਣ ਗਿਆ। ਜਦ ਨਹਾ ਕੇ ਆਇਆ, ਮੁੰਡਾ ਗੁਲਦਸਤੇ ਤੇ ਲਿਫਾਫੇ ਦੇ ਨਾਲ ਨਾਲ ਮਾਂ ਪਿਓ ਤੋਂ ਆਸ਼ੀਰਵਾਦ ਲੈ ਕੇ ਉਡ ਚੁੱਕਾ ਸੀ। ਹੁਣ ਉਹਨੇ ਅਗਲੇ ਸਾਲ ਆਉਣਾ ਸੀ।

* * *

ਮੇਰੇ ਪਿੰਡ ਪਰਤਣ ਦੇ ਦਿਨ ਨੇੜੇ ਆ ਰਹੇ ਸਨ। ਇਕ ਦਿਨ ਸਵੇਰ ਦੀ ਚਾਹ ਵੇਲੇ ਮਾਤਾ ਕਹਿੰਦੀ, 'ਘੁੱਗੀ ਵੇ, ਉਡਾਰੀ ਮਾਰਨੀ ਹੁਣ ਤੂੰ ਫਿਰ? ਇੰਡੀਆ ਜਾ ਕੇ ਸਾਨੂੰ ਭੁੱਲ ਤਾਂ ਨੀ ਜਾਏਂਗਾ ?' ਮਨ ਭਰ ਆਈ। ਅੰਕਲ ਕਹਿੰਦਾ,'ਆਪਾਂ ਜਲੰਧਰ ਖੁਰਲੇ ਕਿੰਗਰੇ ਟੀਵੀ ਟਾਵਰ ਕੋਲ ਫਲੈਟ ਲੈ ਲਿਆ ਏ ਸੁਸਾਇਟੀ ਵਿਚ, ਅਸੀਂ ਆ ਰਹੇ ਆਂ ਅਗਲੇ ਸਾਲ, ਬਸ ਤੂੰ ਉੱਡਿਆ ਉੱਡਿਆ ਆਈਂ ਸਾਡੇ ਕੋਲ, ਇਕੱਠੇ ਰਹਾਂਗੇ,ਲਿਖਾਂਗੇ ਪੜ੍ਹਾਂਗੇ, ਗਾਵਾਂਗੇ, ਘੁੰਮਾਂ ਫਿਰਾਂਗੇ, ਕੇਰਲਾ ਵੀ ਚੱਲਾਂਗੇ।

2013 ਵਿਚ ਉਹ ਆਏ। ਖੂਬਸੂਰਤ ਸੀ ਫਲੈਟ। ਕੁਝ ਦਿਨ ਅਸੀਂ ਇਕੱਠੇ ਰਹੇ। ਸੱਤਿਆ ਆਂਟੀ ਮੁੜ ਗਏ ਵਾਪਸ ਤੇ ਅੰਕਲ ਨੇ ਹਾਲੇ ਹੋਰ ਰਹਿਣਾ ਸੀ। ਸ਼ਾਇਦ ਕੇਸਰ ਨੂੰ ਕੋਈ ਖਰੜਾ ਦਿੱਤਾ ਹੋਇਆ ਸੀ ਕਿਤਾਬ ਦੀ ਛਪਵਾਈ ਵਾਸਤੇ। ਅੰਕਲ ਦਾ ਫੋਨ ਆਇਆ ਕਿ ਮੈਂ ਤੇਰਾ ਪਿੰਡ ਵੇਖਣਾ, ਬੱਸੇ ਬਹਿ ਕੇ ਆ ਰਿਹਾ ਆਂ, ਫਰੀਦਕੋਟੋਂ ਆਣ ਕੇ ਲੈ ਜਾਣਾ। ਮੈਂ ਆਪਣੇ ਦੋਸਤ ਨਾਲ ਕਾਰ ਲੈਕੇ ਬਸ ਅੱਡੇ ਗਿਆ। ਉੱਪਲ ਅੰਕਲ ਬੜਾ ਖੁਸ਼। ਆਖਣ ਲੱਗਿਆ, 'ਯਾਰ, ਬੜਾ ਵਧੀਆ ਐ ਮਾਲਵਾ, ਖੁੱਲਾ ਇਲਾਕਾ, ਖੁੱਲੇ ਡੁੱਲੇ ਖੇਤ, ਘਰ ਤੇ ਖੁੱਲਮ ਖੁੱਲੇ ਵਿਹੜੇ, ਕਿਆ ਕੋਠੀਆਂ ਪਾਈਆਂ ਨੇ ਲੋਕਾਂ ਨੇ ਬਈ, ਨਾਲੇ ਆਖੀ ਜਾਂਦੇ ਆ ਕਿ ਜੱਟ ਮਰ ਗਿਆ ਭੁੱਖਾ, ਫਾਹੇ ਲਈ ਜਾਂਦਾ, ਫੇ ਆਹ ਸਾਰਾ ਕੁਝ ਕਿੱਦਾਂ ਬਣ ਗਿਆ ਆ ? ਬਈ, ਬੜੇ ਵੱਡੇ ਵੱਡੇ ਟਰੈਕਟਰ ਨੇ ਕਿਆ ਬਾਤ ਐ।' ਗੱਲਾਂ ਕਰਦੇ ਕਰਦੇ ਅਸੀਂ ਸਾਦਿਕ ਮੰਡੀ ਆ ਗਏ। ਦੋਸਤ ਮਿੱਤਰ ਇਕੱਠੇ ਕੀਤੇ। ਉਪਲ ਅੰਕਲ ਨੇ ਵਲੈਤ ਬਾਰੇ ਭਾਸ਼ਣ ਕੀਤਾ। ਕਲੱਬ ਵਲੋਂ ਹਾਰ ਤੇ ਲੋਈਆਂ-ਸਿਰੋਪੇ ਪਾ ਕੇ ਅੰਕਲ ਨੂੰ ਸਨਮਾਨਿਆ ਗਿਆ। ਆਥਣੇ ਘਰ ਆਏ। ਛੋਟੇ ਭਰਾ ਸ਼ਿੰਦਰ ਨੇ ਚੁੱਲੇ ਉਤੇ ਮੁਰਗਾ ਧਰਿਆ। ਮਸਾਲੇ ਦੀ ਮਹਿਕ ਪਸਰੀ ਤਾਂ ਵਿਹੜੇ ਵਿੱਚ ਖਲੋਤਾ ਉਪਲ ਅੰਕਲ ਬਾਗੋਬਾਗ ਹੋਵੇ ਪਿਆ, 'ਬਈ, ਆਹ ਲੱਜਤ ਵਲੈਤੇ ਥੋੜੇ ਲਭਦੀ ਆ, ਵਾਹ...ਓ ਕਾਕਾ, ਲੂਣ, ਮਿਰਚ, ਮਸਾਲਾ ਬਹੁਤਾ ਖੁੱਲ੍ਹਾ ਨਾ ਪਾਉਣਾ ਯਾਰ, ਵਲੈਤੀਆਂ ਦੇ ਢਿੱਡ ਨੀਂ ਪਚਾਉਂਦੇ ਹੁਣ, ਇਹ ਚੀਜਾਂ... ਬਸ ਹਲਕਾ ਜਿਹਾ ਰੱਖੀਂ।'

ਸਵੇਰੇ ਅੰਕਲ ਵੇਲੇ ਨਾਲ ਹੀ ਤਿਆਰ ਹੋ ਗਿਆ।ਅਸੀਂ ਫਰੀਦਕੋਟ ਤੋਂ ਬੱਸ ਚੜ੍ਹਾ ਆਏ। ਇੰਗਲੈਂਡ ਜਾ ਕੇ ਉਹਨੇ ਈਮੇਲ ਕੀਤੀ, ਜੋ ਇਓਂ ਸੀ, ਪਿਆਰੇ ਨਿੰਦਰ, ਯੂ ਕੇ ਦੀ ਸਰਦੀ ਬਹੁਤ ਉਦਾਸ ਕਰਨ ਵਾਲੀ ਅਤੇ ਨਿਰਾਸ਼ਾਜਨਕ ਹੁੰਦੀ ਹੈ, ਪਰ ਜ਼ਿੰਦਗੀ ਫਿਰ ਵੀ ਚੱਲਦੀ ਰਹਿੰਦੀ ਹੈ।

ਅਸੀਂ ਸਾਰੇ ਇੱਥੇ ਠੀਕ ਹਾਂ। ਤੁਹਾਡੇ ਪਰਿਵਾਰ ਵੱਲੋਂ ਸਾਦਿਕ ਵਿੱਚ ਮੇਰਾ ਕੀਤਾ ਗਿਆ ਸ਼ਾਨਦਾਰ ਸਵਾਗਤ ਅਤੇ ਸਤਿਕਾਰ ਮੇਰੀ ਯਾਦਾਂ ਵਿੱਚ ਹਮੇਸ਼ਾਂ ਲਈ ਰਹੇਗਾ। ਘੁਗਿਆਣਾ ਅਤੇ ਸਾਰੇ ਸਾਦਿਕ ਇਲਾਕੇ ਦੇ ਲੋਕ ਬਹੁਤ ਮਿਲਣਸਾਰ ਅਤੇ ਮਦਦਗਾਰ ਹਨ। ਅੱਜਕੱਲ੍ਹ ਤੂੰ ਕੀ ਲਿਖਣ ਦੀ ਯੋਜਨਾ ਬਣਾ ਰਿਹਾ ਏਂ ? ਤੇਰੀ ਆਂਟੀ 17 ਮਾਰਚ ਨੂੰ ਕੈਨੇਡਾ ਜਾ ਰਹੀ ਹੈ ਅਤੇ 3 ਅਪ੍ਰੈਲ ਨੂੰ ਵਾਪਸ ਆਵੇਗੀ। ਆਪਣੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ ਦੇਣਾ। ਅਰੋੜਾ ਸਾਹਿਬ ਕਿਵੇਂ ਹਨ ? ਕਿਰਪਾ ਕਰਕੇ ਉਹਨਾਂ ਨੂੰ ਵੀ ਮੇਰੀਆਂ ਸ਼ੁਭਕਾਮਨਾਵਾਂ ਦੇਣਾ। ਤੇਰਾ ਅੰਕਲ-ਅਵਤਾਰ।

* * *



ਪਤਾ ਨਹੀਂ, ਮਨ ਉਤੇਜਿਤ ਜਿਹਾ ਸੀ ਕੁਝ ਦਿਨਾਂ ਤੋਂ । ਆਂਟੀ ਨੂੰ ਫੋਨ ਕਰਨ ਨੂੰ ਹੌਲ ਜਿਹਾ ਪਿਆ, ਫੋਨ ਮਿਲਾਇਆ। ਉੱਪਲ ਜੀ ਨੇ ਚੁੱਕਿਆ, 'ਹੈਲੋ ਨਿੰਦਰ, ਕਿੱਦਾਂ ਆਂ ?' ਮੈਂ ਆਖਿਆ, 'ਸਾਰੇ ਵਧੀਆ ਐ ਸਭ ਅੰਕਲ, ਮਾਤਾ ਨਾਲ ਗੱਲ ਕਰਵਾਓ ਜਰਾ, ਬੜੇ ਦਿਨ ਹੋਗੇ ਐ।'

'ਨਿੰਦਰ, ਮਾਤਾ ਨਹੀਂ ਹੈਗੀ ਤੇਰੀ, ਬਸ... ਉਹ ਚਲੀ ਗਈ ਆ ਛੱਡ ਕੇ, ਪਰਸੋਂ ਨੂੰ ਫਿਊਨਲ ਆ ਬੇਟੇ, ਤੈਨੂੰ ਯਾਦ ਕਰਦੀ ਕਰਦੀ ਗਈ ਆ।' ਭੁੱਬਾਂ ਮਾਰਦੇ ਉੱਪਲ ਜੀ ਨੂੰ ਮੈਥੋਂ ਜਰ ਨਾ ਹੋਇਆ।ਫੋਨ ਕੱਟ ਦਿੱਤਾ ਤੇ ਕਮਰੇ ਦੀ ਕੁੰਡੀ ਲਾ ਕੇ ਰੋ ਲਿਆ। ਅੰਕਲ ਅਸਥੀਆਂ ਲਿਆਇਆ ਇੰਡੀਆ। ਜਲੰਧਰ ਵਾਲੇ ਫਲੈਟ ਵਿਚ ਜਾ ਮਿਲਿਆ।ਨਾਲ ਕੋਈ ਰਿਸ਼ਤੇਦਾਰ ਵੀ ਆਇਆ ਹੋਇਆ ਸੀ। ਅੰਕਲ ਟੁੱਟ ਚੁੱਕਾ ਸੀ।ਰੋਣੋਂ ਨਾ ਹਟਦਾ। ਸੁਣਦਾ ਪਹਿਲੋਂ ਹੀ ਉੱਚਾ ਸੀ ਤੇ ਸਦਮੇ ਕਾਰਣ ਕੰਨ ਹੋਰ ਵੀ ਬਹਿ ਗਏ। ਜੇ ਫੋਨ ਕਰਨਾ, ਤਾਂ ਸੁਣਨਾ ਨਾ।ਉੱਚੀ ਬੋਲਣਾ ਪੈਂਦਾ। ਫਿਰ ਫੋਨ ਵੀ ਬੰਦ ਹੋ ਗਿਆ।ਰਾਹ-ਰਾਬਤਾ ਟੁੱਟ ਗਿਆ। ਕਦੇ ਕਦੇ ਆਂਟੀ ਸੱਤਿਆ ਦੀ ਯਾਦ ਆਉਂਦੀ, ਕਦੇ ਅੰਕਲ ਦੀ, ਤਾਂ ਗੁਰਪਾਲ ਸਿੰਘ ਨੂੰ ਫੋਨ ਕਰਨਾ। ਉਸਨੇ ਦੱਸਣਾ ਕਿ ਅਵਤਾਰ ਢਿੱਲਾ ਮੱਠਾ ਈ ਐ, ਘਰ ਹੀ ਹੈ, ਬਹੁਤੇ ਲੋਕਾਂ ਨਾਲ ਟੱਚ ਵਿਚ ਨਹੀਂ ਹੈਗਾ। ਫਿਰ ਇਕ ਦੋਸਤ ਨੇ ਦੱਸਿਆ ਕਿ ਉੱਪਲ ਜੀ ਦੀ ਨੂੰਹ ਰਹੀ ਰੂਪ ਕੌਰ ਇਕ ਧੀ ਬਣ ਕੇ ਉਸਨੂੰ ਸਾਂਭ ਰਹੀ ਹੈ, ਉਸ ਕੁੜੀ ਨੇ ਤਾਂ ਅੰਤਲੇ ਵੇਲੇ ਤੀਕ ਉਸਦੀ ਬਹੁਤ ਦੇਖਭਾਲ ਕੀਤੀ ਤੇ ਆਪਣੇ ਨਿੱਕੇ ਨਿਆਣਿਆਂ ਦਾ ਸਮਾਂ ਵੀ ਉਹਨਾਂ ਦੇ ਦਾਦੇ ਦੀ ਸੇਵਾ ਲੇਖੇ ਲਾਈ ਗਈ, ਉਸ ਕੁੜੀ ਨੇ ਏਨਾ ਕਰੜਾ ਸੰਘਰਸ਼ ਕੀਤਾ ਪਰ ਫਿਰ ਵੀ ਡਿੱਗੀ ਡੋਲੀ ਨਹੀਂ। ਉੱਪਲ ਜੀ ਦੇ ਪੁਰਾਣੇ ਦੋਸਤ ਕਾਮਰੇਡ ਹਰਸੇਵ ਬੈਂਸ ਤੇ ਪ੍ਰੀਤ ਵੀ ਹਰ ਵੇਲੇ ਸਹਿਯੋਗ ਕਰਦੇ ਰਹੇ। ਪਿਛਲੇ ਲਗਭਗ ਪੰਜ ਸਾਲਾਂ ਤੋਂ ਮੇਰਾ ਸੰਪਰਕ ਇੱਕ ਤਰਾਂ ਟੁੱਟ ਹੀ ਗਿਆ ਹੋਇਆ ਸੀ।ਸਾਊਥਾਲ ਦੇ ਈਲਿੰਗ ਹਸਪਤਾਲ ਵਿੱਚ ਪਿਆ ਅਵਤਾਰ ਉੱਪਲ ਜਾਂਦਾ ਜਾਂਦਾ ਸ਼ਾਇਦ ਬੇਟੀ ਰੂਪ ਕੌਰ ਨੂੰ ਕਹਿ ਰਿਹਾ ਹੋਵੇ ਕਿ ਮੇਰੇ ਤੁਰ ਜਾਣ ਦੀ ਈਮੇਲ ਨਿੰਦਰ ਬੇਟੇ ਨੂੰ ਜ਼ਰੂਰ ਕਰ ਦੇਵੀਂ। ਫੇਸਬੁੱਕ ਉਤੇ ਰੂਪ ਨੇ ਸੂਚਨਾ ਪਾਈ ਕਿ ਸਾਥੀ ਅਵਤਾਰ ਉੱਪਲ 19 ਮਈ ਨੂੰ ਚੱਲ ਵੱਸੇ ਹਨ। ਰੂਪ ਵਾਸਤੇ ਮੇਰੇ ਮੂੰਹੋਂ ਇਹ ਸ਼ਬਦ ਆਪ ਮੁਹਾਰੇ ਨਿੱਕਲ ਗਏ, 'ਸ਼ੇਰ ਬੱਚੀਏ, ਨੂੰਹ ਬਣ ਕੇ ਆਈ ਸੈਂ, ਤੂੰ ਇਕ ਸਿਆਣੀ ਧੀ ਬਣ ਕੇ ਵਿਖਾਇਆ ਹੈ, ਤੇਰੇ ਜਿਹੀ ਧੀ ਉਤੇ ਮਾਣ ਹੈ, ਜੁਗ ਜੁਗ ਜੀਵੇਂ।'

**ਸੰਪਰਕ : 94174-21700**

# ਮੈਂ ਸਮਾਜਿਕ ਬੁਰਾਈਆਂ, ਅੰਧ-ਵਿਸ਼ਵਾਸਾਂ ਦੇ ਖਿਲਾਫ਼ ਲਿਖਦਾ ਹਾਂ

## ਭੁਪਿੰਦਰ ਸਿੰਘ ਸੰਧੂ



ਪੈੜਾਂ

### ਮੁਲਾਕਾਤੀ : ਧਰਵਿੰਦਰ ਸਿੰਘ ਔਲਖ

ਮਸਲਾ ਭਾਵੇਂ ਦੱਖਣੀ ਏਸ਼ੀਆ ਵਿੱਚ ਸਥਾਈ ਅਮਨ ਦੀ ਬਹਾਲੀ ਤੇ ਖਾਸ ਕਰਕੇ ਭਾਰਤ-ਪਾਕਿਸਤਾਨ ਦੇ ਅਵਾਮ ਵਿੱਚ ਪੁਰਾਣੀ ਸਾਂਝ ਦਾ ਹੋਵੇ, ਪੰਜਾਬੀਅਤ ਦੀ ਅਮੀਰ, ਪਰੰਪਰਾਗਤ ਸੱਭਿਆਚਾਰਕ, ਸਾਹਿਤਕ, ਧਾਰਮਿਕ ਤੇ ਸਮਾਜਿਕ ਵਿਰਾਸਤ ਨੂੰ ਅਖੌਤੀ ਵਿਸ਼ਵੀਕਰਨ ਵੱਲੋਂ ਲਾਈ ਜਾ ਰਹੀ ਢਾਅ ਨੂੰ ਰੋਕਣ ਦਾ ਹੋਵੇ, ਲੋਕਤੰਤਰੀ ਤੇ ਮਾਨਵੀ ਕਦਰਾਂ-ਕੀਮਤਾਂ ਦੀ ਮੁੜ ਸਥਾਪਤੀ ਦਾ ਹੋਵੇ ਜਾਂ ਫਿਰਕੂ ਸੰਤੁਲਨ ਦੀ ਬਹਾਲੀ ਦਾ ਹੋਵੇ, ਭੁਪਿੰਦਰ ਸਿੰਘ ਸੰਧੂ ਪੂਰੀ ਦ੍ਰਿੜ੍ਹਤਾ ਨਾਲ ਮੂਹਰਲੀਆਂ ਸਫਾਂ ਵਿੱਚ ਇੱਕ ਆਗੂ ਵਜੋਂ ਨਜ਼ਰੀਂ ਆਉਂਦਾ ਹੈ। ਅਦਬੀ ਘੇਰਾ ਹੋਵੇ ਜਾਂ ਸਮਾਜਿਕ ਬੁਰਾਈਆਂ ਖਿਲਾਫ਼ ਲੜਨ ਵਾਲੀ ਕਿਸੇ ਸੰਸਥਾ ਦਾ ਵਿਹੜਾ ਹੋਵੇ, ਉਸਾਰੂ, ਸੁਚਾਰੂ ਭਵਿੱਖ ਲਈ ਰਾਜਨੀਤਕ ਵਿਵਸਥਾ ਦੀਆਂ ਊਣਤਾਈਆਂ ਅਤੇ ਉਂਗਲ ਧਰਨ ਦਾ ਕੋਈ ਮੰਚ ਹੋਵੇ, ਦੇਸ਼ ਭਗਤਾਂ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਜਾਂ ਉਨ੍ਹਾਂ ਦੇ ਪਰਵਾਰਾਂ ਲਈ ਸਹੂਲਤਾਂ ਤੇ ਮਾਣ-ਸਨਮਾਨ ਦੀ ਗੱਲ ਉਭਾਰਨੀ ਹੋਵੇ, ਭੁਪਿੰਦਰ ਸਿੰਘ ਸੰਧੂ ਕਮਰਕੱਸਾ ਕਰ ਉਸੇ ਕਾਫਲੇ ਨੂੰ ਸਮਰਪਿਤ ਹੋ ਜਾਂਦਾ ਹੈ। ਸ. ਸੰਧੂ ਸਮਾਜਿਕ, ਸਾਹਿਤਕ ਦੇ ਸੱਭਿਆਚਾਰਕ ਖੇਤਰ ਵਿੱਚ ਅਗਵਾਨੂ ਰੋਲ ਅਦਾ ਕਰ ਰਹੀ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਨਾਮੀ ਚਰਚਿਤ ਸੰਸਥਾ ਦਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਇਕਾਈ ਅੰਮ੍ਰਿਤਸਰ ਦਾ ਪ੍ਰਧਾਨ, ਵਿਰਸਾ ਵਿਹਾਰ ਸੁਸਾਇਟੀ ਅੰਮ੍ਰਿਤਸਰ ਦਾ ਸਕੱਤਰ, ਪੰਜਾਬੀ ਸਾਹਿਤ ਅਕੈਡਮੀ ਦਾ ਕਾਰਜਕਾਰਨੀ ਮੈਂਬਰ ਤੇ ਪੰਜਾਬ 'ਚ ਇੱਕ ਪ੍ਰਮੁੱਖ ਸੱਭਿਆਚਾਰਕ ਹਸਤੀ ਵਜੋਂ ਜਾਣਿਆ ਜਾਂਦਾ ਹੈ। ਪੇਸ਼ ਨੇ ਉਨ੍ਹਾਂ ਨਾਲ ਕੀਤੀਆਂ ਕੁਝ ਗੱਲਾਂ ਦਾ ਵਿਸਥਾਰਤ ਵੇਰਵਾ :

**? ਗੱਲ ਆਪਾਂ ਬਚਪਨ ਤੇ ਮੁੱਢਲੀ ਸਿੱਖਿਆ ਦੀ ਜਾਣਕਾਰੀ ਤੋਂ ਹੀ ਆਰੰਭ ਕਰਦੇ ਹਾਂ।**

-ਮੇਰਾ ਜਨਮ 21 ਜਨਵਰੀ 1966 ਨੂੰ ਮਾਸਟਰ ਜੱਸਾ ਸਿੰਘ ਤੇ ਮਾਤਾ ਕੁਲਵੰਤ ਕੌਰ ਦੇ ਘਰ ਪਿੰਡ ਤਲਵੰਡੀ ਸਿਪਾਹੀ ਮੱਲ, ਡਾਕਖਾਨਾ ਝੰਡੇਰ, ਤਹਿਸੀਲ ਅਜਨਾਲਾ ਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ, ਪਰ ਸਰਕਾਰੀ ਰਿਕਾਰਡ ਵਿੱਚ 16 ਮਾਰਚ ਲਿਖਿਆ ਗਿਆ, ਇਸ ਕਰਕੇ ਜਨਵਰੀ ਛੱਡ ਹੁਣ ਮਾਰਚ ਨੂੰ ਹੀ ਪ੍ਰਣਾਅ ਲਿਆ ਹੈ। ਮੇਰੇ ਪਿਤਾ ਜੀ ਬੜੇ ਮਿਹਨਤੀ ਤੇ ਲਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਸਨ। ਉਹਨਾਂ ਨੇ ਗਰੀਬ ਕਿਰਤੀ ਪਰਵਾਰ ਵਿੱਚ ਰਹਿ ਕੇ ਸਾਂਝੇ ਵੱਡੇ ਟੱਬਰ ਦਾ ਪਾਲਣ-ਪੋਸ਼ਣ ਕੀਤਾ ਤੇ ਜੇ.ਬੀ.ਟੀ. ਤੋਂ ਬੀ.ਏ., ਬੀ.ਐੱਡ, ਐੱਮ.ਏ. ਹਿਸਟਰੀ, ਪੰਜਾਬੀ ਤੇ ਅੰਗਰੇਜ਼ੀ ਤੱਕ ਪੜ੍ਹਾਈ ਕਰਕੇ ਇਹ ਦਰਸਾਇਆ ਕਿ ਜੇਕਰ ਲਗਨ ਹੋਵੇ ਤਾਂ ਗਰੀਬੀ ਕੋਈ ਮਹਿਣਾ ਨਹੀਂ ਰੱਖਦੀ।

**? ਫਿਰ ਸਾਹਿਤਕ ਚੇਟਕ ਕਿਵੇਂ ਲੱਗੀ।**

-ਜਦੋਂ ਮੈਂ ਹੋਸ਼ ਸੰਭਾਲੀ ਤਾਂ ਸਾਡੇ ਘਰ ਉਸ ਸਮੇਂ ਪ੍ਰੀਤ ਲੜੀ, ਨਾਗਮਣੀ ਤੇ ਸੋਵੀਅਤ ਯੂਨੀਅਨ ਦੇ ਰੰਗ-ਬਿਰੰਗੇ ਪੇਪਰ ਆਉਂਦੇ ਸਨ। ਮੈਂ ਇਹਨਾਂ ਨੂੰ ਪੜ੍ਹਦਾ ਤੇ ਉਸ ਵੇਲੇ ਦੀ ਸਮਝ ਅਨੁਸਾਰ ਕੋਈ ਚੰਗੇ ਵਿਚਾਰ ਲਿਖ ਕੇ ਸਕੂਲ ਲੈ ਜਾਂਦਾ, ਜਦੋਂ ਅਧਿਆਪਕ ਜਮਾਤ ਵਿੱਚ ਨਾ ਹੁੰਦਾ ਤਾਂ ਬੋਰਡ 'ਤੇ ਲਿਖ ਦਿੰਦਾ। ਘਰ ਆ ਕੇ ਫਿਰ ਪੇਪਰਾਂ ਨੂੰ ਪੜ੍ਹਦਾ।

**? ਕੀ ਇਨ੍ਹਾਂ ਪੜ੍ਹਨ ਦੀਆਂ ਰੁਚੀਆਂ ਨੇ ਹੀ ਤੁਹਾਨੂੰ ਸਮਾਜਿਕ ਕਾਰਜਾਂ ਨਾਲ ਜੋੜਿਆ ਹੈ।**

-ਅਸਲ ਵਿੱਚ ਜਦੋਂ 1981 ਵਿੱਚ ਦਸਵੀਂ ਕੀਤੀ ਤੇ ਘਰੋਂ ਬਾਹਰ ਪੈਰ ਧਰਿਆ, ਉਦੋਂ ਪੰਜਾਬ ਦੇ ਹਾਲਾਤ ਨੇ ਅਜਿਹੀ ਕਰਵਟ ਲਈ ਕਿ ਬਹੁਤ ਸਾਰੇ ਲੋਕਾਂ ਦੇ ਪੈਰ ਉੱਖੜ ਗਏ ਤੇ ਮੁੜ ਨਹੀਂ ਲੱਗੇ। ਜਿਸ ਘਰ ਵਿੱਚ ਕੋਈ ਸਿਆਣਾ ਤੇ ਸਮਝਦਾਰ ਮਾਂ-ਪਿਓ, ਦਾਦਾ-ਦਾਦੀ ਸੀ, ਸਿਰਫ ਉੱਥੇ ਹੀ ਚੇਤਨਾ ਦੀ ਲੋਅ ਜਗਦੀ ਰਹਿ ਸਕੀ ਸੀ। ਮੈਂ ਪੀ.ਐੱਸ.ਯੂ. ਦੇ ਆਗੂ ਮੁਖਤਾਰ ਝੰਡੇਰ ਤੇ ਕੁਲਦੀਪ ਸਿੰਘ ਧਾਲੀਵਾਲ (ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਆਪ ਵਿਧਾਇਕ) ਦੀ ਪ੍ਰੇਰਨਾ ਨਾਲ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਉਹਨਾਂ ਦੀ ਭਾਸ਼ਣ ਕਲਾ ਤੋਂ ਕਾਇਲ ਸਾਂ। ਆਗੂ ਵਿਦਿਆਰਥੀਆਂ ਤੋਂ ਉਹ ਵੱਖਰੇ ਸਨ, ਵੱਖਰੀ ਤਰ੍ਹਾਂ ਵਿਚਰਦੇ ਸਨ, ਹਰ ਸਮੱਸਿਆ 'ਤੇ ਡੂੰਘੀ ਸਮਝ ਭਰੀ ਗੱਲਬਾਤ ਕਰਦੇ ਸਨ, ਚੰਗੀ ਬਹਿਸ ਕਰਦੇ ਸਨ। ਇਸੇ ਤਰ੍ਹਾਂ ਅਜਨਾਲਾ ਤੋਂ ਅੰਮ੍ਰਿਤਸਰ ਤੇ ਹੌਲੀ-ਹੌਲੀ ਸਾਰਾ ਪੰਜਾਬ ਹੀ ਸਾਡਾ ਕਾਰਜ ਖੇਤਰ ਬਣ ਗਿਆ। ਕਈ-ਕਈ ਦਿਨਾਂ ਪਿੱਛੋਂ ਘਰ ਸਿਰਫ ਕੱਪੜੇ ਬਦਲਣ ਜਾਣਾ, ਲਗਾਤਾਰ ਸਰਗਰਮੀ ਤੇ ਪੜ੍ਹਨ ਦੀ ਆਦਤ ਨੇ ਛੋਟੀ ਉਮਰੇ ਹੀ ਪਰਪੱਕਤਾ ਪ੍ਰਦਾਨ ਕੀਤੀ। ਇਸੇ ਦੌਰਾਨ ਪਿੰਡ ਦੀ ਨੌਜਵਾਨ ਸਭਾ ਦੇ ਸਹਿਯੋਗ ਨਾਲ ਕੱਚੇ ਰਸਤਿਆਂ 'ਤੇ ਮਿੱਟੀ ਪਾਈ, ਪਾਣੀ ਵਾਲੇ ਖਾਲ ਖਾਲੇ, ਮੜ੍ਹੀਆਂ ਨੂੰ ਉੱਚਾ ਕੀਤਾ, ਰਸਤੇ ਠੀਕ ਕੀਤੇ, ਛੱਪੜ ਵਿੱਚੋਂ ਗਾਰ ਕੱਢੀ, ਗੁਰਦੁਆਰੇ ਲਈ ਰਾਹ ਉੱਚਾ ਕੀਤਾ, ਗਲੀਆਂ ਦੀਆਂ ਇੱਟਾਂ ਪੁੱਟ ਕੇ ਠੀਕ ਕੀਤੀਆਂ।

**? ਲਿਖਣ ਪ੍ਰਕਿਰਿਆ ਵੱਲ ਕਦੋਂ ਤੇ ਕਿਸ ਤਰ੍ਹਾਂ ਜੁੜੇ।**

-ਕਾਲਜ ਦੀ ਲਾਇਬਰੇਰੀ ਵਿੱਚੋਂ ਮੇਰੇ ਨਾਂਅ ਸਭ ਤੋਂ ਵਧੇਰੇ ਪੁਸਤਕਾਂ ਜਾਰੀ ਹੁੰਦੀਆਂ ਸਨ। ਕਾਲਜ ਮੈਗਜ਼ੀਨ 'ਸਾਵੇ ਪੱਤਰ' ਪੰਜਾਬੀ ਵਿਭਾਗ ਦਾ ਮੈਂ ਐਡੀਟਰ ਬਣਿਆ। ਜ਼ਿਲ੍ਹੇ ਭਰ ਦੀਆਂ ਵਿਦਿਆਰਥੀ ਲਹਿਰ ਦੀਆਂ ਸਰਗਰਮੀਆਂ 'ਵਿਦਿਆਰਥੀ ਸੰਘਰਸ਼' ਤੇ 'ਹਿਰਾਵਲ ਦਸਤੇ' ਵਿੱਚ ਛਪਣ ਲਈ ਭੇਜਦਾ। 1996 ਤੋਂ 99 ਤੱਕ ਦੋ ਵੱਡ-ਅਕਾਰੀ ਸੋਵੀਨਰਾਂ 'ਸਾਂਝ ਸਾਂਝ' ਤੇ 'ਪੰਜ ਪਾਣੀ' ਦੀ ਸੰਪਾਦਨਾ ਕੀਤੀ। 1999 ਵਿੱਚ ਮੇਰੀ ਪਹਿਲੀ ਪੁਸਤਕ 'ਕੰਧ ਉਹਲੇ ਪਰਦੇਸ' ਛਪੀ।



ਪਤਨੀ ਗੁਰਪ੍ਰੀਤ ਕੌਰ, ਬੇਟੀ ਆਤਮਜੀਤ ਕੌਰ, ਬੇਟਾ ਵਿਕਰਾਂਤ ਸਿੰਘ, ਦਾਮਾਦ ਹਰਪਾਲ ਸਿੰਘ ਧਾਮੀ ਤੇ ਦੋਹਤਰੀ ਸਾਹਿਤ ਕੌਰ ਨਾਲ ਭੁਪਿੰਦਰ ਸਿੰਘ ਸੰਧੂ।

ਇੰਝ ਮੇਰੀ ਪਹਿਲੀ ਪੁਸਤਕ ਨੇ ਹੀ ਮੈਨੂੰ ਲੇਖਕਾਂ ਦੀ ਕਤਾਰ ਵੱਲ ਤੋਰ ਦਿੱਤਾ। ਇਸ ਪਿੱਛੋਂ ਸ. ਜਗਦੇਵ ਸਿੰਘ ਜੱਸੋਵਾਲ ਤੇ ਪ੍ਰਸਿੱਧ ਗਾਇਕ ਅਮਰਜੀਤ ਗੁਰਦਾਸਪੁਰੀ ਦੇ ਜੀਵਨ-ਜਾਚ ਨੂੰ ਦਰਸਾਉਂਦੀ ਇੱਕ ਪੁਸਤਕ ਦੀ ਸੰਪਾਦਨਾ ਕੀਤੀ। 2011 ਵਿੱਚ ਮੈਂ 1957 ਦੇ ਪਹਿਲੇ ਆਜ਼ਾਦੀ ਸੰਗਰਾਮ ਨਾਲ ਜੁੜੀ ਅਜਨਾਲਾ ਦੇ ਕਾਲਿਆਂ ਵਾਲੇ ਖੂਹ ਦੀ 'ਲਹੂ ਭਿੱਜੀ ਦਾਸਤਾਨ' ਨਾਮੀ ਪੁਸਤਕ ਦੀ ਸੰਪਾਦਨਾ ਕੀਤੀ। ਇਹਨਾਂ ਸਮਿਆਂ ਵਿੱਚ ਮੈਂ ਬਹੁਤ ਸਾਰੇ ਵਿਸ਼ਿਆਂ 'ਤੇ ਅਖ਼ਬਾਰਾਂ ਲਈ ਲੇਖ ਲਿਖੇ। ਇਸ ਤੋਂ ਇਲਾਵਾ ਮੈਂ ਪੰਜਾਬੀ ਦੇ ਵਿਸ਼ਵ ਪ੍ਰਸਿੱਧ ਕਿੱਸਾਕਾਰ ਸ਼ਾਹ ਮੁਹੰਮਦ ਦੇ ਪਿੰਡ ਵਡਾਲਾ ਵੀਰਮ ਵਿਖੇ ਤਿੰਨ ਵੱਡੇ ਸੱਭਿਆਚਾਰਕ ਮੇਲੇ ਲਗਵਾਏ। ਵਾਹਘਾ ਸਰਹੱਦ 'ਤੇ ਰਾਜਾ ਪੋਰਸ ਦੇ ਨਾਂਅ 'ਤੇ ਸ਼ੁਰੂ ਕੀਤੇ ਪਹਿਲੇ ਅੱਠ ਮੇਲਿਆਂ ਵਿੱਚ ਮੋਹਰੀ ਭੂਮਿਕਾ ਮੇਰੀ ਰਹੀ।



ਡਾ. ਸੁਖਦੇਵ ਸਿਰਸਾ, ਡਾ. ਕੇ ਐਲ ਟੁਟੇਜਾ, ਡਾ. ਸਰਬਜੀਤ ਸਿੰਘ, ਰਮੇਸ਼ ਯਾਦਵ ਦੇ ਨਾਲ ਭੁਪਿੰਦਰ ਸੰਧੂ

**? ਤੁਸੀਂ ਜਥੇਬੰਦਕ ਕਾਰਜਾਂ ਦੇ ਮਾਹਰ ਮੰਨੇ ਜਾਂਦੇ ਹੋ, ਕਿਸੇ ਕੰਮ ਨੂੰ ਕਰਨ ਦੀ ਤੁਹਾਡੀ ਯੋਜਨਾਬੰਦੀ ਤੇ ਦੂਰ-ਦ੍ਰਿਸ਼ਟੀ ਤੋਂ ਤਾਂ ਵਿਰੋਧੀ ਵੀ ਹੈਰਾਨ ਹੁੰਦੇ ਹਨ। ਇਹ ਕਿਸ ਤਰ੍ਹਾਂ ਸੰਭਵ ਹੋਇਆ।**

-ਮੈਂ ਵਿਦਿਆਰਥੀ ਲਹਿਰ ਦੇ ਸਮੇਂ ਕੁਝ ਕਾਰਜ ਆਪਣੇ ਜ਼ਿੰਮੇ ਲੈ ਲੈਂਦਾ ਰਿਹਾ ਸਾਂ, ਜਿਸ ਕਰਕੇ ਮੈਨੂੰ ਪ੍ਰੈਕਟੀਕਲੀ ਕੰਮ ਕਰਨ ਦਾ ਮੌਕਾ ਮਿਲਦਾ ਰਿਹਾ ਹੈ। ਵੱਡੇ-ਵੱਡੇ ਸਮਾਗਮ, ਮੇਲੇ, ਕਾਨਫਰੰਸਾਂ, ਸੈਮੀਨਾਰ ਆਯੋਜਿਤ ਕੀਤੇ ਹਨ।

**? ਅੱਜ-ਕੱਲ੍ਹ ਤੁਸੀਂ ਰੇਡੀਓ, ਟੀ.ਵੀ. 'ਤੇ ਸੁਣਦੇ ਵੇਖੇ ਜਾਂਦੇ ਹੋ, ਲਿਖਣ ਤੋਂ ਬੋਲਣ ਵੱਲ ਕਿਸ ਤਰ੍ਹਾਂ ਮੁੜੇ।**

-ਮੈਂ ਲਿਖਣਾ ਕਦੀ ਨਹੀਂ ਛੱਡਿਆ, ਰੇਡੀਓ 'ਤੇ ਵੱਖ-ਵੱਖ ਵਿਸ਼ਿਆਂ 'ਤੇ ਗੱਲ ਕਰਨ ਦਾ ਮੈਨੂੰ ਮੌਕਾ ਮਿਲਦਾ ਰਿਹਾ ਹੈ ਤੇ ਉਹੀ ਰਿਕਾਰਡਿੰਗਾਂ ਇੱਕ ਤੋਂ ਵੱਧ ਵਾਰੀ ਵੀ ਚਲਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਜਲੰਧਰ ਦੂਰਦਰਸ਼ਨ, ਜ਼ੀ ਨਿਊਜ਼, ਪੀ ਟੀ ਸੀ, ਫਾਸਟ ਵੇਅ ਤੇ ਹੋਰ ਚੈਨਲਾਂ 'ਤੇ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ, ਜਿਸ ਕਰਕੇ ਇਹਨਾਂ ਦੇ ਦਰਸ਼ਕਾਂ ਨਾਲ ਮੇਰੀ ਜਾਣ-ਪਹਿਚਾਣ ਬਣੀ ਹੈ। 2014 ਵਿੱਚ ਮੇਰੇ ਅਖਬਾਰਾਂ ਵਿੱਚ ਛਪੇ ਲੇਖਾਂ ਦੇ ਆਧਾਰਤ ਪੁਸਤਕ 'ਨਾਲ ਤੁਰਨ ਦਰਿਆ' ਵੀ ਛਪ ਗਈ।

**? ਗ੍ਰਹਿਸਤੀ ਜੀਵਨ ਕਦੋਂ ਸ਼ੁਰੂ ਹੋਇਆ ਤੇ ਕਿਵੇਂ ਚੱਲ ਰਹੀ ਹੈ ਗ੍ਰਹਿਸਤ ਦੀ ਗੱਡੀ।**

-ਜੂਨ 1987 ਵਿੱਚ ਕਾਫੀ ਹਿਚਕਚਾਹਟ ਪਿੱਛੋਂ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਨੌਕਰੀ ਆਰੰਭ ਕੀਤੀ, ਜਦੋਂ ਕਿ ਮੇਰੇ ਕੁਝ ਸਾਥੀ ਅਜਿਹਾ ਨਹੀਂ ਸੀ ਚਾਹੁੰਦੇ, ਪਰ ਮੈਨੂੰ ਮੇਰੇ ਘਰ ਦੇ ਹਾਲਾਤ ਨਜ਼ਰ ਆਉਂਦੇ ਸਨ। ਜ਼ਮੀਨ-ਜਾਇਦਾਦ ਨਹੀਂ ਸੀ। ਮੇਰੀ ਮਾਂ, ਪਿਤਾ ਤੇ ਦਾਦਾ ਜੀ ਨੇ ਕਿਹਾ ਕਿ ਨੌਕਰੀ ਤੇਰੇ ਕੰਮਾਂ ਵਿੱਚ ਅੜਿੱਕਾ ਨਹੀਂ, ਸਗੋਂ ਸਹਾਇਕ ਬਣੇਗੀ ਤੇ ਹੋਇਆ ਵੀ ਇੰਝ ਹੀ। ਮੇਰਾ ਵਿਆਹ ਬੁਤਾਲੇ ਪਿੰਡ ਦੇ ਗਿਆਨੀ ਚਰਨਜੀਤ ਸਿੰਘ ਦੀ ਸਪੁੱਤਰੀ ਗੁਰਪ੍ਰੀਤ ਕੌਰ ਨਾਲ ਹੋਇਆ, ਜੋ ਸਿਹਤ ਵਿਭਾਗ ਵਿੱਚ ਨੌਕਰੀ ਕਰ ਰਹੀ ਹੈ। ਮੇਰੀ ਬੇਟੀ ਆਤਮਜੀਤ ਕੌਰ ਨੇ ਪਟਿਆਲਾ ਯੂਨੀਵਰਸਿਟੀ ਵਿੱਚੋਂ ਲਾਅ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਬੇਟਾ ਵਿਕਰਾਂਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਕੰਪਿਊਟਰ ਇੰਜੀਨੀਅਰਿੰਗ ਕਰਕੇ ਪ੍ਰਾਈਵੇਟ ਨੌਕਰੀ ਕਰ ਰਿਹਾ ਹੈ। ਮੈਂ ਕੁਝ ਸਮਾਂ ਪਹਿਲਾਂ ਆਪਣੇ ਮਹਿਕਮੇ ਵਿੱਚੋਂ ਬਤੌਰ ਐੱਸ.ਡੀ.ਓ. ਸੇਵਾ ਮੁਕਤ ਹੋ ਗਿਆ ਹਾਂ।

**? ਅੱਜ ਤੁਹਾਡੇ ਕੋਲ ਵੱਖ-ਵੱਖ ਰਾਜਸੀ, ਧਾਰਮਿਕ, ਸਮਾਜਿਕ ਪਾਰਟੀਆਂ, ਸੰਸਥਾਵਾਂ ਦੇ ਆਗੂ ਸਲਾਹਾਂ ਲੈਣ ਆਉਂਦੇ ਹਨ। ਅਜਿਹਾ ਕਿਵੇਂ ਸੰਭਵ ਹੋਇਆ ਹੈ।**

-ਮੈਂ ਕਦੀ ਆਪਣੀ ਸੋਚ ਨਹੀਂ ਬਦਲਦਾ, ਸਦਾ ਅਡੋਲ ਰਿਹਾ ਹਾਂ, ਕਦੀ ਕਿਸੇ ਕੋਲੋਂ ਕੁਝ ਮੰਗਿਆ ਨਹੀਂ। ਮੈਨੂੰ ਜੇਕਰ ਲੋਕ ਹਿੱਤ ਵਿੱਚ ਕੁਝ ਚੰਗਾ ਨਜ਼ਰ ਆਵੇ ਤਾਂ ਉਹ ਦੇਖਦੇ ਹੀ ਮੈਂ ਸਲਾਹ ਦਿੰਦਾ ਹਾਂ। ਪੁਰਾਣੇ ਟਕਸਾਲੀ ਲੋਕਾਂ ਕੋਲ ਸਮਰਪਤ ਭਾਵਨਾ ਹੈ, ਕੰਮ ਕਰਨ ਦੀ ਸ਼ਕਤੀ ਹੈ, ਪਰ ਹੁਣ ਉਹ ਕਿਸੇ ਕੰਮ ਦੀ ਨਹੀਂ ਰਹੀ। ਅਜਿਹੇ ਹਾਲਾਤ ਵਿੱਚ ਕੁਝ ਚੰਗਿਆਂ ਨੂੰ ਨਾਲ ਗੰਢੀ ਰੱਖਣਾ ਬੁਰਾ ਨਹੀਂ, ਸਗੋਂ ਚੰਗਾ ਹੀ ਹੈ।

**? ਆਪਣੇ ਹੋਰਨਾਂ ਕੰਮਾਂ, ਰੁਝੇਵਿਆਂ ਤੇ ਮਾਣ-ਸਨਮਾਨਾਂ ਬਾਰੇ ਵੀ ਸਾਡੇ ਨਾਲ ਸਾਂਝ ਪਾਵੋ।**

-ਵਿਭਾਗ ਦੀ ਜੂਨੀਅਰ ਇੰਜੀਨੀਅਰ ਦੀ ਜ਼ਿੰਮੇਵਾਰੀ ਵਾਲੀ ਸਖਤ ਨੌਕਰੀ ਤੋਂ ਪਿੱਛੋਂ ਮੈਂ ਅੱਜਕੱਲ੍ਹ ਜ਼ਿਆਦਾ ਸਮਾਂ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ, ਸਾਹਿਤਕ ਤੇ ਸੱਭਿਆਚਾਰਕ ਕੰਮਾਂ ਲਈ ਲਗਾ ਰਿਹਾ ਹਾਂ। ਇਸ ਤੋਂ ਇਲਾਵਾ ਵਿਰਸਾ ਵਿਹਾਰ ਸੋਸਾਇਟੀ ਅੰਮ੍ਰਿਤਸਰ ਤੇ ਪ੍ਰੋਫੈਸਰ ਮੋਹਣ ਸਿੰਘ ਯਾਦਗਾਰੀ ਫਾਉਂਡੇਸ਼ਨ ਦੇ ਕਾਰਜਾਂ ਵਿੱਚ ਲੱਗੇ ਹੋਏ ਹਾਂ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਦਰ ਪ੍ਰੋਫੈਸਰ ਗੁਰਭਜਨ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ ਮਾਝੇ ਵਿੱਚੋਂ ਜੇਕਰ ਕੋਈ ਕੰਮ ਜ਼ਿੰਮੇ ਲਗਾਉਂਦੇ ਹਨ ਤਾਂ ਉਹ ਵੀ ਹੱਸ ਕੇ ਕਰੀਦਾ ਹੈ। ਬਾਕੀ ਦੇਸ਼ਾਂ-ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਨੇ ਮਾਨ-ਸਨਮਾਨ ਕੀਤੇ ਹਨ। ਘਰ ਤੇ ਦਫਤਰ ਮਿਮੈਂਟੋ ਨਾਲ ਭਰੇ ਪਏ ਨੇ। ਹਰ ਦੂਜੇ-ਚੌਥੇ ਦਿਨ ਕਿਤੋਂ ਨਾ ਕਿਤੋਂ ਸਿਰੋਪਾਓ, ਲੋਈਆਂ ਮਿਲਦੀਆਂ ਹੀ ਰਹਿੰਦੀਆਂ ਹਨ। ਲੋਕਾਂ ਦਾ ਪਿਆਰ ਤੇ ਸਾਥ ਸਭ ਤੋਂ ਵੱਡਾ ਸਨਮਾਨ ਹਨ, ਪਰ ਮੈਂ ਚੰਗੇ ਲੋਕਾਂ ਨੂੰ ਸਨਮਾਨ ਕਰਨ ਵਿੱਚ ਜ਼ਿਆਦਾ ਸਰਗਰਮ ਰਹਿੰਦਾ ਹਾਂ।

*ਮੋਬਾ. 97813-76990*